ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਬੀਤੀ ਅੱਧੀ ਸਦੀ ਤੋਂ ਧਰੂ ਤਾਰੇ ਵਾਂਗ ਚਮਕ ਰਿਹਾ ਰੋਜ਼ਾਨਾ 'ਚੜ੍ਹਦੀਕਲਾ' ਅਖ਼ਬਾਰ
• ਦੇਸ਼ ਦੇ ਸਭ ਤੋਂ ਸੀਨੀਅਰ ਪੱਤਰਕਾਰਾਂ ਵਿਚੋਂ ਇੱਕ ਸ੍ਰ. ਜਗਜੀਤ ਸਿੰਘ ਦਰਦੀ ਦੀ ਯੋਗ ਰਹਿਨੁਮਾਈ
• ਬਿਨਾਂ ਕਿਸੇ ਸਿਆਸੀ ਦਬਾਅ ਜਾਂ ਲਾਲਚ ਤੋਂ ਨਿਰਪੱਖਤਾ ਅਤੇ ਨਿਡਰਤਾ ਨਾਲ ਲੋਕ ਮੁੱਦਿਆਂ ਨੂੰ ਪੇਸ਼ ਕਰਨਾ
• ਧਾਰਮਿਕ ਕੱਟੜਤਾ ਅਤੇ ਵਪਾਰਕ ਲਾਭਾਂ ਜਿਹੀ ਸੌੜੀ ਸੋਚ ਤੋਂ ਕੋਹਾਂ ਦੂਰ, ਕੌਮੀ ਹਿੱਤਾਂ ਨੂੰ ਸਮਰਪਿਤ ਸੋਚ
• ਪੇਸ਼ੇ ਪ੍ਰਤੀ ਇਮਾਨਦਾਰ, ਸਮਰਪਿਤ ਅਤੇ ਸੰਵੇਦਨਸ਼ੀਲ ਪੱਤਰਕਾਰ ਅਤੇ ਸੰਪਾਦਕ ਸਟਾਫ
• ਹਰ ਵਰਗ ਦੇ ਪਾਠਕਾਂ ਲਈ ਉਸਾਰੂ ਸਮੱਗਰੀ ਦੀ ਭਰਮਾਰ
ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ
ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Saturday, 26 April, 2025) ਪਟਿਆਲਾ ਸ਼ਨੀਵਾਰ, 26 ਅਪ੍ਰੈਲ, 2025, 14 ਵੈਸਾਖ , ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 114 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਪਹਿਲਗਾਮ ਅੱਤਵਾਦੀ ਹਮਲਾ: ਸ੍ਰੀ ਕਰਤਾਰਪੁਰ ਸਾਹਿਬ ਜਾਣ ਵਾਲੇ ਸ਼ਰਧਾਲੂਆਂ ਦੀ ਗਿਣਤੀ ਘਟੀ

ਡੇਰਾ ਬਾਬਾ ਨਾਨਕ , 25 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਵੀ ਭਾਰਤ-ਪਾਕਿਸਤਾਨ ਸਰਹੱਦ 'ਤੇ ਬਣਿਆ ਕਰਤਾਰਪੁਰ ਲਾਂਘਾ ਸ਼ਰਧਾਲੂਆਂ ਲਈ ਖੁੱਲ੍ਹਾ ਹੈ। ਜਾਣਕਾਰੀ ਮੁਤਾਬਕ ਬੀਤੇ ਦਿਨ 493 ਲੋਕਾਂ ਨੇ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਲਈ ਰਜਿਸਟ੍ਰੇਸ਼ਨ ਕਰਵਾਈ ਸੀ ਪਰ ਸਿਰਫ਼ 333 ਸ਼ਰਧਾਲੂ ਹੀ ਗੁਰਦੁਆਰਾ ਸਾਹਿਬ ਮੱਥਾ ਟੇਕਣ ਲਈ ਪਾਕਿਸਤਾਨ ਗਏ (ਬਾਕੀ ਸਫਾ 2 'ਤੇ)

## 'ਪਹਿਲਗਾਮ ਹਮਲੇ ਦੇ ਦੋਸ਼ੀ ਅੱਤਵਾਦੀਆਂ ਨੂੰ ਫੜਨ 'ਚ ਅਮਰੀਕਾ ਕਰੇਗਾ ਭਾਰਤ ਦੀ ਮਦਦ'

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 25 ਅਪ੍ਰੈਲ :ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਭਿਆਨਕ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਵੀ ਸਮਰਥਨ ਮਿਲ ਰਿਹਾ ਹੈ। ਇਸ ਕ੍ਰਮ ਵਿੱਚ ਅਮਰੀਕਾ ਨੇ ਇੱਕ ਵੱਡਾ ਐਲਾਨ ਕੀਤਾ ਹੈ। ਅਮਰੀਕਾ ਨੇ ਕਿਹਾ ਹੈ ਕਿ ਉਹ ਪਹਿਲਗਾਮ ਹਮਲੇ ਦੇ ਅੱਤਵਾਦੀਆਂ ਨੂੰ ਫੜਨ ਵਿੱਚ ਭਾਰਤ ਦੀ ਮਦਦ ਕਰੇਗਾ।

ਇਹ ਐਲਾਨ ਟਰੰਪ ਪ੍ਰਸ਼ਾਸਨ ਵਿੱਚ ਨੈਸ਼ਨਲ ਇੰਟੈਲੀਜੈਂਸ (ਡੀ.ਐੱਨ.ਆਈ.) ਦੀ ਡਾਇਰੈਕਟਰ ਤੁਲਸੀ ਗੈਬਾਰਡ ਨੇ ਕੀਤਾ। ਉਨ੍ਹਾਂ ਨੇ ਇਸ ਭਿਆਨਕ ਹਮਲੇ ਦੀ ਸਖ਼ਤ ਨਿੰਦਾ ਕੀਤੀ ਅਤੇ ਭਾਰਤ ਦੇ ਲੋਕਾਂ ਪ੍ਰਤੀ ਆਪਣੀ ਡੂੰਘੀ ਸੰਵੇਦਨਾ ਪ੍ਰਗਟ ਕੀਤੀ। ਤੁਲਸੀ ਗੈਬਾਰਡ ਨੇ ਆਪਣੇ ਐਕਸ ਅਕਾਊਂਟ 'ਤੇ ਪੋਸਟ ਕਰਦੇ ਹੋਏ ਲਿਖਿਆ, ਅਸੀਂ ਇਸ ਭਿਆਨਕ ਇਸਲਾਮੀ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਦੇ ਨਾਲ ਖੜ੍ਹੇ ਹਾਂ, ਜਿਸ ਵਿੱਚ ਪਹਿਲਗਾਮ ਵਿੱਚ 26 ਹਿੰਦੂਆਂ ਨੂੰ ਨਿਸ਼ਾਨਾ ਬਣਾ ਕੇ ਮਾਰ ਦਿੱਤਾ ਗਿਆ। ਮੇਰੀਆਂ ਪ੍ਰਾਰਥਨਾਵਾਂ ਅਤੇ ਡੂੰਘੀਆਂ ਸੰਵੇਦਨਾਵਾਂ ਉਨ੍ਹਾਂ ਲੋਕਾਂ ਨਾਲ ਹਨ ਜਿਨ੍ਹਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਹੈ। ਅਸੀਂ ਤੁਹਾਡੇ ਨਾਲ ਖੜ੍ਹੇ ਹਾਂ ਅਤੇ ਇਸ ਘਿਨਾਉਣੇ ਹਮਲੇ ਲਈ ਜ਼ਿੰਮੇਵਾਰ ਲੋਕਾਂ ਫੜਨ ਵਿੱਚ ਤੁਹਾਡਾ ਸਮਰਥਨ ਕਰਦੇ ਹਾਂ। ਦੱਸ ਦੇਈਏ ਕਿ ਪਹਿਲਗਾਮ ਵਿੱਚ ਹੋਇਆ ਇਹ ਅੱਤਵਾਦੀ (ਬਾਕੀ ਸਫਾ 2 'ਤੇ)

## ਫੌਜ ਮੁਖੀ ਵੱਲੋਂ ਸੀਨੀ. ਫੌਜ ਕਮਾਂਡਰਾਂ ਅਤੇ ਹੋਰ ਸੁਰੱਖਿਆ ਅਧਿਕਾਰੀਆਂ ਨਾਲ ਮੀਟਿੰਗ

ਸ੍ਰੀਨਗਰ, 25 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਪਹਿਲਗਾਮ ਅੱਤਵਾਦੀ ਹਮਲੇ ਨੂੰ ਲੈ ਕੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਦੇ ਵਿਚਕਾਰ, ਭਾਰਤੀ ਫੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਪਹਿਲੀ ਵਾਰ ਜੰਮੂ-ਕਸ਼ਮੀਰ ਦੇ ਸ੍ਰੀਨਗਰ ਪਹੁੰਚੇ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਦੀ ਸੁਰੱਖਿਆ ਸਥਿਤੀ ਦਾ ਜਾਇਜ਼ਾ ਲਿਆ।

ਉਨ੍ਹਾਂ ਦੇ ਪਹੁੰਚਣ 'ਤੇ 15ਵੀਂ ਕੋਰ ਕਮਾਂਡਰ ਨੇ ਉਨ੍ਹਾਂ ਨੂੰ ਚੱਲ ਰਹੀ ਸੁਰੱਖਿਆ ਸਥਿਤੀ ਬਾਰੇ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੇ ਕਸ਼ਮੀਰ ਘਾਟੀ ਵਿੱਚ ਤਾਇਨਾਤ ਸੀਨੀਅਰ ਫੌਜ ਕਮਾਂਡਰਾਂ ਦੇ ਨਾਲ-ਨਾਲ ਹੋਰ ਸੁਰੱਖਿਆ ਏਜੰਸੀਆਂ ਦੇ ਅਧਿਕਾਰੀਆਂ (ਬਾਕੀ ਸਫਾ 2 'ਤੇ)

## ਸਾਵਰਕਰ ਬਾਰੇ ਟਿੱਪਣੀਆਂ ਲਈ ਸੁਪਰੀਮ ਕੋਰਟ ਵੱਲੋਂ ਰਾਹੁਲ ਗਾਂਧੀ ਦੀ ਖਿਚਾਈ

ਨਵੀਂ ਦਿੱਲੀ, 25 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ ਮਹਾਰਾਸ਼ਟਰ ਵਿੱਚ ਇੱਕ ਰੈਲੀ ਦੌਰਾਨ ਵਿਨਾਇਕ ਦਾਮੋਦਰ ਸਾਵਰਕਰ ਬਾਰੇ ਗੈਰ-ਜ਼ਿੰਮੇਵਾਰਾਨਾ ਟਿੱਪਣੀਆਂ ਕਰਨ ਲਈ ਕਾਂਗਰਸ ਆਗੂ ਰਾਹੁਲ ਗਾਂਧੀ ਦੀ ਝਾੜ-ਝੰਬ ਕੀਤੀ ਪਰ ਨਾਲ ਹੀ ਉਨ੍ਹਾਂ ਵਿਰੁੱਧ ਅਪਰਾਧਕ ਕਾਰਵਾਈ 'ਤੇ ਰੋਕ ਲਗਾ ਦਿੱਤੀ। ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਮਨਮੋਹਨ ਦੇ ਬੈਂਚ ਨੇ ਕਿਹਾ,ਸਾਨੂੰ ਆਪਣੇ ਆਜ਼ਾਦੀ ਘੁਲਾਟੀਆਂ ਦਾ ਮਜ਼ਾਕ ਨਹੀਂ ਉਡਾਉਣਾ ਚਾਹੀਦਾ। ਬੈਂਚ ਨੇ ਗਾਂਧੀ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਅਭਿਸ਼ੇਕ ਸਿੰਘਵੀ ਨੂੰ ਸਵਾਲ ਕੀਤਾ ਕਿ ਕੀ ਉਨ੍ਹਾਂ ਨੂੰ ਚੇਤੇ ਹੈ ਕਿ ਮਹਾਤਮਾ ਗਾਂਧੀ ਨੇ ਵੀ ਅੰਗਰੇਜ਼ਾਂ ਨਾਲ ਆਪਣੀ ਖ਼ਤੋ-ਕਿਤਾਬਤ ਦੌਰਾਨ ਖ਼ੁਦ ਲਈ 'ਤੁਹਾਡਾ ਵਫ਼ਾਦਾਰ ਸੇਵਕ' ਵਰਗੇ ਸ਼ਬਦਾਂ ਦੀ ਵਰਤੋਂ ਕੀਤੀ ਸੀ। ਜਦੋਂ ਸਿੰਘਵੀ ਨੇ ਦਲੀਲ ਦਿੱਤੀ ਕਿ ਗਾਂਧੀ ਵਿਰੁੱਧ ਦੁਸ਼ਮਣੀ ਅਤੇ ਜਨਤਕ ਸ਼ਰਾਰਤ ਨੂੰ ਹੁਲਾਰਾ ਦੇਣ ਦੇ ਦੋਸ਼ ਨਹੀਂ ਸਨ, ਤਾਂ ਬੈਂਚ ਨੇ ਟਿੱਪਣੀ ਕੀਤੀ, ਤੁਸੀਂ ਬਹੁਤ ਆਗਿਆਕਾਰੀ ਹੋ.. ਕੀ ਤੁਹਾਡੇ ਮੁਵੱਕਿਲ ਨੂੰ (ਬਾਕੀ ਸਫਾ 2 'ਤੇ)

## ਮਾਨ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ

# ਵਿਜੀਲੈਂਸ ਮੁਖੀ ਪਰਮਾਰ ਸਣੇ 3 ਅਧਿਕਾਰੀ ਮੁਅੱਤਲ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 25 ਅਪ੍ਰੈਲ : ਪੰਜਾਬ ਸਰਕਾਰ ਨੇ ਕੁਰੱਪਸ਼ਨ ਵਿਰੋਧੀ ਮੁਹਿੰਮ ਤਹਿਤ ਵਿਜੀਲੈਂਸ ਬਿਊਰੋ ਦੇ ਮੁੱਖ ਡਾਇਰੈਕਟਰ ਸੁਰਿੰਦਰ ਪਾਲ ਸਿੰਘ ਪਰਮਾਰ ਨੂੰ ਮੁਅੱਤਲ ਕਰ ਦਿੱਤਾ ਹੈ। ਸੂਬਾ ਸਰਕਾਰ ਨੇ ਵਿਜੀਲੈਂਸ ਮੁਖੀ ਤੋਂ ਇਲਾਵਾ ਵਿਜੀਲੈਂਸ ਰੇਂਜ ਜਲੰਧਰ ਦੇ ਐੱਸ.ਐੱਸ.ਪੀ. ਹਰਪ੍ਰੀਤ ਸਿੰਘ ਅਤੇ ਏ.ਆਈ.ਜੀ. (ਫਲਾਇੰਗ ਸਕੁਐਡ) ਸਵਰਨਦੀਪ ਸਿੰਘ ਨੂੰ ਵੀ ਸਸਪੈਂਡ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਹ ਪਹਿਲੀ ਦਫ਼ਾ ਹੈ ਜਦੋਂ ਕਿਸੇ ਸਰਕਾਰ ਦੀ ਤਰਫ਼ੋਂ ਵਿਜੀਲੈਂਸ ਮੁਖੀ ਖ਼ਿਲਾਫ਼ ਏਡਾ ਵੱਡਾ ਕਦਮ ਚੁੱਕਿਆ ਗਿਆ ਹੋਵੇ। ਪੰਜਾਬ ਸਰਕਾਰ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਨੂੰ ਲੈ ਕੇ ਸੂਬੇ ਵਿੱਚ ਸਖ਼ਤ ਸੁਨੇਹਾ ਦੇਣਾ ਚਾਹੁੰਦੀ ਹੈ।

ਦੱਸਿਆ ਜਾ ਰਿਹਾ ਹੈ ਕਿ ਲਾਇਸੈਂਸ ਘਪਲੇ ਵਿਚ ਕਰਵਾਈ ਰੋਕਣ ਦੀ ਕੋਸ਼ਿਸ਼ ਕੀਤੀ ਗਈ, ਜਿਸ ਦੇ ਚੱਲਦੇ ਜ਼ਿੰਮੇਵਾਰ ਅਫਸਰਾਂ ਨੂੰ ਸਸਪੈਂਡ ਕੀਤਾ ਗਿਆ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪਹਿਲਾਂ ਹੀ ਸਾਫ ਅਤੇ ਸਪੱਸ਼ਟ ਸ਼ਬਦਾਂ ਵਿਚ ਆਖ ਚੁੱਕੇ ਹਨ ਕਿ ਜਿਹੜਾ ਵੀ ਭ੍ਰਿਸ਼ਟਾਚਾਰੀਆਂ ਨੂੰ ਬਚਾਏਗਾ, ਉਹ ਨਹੀਂ ਬਚੇਗਾ। ਇਹ ਕਾਰਵਾਈ ਵੀ ਘਪਲੇਬਾਜ਼ਾਂ ਨੂੰ ਬਚਾਉਣ ਦੇ ਮਾਮਲੇ ਵਿਚ ਹੋਈ ਹੈ। ਮੁੱਖ ਮੰਤਰੀ ਦੇ ਧਿਆਨ ਵਿੱਚ ਮਾਮਲਾ ਆਉਣ 'ਤੇ ਉਨ੍ਹਾਂ ਨੇ ਫ਼ੌਰੀ ਐਕਸ਼ਨ ਲਈ ਨਿਰਦੇਸ਼ ਜਾਰੀ ਕਰ ਦਿੱਤੇ ਸਨ। ਵਿਜੀਲੈਂਸ ਮੁਖੀ ਵਜੋਂ 1997 ਬੈਚ ਦੇ ਆਈ.ਪੀ.ਐਸ. ਅਧਿਕਾਰੀ ਪਰਮਾਰ ਨੇ 26 ਮਾਰਚ ਨੂੰ ਹੀ ਅਹੁਦਾ ਸੰਭਾਲਿਆ ਸੀ। ਕਰੀਬ ਇੱਕ ਮਹੀਨੇ ਮਗਰੋਂ ਹੀ ਉਨ੍ਹਾਂ ਖ਼ਿਲਾਫ਼ ਇਹ ਕਾਰਵਾਈ ਅਮਲ ਵਿਚ ਲਿਆਂਦੀ ਗਈ ਹੈ। ਵੇਰਵਿਆਂ ਅਨੁਸਾਰ ਡਰਾਈਵਿੰਗ ਲਾਇਸੈਂਸ ਘੁਟਾਲੇ ਦੇ ਸੰਦਰਭ ਵਿੱਚ ਵਿਜੀਲੈਂਸ ਮੁਖੀ ਨੂੰ ਸਸਪੈਂਡ ਕੀਤਾ ਗਿਆ ਹੈ। ਸਰਕਾਰੀ ਬੁਲਾਰੇ ਨੇ ਕਿਹਾ ਕਿ ਲਾਇਸੈਂਸ ਘੁਟਾਲੇ 'ਚ ਕਾਰਵਾਈ ਰੋਕੇ ਜਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਜਿਸ ਲਈ ਜ਼ਿੰਮੇਵਾਰ ਅਫ਼ਸਰਾਂ ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ। ਦੱਸਣਯੋਗ ਹੈ ਕਿ 7 ਅਪਰੈਲ ਨੂੰ ਵਿਜੀਲੈਂਸ ਨੇ ਸੂਬੇ ਭਰ ਵਿੱਚ ਆਰ.ਟੀ.ਏ. ਦਫ਼ਤਰਾਂ ਅਤੇ ਡਰਾਈਵਿੰਗ ਟੈਸਟ ਸੈਂਟਰਾਂ ਵਿੱਚ ਛਾਪੇ ਮਾਰੇ ਸਨ। ਲਾਇਸੈਂਸ ਘੁਟਾਲੇ ਦੇ ਸਬੰਧ ਵਿੱਚ 16 ਪੁਲਿਸ ਕੇਸ ਦਰਜ ਕੀਤੇ ਗਏ ਸਨ ਅਤੇ ਸਬੰਧਤ ਲੋਕਾਂ ਤੋਂ 40,900 ਰੁਪਏ ਵੀ ਜ਼ਬਤ ਕੀਤੇ ਗਏ ਸਨ। ਸੂਤਰ ਦੱਸਦੇ ਹਨ ਕਿ ਵਿਜੀਲੈਂਸ ਮੁਖੀ ਨੇ ਡਰਾਈਵਿੰਗ ਲਾਇਸੈਂਸ ਘੁਟਾਲੇ ਵਿੱਚ ਕਾਰਵਾਈ ਕਰਨ ਵਿੱਚ ਢਿੱਲ ਵਰਤੀ, ਜਿਸ ਦੇ ਵਜੋਂ ਘੁਟਾਲੇਬਾਜ਼ ਫ਼ਰਾਰ ਹੋਣ ਵਿੱਚ ਸਫਲ ਹੋ ਗਏ।

## ਪ੍ਰਵੀਨ ਕੁਮਾਰ ਸਿਨਹਾ ਹੋਣਗੇ ਵਿਜੀਲੈਂਸ ਮੁਖੀ

ਚੰਡੀਗੜ੍ਹ, 25 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਪੰਜਾਬ ਸਰਕਾਰ ਨੇ ਵਿਜੀਲੈਂਸ ਬਿਊਰੋ ਦੇ ਮੁਖੀ ਦਾ ਵਾਧੂ ਚਾਰਜ ਪ੍ਰਵੀਨ ਕੁਮਾਰ ਸਿਨਹਾ ਨੂੰ ਦਿੱਤਾ ਹੈ।



1994 ਬੈਚ ਦੇ ਆਈ.ਪੀ.ਐੱਸ. ਅਧਿਕਾਰੀ ਸਿਨਹਾ ਇਸ ਵੇਲੇ ਇੰਟੈਲੀਜੈਂਸ ਚੀਫ ਵਜੋਂ ਤਾਇਨਾਤ ਹਨ ਅਤੇ ਐੱਨ.ਆਰ.ਆਈ. ਵਿੰਗ ਦੇ ਵੀ ਮੁਖੀ ਹਨ।

ਗ੍ਰਹਿ ਵਿਭਾਗ ਨੇ ਹੁਣ ਸਿਨਹਾ ਨੂੰ ਵਿਜੀਲੈਂਸ ਬਿਊਰੋ ਦੇ ਚੀਫ ਡਾਇਰੈਕਟਰ ਦਾ ਵੀ ਵਾਧੂ ਚਾਰਜ ਦੇ ਦਿੱਤਾ ਹੈ।

## ਪਹਿਲਗਾਮ ਹਮਲੇ 'ਚ ਸ਼ਾਮਲ ਅੱਤਵਾਦੀਆਂ 'ਤੇ ਵੱਡੀ ਕਾਰਵਾਈ

### ਇੱਕ ਦਾ ਘਰ ਬੰਬ ਨਾਲ ਉਡਾਇਆ ਤੇ ਦੂਜੇ ਦਾ ਢਾਹਿਆ

ਸ੍ਰੀਨਗਰ, 25 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਪਹਿਲਗਾਮ ਹਮਲੇ 'ਚ ਸ਼ਾਮਲ ਸ਼ੱਕੀ ਸਥਾਨਕ ਅੱਤਵਾਦੀਆਂ ਖਿਲਾਫ ਇਕ ਵੱਡਾ ਆਪਰੇਸ਼ਨ ਚਲਾਇਆ ਜਾ ਰਿਹਾ ਹੈ। ਅਨੰਤਨਾਗ ਜ਼ਿਲੇ ਦੇ ਬਿਜਬੇਹਰਾ ਦੇ ਤ੍ਰਾਲ ਦੇ ਗੋਰੀ ਖੇਤਰ 'ਚ ਇਕ ਅੱਤਵਾਦੀ ਦੇ ਘਰ ਨੂੰ ਬੰਬ ਨਾਲ ਉਡਾ ਦਿੱਤਾ ਗਿਆ, ਜਦਕਿ ਦੂਜੇ ਸ਼ੱਕੀ ਦੇ ਘਰ ਨੂੰ ਬੁਲਡੋਜ਼ਰ ਦੀ ਮਦਦ ਨਾਲ ਢਾਹ ਦਿੱਤਾ ਗਿਆ। ਸੁਰੱਖਿਆ ਬਲਾਂ ਨੇ ਦੱਖਣੀ ਕਸ਼ਮੀਰ ਦੇ ਗੁਰੀ ਦੇ ਇੱਕ ਪਿੰਡ ਵਿੱਚ ਤਲਾਸ਼ੀ ਮੁਹਿੰਮ ਦੌਰਾਨ ਇੱਕ ਸ਼ੱਕੀ ਅੱਤਵਾਦੀ ਦੇ ਘਰ ਨੂੰ ਬੰਬ ਨਾਲ ਉਡਾ ਦਿੱਤਾ। ਸੂਤਰਾਂ ਨੇ ਦੱਸਿਆ ਕਿ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਦੌਰਾਨ ਸੁਰੱਖਿਆ ਬਲਾਂ ਨੇ ਘਰ 'ਚ ਕੁਝ ਸ਼ੱਕੀ ਵਸਤੂਆਂ (ਬਾਕੀ ਸਫਾ 2 'ਤੇ)

## ਕੇਂਦਰ ਵੱਲੋਂ ਵਕ਼ਫ ਐਕਟ 'ਤੇ ਰੋਕ ਲਾਉਣ ਦਾ ਸੁਪਰੀਮ ਕੋਰਟ 'ਚ ਵਿਰੋਧ

### ਐਕਟ ਦੇ ਹੱਕ 'ਚ 1332 ਸਫ਼ਿਆਂ ਦਾ ਮੁੱਢਲਾ ਜਵਾਬੀ ਹਲ਼ਫ਼ਨਾਮਾ ਦਾਖ਼ਲ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 25 ਅਪ੍ਰੈਲ : ਕੇਂਦਰ ਨੇ ਸ਼ੁੱਕਰਵਾਰ ਨੂੰ ਸੁਪਰੀਮ ਕੋਰਟ ਤੋਂ ਵਕ਼ਫ (ਸੋਧ) ਐਕਟ-2025 ਦੀ ਵਾਜਬੀਅਤ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਨੂੰ ਖਾਰਜ ਕਰਨ ਦੀ ਮੰਗ ਕੀਤੀ ਅਤੇ ਕਿਹਾ ਕਿ ਇਸ ਕਾਨੂੰਨ 'ਤੇ ਇਸ ਕਾਰਨ ਪੂਰੀ ਤਰ੍ਹਾਂ ਰੋਕ ਨਹੀਂ ਲਗਾਈ ਜਾ ਸਕਦੀ ਕਿਉਂਕਿ ਇਸ ਦੀ 'ਸੰਵਿਧਾਨਕਤਾ ਸਹੀ ਹੋਣ ਦੀ ਤਵੱਕੋ ਕੀਤੀ ਜਾਂਦੀ' ਹੈ। ਸਰਕਾਰ ਨੇ ਸਿਖਰਲੀ ਅਦਾਲਤ ਅੱਗੇ ਪੇਸ਼ 1,332 ਸਫ਼ਿਆਂ ਦੇ ਮੁੱਢਲੇ ਜਵਾਬੀ ਹਲ਼ਫ਼ਨਾਮੇ ਵਿੱਚ ਇਸ ਵਿਵਾਦਪੂਰਨ ਕਾਨੂੰਨ ਦਾ ਬਚਾਅ ਕਰਦਿਆਂ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ 2013 ਤੋਂ ਬਾਅਦ, ਵਕ਼ਫ ਜ਼ਮੀਨ ਵਿੱਚ 20 ਲੱਖ ਹੈਕਟੇਅਰ ( 20,92,072.536) ਤੋਂ ਵੱਧ ਦਾ ਇਜ਼ਾਫ਼ਾ ਹੋਇਆ ਹੈ। ਹਲ਼ਫ਼ਨਾਮੇ ਵਿੱਚ ਕਿਹਾ ਗਿਆ ਹੈ, ਜੇ ਪਿਛਾਂਹ ਵੀ ਝਾਤ ਮਾਰੀ ਜਾਵੇ ਤਾਂ ਮੁਗ਼ਲ ਦੌਰ ਦੌਰਾਨ, ਆਜ਼ਾਦੀ ਤੋਂ ਪਹਿਲਾਂ ਅਤੇ ਆਜ਼ਾਦੀ ਤੋਂ ਬਾਅਦ ਦੇ ਦੌਰ ਵਿੱਚ ਵੀ ਭਾਰਤ ਵਿੱਚ ਬਣਾਏ ਗਏ ਵਕ਼ਫ਼ਾਂ ਕੋਲ ਕੁੱਲ 18,29,163.896 ਏਕੜ ਜ਼ਮੀਨ ਸੀ। ਇਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਨਿੱਜੀ ਅਤੇ ਸਰਕਾਰੀ (ਬਾਕੀ ਸਫਾ 2 'ਤੇ)

## 5 ਦਿਨ ਗਰਮੀ ਕੱਢੇਗੀ ਵੱਟ !

# ਪੰਜਾਬ ਦੇ ਕੁਝ ਜ਼ਿਲ੍ਹਿਆਂ ਲਈ ਲੂ ਦਾ ਅਲਰਟ

ਚੜ੍ਹਦੀਕਲਾ ਬਿਊਰੋ



ਚੰਡੀਗੜ੍ਹ, 25 ਅਪ੍ਰੈਲ :ਅਪ੍ਰੈਲ ਦੇ ਮਹੀਨੇ ਵਿਚ ਕੁਝ ਦਿਨਾਂ ਦੇ ਵਕਫੇ ਵਿਚ ਮੀਂਹ ਤੇ ਤੇਜ਼ ਹਵਾਵਾਂ ਚੱਲਣ ਨਾਲ ਲੋਕਾਂ ਨੂੰ ਗਰਮੀ ਤੋਂ ਕੁਝ ਰਾਹਤ ਮਿਲਦੀ ਰਹੀ ਪਰ ਸੂਬੇ 'ਚ ਗਰਮੀ ਨੇ ਫਿਰ ਜ਼ੋਰ ਫੜ ਲਿਆ ਹੈ। ਅੱਜ ਸੂਬੇ ਵਿੱਚ ਔਸਤ ਵੱਧ ਤੋਂ ਵੱਧ ਤਾਪਮਾਨ ਵਿੱਚ 0.7 ਡਿਗਰੀ ਸੈਲਸੀਅਸ ਦਾ ਵਾਧਾ ਹੋਇਆ ਹੈ। ਇਹ ਆਮ ਨਾਲੋਂ 3.5 ਡਿਗਰੀ ਵੱਧ ਹੈ, ਜਿਸ ਨੂੰ ਮੌਸਮ ਵਿਭਾਗ ਨੇ ਆਮ ਨਾਲੋਂ ਬਹੁਤ ਜ਼ਿਆਦਾ ਦੱਸਿਆ ਹੈ। ਪਟਿਆਲਾ ਵਿੱਚ ਸਭ ਤੋਂ ਵੱਧ ਤਾਪਮਾਨ 41.3 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਭਾਰਤੀ ਮੌਸਮ ਵਿਭਾਗ, ਚੰਡੀਗੜ੍ਹ ਵੱਲੋਂ ਜਾਰੀ ਪੰਜ ਦਿਨਾਂ ਦੀ ਭਵਿੱਖਬਾਣੀ ਮੁਤਾਬਕ ਆਉਣ ਵਾਲੇ ਦਿਨਾਂ ਵਿੱਚ ਕਈ ਜ਼ਿਲ੍ਹਿਆਂ ਵਿੱਚ ਹੀਟ ਵੇਵ ਦੇ ਹਾਲਾਤ ਬਣੇ ਰਹਿ ਸਕਦੇ ਹਨ। 25 ਅਪ੍ਰੈਲ ਨੂੰ ਫਾਜ਼ਿਲਕਾ, ਮੁਕਤਸਰ, ਬਠਿੰਡਾ, ਮਾਨਸਾ, ਬਰਨਾਲਾ, ਸੰਗਰੂਰ ਵਿੱਚ ਹੀਟ ਵੇਵ ਲਈ ਯੈਲੋ ਅਲਰਟ ਜਾਰੀ ਕੀਤਾ ਗਿਆ ਹੈ। 26, 27, 28 ਅਤੇ 29 ਅਪ੍ਰੈਲ ਨੂੰ ਬਠਿੰਡਾ, ਫਾਜ਼ਿਲਕਾ, ਮੁਕਤਸਰ, ਫਿਰੋਜ਼ਪੁਰ, ਮਾਨਸਾ, ਸੰਗਰੂਰ, ਬਰਨਾਲਾ ਸਮੇਤ ਦੱਖਣ-ਪੱਛਮੀ ਪੰਜਾਬ ਦੇ ਕਈ ਇਲਾਕਿਆਂ ਵਿੱਚ ਹੀਟ ਵੇਵ ਦੀ ਚਿਤਾਵਨੀ ਜਾਰੀ ਰਹੇਗੀ। ਅਗਲੇ ਪੰਜ ਦਿਨਾਂ ਤੱਕ ਹੀਟ ਵੇਵ ਦੀ ਚਿਤਾਵਨੀ (ਬਾਕੀ ਸਫਾ 2 'ਤੇ)

## ਪੰਜਾਬ ਦੇ ਸਕੂਲਾਂ ਲਈ ਜ਼ਰੂਰੀ ਸਲਾਹ ਜਾਰੀ

ਚੰਡੀਗੜ੍ਹ, 25 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਪੰਜਾਬ ਵਿਚ ਵੱਧ ਰਹੀ ਗਰਮੀ ਅਤੇ ਭਵਿੱਖ ਵਿਚ ਹੀਟ ਵੇਵ ਦੀ ਸੰਭਾਵਨਾ ਦੇ ਮੱਦੇਨਜ਼ਰ ਪੰਜਾਬ ਦੇ ਸਕੂਲ ਸਿੱਖਿਆ ਵਿਭਾਗ ਨੇ ਸੂਬੇ ਦੇ ਸਾਰੇ ਸਕੂਲਾਂ ਲਈ ਮਹੱਤਵਪੂਰਨ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਵਿਭਾਗ ਵੱਲੋਂ ਜਾਰੀ ਵਿਸ਼ੇਸ਼ ਹਦਾਇਤਾਂ ਵਿਚ ਆਖਿਆ ਗਿਆ ਹੈ ਕਿ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪਾਣੀ ਪੀਣ ਲਈ ਉਤਸ਼ਾਹਿਤ ਕੀਤਾ ਜਾਵੇ, ਭਾਵੇਂ ਉਨ੍ਹਾਂ ਨੂੰ ਪਿਆਸ ਨਾ ਵੀ ਲੱਗੀ ਹੋਵੇ। ਓ.ਆਰ.ਐੱਸ, ਨਿੰਬੂ ਪਾਣੀ, ਲੱਸੀ ਵਰਗੇ ਘਰੇਲੂ ਤਰਲ ਪਦਾਰਥਾਂ ਦਾ ਸੇਵਨ ਕਰਨ (ਬਾਕੀ ਸਫਾ 2 'ਤੇ)

## ਗ੍ਰਹਿ ਮੰਤਰੀ ਵੱਲੋਂ ਸਾਰੇ ਮੁੱਖ ਮੰਤਰੀਆਂ ਨੂੰ ਫੋਨ

# ਕੋਈ ਵੀ ਪਾਕਿਸਤਾਨੀ ਸਮਾਂ ਹੱਦ ਤੋਂ ਬਾਅਦ ਭਾਰਤ 'ਚ ਨਾ ਰਹੇ: ਸ਼ਾਹ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 25 ਅਪ੍ਰੈਲ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ੁਕਰਵਾਰ ਨੂੰ ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਫੋਨ ਕੀਤਾ ਅਤੇ ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਕੋਈ ਵੀ ਪਾਕਿਸਤਾਨੀ ਦੇਸ਼ ਛੱਡਣ ਲਈ ਨਿਰਧਾਰਤ ਸਮਾਂ ਸੀਮਾ ਤੋਂ ਬਾਅਦ ਭਾਰਤ 'ਚ ਨਾ ਰਹੇ। ਭਾਰਤ ਨੇ ਵੀਰਵਾਰ ਨੂੰ 27 ਅਪ੍ਰੈਲ ਤੋਂ ਪਾਕਿਸਤਾਨੀ ਨਾਗਰਿਕਾਂ ਨੂੰ ਜਾਰੀ ਕੀਤੇ ਗਏ ਸਾਰੇ ਵੀਜ਼ਾ ਰੱਦ ਕਰਨ ਦਾ ਐਲਾਨ ਕੀਤਾ ਅਤੇ ਪਾਕਿਸਤਾਨ ਵਿਚ ਰਹਿ ਰਹੇ ਭਾਰਤੀ ਨਾਗਰਿਕਾਂ ਨੂੰ ਜਲਦੀ ਤੋਂ ਜਲਦੀ ਘਰ ਪਰਤਣ ਦੀ ਸਲਾਹ ਦਿਤੀ ਸੀ। ਸੂਤਰਾਂ ਨੇ ਦਸਿਆ ਕਿ ਗ੍ਰਹਿ ਮੰਤਰੀ ਨੇ ਨਿੱਜੀ ਤੌਰ 'ਤੇ ਸਾਰੇ ਸੂਬਿਆਂ ਦੇ ਮੁੱਖ ਮੰਤਰੀਆਂ ਨੂੰ ਫੋਨ ਕੀਤਾ ਅਤੇ ਉਨ੍ਹਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਕੋਈ ਵੀ ਪਾਕਿਸਤਾਨੀ ਸਮਾਂ ਸੀਮਾ ਤੋਂ ਬਾਅਦ ਭਾਰਤ 'ਚ ਨਾ ਰਹੇ।

ਸੂਤਰਾਂ ਨੇ ਦਸਿਆ ਕਿ ਮੁੱਖ ਮੰਤਰੀਆਂ ਨੂੰ ਅਪਣੇ-ਅਪਣੇ ਖੇਤਰਾਂ 'ਚ ਰਹਿ ਰਹੇ ਪਾਕਿਸਤਾਨੀ ਨਾਗਰਿਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੀ ਵਾਪਸੀ ਨੂੰ ਯਕੀਨੀ ਬਣਾਉਣ ਲਈ ਵੀ ਕਿਹਾ ਗਿਆ ਹੈ। ਹਾਲਾਂਕਿ ਇਹ ਵੀਜ਼ਾ ਰੱਦ ਕਰਨਾ ਹਿੰਦੂ ਪਾਕਿਸਤਾਨੀ ਨਾਗਰਿਕਾਂ ਨੂੰ ਪਹਿਲਾਂ ਹੀ ਜਾਰੀ ਕੀਤੇ ਗਏ ਲੰਮੇ ਸਮੇਂ ਦੇ ਵੀਜ਼ਿਆਂ 'ਤੇ ਲਾਗੂ ਨਹੀਂ ਹੁੰਦਾ ਜੋ ਜਾਇਜ਼ ਰਹਿਣਗੇ। ਭਾਰਤ ਨੇ ਪਹਿਲਗਾਮ ਹਮਲੇ ਨਾਲ ਸਰਹੱਦ ਪਾਰ ਸਬੰਧਾਂ ਨੂੰ ਲੈ ਕੇ ਪਾਕਿਸਤਾਨੀ ਨਾਗਰਿਕਾਂ ਲਈ ਵੀਜ਼ਾ ਸੇਵਾਵਾਂ ਤੁਰਤ (ਬਾਕੀ ਸਫਾ 2 'ਤੇ)

## ਪੰਜਾਬ ਸਰਕਾਰ ਵੱਲੋਂ ਹੁਕਮ ਜਾਰੀ

### ਹੁਣ ਤੈਅ ਸਮੇਂ ਵਿਚਾਲੇ ਹੋਣਗੇ ਅਫ਼ਸਰਾਂ ਤੇ ਮੁਲਾਜ਼ਮਾਂ ਦੇ ਤਬਾਦਲੇ

ਚੰਡੀਗੜ੍ਹ, 25 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਪੰਜਾਬ 'ਚ ਅਧਿਕਾਰੀਆਂ ਤੇ ਕਰਮਚਾਰੀਆਂ ਦੇ ਤਬਾਦਲੇ ਹੁਣ 15 ਜੁਲਾਈ ਤੋਂ 15 ਅਗਸਤ ਦੇ ਵਿਚਕਾਰ ਹੋਣਗੇ। ਇਸ ਤੋਂ ਬਾਅਦ ਆਮ ਤਬਾਦਲਿਆਂ 'ਤੇ ਮੁਕੰਮਲ ਪਾਬੰਦੀ ਰਹੇਗੀ। ਇਹ ਹੁਕਮ ਪ੍ਰਸੋਨਲ ਵਿਭਾਗ ਵੱਲੋਂ ਸਾਰੇ ਵਿਭਾਗਾਂ ਦੇ ਮੁਖੀਆਂ, ਡਿਵੀਜ਼ਨਲ ਕਮਿਸ਼ਨਰਾਂ, ਜ਼ਿਲ੍ਹਿਆਂ ਦੇ ਡੀ.ਸੀਜ਼ ਆਦਿ ਨੂੰ ਜਾਰੀ ਕੀਤੇ ਗਏ ਹਨ। ਇਸ ਤੋਂ ਬਾਅਦ ਵਿਭਾਗ ਵੱਲੋਂ ਜਾਰੀ ਨੀਤੀ ਮੁਤਾਬਕ ਤਬਾਦਲੇ ਕੀਤੇ ਜਾਣਗੇ। ਹਾਲਾਂਕਿ, ਸਰਕਾਰ ਆਪਣੀ ਸਹੂਲਤ ਮੁਤਾਬਕ ਕਿਸੇ ਵੀ ਸਮੇਂ ਆਈ.ਪੀ.ਐਸ. ਅਤੇ ਆਈ.ਏ.ਐਸ. ਅਧਿਕਾਰੀਆਂ ਦਾ ਤਬਾਦਲਾ ਕਰ ਸਕਦੀ ਹੈ। ਜਾਣਕਾਰੀ ਅਨੁਸਾਰ ਮੁਲਾਜ਼ਮਾਂ ਅਤੇ ਅਧਿਕਾਰੀਆਂ ਦੇ ਨਿਸ਼ਚਿਤ ਸਮੇਂ ਅੰਦਰ ਤਬਾਦਲੇ ਕਰਨ ਪਿੱਛੇ ਸਰਕਾਰ ਦਾ ਮਕਸਦ ਇਹੀ ਹੈ ਕਿ ਵਿਭਾਗਾਂ ਦਾ ਕੰਮ ਪ੍ਰਭਾਵਿਤ ਨਾ ਹੋਵੇ। ਨਾਲ ਹੀ ਸਰਕਾਰ ਦਾ ਕੰਮ ਵੀ ਸੁਚਾਰੂ ਢੰਗ ਨਾਲ ਚੱਲ ਸਕਦਾ ਹੈ। ਟ੍ਰਾਂਸਫਰ ਦੀਆਂ ਤਿੰਨ ਕਿਸਮਾਂ ਹਨ। (ਬਾਕੀ ਸਫਾ 2 'ਤੇ)

## ਕਸ਼ਮੀਰ ਪੁੱਜੇ ਰਾਹੁਲ ਗਾਂਧੀ ਵੱਲੋਂ ਪਹਿਲਗਾਮ ਹਮਲੇ ਦੇ ਪੀੜਤਾਂ ਨਾਲ ਮੁਲਾਕਾਤ

### 'ਅੱਤਵਾਦ ਦੇ ਖਾਤਮੇ ਲਈ ਸਾਡਾ ਇਕਜੁੱਟ ਹੋਣਾ ਜ਼ਰੂਰੀ'

ਚੜ੍ਹਦੀਕਲਾ ਬਿਊਰੋ



ਸ੍ਰੀਨਗਰ, 25 ਅਪ੍ਰੈਲ : ਪਹਿਲਗਾਮ ਅੱਤਵਾਦੀ ਹਮਲੇ ਮਗਰੋਂ ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅੱਜ ਕਸ਼ਮੀਰ ਦੌਰੇ 'ਤੇ ਗਏ ਹਨ। ਇਸ ਦੌਰਾਨ ਉਨ੍ਹਾਂ ਪਹਿਲਗਾਮ ਅੱਤਵਾਦੀ ਹਮਲੇ ਵਿਚ ਜ਼ਖ਼ਮੀ ਹੋਏ ਲੋਕਾਂ ਨਾਲ ਮੁਲਾਕਾਤ ਕੀਤੀ। ਰਾਹੁਲ ਗਾਂਧੀ ਹਮਲੇ ਵਿਚ ਜ਼ਖ਼ਮੀ ਲੋਕਾਂ ਦੀ ਸਿਹਤ ਬਾਰੇ ਜਾਣਕਾਰੀ ਲੈਣ ਲਈ ਇੱਥੇ ਬਾਦਾਮੀਬਾਗ ਛਾਉਣੀ ਵਿਚ ਫ਼ੌਜ ਦੇ ਬੇਸ ਹਸਪਤਾਲ ਗਏ। ਉਨ੍ਹਾਂ ਨੇ ਅੱਤਵਾਦੀ ਹਮਲੇ ਦੇ ਪੀੜਤਾਂ ਨਾਲ ਵੀ ਮੁਲਾਕਾਤ ਕੀਤੀ। ਰਾਹੁਲ ਗਾਂਧੀ ਨੇ ਕਿਹਾ ਕਿ ਪਹਿਲਗਾਮ ਵਿਚ ਹੋਇਆ ਅੱਤਵਾਦੀ ਹਮਲਾ ਮਨੁੱਖਤਾ 'ਤੇ ਹਮਲਾ ਹੈ, ਮੁਹੱਬਤ ਅਤੇ ਭਾਈਚਾਰੇ ਨੂੰ ਮਿਟਾਉਣ ਦੀ ਇਕ ਸ਼ਰਮਨਾਕ ਕੋਸ਼ਿਸ਼ ਹੈ। ਅੱਤਵਾਦ ਖਿਲਾਫ਼ ਸਾਨੂੰ ਸਾਰਿਆਂ ਨੂੰ ਇਕਜੁੱਟ ਹੋਣਾ ਹੋਵੇਗਾ। ਸਾਨੂੰ ਇਕੱਠੇ ਮਿਲ ਕੇ ਇਨ੍ਹਾਂ ਨਫ਼ਰਤੀ ਤਾਕਤਾਂ ਨੂੰ ਕਰਾਰਾ ਜਵਾਬ ਦੇਣਾ ਹੋਵੇਗਾ। ਰਾਹੁਲ ਨੇ ਅੱਗੇ ਕਿਹਾ ਕਿ ਅੱਤਵਾਦੀਆਂ ਦਾ ਇਰਾਦਾ ਸਮਾਜ ਨੂੰ ਵੰਡਣਾ ਹੈ ਅਤੇ ਸਾਨੂੰ ਅੱਤਵਾਦੀਆਂ ਨੂੰ ਸਫ਼ਲ ਨਹੀਂ ਹੋਣ ਦੇਣਾ ਹੈ। ਰਾਹੁਲ ਨੇ ਕਿਹਾ ਕਿ ਪਹਿਲਗਾਮ ਵਿਚ ਜੋ ਕੁਝ ਵੀ (ਬਾਕੀ ਸਫਾ 2 'ਤੇ)

## ਇਸਰੋ ਦੇ ਸਾਬਕਾ ਮੁਖੀ ਕੇ ਕਸਤੂਰੀਰੰਗਨ ਦਾ ਦੇਹਾਂਤ



ਨਵੀਂ ਦਿੱਲੀ, 25 ਅਪ੍ਰੈਲ (ਚੜ੍ਹਦੀਕਲਾ ਬਿਊਰੋ): ਇਸਰੋ ਦੇ ਸਾਬਕਾ ਮੁਖੀ ਕੇ ਕਸਤੂਰੀਰੰਗਨ ਦਾ ਸ਼ੁੱਕਰਵਾਰ ਨੂੰ ਬੰਗਲੁਰੂ ਵਿੱਚ ਦੇਹਾਂਤ ਹੋ ਗਿਆ। ਅਧਿਕਾਰੀਆਂ ਨੇ ਕਿਹਾ ਕਿ 84 ਸਾਲਾ ਸਾਬਕਾ ਇਸਰੋ ਮੁਖੀ ਕਾਫ਼ੀ ਸਮੇਂ ਤੋਂ ਬਿਮਾਰ ਸਨ ਅਤੇ ਉਹ ਅੱਜ ਸਵੇਰੇ ਬੰਗਲੁਰੂ ਸਥਿਤ ਆਪਣੇ ਨਿਵਾਸ ਸਥਾਨ 'ਤੇ ਸਵਰਗਵਾਸ ਹੋ ਗਏ। ਉਨ੍ਹਾਂ ਦੀ ਦੇਹ ਨੂੰ 27 ਅਪਰੈਲ ਨੂੰ ਅੰਤਿਮ ਸ਼ਰਧਾਂਜਲੀ ਦੇਣ ਲਈ ਰਮਨ ਰਿਸਰਚ ਇੰਸਟੀਚਿਊਟ (ਆਰ.ਆਰ.ਆਈ.) ਵਿਖੇ ਰੱਖਿਆ ਜਾਵੇਗਾ। ਨਵੀਂ ਕੌਮੀ ਸਿੱਖਿਆ ਨੀਤੀ (ਐਨ.ਈ.ਪੀ.) ਦੀ ਡਰਾਫਟਿੰਗ ਕਮੇਟੀ ਦੇ ਚੇਅਰਮੈਨ ਰਹੇ ਕਸਤੂਰੀਰੰਗਨ ਨੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਚਾਂਸਲਰ ਅਤੇ ਕਰਨਾਟਕ (ਬਾਕੀ ਸਫਾ 2 'ਤੇ)

## ਡਰੱਗਜ਼ ਕੇਸ

# ਸੁਪਰੀਮ ਕੋਰਟ ਵੱਲੋਂ ਮਜੀਠੀਆ ਦੀ ਜ਼ਮਾਨਤ ਨੂੰ ਚੁਣੌਤੀ ਦਿੰਦੀ ਪੰਜਾਬ ਸਰਕਾਰ ਦੀ ਪਟੀਸ਼ਨ ਰੱਦ

ਚੜ੍ਹਦੀਕਲਾ ਬਿਊਰੋ



ਨਵੀਂ ਦਿੱਲੀ, 25 ਅਪ੍ਰੈਲ :ਸੁਪਰੀਮ ਕੋਰਟ ਨੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੂੰ ਡਰੱਗ ਕੇਸ ਵਿਚ ਜ਼ਮਾਨਤ ਦੇਣ ਦੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦਿੰਦੀ ਪੰਜਾਬ ਸਰਕਾਰ ਦੀ ਅਪੀਲ ਖਾਰਜ ਕਰ ਦਿੱਤੀ ਹੈ। ਜਸਟਿਸ ਜੇਕੇ ਮਹੇਸ਼ਵਰੀ ਤੇ ਜਸਟਿਸ ਅਰਵਿੰਦ ਕੁਮਾਰ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕਿਹਾ ਕਿ ਉਹ ਪੰਜਾਬ ਸਰਕਾਰ ਵੱਲੋਂ ਦਾਇਰ ਪਟੀਸ਼ਨ 'ਤੇ ਸੁਣਵਾਈ ਨਹੀਂ ਕਰੇਗੀ। ਬੈਂਚ ਨੇ ਮਜੀਠੀਆ ਅਤੇ ਰਾਜ ਦੀ ਜਾਂਚ ਏਜੰਸੀ ਨੂੰ ਕਿਹਾ ਕਿ ਉਹ ਮਾਮਲੇ ਦੀ ਜਾਂਚ ਬਾਰੇ ਮੀਡੀਆ ਨੂੰ ਕੋਈ ਬਿਆਨ ਨਾ ਦੇਣ। ਸਿਖਰਲੀ ਅਦਾਲਤ ਨੇ ਕਿਹਾ ਕਿ ਮਜੀਠੀਆ ਜੇਕਰ ਡਰੱਗਜ਼ ਮਾਮਲੇ ਵਿਚ ਗਵਾਹਾਂ ਜਾਂ ਮੁਕੱਦਮੇ ਨੂੰ ਅਸਰਅੰਦਾਜ਼ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਨਸ਼ਾ ਵਿਰੋਧੀ ਵਿਸ਼ੇਸ਼ ਟਾਸਕ ਫੋਰਸ (ਐਸ.ਟੀ.ਐਫ.) ਨੂੰ ਮਜੀਠੀਆ ਦੀ ਜ਼ਮਾਨਤ ਰੱਦ ਕਰਨ ਸਬੰਧੀ ਪਟੀਸ਼ਨ ਦਾਇਰ ਕਰਨ ਦੀ ਖੁੱਲ੍ਹ ਰਹੇਗੀ। ਬੈਂਚ ਨੇਐਸ.ਟੀ.ਐਫ. ਨੂੰ ਇਸ ਮਾਮਲੇ 'ਤੇ ਕੋਈ ਵੀ ਜਨਤਕ ਬਿਆਨ ਦੇਣ ਤੋਂ ਪਹਿਲਾਂ ਅਗਾਊਂ ਪ੍ਰਵਾਨਗੀ ਲੈਣ ਲਈ ਵੀ ਕਿਹਾ। (ਬਾਕੀ ਸਫਾ 2 'ਤੇ)

## ਹੁਣ ਕਠੂਆ 'ਚ ਦੇਖੇ ਗਏ ਸ਼ੱਕੀ, ਅਲਰਟ ਜਾਰੀ

ਕਠੂਆ, 25 ਅਪ੍ਰੈਲ (ਚੜ੍ਹਦੀਕਲਾ ਬਿਊਰੋ) : ਜੰਮੂ-ਕਸ਼ਮੀਰ ਦੇ ਕਠੂਆ ਦੇ ਚੰਨੀ ਇਲਾਕੇ ਵਿੱਚ ਸ਼ੁੱਕਰਵਾਰ ਨੂੰ ਰੇਲਵੇ ਟਰੈਕ ਯਾਰਡ ਦੇ ਨੇੜੇ ਚਾਰ ਸ਼ੱਕੀ ਵਿਅਕਤੀ ਦੇਖੇ ਗਏ। ਕੁਝ ਔਰਤਾਂ ਨੇ ਇਹ ਜਾਣਕਾਰੀ ਦਿੱਤੀ। ਪੁਲਿਸ ਅਤੇ ਸੁਰੱਖਿਆ ਬਲਾਂ ਨੇ ਮੌਕੇ 'ਤੇ ਪਹੁੰਚ ਕੇ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ ਅਤੇ ਪੂਰੇ ਇਲਾਕੇ ਨੂੰ ਘੇਰ ਲਿਆ ਹੈ। ਇਸ ਮਾਮਲੇ ਵਿੱਚ ਹੋਰ ਜਾਣਕਾਰੀ ਦੀ ਅਜੇ ਉਡੀਕ ਹੈ। ਕਠੂਆ ਪੁਲਿਸ ਅਗਲੇਰੀ ਜਾਂਚ ਵਿੱਚ ਲੱਗੀ ਹੋਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਮਾਮਲੇ ਵਿੱਚ ਜਲਦੀ ਹੀ ਹੋਰ ਜਾਣਕਾਰੀ ਉਪਲੱਬਧ ਕਰਵਾਈ ਜਾਵੇਗੀ। ਦੂਜੇ ਪਾਸੇ, ਅੱਜ ਸੁਰੱਖਿਆ ਬਲਾਂ ਨੇ ਸ਼ੋਪੀਆਂ ਜ਼ਿਲ੍ਹੇ ਦੇ ਵੱਖ-ਵੱਖ ਇਲਾਕਿਆਂ ਵਿੱਚ ਅੱਤਵਾਦੀਆਂ ਦੇ ਸਾਥੀਆਂ ਦੇ ਘਰਾਂ ਵਿੱਚ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਹੈ। ਇਹ ਕਾਰਵਾਈ ਅੱਤਵਾਦੀਆਂ ਅਤੇ ਉਨ੍ਹਾਂ ਦੇ ਨੈੱਟਵਰਕਾਂ ਵਿਰੁੱਧ ਚੱਲ ਰਹੀ (ਬਾਕੀ ਸਫਾ 2 'ਤੇ)

## ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿ. ਰਘਬੀਰ ਸਿੰਘ ਨਾਲ ਦੁਰਵਿਵਹਾਰ ਮੰਦਭਾਗਾ: ਗਿ. ਹਰਪ੍ਰੀਤ ਸਿੰਘ

ਬਬਲੂ ਮਹਾਜਨ



ਅੰਮ੍ਰਿਤਸਰ , 25 ਅਪ੍ਰੈਲ :ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਹੈ ਕਿ ਸਿੱਖ ਸੰਸਥਾਵਾਂ ਦੇ ਭਾਜਪਾਈਕਰਨ ਲਈ ਖੁਦ ਸਿੱਖ ਸੰਸਥਾਵਾਂ ਜ਼ਿੰਮੇਵਾਰ ਹਨ।

ਅੱਜ ਪੱਤਰਕਾਰਾਂ ਨਾਲ ਗਲ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਪਹਿਲਾ ਸਿਆਸੀ ਮਨੋਰਥ ਪੂਰੇ ਕਰਨ ਲਈ ਭਾਜਪਾਈਆਂ ਨੇ ਸਿੱਖ ਰਾਜਨੀਤਕਾਂ ਨੇ ਨਾਲ ਸਾਂਝ ਪਾਈ ਤੇ ਫਿਰ ਸਿੱਖ ਸੰਸਥਾਵਾਂ 'ਤੇ ਕਬਜ਼ਾ ਕਰਨ ਲਈ ਦਖਲਅੰਦਾਜ਼ੀ ਕੀਤੀ ਤੇ ਹੌਲੀ-ਹੌਲੀ ਇਹ ਪਾਰਟੀ ਸਿੱਖ ਸੰਸਥਾਵਾਂ ਵਿਚ ਵੰਡ ਪਾ ਕੇ ਇਨਾਂ ਸੰਸਥਾਵਾਂ 'ਤੇ ਕਾਬਜ਼ ਹੋ ਗਈ।ਉਨਾਂ ਕਿਹਾ ਕਿ ਸਿੱਖਾਂ ਨੂੰ ਆਪਣੀਆਂ ਸੰਸਥਾਵਾਂ ਬਚਾਉਣੀਆਂ ਚਾਹੀਦੀਆਂ ਹਨ। ਪੰਜਾਬ ਵਿਚ ਚਲ ਰਹੀ ਧਰਮ ਪਰਿਵਰਤਨ ਦੀ ਲਹਿਰ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਜਥੇਦਾਰ ਨੇ ਕਿਹਾ ਕਿ ਲੋਕਾਂ ਨੂੰ ਪੈਸੇ ਅਤੇ ਸਹੂਲਤਾਂ ਦਾ ਲਾਲਚ ਦੇ ਕੇ ਧਰਮ ਪਰਿਵਰਤਨ ਕੀਤਾ ਜਾ ਰਿਹਾ ਹੈ, ਜੋ ਕਿ ਅਤਿ ਨਿੰਦਣਯੋਗ ਹੈ।ਉਨ੍ਹਾਂ ਨੇ ਪਹਿਲਗਾਮ ਵਿੱਚ ਹੋਏ ਹਮਲੇ ਦੀ ਵੀ ਨਿੰਦਾ ਕਰਦਿਆਂ ਕਿਹਾ ਕਿ ਇਸ ਹਮਲੇ ਨੇ ਕਸ਼ਮੀਰ ਦੇ ਲੋਕਾਂ ਨੂੰ ਸਭ ਤੋਂ ਵੱਧ ਨੁਕਸਾਨ (ਬਾਕੀ ਸਫਾ 2 'ਤੇ)

## ਪਹਿਲਗਾਮ ਕਤਲੇਆਮ ਵਿਰੁੱਧ ਕਸ਼ਮੀਰੀਆਂ ਨੇ ਦਿਖਾਈ ਇੱਕਜੁਟਤਾ

# ਸ੍ਰੀਨਗਰ ਦੇ ਲਾਲ ਚੌਕ 'ਚ ਪਹਿਲੀ ਵਾਰ ਲਹਿਰਾਏ ਗਏ ਕਾਲੇ ਝੰਡੇ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ



ਸ੍ਰੀਨਗਰ, 25 ਅਪ੍ਰੈਲ :ਸ੍ਰੀਨਗਰ ਦੇ ਲਾਲ ਚੌਂਕ ਵਿੱਚ ਅੱਜ ਪਹਿਲੀ ਵਾਰ ਦੁਕਾਨਦਾਰਾਂ ਨੇ ਸਮੁੱਚੀ ਮਾਰਕੀਟ ਅਤੇ ਇਸਦੇ ਆਸ ਪਾਸ ਕਾਲੇ ਝੰਡੇ ਲਗਾ ਕੇ ਪਹਿਲੀ ਵਾਰ ਪਹਿਲਗਾਮ ਘਟਨਾ ਦਾ ਇਕੱਠੇ ਰੂਪ ਵਿੱਚ ਵਿਰੋਧ ਕੀਤਾ ਹੈ।

ਧਾਰਾ 370 ਤੋਂ ਬਾਅਦ ਆਈਆਂ ਤਬਦੀਲੀਆਂ ਦੇ ਕਾਰਨ ਹੁਣ ਆਮ ਲੋਕਾਂ ਅਤੇ ਦੁਕਾਨਦਾਰਾਂ ਨੂੰ ਇਹ ਮਹਿਸੂਸ ਹੋਣ ਲੱਗਾ ਹੈ ਕਿ ਜੇ ਟੂਰਿਸਟ ਸੈਲਾਨੀ ਆਉਣਗੇ ਤਦ ਹੀ ਉਹਨਾਂ ਦਾ ਅਰਥਚਾਰਾ ਤੇ ਰੋਜ਼ੀ ਰੋਟੀ ਚਲ ਸਕਦੀ ਹੈ ।

ਉਹਨਾਂ ਨੇ ਅਜਿਹੀਆਂ ਘਟਨਾਵਾਂ ਬਾਰੇ ਆਪਣੇ ਬਿਆਨ ਵਿੱਚ ਪਹਿਲੀ ਵਾਰ ਜਨਤਕ ਪੱਧਰ 'ਤੇ ਇਸ ਦੀ ਨਿਖੇਧੀ ਕੀਤੀ ਹੈ ਇੱਥੇ ਇਹ ਯਾਦ ਦਿਵਾਇਆ ਜਾਂਦਾ ਹੈ ਕਿ ਇਹ ਪਹਿਲੀ ਵਾਰ ਹੋਇਆ ਹੈ ਜਦੋਂ ਕਾਲੇ ਝੰਡਿਆਂ ਦੇ ਨਾਲ ਅਜਿਹੀਆਂ ਘਟਨਾਵਾਂ ਦਾ ਵਿਰੋਧ ਕੀਤਾ ਗਿਆ ਹੈ ਨਹੀਂ ਤਾਂ ਇਹ ਦੁਕਾਨਾਂ ਉਹਨਾਂ ਦੇ ਹੱਕ ਵਿੱਚ ਬੰਦ ਹੁੰਦੀਆਂ ਸਨ ਜਿਹੜੇ ਪੱਥਰ ਸੁੱਟਦੇ ਸਨ।

ਇਸ ਨੂੰ ਇੱਕ ਸਾਰਥਕ ਕਦਮ ਵਜੋਂ ਦੇਖਿਆ ਜਾਣਾ ਚਾਹੀਦਾ ਹੈ ਕਿ ਸ੍ਰੀਨਗਰ ਦੇ ਵਪਾਰਕ ਕੇਂਦਰ ਲਾਲ-ਚੌਕ ਵਿੱਚ, ਵਪਾਰੀਆਂ ਨੇ ਪਹਿਲਗਾਮ ਹਮਲੇ ਦੇ ਪੀੜਤਾਂ ਪ੍ਰਤੀ ਵਿਰੋਧ ਅਤੇ ਏਕਤਾ ਦੇ ਪ੍ਰਤੀਕ ਵਜੋਂ ਆਪਣੀਆਂ ਦੁਕਾਨਾਂ ਦੇ ਬਾਹਰ ਕਾਲੇ ਝੰਡੇ ਲਹਿਰਾਏ।

'ਅਸੀਂ ਆਪਣੀ ਮਹਿਮਾਨ ਨਿਵਾਜ਼ੀ ਲਈ ਜਾਣੇ ਜਾਂਦੇ ਹਾਂ, ਅਤੇ ਇਸ ਘਟਨਾ ਨੇ ਸਾਨੂੰ ਸ਼ਬਦਾਂ ਵਿੱਚ ਬਿਆਨ ਕਰਨ ਤੋਂ ਪਰੇ ਹੈਰਾਨ ਕਰ ਦਿੱਤਾ ਹੈ। ਇਸ ਮੰਦਭਾਗੀ ਘਟਨਾ ਨੇ ਵਪਾਰੀ ਭਾਈਚਾਰੇ ਸਮੇਤ ਸਾਰਿਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ, ਅਤੇ ਅਸੀਂ ਸੋਗ ਵਿੱਚ ਡੁੱਬੇ ਲੋਕਾਂ ਨਾਲ ਇੱਕਮੁੱਠਤਾ ਵਿੱਚ ਖੜ੍ਹੇ ਹਾਂ,' ਲਾਲ-ਚੌਕ ਦੇ ਇੱਕ ਦੁਕਾਨਦਾਰਾਂ ਨੇ ਕਿਹਾ, 'ਸਾਨੂੰ ਇਹ ਸਮਝਣਾ ਪਵੇਗਾ ਕਿ ਹਮਲਾਵਰਾਂ ਦੇ ਇਰਾਦੇ ਕੀ ਹਨ, ਅਤੇ ਸਾਨੂੰ ਇੱਕਜੁੱਟ ਰਹਿ ਕੇ ਅਤੇ ਧਰਮਾਂ ਵਿੱਚ ਭਾਈਚਾਰਾ ਦਿਖਾ ਕੇ ਇਸਦਾ ਜਵਾਬ ਦੇਣਾ ਪਵੇਗਾ। ਇਸ ਔਖੇ ਸਮੇਂ ਦੌਰਾਨ ਘੱਟ ਗਿਣਤੀਆਂ ਅਤੇ ਕਮਜ਼ੋਰ ਭਾਈਚਾਰਿਆਂ ਦੀ ਰੱਖਿਆ ਕਰਨਾ ਵੀ ਮਹੱਤਵਪੂਰਨ ਹੈ।

ਇਸ ਤੋਂ ਇਲਾਵਾ, ਬਹੁਤ ਸਾਰੀਆਂ ਰਾਜਨੀਤਿਕ ਪਾਰਟੀਆਂ ਅਤੇ ਸਮਾਜਿਕ ਕਾਰਕੁੰਨਾਂ ਨੇ ਸੈਲਾਨੀਆਂ 'ਤੇ ਹੋਏ ਭਿਆਨਕ ਹਮਲੇ ਦੇ ਖਿਲਾਫ ਲਗਾਤਾਰ ਤੀਜੇ ਦਿਨ ਵੀ ਵਿਰੋਧ ਪ੍ਰਦਰਸ਼ਨ ਜਾਰੀ ਰੱਖਿਆ, ਜਿਸਨੇ ਪੂਰੀ ਘਾਟੀ ਨੂੰ ਹੈਰਾਨ ਕਰ ਦਿੱਤਾ ਹੈ।

## ਭਾਰਤ-ਪਾਕਿ ਸਰਹੱਦ ਨੇੜੇ ਚੱਕਵਾਲਾ ਪਿੰਡ ਤੋਂ ਭਾਰੀ ਮਾਤਰਾ 'ਚ ਗੋਲ਼ਾ-ਬਾਰੂਦ ਬਰਾਮਦ

ਬਬਲੂ ਮਹਾਜਨ



ਅੰਮ੍ਰਿਤਸਰ , 25 ਅਪ੍ਰੈਲ : ਅੰਮਿਤਸਰ ਦੇ ਹਲਕਾ ਅਜਨਾਲਾ ਦੇ ਅਧੀਨ ਆਉਂਦੇ ਪਿੰਡ ਚੱਕਵਾਲਾ ਦਰਿਆ ਬਾਰਡਰ ਦੇ ਨਜ਼ਦੀਕ ਹੈ, ਉੱਥੇ ਦੇ ਖੇਤਾਂ ਦੇ ਵਿੱਚੋਂ ਕਿਸਾਨਾਂ ਵੱਲੋਂ ਜਦੋਂ ਕਣਕ ਦੀਆਂ ਵਾਢੀਆਂ ਕੀਤੀਆਂ ਜਾ ਰਹੀਆਂ ਹਨ, ਬੀਐਸਐਫ ਤੇ ਪੰਜਾਬ ਪੁਲਿਸ ਨੂੰ ਸਰਚ ਦੌਰਾਨ ਦੋ ਵੱਡੇ ਪੈਕਟ ਜਿਹੜੇ ਮਿਲੇ ਚਾਰ ਪਿਸਟਲ ਅਤੇ ਪੰਜ ਹੈਂਡ ਗਰਨੇਡ ਅਤੇ ਅੱਠ ਮੈਗਜੀਨ ਰਿਮੋਟ ਅਤੇ 220 ਦੇ ਕਰੀਬ ਰੌਂਦ ਬਰਾਮਦ ਹੋਏ ਹਨ ਅਤੇ ਸਾਢੇਚਾਰ ਕਿਲੋ ਦੇ ਕਰੀਬ ਕਰੋੜਾਂ ਦੀ ਆਰਡੀਐਕਸ ਵੀ ਬ੍ਰਾਮਦ ਹੋਈ ਹੈ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਪੁਲਿਸ ਅਧਿਕਾਰੀ ਮੁਖਤਿਆਰ ਸਿੰਘ ਨੇ ਦੱਸਿਆ ਕਿ ਅਜਨਾਲਾ ਦੇ ਅਧੀਨ ਆਉਂਦੇ ਪਿੰਡ ਚੱਕ ਵਾਲਾ ਦਰਿਆ ਦੇ ਕੋਲ ਜਦੋਂ ਇੱਕ ਕਿਸਾਨ ਵੱਲੋਂ ਫਸਲ ਦੀ ਵਾਢੀ ਕੀਤੀ ਜਾ ਰਹੀ ਸੀ ਤਾਂ ਉਥੋਂ ਕੁਝ ਸਮਾਨ ਬਰਾਮਦ ਹੋਇਆ ਹੈ। ਇਹ ਦੋ ਪੈਕਟ ਸਨ ਜਿੰਨਾਂ ਵਿੱਚ ਸਾਨੂੰ ਖੇਤਾਂ ਵਿੱਚੋਂ 4.5 ਕਿਲੋ ਆਰਡੀਐਕਸ, 5 ਹੱਥਗੋਲੇ, 5 ਪਿਸਤੌਲ, 8 ਮੈਗਜ਼ੀਨ, 220 ਕਾਰਤੂਸ, 2 ਬੈਟਰੀਆਂ ਅਤੇ ਇੱਕ ਰਿਮੋਟ (ਬਾਕੀ ਸਫਾ 2 'ਤੇ)

### ਸਰਕਾਰ ਨੇ ਬਣਾਇਆ ਮਾਸਟਰ ਪਲਾਨ

# 'ਪਾਣੀ ਦੀ ਇੱਕ ਬੂੰਦ ਵੀ ਪਾਕਿਸਤਾਨ ਨਹੀਂ ਜਾਣੀ ਚਾਹੀਦੀ', ਸਿੰਧੂ ਜਲ ਸੰਧੀ 'ਤੇ ਰੋਕ ਲਗਾਈ ਜਾਵੇਗੀ



ਨਵੀਂ ਦਿੱਲੀ, 25 ਅਪ੍ਰੈਲ (ਚ.ਨ.ਸ.): ਕੇਂਦਰੀ ਜਲ ਊਰਜਾ ਮੰਤਰੀ ਸੀਆਰ ਪਾਟਿਲ ਨੇ ਕਿਹਾ ਹੈ ਕਿ ਸਿੰਧੂ ਜਲ ਸੰਧੀ ਨੂੰ ਰੱਦ ਕਰਨ ਤੋਂ ਬਾਅਦ, ਭਾਰਤ ਇਹ ਯਕੀਨੀ ਬਣਾਏਗਾ, ਕਿ ਪਾਣੀ ਦੀ ਇੱਕ ਬੂੰਦ ਵੀ ਪਾਕਿਸਤਾਨ ਨਾ ਜਾਵੇ। ਇਸ ਲਈ, ਤਿੰਨ-ਪੱਧਰੀ ਰਣਨੀਤੀ ਤਿਆਰ ਕੀਤੀ ਜਾਵੇਗੀ। ਕੋਈ ਦੇਰੀ ਨਹੀਂ ਹੋਵੇਗੀ। ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਨੂੰ ਸਬਕ ਸਿਖਾਉਣ ਲਈ, ਭਾਰਤ ਨੇ ਸਿੰਧੂ ਜਲ ਸੰਧੀ ਨੂੰ ਰਸਮੀ ਤੌਰ 'ਤੇ ਮੁਅੱਤਲ ਕਰ ਦਿੱਤਾ ਹੈ। 1960 ਵਿੱਚ ਹੋਏ ਇਸ ਸੰਧੀ ਦੇ ਤਹਿਤ, ਸਿੰਧੂ ਨਦੀ ਪ੍ਰਣਾਲੀ ਨਾਲ ਸਬੰਧਤ ਛੇ ਦਰਿਆਵਾਂ ਦੇ ਪਾਣੀ ਨੂੰ ਭਾਰਤ ਅਤੇ ਪਾਕਿਸਤਾਨ ਵਿਚਕਾਰ ਵੰਡਿਆ ਗਿਆ ਸੀ। ਇਸ ਸਮਝੌਤੇ ਤੋਂ ਲੱਗਭਗ ਬਾਹਰ ਆਉਣ ਤੋਂ ਬਾਅਦ, ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ੁੱਕਰਵਾਰ ਨੂੰ ਜਲ ਸ਼ਕਤੀ ਮੰਤਰੀ ਅਤੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨਾਲ ਸਥਿਤੀ 'ਤੇ ਚਰਚਾ ਕਰਨ ਲਈ ਮੁਲਾਕਾਤ ਕੀਤੀ। ਜੈਸ਼ੰਕਰ ਨਾਲ ਉਨ੍ਹਾਂ ਦੇ ਨਿਵਾਸ ਸਥਾਨ 'ਤੇ ਇੱਕ ਮਹੱਤਵਪੂਰਨ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਭਾਰਤ ਦੇ ਫੈਸਲੇ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ 'ਤੇ ਚਰਚਾ ਕੀਤੀ ਗਈ ਤਾਂ ਜੋ ਪਾਕਿਸਤਾਨ ਨੂੰ ਸ਼ੁਰੂ ਵਿੱਚ ਹੀ ਇਹ ਸੁਨੇਹਾ ਦਿੱਤਾ ਜਾ ਸਕੇ, ਕਿ ਸਿੰਧੂ ਜਲ ਸੰਧੀ ਸਬੰਧੀ ਉਸ ਲਈ ਦਰਵਾਜ਼ੇ ਬੰਦ ਕਰ ਦਿੱਤੇ ਗਏ ਹਨ। ਮੀਟਿੰਗ ਤੋਂ ਬਾਅਦ, ਪਾਟਿਲ ਨੇ ਕਿਹਾ ਕਿ ਤੁਰੰਤ, ਦਰਮਿਆਨੇ ਅਤੇ ਲੰਬੇ ਸਮੇਂ ਦੇ ਉਪਾਵਾਂ 'ਤੇ ਚਰਚਾ ਕੀਤੀ ਗਈ ਜਿਨ੍ਹਾਂ ਰਾਹੀਂ ਭਾਰਤ ਆਪਣੇ ਫੈਸਲੇ ਨੂੰ ਲਾਗੂ ਕਰੇਗਾ। ਤੁਰੰਤ ਉਪਾਅ ਵਜੋਂ, ਪਾਕਿਸਤਾਨ ਨਾਲ ਸਾਰਾ ਡਾਟਾ ਸਾਂਝਾ ਕਰਨਾ ਬੰਦ ਕਰ ਦਿੱਤਾ ਗਿਆ ਹੈ। ਪਾਕਿਸਤਾਨ ਵੱਲ ਜਾਣ ਵਾਲੇ ਪਾਣੀ ਨੂੰ ਰੋਕਣ ਲਈ, ਭਾਰਤ ਨੇ ਪੱਛਮੀ ਹਿੱਸੇ ਵਿੱਚ ਤਿੰਨ ਨਦੀਆਂ, ਸਿੰਧ, ਚਨਾਬ ਅਤੇ ਜੇਹਲਮ, ਨੂੰ ਤਰਜੀਹੀ ਆਧਾਰ 'ਤੇ ਗਾਰ ਤੋਂ ਮੁਕਤ ਕਰਨ ਦਾ ਫੈਸਲਾ ਕੀਤਾ ਹੈ। ਇਹ ਪਾਣੀ ਨੂੰ ਹੋਰ ਦਿਸ਼ਾਵਾਂ ਵਿੱਚ ਮੋੜਨ ਵਿੱਚ ਮੱਦਦ ਕਰੇਗਾ। ਇਨ੍ਹਾਂ ਤਿੰਨਾਂ ਦਰਿਆਵਾਂ ਤੋਂ ਲੱਗਭੱਗ 80 ਪ੍ਰਤੀਸ਼ਤ ਪਾਣੀ ਆ ਰਿਹਾ ਹੈ ਅਤੇ ਇਨ੍ਹਾਂ ਦੇ ਰੁਕਣ ਨਾਲ ਪਾਕਿਸਤਾਨ ਨੂੰ ਸਭ ਤੋਂ ਵੱਧ ਨੁਕਸਾਨ ਹੋਵੇਗਾ। ਸੂਤਰਾਂ ਅਨੁਸਾਰ, ਮੀਟਿੰਗ ਵਿੱਚ ਜ਼ਿਆਦਾਤਰ ਚਰਚਾ ਉਨ੍ਹਾਂ ਲੰਬੇ ਸਮੇਂ ਦੇ ਉਪਾਵਾਂ 'ਤੇ ਸੀ ਜੋ ਭਾਰਤ ਨੂੰ ਆਪਣੇ ਫੈਸਲੇ ਦੇ ਅਸਲ ਪ੍ਰਭਾਵ ਨੂੰ ਦਿਖਾਉਣ ਲਈ ਚੁੱਕਣੇ ਪੈਣਗੇ। ਇਹਨਾਂ ਨੂੰ ਸਭ ਤੋਂ ਚੁਣੌਤੀਪੂਰਨ ਮੰਨਿਆ ਜਾਂਦਾ ਹੈ। ਇਸ ਤਹਿਤ ਸਾਰੇ ਛੇ ਦਰਿਆਵਾਂ ਵਿੱਚ ਪਾਣੀ ਭੰਡਾਰਨ ਸਮਰੱਥਾ ਨੂੰ ਕਈ ਗੁਣਾ ਵਧਾਇਆ ਜਾਣਾ ਹੈ। ਇਸ ਲਈ ਮੰਤਰੀਆਂ ਦਾ ਇੱਕ ਸਮੂਹ ਵੀ ਬਣਾਇਆ ਜਾ ਸਕਦਾ ਹੈ, ਜੋ ਵਿਵਹਾਰਕ ਉਪਾਅ ਸੁਝਾਏਗਾ।

## ਬਹਿਰਾਇਚ 'ਚ ਇੱਕ ਚੌਲ ਮਿੱਲ ਵਿੱਚ ਦਮ ਘੁੱਟਣ ਕਾਰਨ 5 ਮਜ਼ਦੂਰਾਂ ਦੀ ਮੌਤ

ਬਹਿਰਾਇਚ, 25 ਅਪ੍ਰੈਲ (ਚ.ਨ.ਸ.): ਅਧਿਕਾਰੀਆਂ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਇੱਥੇ ਇੱਕ ਚੌਲ ਮਿੱਲ ਵਿੱਚ ਖਰਾਬ ਹੋਈ ਡ੍ਰਾਇਰ ਮਸ਼ੀਨ ਤੋਂ ਨਿਕਲੇ ਧੂੰਏਂ ਕਰ ਕੇ ਸਾਹ ਘੁੱਟਣ ਕਾਰਨ ਕਥਿਤ ਤੌਰ 'ਤੇ ਪੰਜ ਮਜ਼ਦੂਰਾਂ ਦੀ ਮੌਤ ਹੋ ਗਈ। ਧੂੰਏਂ ਕਾਰਨ ਬੇਹੋਸ਼ ਹੋਏ ਤਿੰਨ ਹੋਰ ਮਜ਼ਦੂਰਾਂ ਨੂੰ ਜ਼ਿਲ੍ਹਾ ਹਸਪਤਾਲ ਲਿਜਾਇਆ ਗਿਆ ਹੈ। ਜ਼ਿਲ੍ਹਾ ਮੈਜਿਸਟ੍ਰੇਟ ਮੋਨਿਕਾ ਰਾਣੀ ਨੇ ਕਿਹਾ ਮਜ਼ਦੂਰ ਝੋਨਾ ਸੁਕਾਉਣ ਦਾ ਕੰਮ ਕਰ ਰਹੇ ਸਨ ਜਦੋਂ ਮਸ਼ੀਨ ਵਿੱਚੋਂ ਧੂੰਆਂ ਨਿਕਲਿਆ, ਜਿਸ ਕਾਰਨ ਪੰਜ ਮਜ਼ਦੂਰਾਂ ਦੀ ਮੌਤ ਹੋ ਗਈ। ਜ਼ਿਲ੍ਹਾ ਪ੍ਰਸ਼ਾਸਨ ਨੇ ਘਟਨਾ ਦੀ ਜਾਂਚ ਲਈ ਇੱਕ ਸੰਯੁਕਤ ਟੀਮ ਬਣਾਈ ਹੈ। ਇੱਕ ਸੀਨੀਅਰ ਅਧਿਕਾਰੀ ਨੇ ਪੀਟੀਆਈ ਨੂੰ ਦੱਸਿਆ ਕਿ ਸ਼ੁਰੂਆਤੀ ਜਾਂਚ ਵਿੱਚ ਜਾਪਦਾ ਹੈ ਕਿ ਡ੍ਰਾਇਰ ਮਸ਼ੀਨ ਵਿੱਚ ਤਕਨੀਕੀ ਖਰਾਬੀ ਆਈ ਅਤੇ ਧੂੰਆਂ ਨਿਕਲਣਾ ਸ਼ੁਰੂ ਹੋ ਗਿਆ, ਜਿਸ ਕਾਰਨ ਮਜ਼ਦੂਰਾਂ ਦਾ ਦਮ ਘੁੱਟ ਗਿਆ। ਰਾਜਗੜ੍ਹੀਆ ਚੌਲ ਮਿੱਲ ਦੇ ਡਾਇਰੈਕਟਰ ਵਿਨੋਦ ਅਗਰਵਾਲ ਦੇ ਅਨੁਸਾਰ, ਡ੍ਰਾਇਰ ਪੂਰੀ ਤਰ੍ਹਾਂ ਸਵੈਚਾਲਿਤ ਪਲਾਂਟ ਹੈ ਅਤੇ ਭਾਫ਼ ਦੁਆਰਾ ਪੈਦਾ ਹੋਈ ਗਰਮ ਹਵਾ ਰਾਹੀਂ ਝੋਨੇ ਵਿੱਚੋਂ ਨਮੀ ਘਟਾਉਣ ਲਈ ਵਰਤਿਆ ਜਾਂਦਾ ਹੈ।

# ਭਾਜਪਾ ਦੇ ਰਾਜਾ ਇਕਬਾਲ ਸਿੰਘ ਦਿੱਲੀ ਦੇ ਮੇਅਰ ਬਣੇ

### ਭਾਜਪਾ ਨੂੰ 133 ਵੋਟ ਅਤੇ ਕਾਂਗਰਸ ਨੂੰ ਮਿਲੀਆਂ ਸਿਰਫ਼ ਅੱਠ ਵੋਟਾਂ



ਨਵੀਂ ਦਿੱਲੀ, 25 ਅਪ੍ਰੈਲ (ਚ.ਨ.ਸ.): ਦਿੱਲੀ ਨਗਰ ਨਿਗਮ ਦੀਆਂ ਮੇਅਰ ਚੋਣਾਂ ਦੇ ਨਤੀਜੇ ਸ਼ੁੱਕਰਵਾਰ ਨੂੰ ਐਲਾਨੇ ਗਏ। ਭਾਜਪਾ ਕੌਂਸਲਰ ਰਾਜਾ ਇਕਬਾਲ ਸਿੰਘ ਦਿੱਲੀ ਦੇ ਨਵੇਂ ਮੇਅਰ ਚੁਣੇ ਗਏ, ਉਨ੍ਹਾਂ ਨੇ ਕਾਂਗਰਸ ਦੇ ਮਨਦੀਪ ਸਿੰਘ ਨੂੰ 125 ਵੋਟਾਂ ਨਾਲ ਹਰਾਇਆ। ਚੋਣਾਂ ਵਿੱਚ 142 ਮੈਂਬਰਾਂ ਨੇ ਹਿੱਸਾ ਲਿਆ, ਜਿਨ੍ਹਾਂ ਵਿੱਚੋਂ ਇੱਕ ਵੋਟ ਅਵੈਧ ਪਾਈ ਗਈ। ਕਾਂਗਰਸ ਨੂੰ ਆਪਣੇ ਕੌਂਸਲਰਾਂ ਦੀ ਗਿਣਤੀ ਦੇ ਹਿਸਾਬ ਨਾਲ ਅੱਠ ਵੋਟਾਂ ਮਿਲੀਆਂ, ਜਦੋਂ ਕਿ ਰਾਜਾ ਇਕਬਾਲ ਸਿੰਘ ਨੂੰ 133 ਵੋਟਾਂ ਮਿਲੀਆਂ। ਇਸ ਵਾਰ ਚੋਣ ਖਾਸ ਤੌਰ 'ਤੇ ਦਿਲਚਸਪ ਸੀ ਕਿਉਂਕਿ ਸੱਤਾਧਾਰੀ 'ਆਪ' ਨੇ ਇਨ੍ਹਾਂ ਅਹੁਦਿਆਂ ਲਈ ਨਾਮਜ਼ਦਗੀ ਪੱਤਰ ਦਾਖਲ ਨਹੀਂ ਕੀਤੇ। ਨਾਲ ਹੀ, ਉਨ੍ਹਾਂ ਨੇ ਚੋਣ ਪ੍ਰਕਿਰਿਆ ਦਾ ਬਾਈਕਾਟ ਕੀਤਾ। ਦੋਵਾਂ ਅਹੁਦਿਆਂ ਲਈ ਵਿਰੋਧੀ ਪਾਰਟੀਆਂ ਭਾਜਪਾ ਅਤੇ ਕਾਂਗਰਸ ਦੇ ਕੌਂਸਲਰਾਂ ਵਿਚਕਾਰ ਮੁਕਾਬਲਾ ਸੀ। ਐਮਸੀਡੀ ਹਾਊਸ ਵਿੱਚ ਭਾਜਪਾ ਕੋਲ 135 ਵੋਟਾਂ ਹਨ, ਜਦੋਂ ਕਿ ਕਾਂਗਰਸ ਕੋਲ ਸਿਰਫ਼ ਅੱਠ ਵੋਟਾਂ ਹਨ। ਤੁਹਾਡੇ ਕੋਲ 119 ਵੋਟਾਂ ਹਨ। ਸਾਰੇ ਸੱਤ ਲੋਕ ਸਭਾ ਸੰਸਦ ਮੈਂਬਰ, ਤਿੰਨ ਰਾਜ ਸਭਾ ਸੰਸਦ ਮੈਂਬਰ, ਅਤੇ ਵਿਧਾਨ ਸਭਾ ਦੁਆਰਾ ਨਾਮਜ਼ਦ 20 ਪ੍ਰਤੀਸ਼ਤ (14) ਵਿਧਾਇਕਾਂ ਨੂੰ ਮੇਅਰ ਅਤੇ ਡਿਪਟੀ ਮੇਅਰ ਦੀਆਂ ਚੋਣਾਂ ਵਿੱਚ ਵੋਟ ਪਾਉਣ ਦਾ ਅਧਿਕਾਰ ਹੈ। ਉਪ ਰਾਜਪਾਲ ਵੀਕੇ ਸਕਸੈਨਾ ਨੇ ਮੇਅਰ ਚੋਣ ਪ੍ਰਕਿਰਿਆ ਨੂੰ ਸੰਚਾਲਿਤ ਕਰਨ ਲਈ ਸੀਨੀਅਰ ਭਾਜਪਾ ਕੌਂਸਲਰ ਸੱਤਿਆ ਸ਼ਰਮਾ ਨੂੰ ਪ੍ਰੀਜ਼ਾਈਡਿੰਗ ਅਧਿਕਾਰੀ ਨਿਯੁਕਤ ਕੀਤਾ ਸੀ।

# 32 ਗ੍ਰਨੇਡਾਂ ਵਾਲੇ ਬਿਆਨਾਂ 'ਤੇ ਪ੍ਰਤਾਪ ਸਿੰਘ ਬਾਜਵਾ ਤੋਂ ਮੁੜ 7 ਘੰਟੇ ਪੁੱਛ-ਗਿੱਛ



ਮੋਹਾਲੀ, 25 ਅਪ੍ਰੈਲ (ਚ.ਨ.ਸ.): ਕਾਂਗਰਸ ਦੇ ਪੰਜਾਬ ਵਿਰੋਧੀ ਧਿਰ ਨੇਤਾ ਪ੍ਰਤਾਪ ਸਿੰਘ ਬਾਜਵਾ ਦੀਆਂ ਮੁਸ਼ਕਲਾਂ ਅਜੇ ਘਟੀਆਂ ਨਹੀਂ ਹਨ। 32 ਗ੍ਰਨੇਡ ਵਾਲੇ ਬਿਆਨਾਂ ਬਾਰੇ ਅੱਜ ਮੁੜ ਮੋਹਾਲੀ ਦੇ ਸਾਈਬਰ ਥਾਣੇ ਵਿਚ ਪੁੱਛ-ਗਿੱਛ ਕੀਤੀ ਗਈ। ਇਸ ਦੌਰਾਨ ਪ੍ਰਤਾਪ ਸਿੰਘ ਬਾਜਵਾ ਨੇ ਪੱਤਰਕਾਰਾਂ ਦੇ ਸਵਾਲਾਂ ਤੋਂ ਦੂਰੀ ਬਣਾਈ ਰੱਖੀ। ਦੱਸ ਦੀਈਏ ਕਿ ਅੱਜ ਵਿਰੋਧੀ ਧਿਰ ਨੇਤਾ ਬਾਜਵਾ ਦੂਜੀ ਵਾਰ ਮੋਹਾਲੀ ਦੇ ਸਾਈਬਰ ਕਰਾਈਮ ਥਾਣੇ ਵਿਚ ਪੁੱਛਗਿੱਛ ਲਈ ਪਹੁੰਚੇ ਸਨ। ਇਸ ਦੌਰਾਨ ਉਨ੍ਹਾਂ ਤੋਂ 7 ਘੰਟੇ ਪੁੱਛਗਿੱਛ ਕੀਤੀ ਗਈ। ਇਸ ਦੌਰਾਨ ਬਾਜਵਾ ਨੇ ਹਾਈਕੋਰਟ ਦੇ ਹੁਕਮਾਂ ਦਾ ਹਵਾਲਾ ਦਿੰਦਿਆਂ ਪੱਤਰਕਾਰਾਂ ਦੇ ਸਵਾਲਾਂ ਤੋਂ ਦੂਰੀ ਬਣਾਈ ਰੱਖੀ। ਜ਼ਿਕਰਯੋਗ ਹੈ ਕਿ ਪ੍ਰਤਾਪ ਸਿੰਘ ਬਾਜਵਾ ਨੇ ਪੰਜਾਬ ਵਿਚ 32 ਗ੍ਰਨੇਡ ਬਚੇ ਹੋਣ ਦਾ ਦਾਅਵਾ ਕੀਤਾ ਸੀ। ਜਿਸ ਤੋਂ ਬਾਅਦ ਉਨ੍ਹਾਂ ਖਿਲਾਫ ਮੋਹਾਲੀ ਦੇ ਸਾਈਬਰ ਥਾਣੇ ਵਿਚ ਮਾਮਲਾ ਦਰਜ ਕੀਤਾ ਗਿਆ।

### ਪਹਿਲਗਾਮ ਅੱਤਵਾਦੀ ਹਮਲੇ 'ਤੇ ਬੋਲੇ ਸੰਘ ਮੁਖੀ

# ਇਹ ਧਰਮ ਅਤੇ ਅਧਰਮ ਵਿਚਕਾਰ ਲੜਾਈ: ਭਾਗਵਤ



ਮੁੰਬਈ, 25 ਅਪ੍ਰੈਲ (ਚ.ਨ.ਸ.): ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਪਹਿਲਗਾਮ ਅਤਿਵਾਦੀ ਹਮਲੇ 'ਤੇ ਬੋਲਦਿਆਂ ਕਿਹਾ ਕਿ ਇਹ ਕਿਸੇ ਸੰਪਰਦਾ ਜਾਂ ਭਾਈਚਾਰੇ ਦੀ ਲੜਾਈ ਨਹੀਂ ਹੈ।

ਇਸ ਵੇਲੇ ਜੋ ਲੜਾਈ ਚੱਲ ਰਹੀ ਹੈ ਉਹ ਧਰਮ ਅਤੇ ਅਧਰਮ ਵਿਚਕਾਰ ਲੜਾਈ ਹੈ। ਉਨ੍ਹਾਂ ਇਹ ਗੱਲ ਪੰਡਿਤ ਦੀਨਾਨਾਥ ਮੰਗੇਸ਼ਕਰ ਦੀ 83ਵੀਂ ਬਰਸੀ 'ਤੇ ਮੁੰਬਈ ਵਿੱਚ ਆਯੋਜਿਤ ਇੱਕ ਪ੍ਰੋਗਰਾਮ ਵਿੱਚ ਪਹਿਲਗਾਮ ਅੱਤਵਾਦੀ ਹਮਲੇ ਦਾ ਹਵਾਲਾ ਦਿੰਦੇ ਹੋਏ ਕਹੀ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਵਿੱਚ ਕਿਸੇ ਨੂੰ ਵੀ ਉਨ੍ਹਾਂ ਦੇ ਧਰਮ ਬਾਰੇ ਪੁੱਛਣ 'ਤੇ ਨਹੀਂ ਮਾਰਿਆ ਜਾਂਦਾ ਪਰ ਪਹਿਲਗਾਮ ਵਿੱਚ ਕੱਟੜਪੰਥੀਆਂ ਨੇ ਜੋ ਹੰਗਾਮਾ ਕੀਤਾ, ਉਨ੍ਹਾਂ ਨੇ ਲੋਕਾਂ ਨੂੰ ਉਨ੍ਹਾਂ ਦਾ ਧਰਮ ਪੁੱਛਣ ਤੋਂ ਬਾਅਦ ਮਾਰ ਦਿੱਤਾ, ਹਿੰਦੂ ਅਜਿਹਾ ਕਦੇ ਨਹੀਂ ਕਰਨਗੇ। ਪਰ ਕੱਟੜਪੰਥੀ ਜੋ ਆਪਣੇ ਭਾਈਚਾਰੇ ਦੀ ਗਲਤ ਵਿਆਖਿਆ ਕਰਦੇ ਹਨ, ਉਹ ਅਜਿਹਾ ਕਰਨਗੇ, ਇਸ ਲਈ ਦੇਸ਼ ਨੂੰ ਮਜ਼ਬੂਤ ਹੋਣਾ ਚਾਹੀਦਾ ਹੈ।

# ਪਾਕਿ ਵੱਲੋਂ ਕੰਟਰੋਲ ਰੇਖਾ 'ਤੇ ਗੋਲੀਬੰਦੀ ਦੀ ਉਲੰਘਣਾ ਦਾ ਭਾਰਤੀ ਫ਼ੌਜ ਨੇ ਦਿੱਤਾ ਮੂੰਹ ਤੋੜਵਾਂ ਜਵਾਬ

### ਬਾਂਦੀਪੋਰਾ 'ਚ ਮੁਕਾਬਲੇ ਦੌਰਾਨ ਅਤਿਵਾਦੀਢੇਰ, ਦੋ ਪੁਲਿਸ ਕਰਮੀ ਜ਼ਖ਼ਮੀ



ਜੰਮ, 25 ਅਪ੍ਰੈਲ (ਚ.ਨ.ਸ.): ਪਹਿਲਗਾਮ ਦਹਿਸ਼ਤੀ ਹਮਲੇ ਨੂੰ ਲੈ ਕੇ ਵਧਦੇ ਤਣਾਅ ਦਰਮਿਆਨ ਪਾਕਿਸਤਾਨ ਨੇ ਸ਼ੁੱਕਰਵਾਰ ਵੱਡੇ ਤੜਕੇ ਜੰਮੂ ਕਸ਼ਮੀਰ ਵਿਚ ਕੰਟਰੋਲ ਰੇਖਾ ਦੇ ਨਾਲ ਕਈ ਥਾਵਾਂ 'ਤੇ ਗੋਲੀਬੰਦੀ ਦੀ ਉਲੰਘਣਾ ਕੀਤਾ ਹੈ। ਭਰੋਸੇਯੋਗ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪਾਕਿਸਤਾਨ ਨੇ ਸਰਹੱਦ ਦੇ ਇਸ ਪਾਸੇ ਭਾਰਤੀ ਚੌਕੀਆਂ ਨੂੰ ਨਿਸ਼ਾਨਾ ਬਣਾਉਣ ਲਈ ਛੋਟੇ ਹਥਿਆਰਾਂ ਦੀ ਵਰਤੋਂ ਕੀਤੀ।

ਸ਼ੁਰੂਆਤੀ ਜਾਣਕਾਰੀ ਅਨੁਸਾਰ, ਰਾਜੌਰੀ ਅਤੇ ਪੁਣਛ ਸੈਕਟਰ ਵਿੱਚ ਵੀ ਗੋਲੀਬੰਦੀ ਦੀ ਉਲੰਘਣਾ ਕੀਤੀ ਗਈ ਹੈ। ਖੁਫੀਆ ਸੂਤਰਾਂ ਨੇ ਦੱਸਿਆ, "ਪਾਕਿਸਤਾਨ ਵੱਲੋਂ ਐਲਓਸੀ 'ਤੇ ਕੁਝ ਥਾਵਾਂ 'ਤੇ ਛੋਟੇ ਹਥਿਆਰਾਂ ਨਾਲ ਗੋਲੀਬਾਰੀ ਕੀਤੀ ਗਈ ਸੀ।

ਪਾਕਿਸਤਾਨ ਦੀ ਇਸ ਹਿਮਾਕਤ ਦਾ ਮੂੰਹ ਤੋੜ ਜਵਾਬ ਦਿੱਤਾ ਗਿਆ। ਇਸ ਦੌਰਾਨ ਸਾਡੇ ਪਾਸੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ।ਪਹਿਲਗਾਮ ਦੇ ਟੂਰਿਸਟ ਰਿਜ਼ੋਰਟ 'ਤੇ ਅੱਤਵਾਦੀਆਂ ਵੱਲੋਂ ਕੀਤੇ ਗਏ ਭਿਆਨਕ ਹਮਲੇ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਵੱਧ ਰਿਹਾ ਹੈ।

# ਪਹਿਲੇ ਸਫ਼ੇ ਦੀ ਬਾਕੀ

## ਪਹਿਲਗਾਮ ਅੱਤਵਾਦੀ ਹਮਲਾ

ਅਤੇ 160 ਸ਼ਰਧਾਲੂ ਨਹੀਂ ਪਹੁੰਚੇ। ਇਸ ਮਹੀਨੇ ਦੌਰਾਨ ਰੋਜ਼ਾਨਾ 400 ਤੋਂ ਵੱਧ ਸ਼ਰਧਾਲੂ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਦੇ ਸਨ, ਪਰ ਹਮਲੇ ਤੋਂ ਬਾਅਦ ਸ਼ਰਧਾਲੂਆਂ ਦੀ ਗਿਣਤੀ ਵਿੱਚ ਕਮੀ ਆਈ। ਪਾਕਿਸਤਾਨ ਹਰੇਕ ਸ਼ਰਧਾਲੂ ਤੋਂ ਲਗਭਗ 1,700 ਰੁਪਏ (20 ਡਾਲਰ) ਪ੍ਰਵੇਸ਼ ਫੀਸ ਲੈਂਦਾ ਹੈ। ਦਰਸ਼ਨ ਕਰਨ ਤੋਂ ਬਾਅਦ ਵਾਪਸ ਆਏ ਸ਼ਰਧਾਲੂਆਂ ਨੇ ਕਿਹਾ ਕਿ ਉਹ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਗਏ ਸਨ। ਉੱਥੇ ਪ੍ਰਬੰਧਕਾਂ ਨੇ ਸਾਰਿਆਂ ਦਾ ਸਵਾਗਤ ਕੀਤਾ ਅਤੇ ਭਾਰਤ ਵਿੱਚ ਹੋਏ ਅੱਤਵਾਦੀ ਹਮਲੇ ਬਾਰੇ ਕੋਈ ਚਰਚਾ ਨਹੀਂ ਕੀਤੀ।

## ਸਾਵਰਕਰ ਬਾਰੇ ਟਿੱਪਣੀਆਂ ਲਈ ਸੁਪਰੀਮ ਕੋਰਟ ਵੱਲੋਂ

ਪਤਾ ਹੈ ਕਿ ਮਹਾਤਮਾ ਗਾਂਧੀ ਨੇ ਵੀ ਵਾਇਸਰਾਏ ਨੂੰ ਸੰਬੋਧਨ ਕਰਦੇ ਸਮੇਂ 'ਤੁਹਾਡਾ ਵਫ਼ਾਦਾਰ ਸੇਵਕ' ਵਰਤਿਆ ਸੀ? ਕੀ ਮਹਾਤਮਾ ਗਾਂਧੀ ਨੂੰ ਸਿਰਫ਼ ਇਸ ਲਈ 'ਅੰਗਰੇਜ਼ਾਂ ਦਾ ਸੇਵਕ' ਕਿਹਾ ਜਾ ਸਕਦਾ ਹੈ। ਮੈਂ ਦੇਖਿਆ ਹੈ ਕਿ ਉਨ੍ਹਾਂ ਦਿਨਾਂ ਵਿੱਚ ਕਲਕੱਤਾ ਹਾਈ ਕੋਰਟ ਦੇ ਜੱਜ ਤੱਕ ਵੀ ਚੀਫ਼ ਜਸਟਿਸ ਨੂੰ 'ਤੁਹਾਡਾ ਸੇਵਕ' ਲਿਖ ਕੇ ਸੰਬੋਧਿਤ ਕਰਦੇ ਸਨ। ਜਸਟਿਸ ਦੱਤਾ ਨੇ ਕਿਹਾ, ਕੀ ਤੁਹਾਡੇ ਮੁਵੱਕਿਲ ਨੂੰ ਪਤਾ ਹੈ ਕਿ ਉਸਦੀ ਦਾਦੀ (ਇੰਦਰਾ ਗਾਂਧੀ), ਜਦੋਂ ਉਹ ਪ੍ਰਧਾਨ ਮੰਤਰੀ ਸੀ, ਨੇ ਵੀ ਇਸ ਬਹੁਤ ਹੀ ਸੱਜਣ (ਸਾਵਰਕਰ) ਦੀ ਪ੍ਰਸ਼ੰਸਾ ਕਰਦੇ ਹੋਏ ਇੱਕ ਪੱਤਰ ਭੇਜਿਆ ਸੀ? ਜੱਜ ਨੇ ਕਿਹਾ, ਤਾਂ, ਸਮਝ ਲਓ ਕਿ ਸਾਨੂੰ ਆਜ਼ਾਦੀ ਘੁਲਾਟੀਆਂ ਬਾਰੇ ਗੈਰ-ਜ਼ਿੰਮੇਵਾਰਾਨਾ ਬਿਆਨ ਨਹੀਂ ਦੇਣੇ ਚਾਹੀਦੇ। (ਉਂਝ) ਤੁਸੀਂ ਕਾਨੂੰਨ 'ਤੇ ਇੱਕ ਵਧੀਆ ਨੁਕਤਾ ਉਠਾਇਆ ਹੈ, ਇਸ ਲਈ ਤੁਸੀਂ ਸਟੇਅ ਹਾਸਲ ਕਰਨ ਦੇ ਹੱਕਦਾਰ ਹੋ। ਇਸ ਦੇ ਨਾਲ ਹੀ ਸਿਖਰਲੀ ਅਦਾਲਤ ਨੇ ਉੱਤਰ ਪ੍ਰਦੇਸ਼ ਸਰਕਾਰ ਅਤੇ ਸ਼ਿਕਾਇਤਕਰਤਾ ਵਕੀਲ ਨ੍ਰਿਪੇਂਦਰ ਪਾਂਡੇ ਨੂੰ ਨੋਟਿਸ ਜਾਰੀ ਕੀਤਾ ਅਤੇ ਇਲਾਹਾਬਾਦ ਹਾਈ ਕੋਰਟ ਦੇ ਉਸ ਹੁਕਮ 'ਤੇ ਰੋਕ ਲਗਾ ਦਿੱਤੀ ਜਿਸ ਵਿਚ ਗਾਂਧੀ ਵਿਰੁੱਧ ਹੇਠਲੀ ਅਦਾਲਤ ਦੇ ਸੰਮਨ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਗਿਆ ਸੀ।

## 'ਪਹਿਲਗਾਮ ਹਮਲੇ ਦੇ ਦੋਸ਼ੀ ਅੱਤਵਾਦੀਆਂ ਨੂੰ

ਹਮਲਾ ਕਸ਼ਮੀਰ ਵਿੱਚ ਹੁਣ ਤੱਕ ਦੇ ਸਭ ਤੋਂ ਵਹਿਸ਼ੀ ਹਮਲਿਆਂ ਵਿੱਚੋਂ ਇੱਕ ਹੈ, ਜਿਸ ਵਿੱਚ 26 ਸੈਲਾਨੀਆਂ ਨੂੰ ਨਿਸ਼ਾਨਾ ਬਣਾ ਕੇ ਮਾਰ ਦਿੱਤਾ ਗਿਆ। ਭਾਰਤ ਸਰਕਾਰ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਹਮਲੇ ਲਈ ਜ਼ਿੰਮੇਵਾਰ ਲੋਕਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਇਲਾਕੇ ਵਿੱਚ ਸੁਰੱਖਿਆ ਅਤੇ ਖੁਫੀਆ ਏਜੰਸੀਆਂ ਨੂੰ ਅਲਰਟ 'ਤੇ ਰੱਖਿਆ ਗਿਆ ਹੈ। ਭਾਰਤ ਨੇ ਅੱਤਵਾਦ ਨੂੰ ਉਤਸ਼ਾਹਿਤ ਕਰਨ ਲਈ ਪਾਕਿਸਤਾਨ 'ਤੇ ਕਈ ਪਾਬੰਦੀਆਂ ਵੀ ਲਗਾਈਆਂ ਹਨ।

## ਫੌਜ ਮੁਖੀ ਵੱਲੋਂ ਸੀਨੀ. ਫੌਜ

ਨਾਲ ਮੁਲਾਕਾਤ ਕੀਤੀ। ਭਾਰਤੀ ਫੌਜ ਮੁਖੀ ਜਨਰਲ ਨੂੰ ਆਪਣੇ ਖੇਤਰ ਦੇ ਅੰਦਰ ਅੱਤਵਾਦੀਆਂ ਵਿਰੁੱਧ ਬਣਤਰਾਂ ਦੁਆਰਾ ਕੀਤੀਆਂ ਜਾ ਰਹੀਆਂ ਕਾਰਵਾਈਆਂ ਅਤੇ ਪਾਕਿਸਤਾਨੀ ਫੌਜ ਦੁਆਰਾ ਕੰਟਰੋਲ ਰੇਖਾ 'ਤੇ ਜੰਗਬੰਦੀ ਦੀ ਉਲੰਘਣਾ ਕਰਨ ਦੀਆਂ ਕੋਸ਼ਿਸ਼ਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ।ਅੱਜ ਪਹਿਲਾਂ, ਪਾਕਿਸਤਾਨੀ ਫੌਜ ਦੇ ਜਵਾਨਾਂ ਨੇ ਕੰਟਰੋਲ ਰੇਖਾ (ਐਲ.ਓ.ਸੀ) ਦੇ ਨਾਲ ਕੁਝ ਥਾਵਾਂ 'ਤੇ ਗੋਲੀਬਾਰੀ ਕੀਤੀ, ਜਿਸ ਤੋਂ ਬਾਅਦ ਭਾਰਤੀ ਫੌਜ ਨੇ ਤੁਰੰਤ ਜਵਾਬੀ ਕਾਰਵਾਈ ਕੀਤੀ।

ਭਾਰਤੀ ਫੌਜ ਦੇ ਅਧਿਕਾਰੀਆਂ ਨੇ ਕਿਹਾ, ਪਾਕਿਸਤਾਨੀ ਫੌਜ ਵੱਲੋਂ ਕੰਟਰੋਲ ਰੇਖਾ 'ਤੇ ਕੁਝ ਥਾਵਾਂ 'ਤੇ ਛੋਟੀਆਂ ਹਥਿਆਰਾਂ ਨਾਲ ਗੋਲੀਬਾਰੀ ਸ਼ੁਰੂ ਕੀਤੀ ਗਈ। ਭਾਰਤੀ ਫੌਜ ਨੇ ਪ੍ਰਭਾਵਸ਼ਾਲੀ ਢੰਗ ਨਾਲ ਜਵਾਬ ਦਿੱਤਾ। ਕੋਈ ਜਾਨੀ ਨੁਕਸਾਨ ਨਹੀਂ ਹੋਇਆ।

## ਪਹਿਲਗਾਮ ਹਮਲੇ 'ਚ ਸ਼ਾਮਲ ਅੱਤਵਾਦੀਆਂ

ਦੇਖੀਆਂ। ਖਤਰੇ ਨੂੰ ਭਾਂਪਦਿਆਂ ਸੁਰੱਖਿਆ ਬਲ ਸੁਰੱਖਿਆ ਯਕੀਨੀ ਬਣਾਉਣ ਲਈ ਪਿੱਛੇ ਹਟ ਗਏ। ਹਾਲਾਂਕਿ, ਪਿੱਛੇ ਹਟਣ ਤੋਂ ਥੋੜ੍ਹੀ ਦੇਰ ਬਾਅਦ ਇੱਕ ਸ਼ਕਤੀਸ਼ਾਲੀ ਧਮਾਕੇ ਨੇ ਘਰ ਨੂੰ ਭਾਰੀ ਨੁਕਸਾਨ ਪਹੁੰਚਾਇਆ। ਦੱਸਿਆ ਜਾ ਰਿਹਾ ਹੈ ਕਿ ਇਹ ਘਰ ਪਹਿਲਗਾਮ ਹਮਲੇ 'ਚ ਸ਼ਾਮਲ ਅੱਤਵਾਦੀ ਆਦਿਲ ਦਾ ਸੀ। ਦੂਜੇ ਪਾਸੇ ਦੱਖਣੀ ਕਸ਼ਮੀਰ ਦੇ ਤ੍ਰਾਲ 'ਚ ਲਸ਼ਕਰ ਦੇ ਅੱਤਵਾਦੀ ਆਸਿਫ ਸ਼ੇਖ ਦੇ ਘਰ ਨੂੰ ਢਾਹ ਦਿੱਤਾ ਗਿਆ। ਜੰਮੂ-ਕਸ਼ਮੀਰ ਪ੍ਰਸ਼ਾਸਨ ਨੇ ਬੁਲਡੋਜ਼ਰ ਦੀ ਵਰਤੋਂ ਕਰਕੇ ਘਰ ਨੂੰ ਢਾਹ ਦਿੱਤਾ ਹੈ। ਜ਼ਿਕਰਯੋਗ ਹੈ ਕਿ ਮੰਗਲਵਾਰ ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਅੱਤਵਾਦੀਆਂ ਨੇ ਸੈਲਾਨੀਆਂ 'ਤੇ ਅੰਨ੍ਹੇਵਾਹ ਗੋਲੀਬਾਰੀ ਕਰਕੇ 26 ਲੋਕਾਂ ਦੀ ਬੇਰਹਿਮੀ ਨਾਲ ਹੱਤਿਆ ਕਰ ਦਿੱਤੀ। ਫੌਜ ਦੀ ਵਰਦੀ ਪਹਿਨੇ ਅੱਤਵਾਦੀਆਂ ਨੇ ਪਹਿਲਗਾਮ ਦੀ ਬੈਸਰਨ ਘਾਟੀ 'ਚ ਸੈਲਾਨੀਆਂ ਨੂੰ ਪਹਿਲਾਂ ਉਨ੍ਹਾਂ ਦੇ ਧਰਮ ਬਾਰੇ ਪੁੱਛਿਆ, ਉਨ੍ਹਾਂ ਦੇ ਪਛਾਣ ਪੱਤਰ ਚੈੱਕ ਕੀਤੇ ਅਤੇ ਫਿਰ ਉਨ੍ਹਾਂ ਨੂੰ ਹਿੰਦੂ ਦੱਸਦੇ ਹੋਏ ਗੋਲੀ ਮਾਰ ਦਿੱਤੀ। 26 ਮਰਨ ਵਾਲਿਆਂ 'ਚੋਂ ਜ਼ਿਆਦਾਤਰ ਸੈਲਾਨੀ ਹਨ, ਜਦਕਿ ਦੋ ਵਿਦੇਸ਼ੀ ਅਤੇ ਦੋ ਸਥਾਨਕ ਨਾਗਰਿਕ ਹਨ। ਹਮਲੇ 'ਚ ਕਰੀਬ 14 ਲੋਕ ਜ਼ਖਮੀ ਹੋਏ ਹਨ। ਪਾਕਿਸਤਾਨੀ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਨਾਲ ਜੁੜੇ ਸਮੂਹ ਦਿ ਰੇਜ਼ਿਸਟੈਂਸ ਫਰੰਟ ਨੇ 3 ਜੁਲਾਈ ਤੋਂ ਸ਼ੁਰੂ ਹੋ ਰਹੀ ਸ਼੍ਰੀ ਅਮਰਨਾਥ ਯਾਤਰਾ ਤੋਂ ਪਹਿਲਾਂ ਇਸ ਕਾਇਰਾਨਾ ਹਮਲੇ ਦੀ ਜ਼ਿੰਮੇਵਾਰੀ ਲਈ ਹੈ। ਫਰਵਰੀ, 2019 'ਚ ਪੁਲਵਾਮਾ ਹਮਲੇ ਤੋਂ ਬਾਅਦ ਜੰਮੂ-ਕਸ਼ਮੀਰ 'ਚ ਇਹ ਸਭ ਤੋਂ ਵੱਡਾ ਅੱਤਵਾਦੀ ਹਮਲਾ ਹੈ। ਇਸ ਹਮਲੇ 'ਚ ਸੀ.ਆਰ.ਪੀ.ਐੱਫ. ਦੇ 47 ਜਵਾਨ ਸ਼ਹੀਦ ਹੋ ਗਏ ਸਨ।

## ਕੇਂਦਰ ਵੱਲੋਂ ਵਕ਼ਫ਼ ਐਕਟ 'ਤੇ ਰੋਕ

ਜਾਇਦਾਦਾਂ 'ਤੇ ਕਬਜ਼ਾ ਕਰਨ ਲਈ ਪਹਿਲਾਂ ਦੇ ਪ੍ਰਬੰਧਾਂ ਦੀ ਦੁਰਵਰਤੋਂ ਦੀਆਂ ਰਿਪੋਰਟਾਂ ਹਨ। ਇਹ ਹਲਫ਼ਨਾਮਾ ਘੱਟ ਗਿਣਤੀ ਮਾਮਲਿਆਂ ਦੇ ਮੰਤਰਾਲੇ ਦੇ ਸੰਯੁਕਤ ਸਕੱਤਰ ਸ਼ੇਰਸ਼ਾ ਸੀ. ਸ਼ੇਖ ਮੋਹਿਦੀਨ ਵੱਲੋਂ ਦਾਖ਼ਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ 17 ਅਪਰੈਲ ਨੂੰ ਕੇਂਦਰ ਨੇ ਸਿਖਰਲੀ ਅਦਾਲਤ ਨੂੰ ਭਰੋਸਾ ਦਿੱਤਾ ਸੀ ਕਿ ਉਹ 5 ਮਈ ਤੱਕ ਉਪਭੋਗਤਾ ਦੁਆਰਾ ਵਕਫ਼ ਸਮੇਤ ਕਿਸੇ ਤਰ੍ਹਾਂ ਦੀ ਵੀ ਵਕਫ਼ ਜਾਇਦਾਦ ਨੂੰ ਨਾ ਤਾਂ ਡੀਨੋਟੀਫਾਈ ਕਰੇਗਾ ਅਤੇ ਨਾ ਹੀ ਕੇਂਦਰੀ ਵਕਫ਼ ਕੌਂਸਲ ਅਤੇ ਬੋਰਡਾਂ ਵਿੱਚ ਕੋਈ ਨਿਯੁਕਤੀਆਂ ਕਰੇਗਾ। ਚੀਫ਼ ਜਸਟਿਸ ਸੰਜੀਵ ਖੰਨਾ ਦੀ ਅਗਵਾਈ ਵਾਲੇ ਬੈਂਚ ਨੇ ਅੰਤਰਿਮ ਆਦੇਸ਼ ਪਾਸ ਕਰਨ ਲਈ 5 ਮਈ ਨੂੰ ਮਾਮਲੇ ਦੀ ਸੁਣਵਾਈ ਕਰਨੀ ਹੈ।

## ਪੰਜਾਬ ਦੇ ਕੁਝ ਜ਼ਿਲ੍ਹਿਆਂ ਲਈ

ਜਾਰੀ ਰਹਿ ਸਕਦੀ ਹੈ, ਇਸ ਲਈ ਸਾਵਧਾਨੀ ਵਰਤਣੀ ਜ਼ਰੂਰੀ ਹੈ। ਪੰਜ ਦਿਨਾਂ ਬਾਅਦ ਹੀਟਵੇਵ ਤੋਂ ਕੁਝ ਰਾਹਤ ਮਿਲਦੀ ਨਜ਼ਰ ਆ ਰਹੀ ਹੈ। ਪੰਜਾਬ ਵਿੱਚ 30 ਅਪ੍ਰੈਲ ਨੂੰ ਮੀਂਹ ਪੈਣ ਦੀ ਆਸਾਰ ਹੈ। ਹਾਲਾਂਕਿ ਇਸ ਸਬੰਧੀ ਮੌਸਮ ਵਿਭਾਗ ਵੱਲੋਂ ਅਜੇ ਤੱਕ ਕੋਈ ਅਲਰਟ ਨਹੀਂ ਦਿੱਤਾ ਗਿਆ ਹੈ। ਪਰ, 30 ਅਪ੍ਰੈਲ ਨੂੰ ਮੀਂਹ ਪੈਣ ਦੀ ਆਸਾਰ ਹੈ।

## ਪੰਜਾਬ ਦੇ ਸਕੂਲਾਂ ਲਈ ਜ਼ਰੂਰੀ ਸਲਾਹ ਜਾਰੀ

ਲਈ ਉਨ੍ਹਾਂ ਨੂੰ ਪ੍ਰੇਰਿਤ ਕੀਤਾ ਜਾਵੇ। ਬੱਚਿਆਂ ਨੂੰ ਹਲਕੇ ਰੰਗਾਂ ਦੇ, ਢਿੱਲੇ ਅਤੇ ਸੂਤੀ ਕੱਪੜੇ ਪਹਿਨਣ ਦੀ ਸਲਾਹ ਦਿੱਤੀ ਜਾਵੇ। ਧੁੱਪ ਵਿਚ ਬਾਹਰ ਨਿਕਲਦੇ ਸਮੇਂ ਸਿਰ ਢੱਕਣ ਲਈ ਟੋਪੀ, ਕੱਪੜਾ ਜਾਂ ਛੱਤਰੀ ਦੀ ਵਰਤੋਂ ਕੀਤੀ ਜਾਵੇ। ਘਰ ਦੇ ਅੰਦਰ ਜਾਂ ਛਾਂ ਵਿਚ ਰਹੋ: ਦਿਨ ਦੇ ਗਰਮ ਸਮੇਂ ਦੌਰਾਨ (ਖਾਸ ਕਰਕੇ ਦੁਪਹਿਰ 12 ਤੋਂ 3 ਵਜੇ ਤੱਕ) ਬਾਹਰ ਨਿਕਲਣ ਤੋਂ ਗੁਰੇਜ਼ ਕੀਤਾ ਜਾਵੇ। ਸਰੀਰਕ ਗਤੀਵਿਧੀਆਂ ਜਾਂ ਬਾਹਰੀ ਖੇਡਾਂ ਨੂੰ ਦਿਨ ਦੇ ਠੰਡੇ ਸਮੇਂ, ਯਾਨੀ ਸਵੇਰ ਜਾਂ ਸ਼ਾਮ ਤੱਕ ਮੁਲਤਵੀ ਕੀਤਾ ਜਾਵੇ। ਸਥਾਨਕ ਮੌਸਮ ਦੀ ਜਾਣਕਾਰੀ ਲਈ ਰੇਡੀਓ, ਟੀਵੀ ਜਾਂ ਅਖ਼ਬਾਰ ਸੁਣਨ/ਪੜ੍ਹਨ ਲਈ ਪ੍ਰੇਰਿਤ ਕੀਤਾ ਜਾਵੇ।

## ਕੋਈ ਵੀ ਪਾਕਿਸਤਾਨੀ ਸਮਾਂ ਹੱਦ

ਪ੍ਰਭਾਵ ਨਾਲ ਮੁਅੱਤਲ ਕਰਨ ਦਾ ਐਲਾਨ ਕੀਤਾ ਹੈ, ਜੋ 26/11 ਦੇ ਮੁੰਬਈ ਅਤਿਵਾਦੀ ਹਮਲੇ ਤੋਂ ਬਾਅਦ ਦੇਸ਼ ਵਿਚ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣ ਵਾਲਾ ਸਭ ਤੋਂ ਭਿਆਨਕ ਅਤਿਵਾਦੀ ਹਮਲਾ ਹੈ। ਇਸ ਤੋਂ ਇਲਾਵਾ ਸਰਕਾਰ ਨੇ ਬੁਧਵਾਰ ਨੂੰ ਐਲਾਨ ਕੀਤਾ ਕਿ ਪਾਕਿਸਤਾਨੀ ਨਾਗਰਿਕਾਂ ਨੂੰ ਸਾਰਕ ਵੀਜ਼ਾ ਛੋਟ ਯੋਜਨਾ (ਐਸ.ਵੀ.ਈ.ਐਸ.) ਤਹਿਤ ਭਾਰਤ ਦੀ ਯਾਤਰਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਅਤੇ ਇਸ ਸਮੇਂ ਐਸ.ਵੀ.ਈ.ਐਸ. ਵੀਜ਼ਾ ਤਹਿਤ ਭਾਰਤ 'ਚ ਮੌਜੂਦ ਕਿਸੇ ਵੀ ਪਾਕਿਸਤਾਨੀ ਨਾਗਰਿਕ ਕੋਲ ਦੇਸ਼ ਛੱਡਣ ਲਈ 48 ਘੰਟੇ ਦਾ ਸਮਾਂ ਸੀ।

## ਹੁਣ ਕਠੂਆ 'ਚ ਦੇਖੇ

ਕਾਰਵਾਈ ਦਾ ਹਿੱਸਾ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇਸ ਮੁਹਿੰਮ ਦਾ ਉਦੇਸ਼ ਅੱਤਵਾਦੀ ਗਤੀਵਿਧੀਆਂ ਵਿੱਚ ਸ਼ਾਮਲ ਲੋਕਾਂ ਦੀ ਪਛਾਣ ਕਰਨਾ ਅਤੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਨਾ ਹੈ। ਸੁਰੱਖਿਆ ਬਲਾਂ ਨੇ ਕਈ ਸ਼ੱਕੀ ਥਾਵਾਂ 'ਤੇ ਛਾਪੇਮਾਰੀ ਕੀਤੀ ਹੈ ਅਤੇ ਕਈ ਥਾਵਾਂ ਤੋਂ ਮਹੱਤਵਪੂਰਨ ਦਸਤਾਵੇਜ਼ ਅਤੇ ਸਮੱਗਰੀ ਬਰਾਮਦ ਕੀਤੀ ਗਈ ਹੈ।

## ਸੁਪਰੀਮ ਕੋਰਟ ਵੱਲੋਂ ਮਜੀਠੀਆ

ਪੰਜਾਬ ਤੇ ਹਰਿਆਣਾ ਹਾਈ ਕੋਰਟ ਵੱਲੋਂ ਦਿੱਤੀ ਜ਼ਮਾਨਤ ਮਗਰੋਂ ਮਜੀਠੀਆ 10 ਅਗਸਤ, 2022 ਨੂੰ ਪਟਿਆਲਾ ਜੇਲ੍ਹ ਤੋਂ ਜ਼ਮਾਨਤ 'ਤੇ ਬਾਹਰ ਆਇਆ ਸੀ। ਹਾਈ ਕੋਰਟ ਨੇ ਉਦੋਂ ਕਿਹਾ ਸੀ ਕਿ ਇਹ ਮੰਨਣ ਦੇ 'ਵਾਜਬ ਆਧਾਰ' ਸਨ ਕਿ ਉਹ ਦੋਸ਼ੀ ਨਹੀਂ ਹੈ। ਮਜੀਠੀਆ ਖ਼ਿਲਾਫ਼ ਰਾਜ ਵਿੱਚ ਡਰੱਗ ਰੈਕੇਟ ਬਾਰੇ ਐਸ.ਟੀ.ਐਫ. ਦੀ 2018 ਦੀ ਰਿਪੋਰਟ ਦੇ ਆਧਾਰ 'ਤੇ ਕੇਸ ਦਰਜ ਕੀਤਾ ਗਿਆ ਸੀ। ਐਸ.ਟੀ.ਐਫ. ਦੀ ਰਿਪੋਰਟ ਜਗਜੀਤ ਸਿੰਘ ਚਾਹਲ, ਜਗਦੀਸ਼ ਸਿੰਘ ਭੋਲਾ ਅਤੇ ਮਨਿੰਦਰ ਸਿੰਘ ਔਲਖ ਸਮੇਤ ਕੁਝ ਮੁਲਜ਼ਮਾਂ ਵੱਲੋਂ ਐਂਨਫੋਰਸਮੈਂਟ ਡਾਇਰੈਕਟੋਰੇਟ ਨੂੰ ਦਿੱਤੇ ਗਏ ਇਕਬਾਲੀਆ ਬਿਆਨਾਂ 'ਤੇ ਅਧਾਰਤ ਸੀ।

## ਇਸਰੋ ਦੇ ਸਾਬਕਾ ਮੁਖੀ

ਗਿਆਨ ਕਮਿਸ਼ਨ ਦੇ ਚੇਅਰਮੈਨ ਵਜੋਂ ਵੀ ਸੇਵਾ ਨਿਭਾਈ ਸੀ। ਉਨ੍ਹਾਂ ਨੇ ਰਾਜ ਸਭਾ (2003-09) ਦੇ ਮੈਂਬਰ ਅਤੇ ਭਾਰਤ ਦੇ ਤਤਕਾਲੀ ਯੋਜਨਾ ਕਮਿਸ਼ਨ ਦੇ ਮੈਂਬਰ ਵਜੋਂ ਵੀ ਸੇਵਾ ਨਿਭਾਈ ਸੀ। ਕਸਤੂਰੀਰੰਗਨ ਅਪਰੈਲ 2004 ਤੋਂ 2009 ਤੱਕ ਨੈਸ਼ਨਲ ਇੰਸਟੀਚਿਊਟ ਆਫ਼ ਐਡਵਾਂਸਡ ਸਟੱਡੀਜ਼ ਬੰਗਲੌਰ ਦੇ ਡਾਇਰੈਕਟਰ ਵੀ ਰਹੇ। ਉਨ੍ਹਾਂ ਨੇ ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ), ਪੁਲਾੜ ਕਮਿਸ਼ਨ ਦੇ ਚੇਅਰਮੈਨ ਅਤੇ ਭਾਰਤ ਸਰਕਾਰ ਦੇ ਸਕੱਤਰ ਵਜੋਂ ਨੌਂ ਸਾਲਾਂ ਤੋਂ ਵੱਧ ਸਮੇਂ ਤੱਕ ਭਾਰਤੀ ਪੁਲਾੜ ਪ੍ਰੋਗਰਾਮ ਨੂੰ ਸ਼ਾਨਦਾਰ ਢੰਗ ਨਾਲ ਚਲਾਇਆ।

## ਕਸ਼ਮੀਰ ਪੁੱਜੇ ਰਾਹੁਲ ਗਾਂਧੀ ਵੱਲੋਂ

ਹੋਇਆ ਉਸ ਦੇ ਪਿੱਛੇ ਸਮਾਜ ਨੂੰ ਵੰਡਣ ਦੀ ਮੰਸ਼ਾ ਹੈ। ਪੂਰਾ ਦੇਸ਼ ਪੀੜਤਾਂ ਨਾਲ ਹੈ। ਇਹ ਜ਼ਰੂਰੀ ਹੈ ਕਿ ਸਾਰੇ ਭਾਰਤੀ ਇਕਜੁੱਟ ਹੋਣ, ਤਾਂ ਕਿ ਅਸੀਂ ਅੱਤਵਾਦੀਆਂ ਅਤੇ ਉਨ੍ਹਾਂ ਦੇ ਇਰਾਦਿਆਂ ਨੂੰ ਹਾਰ ਸਕੀਏ। ਰਾਹੁਲ ਨੇ ਕਿਹਾ ਕਿ ਮੈਂ ਮੁੱਖ ਮੰਤਰੀ ਅਤੇ ਉੱਪ ਰਾਜਪਾਲ ਨਾਲ ਮੁਲਾਕਾਤ ਕੀਤੀ। ਉਨ੍ਹਾਂ ਨੇ ਮੈਨੂੰ ਘਟਨਾ ਬਾਰੇ ਪੂਰੀ ਜਾਣਕਾਰੀ ਦਿੱਤੀ। ਮੈਂ ਉਨ੍ਹਾਂ ਨੂੰ ਸਾਡੀ ਪਾਰਟੀ ਦੇ ਪੂਰਨ ਸਮੱਰਥਨ ਦਾ ਭਰੋਸਾ ਦਿੱਤਾ।

## ਹੁਣ ਤੈਅ ਸਮੇਂ ਵਿਚਾਲੇ ਹੋਣਗੇ

ਇਸ ਵਿੱਚ, ਰੁਟੀਨ ਟ੍ਰਾਂਸਫਰ ਆਮ ਤੌਰ 'ਤੇ 2-3 ਸਾਲਾਂ ਦੇ ਕਾਰਜਕਾਲ ਤੋਂ ਬਾਅਦ ਕੀਤਾ ਜਾਂਦਾ ਹੈ। ਜਦੋਂਕਿ ਬੇਨਤੀ 'ਤੇ ਤਬਾਦਲਾ ਉਦੋਂ ਹੁੰਦਾ ਹੈ ਜਦੋਂ ਕੋਈ ਕਰਮਚਾਰੀ ਨਿੱਜੀ ਕਾਰਨਾਂ (ਜਿਵੇਂ ਕਿ ਸਿਹਤ, ਪਰਿਵਾਰਕ ਸਥਿਤੀ) ਕਰਕੇ ਤਬਾਦਲਾ ਚਾਹੁੰਦਾ ਹੈ ਤਾਂ ਉਹ ਅਰਜ਼ੀ ਦੇ ਸਕਦਾ ਹੈ ਅਤੇ ਤਬਾਦਲੇ ਦੀ ਮੰਗ ਕਰ ਸਕਦਾ ਹੈ। ਦੂਜੇ ਪਾਸੇ, ਕਈ ਵਾਰ ਪ੍ਰਬੰਧਕੀ ਲੋੜਾਂ ਜਾਂ ਵਿਭਾਗੀ ਕਾਰਨਾਂ ਕਰਕੇ ਪ੍ਰਬੰਧਕੀ ਤਬਾਦਲੇ ਕੀਤੇ ਜਾਂਦੇ ਹਨ। ਇਸ ਤੋਂ ਇਲਾਵਾ, ਸਜ਼ਾਤਮਕ ਤਬਾਦਲਾ ਇੱਕ ਹੈ ਜੋ ਕਿਸੇ ਅਨੁਸ਼ਾਸਨੀ ਕਾਰਨ ਕਰਕੇ ਵੀ ਕੀਤਾ ਜਾ ਸਕਦਾ ਹੈ। ਕਰਮਚਾਰੀ ਤਬਾਦਲੇ ਲਈ ਅਰਜ਼ੀ ਦੇ ਸਕਦਾ ਹੈ (ਆਫਲਾਈਨ ਜਾਂ ਔਨਲਾਈਨ ਪੋਰਟਲ ਰਾਹੀਂ)। ਇਸ ਤੋਂ ਬਾਅਦ ਵਿਭਾਗ ਮੁਖੀ ਜਾਂ ਸਬੰਧਤ ਅਧਿਕਾਰੀ ਅਰਜ਼ੀ ਦੀ ਸਮੀਖਿਆ ਕਰਦਾ ਹੈ। ਜੇ ਜ਼ਰੂਰੀ ਸਮਝਿਆ ਜਾਂਦਾ ਹੈ, ਤਾਂ ਫਾਈਲ ਉੱਚ ਅਧਿਕਾਰੀਆਂ (ਜਿਵੇਂ ਕਿ ਡਾਇਰੈਕਟਰ, ਸਕੱਤਰ, ਜਾਂ ਮੰਤਰੀ) ਨੂੰ ਭੇਜੀ ਜਾਂਦੀ ਹੈ। ਮਨਜ਼ੂਰੀ ਮਿਲਣ ਤੋਂ ਬਾਅਦ ਤਬਾਦਲੇ ਦੇ ਹੁਕਮ ਜਾਰੀ ਕੀਤੇ ਜਾਂਦੇ ਹਨ। ਇਸ ਦੇ ਨਾਲ ਹੀ ਕੁਝ ਵਿਭਾਗਾਂ ਵਿੱਚ, ਤਬਾਦਲੇ ਦੀ ਪ੍ਰਕਿਰਿਆ ਆਨਲਾਈਨ ਪੋਰਟਲ ਰਾਹੀਂ ਵੀ ਕੀਤੀ ਜਾਂਦੀ ਹੈ, ਜਿਵੇਂਕਿ ਪੰਜਾਬ ਸਿੱਖਿਆ ਵਿਭਾਗ ਦਾ ਤਬਾਦਲਾ ਪੋਰਟਲ ਅਤੇ eHRMS (ਇਲੈਕਟ੍ਰਾਨਿਕ ਹਿਊਮਨ ਰਿਸੋਰਸ ਮੈਨੇਜਮੈਂਟ ਸਿਸਟਮ)। ਇਸ ਤੋਂ ਇਲਾਵਾ ਪੁਲਿਸ ਦੀ ਆਪਣੀ ਪ੍ਰਕਿਰਿਆ ਹੈ।

## ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿ. ਰਘਬੀਰ ਸਿੰਘ

ਪਹੁੰਚਾਇਆ। ਭਾਰਤ ਸਰਕਾਰ ਨੂੰ ਇਸ ਹਮਲੇ ਵਿਚ ਸ਼ਾਮਲ ਦੋਸ਼ੀਆਂ ਵਿਰੁੱਧ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ, ਤਾਂ ਕਿ ਭਵਿੱਖ ਵਿੱਚ ਅਜਿਹੀ ਘਟਨਾਂ ਨਾ ਵਾਪਰੇ। ਦਿੱਲੀ ਹਵਾਈ ਅੱਡੇ ਤੇ ਸ੍ਰੀ ਦਰਬਾਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਜੀ ਨਾਲ ਵਾਪਰੀ ਘਟਨਾ ਦੀ ਨਿੰਦਾ ਕਰਦਿਆਂ ਜਥੇਦਾਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਚਾਹੀਦਾ ਹੈ ਕਿ ਏਅਰਲਾਈਨਾਂ ਨਾਲ ਗੱਲਬਾਤ ਕਰਨ ਤਾਂ ਕਿ ਧਾਰਮਿਕ ਸ਼ਖ਼ਸ਼ੀਅਤਾਂ ਦਾ ਸਤਿਕਾਰ ਕਾਇਮ ਰਹੇ।ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪੰਜ ਮੈਂਬਰੀ ਭਾਰਤੀ ਕਮੇਟੀ ਬਾਰੇ ਗੱਲ ਕਰਦਿਆਂ ਜਥੇਦਾਰ ਨੇ ਕਿਹਾ ਕਿ ਇਹ ਕਮੇਟੀ ਹੁਕਮਨਾਮੇ ਦੀ ਭਾਵਨਾ ਮੁਤਾਬਿਕ ਤੇ ਨਿਯਮਾਂ ਅਨੁਸਾਰ ਭਰਤੀ ਕਰ ਰਹੀ ਹੈ ਤੇ ਆਉਣ ਵਾਲੇ ਸਮੇਂ ਵਿੱਚ ਨਵੀਂ ਲੀਡਰਸ਼ਿਪ ਉਭਰੇਗੀ ਅਤੇ ਪੰਥਕ ਹਿੱਤਾਂ ਲਈ ਗੱਲ ਕਰੇਗੀ।ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਜਥੇਦਾਰ ਨੇ ਕਿਹਾ ਕਿ ਇਹ ਚੋਣਾ ਜਲਦੀ ਤੋਂ ਜਲਦੀ ਹੋਣੀਆਂ ਚਾਹੀਦੀਆਂ ਹਨ ਅਤੇ ਸਾਰੀਆਂ ਸਿੱਖ ਸੰਸਥਾਵਾਂ ਨੂੰ ਇਕੱਠੇ ਹੋ ਕੇ ਇਹ ਚੋਣਾਂ ਲੜਨੀਆਂ ਚਾਹੀਦੀਆਂ ਹਨ ਅਤੇ ਮੌਜੂਦਾ ਕਾਬਜ ਧਿਰ ਨੂੰ ਬਾਹਰ ਕੱਢਣਾ ਚਾਹੀਦਾ ਹੈ। ਜਥੇਦਾਰਾਂ ਦੀ ਨਿਯੁਕਤੀ ਤੇ ਸੇਵਾ ਮੁਕਤੀ ਨੂੰ ਨਿਯਮ ਬਧ ਕਰਨ ਲਈ ਚਲ ਰਹੀ ਚਰਚਾ ਬਾਰੇ ਜਥੇਦਾਰ ਨੇ ਕਿਹਾ ਕਿ ਉਨਾਂ ਕੋਲੋ ਸ਼੍ਰੋਮਣੀ ਕਮੇਟੀ ਨੇ ਸੁਝਾਅ ਨਹੀ ਮੰਗੇ ਜੇਕਰ ਮੰਗੇਗੀ ਤਾਂ ਜਰੂਰ ਸੁਝਾਅ ਦੇਵਾਂਗੇ।

## ਭਾਰਤ-ਪਾਕਿ ਸਰਹੱਦ ਨੇੜੇ ਚੱਕਵਾਲਾ ਪਿੰਡ

ਕੰਟਰੋਲ ਹੋਇਆ ਬਰਾਮਦ।ਹੋਇਆ ਹੈ। ਉਨ੍ਹਾ ਕਿਹਾ ਕਿ ਜਦੋਂ ਕਿਸਾਨ ਫਸਲ ਦੀ ਕਟਾਈ ਕਰ ਰਹੇ ਸਨ ਉਸ ਸਮੇਂ ਇਹ ਸਮਾਨ ਜਿਹੜਾ ਬਰਾਮਦ ਹੋਇਆ ਸੀ ਨੇ ਇਹ ਸਮਾਨ ਨੂੰ ਅਸੀਂ ਆਪਣੇ ਕਬਜ਼ੇ ਵਿੱਚ ਲੈ ਲਿਆ ਹੈ। ਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਬੀਐਸਐਫ ਨਾਲ ਮਿਲ ਕੇ ਆਲੇ ਦੁਆਲੇ 'ਚ ਸਰਚ ਆਪਰੇਸ਼ਨ ਚਲਾਇਆ ਜਾ ਰਿਹਾ ਹੈ।

# ਛੱਤੀਸਗੜ੍ਹ 'ਚ 37 ਬੱਚਿਆਂ ਸਮੇਤ 51 ਲੋਕ ਜ਼ਹਿਰਵਾਦ ਭੋਜਨ ਦਾ ਸ਼ਿਕਾਰ



ਕੋਰਬਾ, 25 ਅਪ੍ਰੈਲ (ਚ.ਨ.ਸ.): ਛੱਤੀਸਗੜ੍ਹ ਦੇ ਕੋਰਬਾ ਜ਼ਿਲ੍ਹੇ ਵਿਚ ਵਿਆਹ ਦੇ ਖਾਣੇ ਤੋਂ ਬਾਅਦ ਭੋਜਨ ਦੇ ਜ਼ਹਿਰਵਾਦ ਕਾਰਨ 37 ਬੱਚਿਆਂ ਸਮੇਤ ਘੱਟੋ-ਘੱਟ 51 ਲੋਕ ਬਿਮਾਰ ਹੋ ਗਏ। ਇਕ ਅਧਿਕਾਰੀ ਨੇ ਦੱਸਿਆ ਕਿ ਉਨ੍ਹਾਂ ਸਾਰਿਆਂ ਨੂੰ ਕੋਰਬਾ ਦੇ ਮੈਡੀਕਲ ਕਾਲਜ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ ਅਤੇ ਉਨ੍ਹਾਂ ਦੀ ਹਾਲਤ ਸਥਿਰ ਹੈ। ਉਨ੍ਹਾਂ ਕਿਹਾ ਕਿ ਵੀਰਵਾਰ ਰਾਤ ਨੂੰ ਉਰਗਾ ਪੁਲਿਸ ਸਟੇਸ਼ਨ ਦੀ ਸੀਮਾ ਅਧੀਨ ਪੈਂਦੇ ਪਹਾੜੀਪਾਰਾ ਪਿੰਡ ਵਿਚ ਇਕ ਵਿਆਹ ਸਮਾਗਮ ਸੀ, ਖਾਣੇ ਤੋਂ ਬਾਅਦ ਕੁਝ ਮਹਿਮਾਨਾਂ ਨੇ ਉਲਟੀਆਂ ਅਤੇ ਦਸਤ ਦੀ ਸ਼ਿਕਾਇਤ ਕੀਤੀ। ਹਸਪਤਾਲ ਦੇ ਸੁਪਰਡੈਂਟ ਡਾ. ਗੋਪਾਲ ਕੰਵਰ ਨੇ ਕਿਹਾ ਕਿ ਹਸਪਤਾਲ ਵਿਚ ਭਰਤੀ ਕੀਤੇ ਗਏ ਲੋਕਾਂ ਵਿਚ 14 ਕੁੜੀਆਂ, 23 ਮੁੰਡੇ, 11 ਔਰਤਾਂ ਅਤੇ ਤਿੰਨ ਮਰਦ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਸਾਰਿਆਂ ਦੀ ਹਾਲਤ ਸਥਿਰ ਹੈ। ਪੁਲਿਸ ਅਧਿਕਾਰੀ ਨੇ ਕਿਹਾ ਕਿ ਭੋਜਨ ਜ਼ਹਿਰਵਾਦ ਦਾ ਸਹੀ ਕਾਰਨ ਅਜੇ ਪਤਾ ਨਹੀਂ ਲੱਗ ਸਕਿਆ ਹੈ ਅਤੇ ਜਾਂਚ ਕੀਤੀ ਜਾ ਰਹੀ ਹੈ।

# ਰਾਸ਼ਟਰਪਤੀ ਦ੍ਰੋਪਦੀ ਮੁਰਮੂ ਵੈਟੀਕਨ ਲਈ ਹੋਏ ਰਵਾਨਾ

### ਪੋਪ ਫ਼ਰਾਂਸਿਸ ਦੇ ਅੰਤਮ ਰਸਮਾਂ'ਚ ਹੋਣਗੇ ਸ਼ਾਮਲ



ਨਵੀਂ ਦਿੱਲੀ, 25 ਅਪ੍ਰੈਲ (ਚ.ਨ.ਸ.): : ਰਾਸ਼ਟਰਪਤੀ ਦ੍ਰੋਪਦੀ ਮੁਰਮੂ ਅਜ ਕੈਥੋਲਿਕ ਈਸਾਈ ਧਾਰਮਕ ਆਗੂ ਪੋਪ ਫ਼ਰਾਂਸਿਸ ਦੇ ਅੰਤਮ ਸਸਕਾਰ ਵਿਚ ਸ਼ਾਮਲ ਹੋਣ ਲਈ ਵੈਟੀਕਨ ਲਈ ਰਵਾਨਾ ਹੋ ਗਏ। ਉਨ੍ਹਾਂ ਨਾਲ ਘੱਟ ਗਿਣਤੀ ਮੰਤਰੀ ਕਿਰੇਨ ਰਿਜੀਜੂ, ਰਾਜ ਮੰਤਰੀ ਜਾਰਜ ਕੁਰੀਅਨ ਅਤੇ ਗੋਆ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੋਸ਼ੂਆ ਡਿਸੂਜ਼ਾ ਵੀ ਸਨ।

ਪੋਪ ਦਾ 21 ਅਪ੍ਰੈਲ ਨੂੰ 88 ਸਾਲ ਦੀ ਉਮਰ ਵਿਚ ਦਿਲ ਦਾ ਦੌਰਾ ਪੈਣ ਕਾਰਨ ਦਿਹਾਂਤ ਹੋ ਗਿਆ ਸੀ। ਉਨ੍ਹਾਂ ਦੀ ਮ੍ਰਿਤਕ ਦੇਹ ਨੂੰ ਜਨਤਕ ਦਰਸ਼ਨਾਂ ਲਈ ਸੇਂਟ ਪੀਟਰਜ਼ ਬੇਸਿਲਿਕਾ ਵਿਖੇ ਰੱਖਿਆ ਗਿਆ ਹੈ। ਪੋਪ ਦਾ ਅੰਤਮ ਸਸਕਾਰ 26 ਅਪ੍ਰੈਲ, ਯਾਨੀ ਕੱਲ੍ਹ ਨੂੰ ਹੋਵੇਗਾ।


ਅਸਟੇਟ ਦਫ਼ਤਰ, ਯੂ.ਟੀ., ਚੰਡੀਗੜ੍ਹ

**ਜਨਤਕ ਸੂਚਨਾ**



ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ

ਵਿਸ਼ਾ:: ਵਪਾਰਕ ਕਬਾੜੀ ਨੰਬਰ KABAREISHOPSITE27 ਉਦਯੋਗਿਕ ਖੇਤਰ-1, ਚੰਡੀਗੜ੍ਹ (ਸੀਪੀ 2458) ਦੇ ਸੰਬੰਧ ਵਿੱਚ ਮਾਲਕੀ ਦਾ ਤਬਾਦਲਾ ਸਵਰਗੀ ਸ਼੍ਰੀ ਨਿਰਮਲ ਸਿੰਘ ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ 100.00% ਹਿੱਸੇ ਦੀ ਹੱਦ ਤੱਕ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ/ਸ਼੍ਰੀਮਤੀ ਸ਼੍ਰੀ ਨਿਰਮਲ ਸਿੰਘ ਵਪਾਰਕ ਕਬਾੜੀ ਨੰਬਰ KABAREISHOPSITE27, ਉਦਯੋਗਿਕ ਖੇਤਰ-1, ਚੰਡੀਗੜ੍ਹ ਦੇ 100.00% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹਨ।

ਹਰਦੀਪ ਸਿੰਘ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ/ਸ਼੍ਰੀਮਤੀ ਸ਼੍ਰੀ ਨਿਰਮਲ ਸਿੰਘ ਦੀ ਮੌਤ 10/01/2022 ਨੂੰ ਹੋ ਗਈ ਸੀ ਅਤੇ ਉਹਨਾਂ/ਉਨ੍ਹਾਂ ਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-

**ਕਾਨੂੰਨੀ ਵਾਰਸ ਦਾ ਨਾਮ - ਮ੍ਰਿਤਕ ਨਾਲ ਸਬੰਧ**

1. ਸਰਬਜੀਤ ਕੌਰ - ਪੁੱਤਰੀ
2. ਹਰਦੀਪ ਸਿੰਘ-ਪੁੱਤਰ
3. ਸੁਰਿੰਦਰ ਕੌਰ-ਪਤਨੀ

ਹੁਣ, ਹਰਦੀਪ ਸਿੰਘ ਨੇ ਵਪਾਰਕ ਕਬਾੜੀ ਨੰਬਰ ਕਬਾਰੀਸ਼ੌਪਸਾਈਟ27, ਉਦਯੋਗਿਕ ਖੇਤਰ-1, ਚੰਡੀਗੜ੍ਹ ਦੇ ਸੰਬੰਧ ਵਿੱਚ ਮਾਲਕੀ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ/ਦੇ ਦਿੱਤੀ ਹੈ, ਜੋ ਕਿ ਸਵਰਗੀ ਸ਼੍ਰੀ ਨਿਰਮਲ ਸਿੰਘ ਦੁਆਰਾ 19/10/2015 ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ ਆਪਣੇ/ਆਪਣੇ ਹੱਕ ਵਿੱਚ 100.00% ਹਿੱਸੇ ਦੀ ਹੱਦ ਤੱਕ ਹੈ। ਜੇਕਰ ਕਿਸੇ ਕੋਲ ਮ੍ਰਿਤਕ ਦੇ ਉਪਰੋਕਤ ਦੱਸੇ ਗਏ ਤੋਂ ਇਲਾਵਾ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਦਿੱਤੀ ਜਾ ਸਕਦੀ ਹੈ। ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਹੇਠ ਹਸਤਾਖਰ ਕੀਤੇ ਵਿਅਕਤੀ ਦੇ ਦਫ਼ਤਰ ਵਿੱਚ ਲਿਖਤੀ ਰੂਪ ਵਿੱਚ (ਮੈਜਿਸਟਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਇਸਨੂੰ ਜਮਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸਾ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਇੰਤਕਾਲ ਕੀਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਰਾਜੀਵ ਤਿਵਾੜੀ,
ਸਹਾਇਕ ਅਸਟੇਟ ਅਫਸਰ, ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ
ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ



ਯੂਨੀਅਨ ਬੈਂਕ ਆਫ਼ ਇੰਡੀਆ ਭਾਰਤ ਸਰਕਾਰ ਦੀ ਅਦਾਰਾ — Union Bank of India, A Government of India Undertaking

**[ਨਿਯਮ 8 (1)] ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਯੂਨੀਅਨ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ (ਦੂਜਾ) **ਕਾਨੂੰਨ**, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) **ਨਿਯਮਾਂਵਲੀ**, 2002 ਦੇ **ਨਿਯਮ** 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13(12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਅਤੇ ਵਿਆਜ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਉਨ੍ਹਾਂ ਖਿਲਾਫ਼ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ ਲਾਗੂਕਰਨ **ਨਿਯਮਾਂਵਲੀ** 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ **ਧਾਰਾ** 13(4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ **ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ/ਆਂ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਵਿਆਜ ਦੇ ਲਈ **ਯੂਨੀਅਨ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ (ਾਂ)/ਜ਼ਾਮਨ(ਾਂ) ਦਾ ਧਿਆਨ ਸੁਰੱਖਿਅਤ ਸੰਪੱਤੀ (ਆਂ) ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ ਕਰਜ਼ਦਾਰ(ਾਂ)/ ਜ਼ਾਮਨ (ਾਂ)/ ਦੇ ਨਾਮ | ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਸ਼ਾਖਾ: ਸੈਕਟਰ 32, ਲੁਧਿਆਣਾ** ਕਰਜ਼ਦਾਰ 1(a) ਸ਼੍ਰੀ ਬਲਦੇਵ ਸਿੰਘ ਪੁੱਤਰ ਸ਼੍ਰੀ ਗੁਰਚਰਨ ਸਿੰਘ, ਪਤਾ 1: ਮਕਾਨ ਨੰਬਰ 5739/2, ਗਲੀ ਨੰਬਰ 17, ਹਰਕ੍ਰਿਸ਼ਨ ਪਬਲਿਕ ਸਕੂਲ ਦੇ ਨੇੜੇ, ਨਿਊ ਸ਼ਿਮਲਾਪੁਰੀ, ਮਿਲਰਗੰਜ, ਲੁਧਿਆਣਾ (ਪੰਜਾਬ)- 141003, ਪਤਾ 2: ਮਕਾਨ ਨੰਬਰ ਬੀ-XXIX-512/13 X, ਗਲੀ ਨੰਬਰ 1, ਇੰਡਸਟਰੀਅਲ ਏਰੀਆ ਸੀ ਸ਼ਾਂਤੀ ਨਗਰ, ਰਾਲਸਨ ਸਾਈਕਲ ਦੇ ਪਿਛਲੇ ਪਾਸੇ, ਸੂਆ ਰੋਡ ਲੁਧਿਆਣਾ ਜ਼ਿਲ੍ਹਾ- ਲੁਧਿਆਣਾ (ਪੰਜਾਬ)- 141003 ਅਤੇ 1(b) ਸ਼੍ਰੀਮਤੀ ਦਵਿੰਦਰ ਪਾਲ ਕੌਰ ਪਤਨੀ ਸ਼੍ਰੀ ਬਲਦੇਵ ਸਿੰਘ, ਪਤਾ: ਮਕਾਨ ਨੰਬਰ 5739/2, ਗਲੀ ਨੰਬਰ 17, ਹਰਕ੍ਰਿਸ਼ਨ ਪਬਲਿਕ ਸਕੂਲ ਦੇ ਨੇੜੇ, ਨਿਊ ਸ਼ਿਮਲਾਪੁਰੀ, ਮਿਲਰਗੰਜ, ਲੁਧਿਆਣਾ (ਪੰਜਾਬ)- 141003 | ਵਿਕਰੀ ਡੀਡ ਵਸੀਕਾ ਨੰਬਰ 18909 ਮਿਤੀ 19.05.2010 ਦੇ ਅਧੀਨ ਸ਼੍ਰੀ ਬਲਦੇਵ ਸਿੰਘ ਦੇ ਨਾਮ 'ਤੇ ਰਿਹਾਇਸ਼ੀ ਜਾਇਦਾਦ/ਪਲਾਟ ਦਾ ਮਾਪ 111.1/9 ਵਰਗ ਗਜ਼ ਪਿੰਡ ਗਿਆਸਪੁਰਾ, ਲੁਧਿਆਣਾ ਵਿੱਚ ਸਥਿਤ ਹੈ ਅਤੇ ਖਸਰਾ ਨੰਬਰ 16//1,10/1,17//2,3,4,5, 6/1, ਖਾਤਾ ਨੰਬਰ 144/159 ਵਿੱਚ ਸ਼ਾਮਲ ਹੈ, ਸਾਲ 1988-1989 ਦੀ ਜਮਾਂਬੰਦੀ ਦੇ ਅਨੁਸਾਰ ਗਿਆਸਪੁਰਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ: ਪੂਰਬ: ਬਾਬੂਲਾਲ (50'0' ਤੱਕ), ਪੱਛਮ: ਸਤਪਾਲ (50'0" ਤੱਕ), ਉੱਤਰ: ਗੁਆਂਢੀ (20'0" ਤੱਕ), ਦੱਖਣ: ਗਲੀ 18' ਚੌੜੀ (20'0" ਤੱਕ)। CERSAI ਸੁਰੱਖਿਆ ਵਿਆਜ ਆਈਡੀ: 400038905640, ਸੰਪਤੀ ਆਈਡੀ : 200038839246 | 04/01/2025 | 24/04/2025 | Rs. 13,73,273.50 ਅਤੇ ਵਿਆਜ |
| **ਸ਼ਾਖਾ: ਫੋਕਲ ਪੁਆਇੰਟ ਲੁਧਿਆਣਾ** ਕਰਜ਼ਦਾਰ 1(a) ਸ਼੍ਰੀ ਸੁਰੇਸ਼ ਕੁਮਾਰ ਪੁੱਤਰ ਸ਼੍ਰੀ ਸੁਰਿੰਦਰ ਕੁਮਾਰ, (ਕਰਜ਼ਦਾਰ), ਪਤਾ: ਮਕਾਨ ਨੰਬਰ 1547/3, ਗਲੀ ਨੰਬਰ 5, ਦੁਰਗਾ ਮਾਤਾ ਮੰਦਰ ਵਾਲੀ ਗਲੀ, ਵਾਰਡ ਨੰਬਰ 19, ਕਿਰਪਾਲ ਨਗਰ, ਲੁਧਿਆਣਾ, (ਪੰਜਾਬ)-141007, ਪਤਾ: ਹੱਦਬਸਤ ਨੰਬਰ 181, ਹੈਵਨ ਸਿਟੀ, ਸੇਂਟ ਫਰਾਂਸਿਸ ਸਕੂਲ ਸਕੂਲ ਦੇ ਨੇੜੇ, ਭਾਮੀਆਂ ਕਲਾਂ, ਲੁਧਿਆਣਾ (ਪੰਜਾਬ)-141015, ਵੇਅਰਹਾਊਸ ਪਤਾ: ਮੈਸ. ਐਸ. ਕੇ. ਐਂਟਰਪ੍ਰਾਈਜ਼ਿਜ਼, ਮਾਰਫਤ ਮੈਸ. ਸਪੌਟਨ ਲੌਜਿਸਟਿਕਸ ਪ੍ਰਾਈਵੇਟ ਲਿਮਿਟਡ, 84-ਬੀ, ਇੰਡਸਟਰੀਅਲ ਏਰੀਆ ਏ, ਲੁਧਿਆਣਾ (ਪੰਜਾਬ)-141008, 1(ਬੀ) ਸ਼੍ਰੀਮਤੀ ਗੋਲਡੀ ਪਤਨੀ ਸ਼੍ਰੀ ਸੁਰੇਸ਼ ਕੁਮਾਰ, (ਸਹਿ-ਕਰਜ਼ਦਾਰ), ਪਤਾ: ਮਕਾਨ ਨੰ. 1547/3, ਗਲੀ ਨੰ. 5, ਦੁਰਗਾ ਮਾਤਾ ਮੰਦਿਰ ਵਾਲੀ ਗਲੀ, ਵਾਰਡ ਨੰ. 19, ਕ੍ਰਿਪਾਲ ਨਗਰ, ਲੁਧਿਆਣਾ (ਪੰਜਾਬ)-141007, ਕਾਰੋਬਾਰ ਦਾ ਪਤਾ: ਮੈਸ. ਵਰਦਾਨ ਸਟਾਈਲਿਸ਼ ਬੁਟੀਕ, ਹਾਊਸ ਨੰ. 1547/3, ਗਲੀ ਨੰ. 5, ਦੁਰਗਾ ਮਾਤਾ ਮੰਦਿਰ ਵਾਲੀ ਗਲੀ, ਵਾਰਡ ਨੰ. 19, ਕਿਰਪਾਲ ਨਗਰ, ਲੁਧਿਆਣਾ, (ਪੰਜਾਬ)-141007 | ਵਿਕਰੀ ਡੀਡ ਦਸਤਾਵੇਜ਼ ਨੰਬਰ 2020-21/106/1/5841 ਮਿਤੀ 01.10.2020 ਦੇ ਅਧੀਨ ਸ਼੍ਰੀ ਸੁਰੇਸ਼ ਕੁਮਾਰ ਅਤੇ ਸ਼੍ਰੀਮਤੀ ਗੋਲਡੀ ਦੇ ਨਾਮ 'ਤੇ ਜਮਾਂਬੰਦੀ 2008-09 ਅਨੁਸਾਰ ਖੇਵਟ ਨੰਬਰ 115, 116, 117, 118 ਖਤੌਨੀ ਨੰਬਰ 129, 130, 131, 132 ਖਸਰਾ ਨੰਬਰ 49//3/1, 4/1, 38//19, 13, 18, 23, 22 ਵਿਚ ਸਥਿਤ ਅਤੇ ਹੇਠ ਲਿਖੇ ਅਨੁਸਾਰ ਹੱਦਬੰਦੀ:- ਪੂਰਬ- ਗੁਆਂਢੀ 60'-0", ਪੱਛਮੀ-ਗੁਆਂਢੀ/ਕਰਨੈਲ ਸਿੰਘ 60'-0", ਉੱਤਰੀ-ਗਲੀ 20' ਚੌੜੀ 30'-0", ਦੱਖਣੀ-ਗੁਆਂਢੀ 30'-0" | 20/01/2025 | 24/04/2025 | Rs. 36,10,546.00 ਅਤੇ ਵਿਆਜ |

ਮਿਤੀ : 24.04.2025 ਅਧਿਕਾਰਤ ਅਧਿਕਾਰੀ



**ਚੜ੍ਹਦੀਕਲਾ**

ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।

PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi

PRGI (RNI) Regd. No. 22972/1972

# ਮੋਹਿੰਦਰ ਭਗਤ ਸਾਬਕਾ ਸੈਨਿਕਾਂ ਦੀਆਂ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਨ ਲਈ ਜ਼ਿਲ੍ਹਿਆਂ ਦਾ ਕਰਨਗੇ ਦੌਰਾ



ਚੰਡੀਗੜ੍ਹ, 25 ਅਪ੍ਰੈਲ, (ਚ.ਨ.ਸ.) : ਪੰਜਾਬ ਦੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਸ੍ਰੀ ਮੋਹਿੰਦਰ ਭਗਤ ਸੂਬੇ ਭਰ ਦੇ ਵੱਖ-ਵੱਖ ਜ਼ਿਲ੍ਹਿਆਂ ਦਾ ਦੌਰਾ ਕਰਕੇ ਸਾਬਕਾ ਸੈਨਿਕਾਂ ਨਾਲ ਨਿੱਜੀ ਤੌਰ 'ਤੇ ਮੁਲਾਕਾਤ ਕਰਨਗੇ ਅਤੇ ਉਨ੍ਹਾਂ ਦੀਆਂ ਜਾਇਜ਼ ਸ਼ਿਕਾਇਤਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਨਗੇ। ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਤਿੰਨ ਮਹੀਨਿਆਂ ਦੀ ਕਾਰਜ ਯੋਜਨਾ ਤਿਆਰ ਕੀਤੀ ਗਈ ਹੈ।

ਚੰਡੀਗੜ੍ਹ ਵਿਖੇ ਰੱਖਿਆ ਸੇਵਾਵਾਂ ਭਲਾਈ ਵਿਭਾਗ ਦੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਸਾਬਕਾ ਸੈਨਿਕਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਸਰਗਰਮੀ ਨਾਲ ਕਾਰਜਸ਼ੀਲ ਹੈ। ਉਨ੍ਹਾਂ ਮੀਟਿੰਗ ਦੌਰਾਨ ਵਿਭਾਗੀ ਪਹਿਲਕਦਮੀਆਂ ਅਤੇ ਭਲਾਈ ਸਕੀਮਾਂ ਦੀ ਪ੍ਰਗਤੀ ਦਾ ਵੀ ਜਾਇਜ਼ਾ ਲਿਆ। ਮੰਤਰੀ ਨੇ ਅਧਿਕਾਰੀਆਂ ਨੂੰ ਸਾਬਕਾ ਸੈਨਿਕਾਂ ਨਾਲ ਸਬੰਧਤ ਮੁੱਦਿਆਂ ਨੂੰ ਤਰਜ਼ੀਹ ਦੇਣ ਅਤੇ ਉਨ੍ਹਾਂ ਦੇ ਸਮੇਂ ਸਿਰ ਨਿਪਟਾਰੇ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਵੀ ਦਿੱਤੇ।

ਇਸ ਮੀਟਿੰਗ ਵਿੱਚ ਰੱਖਿਆ ਸੇਵਾਵਾਂ ਭਲਾਈ ਦੇ ਵਧੀਕ ਮੁੱਖ ਸਕੱਤਰ ਸ੍ਰੀ ਜੇ.ਐਮ. ਬਾਲਾਮੁਰੂਗਨ ਅਤੇ ਡਾਇਰੈਕਟਰ ਬ੍ਰਿਗੇਡੀਅਰ ਭੁਪਿੰਦਰ ਸਿੰਘ ਢਿੱਲੋਂ ਨੇ ਮੰਤਰੀ ਨੂੰ ਪ੍ਰਗਤੀਸ਼ੀਲ ਯੋਜਨਾਵਾਂ ਅਤੇ ਉਨ੍ਹਾਂ ਦੀ ਮੌਜੂਦਾ ਸਥਿਤੀ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ।

ਸੂਬਾ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕਰਦਿਆਂ ਸ੍ਰੀ ਭਗਤ ਨੇ ਕਿਹਾ ਕਿ ਸਾਬਕਾ ਸੈਨਿਕਾਂ ਤੇ ਉਨ੍ਹਾਂ ਦੇ ਪਰਿਵਾਰਾਂ ਦੇ ਪੁਨਰਵਾਸ ਤੇ ਭਲਾਈ ਲਈ ਵਿਆਪਕ ਸਹਾਇਤਾ ਅਤੇ ਸਹੂਲਤਾਂ ਪ੍ਰਦਾਨ ਕਰਨ ਵਾਸਤੇ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ।

# ਮੁੱਖ ਮੰਤਰੀ ਵੱਲੋਂ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨਾਲ ਦੁਰਵਿਵਹਾਰ ਦੀ ਸਖ਼ਤ ਨਿੰਦਾ

ਚੰਡੀਗੜ੍ਹ, 25 ਅਪ੍ਰੈਲ, (ਚ.ਨ.ਸ.) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਦੁਰਵਿਵਹਾਰ ਲਈ ਜ਼ਿੰਮੇਵਾਰ ਏਅਰ ਇੰਡੀਆ ਦੇ ਕਰਮਚਾਰੀਆਂ ਵਿਰੁੱਧ ਸਖਤ ਤੋਂ ਸਖਤ ਕਾਰਵਾਈ ਦੀ ਮੰਗ ਕੀਤੀ।

ਅੱਜ ਇੱਥੇ ਜਾਰੀ ਇੱਕ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਸਾਬਕਾ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਬਦਸਲੂਕੀ ਦੀ ਘਟਨਾ ਬਹੁਤ ਹੀ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਏਅਰ ਇੰਡੀਆ ਦੇ ਸਟਾਫ ਦਾ ਗੈਰ-ਜ਼ਿੰਮੇਵਾਰਾਨਾ ਵਿਵਹਾਰ ਅਣਉਚਿਤ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸਿੰਘ ਸਾਹਿਬ ਪੰਜਾਬ ਅਤੇ ਖਾਸ ਕਰਕੇ ਸਿੱਖ ਭਾਈਚਾਰੇ ਦੀ ਬਹੁਤ ਸਤਿਕਾਰਤ ਸ਼ਖ਼ਸੀਅਤ ਹਨ ਅਤੇ ਉਨ੍ਹਾਂ ਨਾਲ ਅਜਿਹੇ ਦੁਰਵਿਵਹਾਰ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਮੰਦਭਾਗੀ ਘਟਨਾ ਨੇ ਹਰੇਕ ਸਿੱਖ ਦੇ ਮਨ ਨੂੰ ਗਹਿਰੀ ਠੇਸ ਪਹੁੰਚਾਈ ਹੈ ਅਤੇ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰੀ ਹੈ। ਉਨ੍ਹਾਂ ਨੇ ਭਾਰਤ ਸਰਕਾਰ ਨੂੰ ਏਅਰ ਇੰਡੀਆ ਦੇ ਜ਼ਿੰਮੇਵਾਰ ਕਰਮਚਾਰੀਆਂ ਵਿਰੁੱਧ ਮਿਸਾਲੀ ਕਾਰਵਾਈ ਕਰਨ ਦੀ ਅਪੀਲ ਕੀਤੀ ਤਾਂ ਜੋ ਦੂਜਿਆਂ ਨੂੰ ਸਬਕ ਮਿਲ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਇਸ ਮਾਮਲੇ ਵਿੱਚ ਤੁਰੰਤ ਦਖਲ ਦੇਣਾ ਚਾਹੀਦਾ ਹੈ ਕਿਉਂਕਿ ਇਹ ਮਾਮਲਾ ਸਿੱਧੇ ਤੌਰ 'ਤੇ ਦੁਨੀਆਂ ਭਰ ਦੇ ਸਮੁੱਚੇ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ।

# ਕੈਬਨਿਟ ਸਬ-ਕਮੇਟੀ ਵੱਲੋਂ ਲਗਾਤਾਰ ਦੂਜੇ ਦਿਨ ਕਰਮਚਾਰੀ ਸੰਗਠਨਾਂ ਨਾਲ ਮੀਟਿੰਗਾਂ



ਚੰਡੀਗੜ੍ਹ, 25 ਅਪ੍ਰੈਲ, (ਚ.ਨ.ਸ.) : ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਅਤੇ ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੀ ਸ਼ਮੂਲੀਅਤ ਵਾਲੀ ਕੈਬਨਿਟ ਸਬ-ਕਮੇਟੀ ਵੱਲੋਂ ਅੱਜ ਲਗਾਤਾਰ ਦੂਜੇ ਦਿਨ ਮੁਲਾਜ਼ਮ ਜਥੇਬੰਦੀਆਂ ਨਾਲ ਉਨ੍ਹਾਂ ਦੀਆਂ ਜਾਇਜ਼ ਮੰਗਾਂ ਅਤੇ ਮੁੱਦਿਆਂ ਦੇ ਹੱਲ ਲਈ ਲੜੀਵਾਰ ਮੀਟਿੰਗਾਂ ਕੀਤੀਆਂ ਗਈਆਂ।

ਵਿੱਤ ਮੰਤਰੀ ਦਫ਼ਤਰ ਵਿਖੇ ਹੋਈਆਂ ਇਨ੍ਹਾਂ ਮੀਟਿੰਗਾਂ ਦੌਰਾਨ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਜੁਆਇੰਟ ਫਰੰਟ, ਐਸੋਸੀਏਟ ਪ੍ਰੀ-ਪ੍ਰਾਇਮਰੀ ਟੀਚਰਜ਼ ਯੂਨੀਅਨ, ਕੰਪਿਊਟਰ ਟੀਚਰਜ਼ ਸੰਘਰਸ਼ ਕਮੇਟੀ ਅਤੇ '10 ਸਾਲ ਦੀ ਸੇਵਾ ਪੂਰੀ ਕਰ ਚੁੱਕੇ ਅਧਿਆਪਕਾਂ ਦੀ ਯੂਨੀਅਨ' ਦੇ ਨੁਮਾਇੰਦਿਆਂ ਨੇ ਆਪਣੀਆਂ ਮੰਗਾਂ ਅਤੇ ਮੁੱਦੇ ਪੇਸ਼ ਕੀਤੇ। ਕੈਬਨਿਟ ਮੰਤਰੀਆਂ ਨੇ ਸਬੰਧਤ ਅਧਿਕਾਰੀਆਂ ਨਾਲ ਵਿਸਤ੍ਰਿਤ ਵਿਚਾਰ-ਵਟਾਂਦਰਾ ਕੀਤਾ ਅਤੇ ਯੂਨੀਅਨ ਆਗੂਆਂ ਨੂੰ ਉਨ੍ਹਾਂ ਦੀਆਂ ਮੰਗਾਂ ਦੀ ਮੌਜੂਦਾ ਸਥਿਤੀ ਬਾਰੇ ਜਾਣਕਾਰੀ ਦਿੱਤੀ।

ਕੈਬਨਿਟ ਸਬ-ਕਮੇਟੀ ਨੇ ਯੂਨੀਅਨ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀਆਂ ਜਾਇਜ਼ ਮੰਗਾਂ 'ਤੇ ਕਾਰਵਾਈ ਪਹਿਲਾਂ ਹੀ ਚੱਲ ਰਹੀ ਹੈ, ਅਤੇ ਪਰਸੋਨਲ, ਵਿੱਤ ਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਮਿਲ ਕੇ ਇਨ੍ਹਾਂ ਸਬੰਧੀ ਯੋਗ ਹੱਲ ਲੱਭਣ ਲਈ ਕੰਮ ਕਰ ਰਹੇ ਹਨ। ਸਬ-ਕਮੇਟੀ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਕਿ ਉਹ ਆਪਣੇ ਵਿਭਾਗਾਂ ਦੇ ਅਧਿਕਾਰ ਖੇਤਰ ਵਿੱਚ ਆਉਂਦੇ ਅਹਿਮ ਮੁੱਦਿਆਂ 'ਤੇ ਤੁਰੰਤ ਕਾਰਵਾਈ ਨੂੰ ਤਰਜ਼ੀਹ ਦੇਣ।

ਅੱਜ ਦੀਆਂ ਮੀਟਿੰਗਾਂ ਦੌਰਾਨ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਜਰਮਨਜੀਤ ਸਿੰਘ, ਸਵਿੰਦਰਪਾਲ ਸਿੰਘ, ਰਣਜੀਤ ਸਿੰਘ, ਗਗਨਦੀਪ ਸਿੰਘ ਭੁੱਲਰ, ਸੁਖਦੇਵ ਸਿੰਘ ਸੈਣੀ ਅਤੇ ਬਾਜ ਸਿੰਘ ਖਹਿਰਾ, ਐਸੋਸੀਏਟ ਪ੍ਰੀ-ਪ੍ਰਾਇਮਰੀ ਅਧਿਆਪਕ ਯੂਨੀਅਨ ਵੱਲੋਂ ਹਰਪ੍ਰੀਤ ਕੌਰ, ਦਰਸ਼ਨ ਸਿੰਘ ਅਤੇ ਦਵਿੰਦਰ ਸਿੰਘ, ਕੰਪਿਊਟਰ ਅਧਿਆਪਕ ਸੰਘਰਸ਼ ਕਮੇਟੀ ਵੱਲੋਂ ਹਰਜੀਤ ਸਿੰਘ ਸੰਧੂ, ਹਰਪ੍ਰੀਤ ਸਿੰਘ ਅਤੇ '10 ਸਾਲ ਦੀ ਸਰਵਿਸ ਪੂਰੀ ਕਰ ਚੁੱਕੇ ਅਧਿਆਪਕ ਯੂਨੀਅਨ' ਵੱਲੋਂ ਜਸਪਾਲ ਸਿੰਘ, ਗੌਰਵ, ਮਮਤਾ ਰਾਣੀ ਅਤੇ ਸੁਰਜੀਤ ਕੌਰ ਅਤੇ ਉਨ੍ਹਾਂ ਦੇ ਯੂਨੀਅਨ ਸਾਥੀ ਹਾਜ਼ਰ ਸਨ।

# ਸਾਰੀਆਂ ਆਫ਼ਲਾਈਨ ਸੇਵਾਵਾਂ ਨੂੰ ਏਕੀਕ੍ਰਿਤ ਆਨਲਾਈਨ ਪੋਰਟਲ 'ਤੇ ਲਿਆਂਦਾ ਜਾਵੇਗਾ: ਅਮਨ ਅਰੋੜਾ



ਚੰਡੀਗੜ੍ਹ, 25 ਅਪ੍ਰੈਲ, (ਚ.ਨ.ਸ.) : ਪੰਜਾਬ ਦੇ ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ ਅਮਨ ਅਰੋੜਾ ਨੇ ਦੱਸਿਆ, ਕਿ ਨਾਗਰਿਕ-ਕੇਂਦ੍ਰਿਤ ਸੇਵਾਵਾਂ ਦੀ ਪਾਰਦਰਸ਼ੀ ਢੰਗ ਨਾਲ ਕੁਸ਼ਲ ਅਤੇ ਨਿਰਵਿਘਨ ਡਿਲੀਵਰੀ ਨੂੰ ਯਕੀਨੀ ਬਣਾਉਣ ਦੀ ਦਿਸ਼ਾਂ ਵੱਲ ਅਹਿਮ ਕਦਮ ਚੁੱਕਦਿਆਂ ਪੰਜਾਬ ਸਰਕਾਰ ਨੇ ਵੱਖ-ਵੱਖ ਸਰਕਾਰੀ ਵਿਭਾਗਾਂ ਨਾਲ ਸਬੰਧਤ ਸਾਰੀਆਂ ਆਫਲਾਈਨ ਸੇਵਾਵਾਂ ਨੂੰ ਏਕੀਕ੍ਰਿਤ ਆਨਲਾਈਨ ਪੋਰਟਲ ਰਾਹੀਂ ਪ੍ਰਦਾਨ ਕਰਨ ਲਈ ਪ੍ਰਾਜੈਕਟ ਮੈਨੇਜਮੈਂਟ ਯੂਨਿਟ (ਪੀ.ਐਮ.ਯੂ.) ਸਥਾਪਤ ਕਰਨ ਦਾ ਫੈਸਲਾ ਕੀਤਾ ਹੈ।

ਅੱਜ ਸ਼ਾਮ ਇੱਥੇ ਪੰਜਾਬ ਭਵਨ ਵਿਖੇ ਪੰਜਾਬ ਰਾਜ ਈ-ਗਵਰਨੈਂਸ ਸੋਸਾਇਟੀ (ਪੀ.ਐਸ.ਈ.ਜੀ.ਐਸ.) ਦੇ ਬੋਰਡ ਆਫ਼ ਗਵਰਨਰਜ਼ (ਬੀ.ਓ.ਜੀ.) ਦੀ 21ਵੀਂ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਅਮਨ ਅਰੋੜਾ ਨੇ ਦੱਸਿਆ ਕਿ ਪੀ.ਐਮ.ਯੂ. ਦਾ ਮੁੱਖ ਉਦੇਸ਼ ਸਾਰੀਆਂ ਆਫ਼ਲਾਈਨ ਸੇਵਾਵਾਂ ਨੂੰ ਏਕੀਕ੍ਰਿਤ ਆਨਲਾਈਨ ਪੋਰਟਲ 'ਤੇ ਲਿਆਉਣਾ ਹੈ ਤਾਂ ਜੋ ਨਾਗਰਿਕ ਕਿਸੇ ਵੀ ਸਮੇਂ, ਕਿਸੇ ਵੀ ਥਾਂ ਤੋਂ ਸੇਵਾਵਾਂ ਅਪਲਾਈ ਕਰ ਸਕਣ। ਇਹ ਪੋਰਟਲ ਬਿਨੈਕਾਰਾਂ ਨੂੰ ਉਨ੍ਹਾਂ ਦੀਆਂ ਅਰਜ਼ੀਆਂ ਦੀ ਸਥਿਤੀ ਨੂੰ ਟਰੈਕ ਕਰਨ ਦੇ ਸਮਰੱਥ ਬਣਾਉਣ ਦੇ ਨਾਲ ਨਾਲ ਲੰਬਿਤ ਸੇਵਾਵਾਂ ਦੀ ਮੁੱਖ ਦਫ਼ਤਰ ਪੱਧਰ 'ਤੇ ਨਿਗਰਾਨੀ ਦੀ ਸਹੂਲਤ ਪ੍ਰਦਾਨ ਕਰੇਗਾ ਤਾਂ ਜੋ ਵਧੇਰੇ ਜਵਾਬਦੇਹੀ ਵਾਲੇ ਪ੍ਰਸ਼ਾਸਨ ਅਤੇ ਮਸਲਿਆਂ ਦੇ ਸਮੇਂ ਸਿਰ ਨਿਪਟਾਰੇ ਨੂੰ ਯਕੀਨੀ ਬਣਾਇਆ ਜਾ ਸਕੇ।

ਜ਼ਿਕਰਯੋਗ ਹੈ ਕਿ ਇਹ ਯੂਨਿਟ, ਪੰਜਾਬ ਟਰਾਂਸਪੇਰੈਂਸੀ ਐਂਡ ਅਕਾਊਂਟੇਬਿਲਟੀ ਇਨ ਪਬਲਿਕ ਸਰਵਿਸ ਡਿਲੀਵਰੀ ਐਕਟ ਤਹਿਤ ਵੱਖ-ਵੱਖ ਸਰਕਾਰੀ ਵਿਭਾਗਾਂ ਦੀਆਂ ਨੋਟੀਫਾਈ ਕੀਤੀਆਂ ਗਈਆਂ ਸਾਰੀਆਂ ਸੇਵਾਵਾਂ ਦੇ ਮੁਕੰਮਲ ਡਿਜੀਟਾਈਜ਼ੇਸ਼ਨ ਅਤੇ ਲਾਗੂਕਰਨ ਵਿੱਚ ਅਹਿਮ ਭੂਮਿਕਾ ਨਿਭਾਏਗਾ।

ਸ੍ਰੀ ਅਮਨ ਅਰੋੜਾ ਨੇ ਕਿਹਾ ਕਿ ਪੀ.ਐਮ.ਯੂ. ਵਿਭਾਗੀ ਸੇਵਾਵਾਂ ਨੂੰ ਪੰਜਾਬ ਈ-ਸੇਵਾ ਪੋਰਟਲ ਨਾਲ ਜੋੜਨ ਵਿੱਚ ਮਦਦ ਕਰੇਗਾ। ਉਨ੍ਹਾਂ ਕਿਹਾ ਕਿ ਪੰਜਾਬ ਟਰਾਂਸਪੇਰੈਂਸੀ ਐਂਡ ਅਕਾਊਂਟੇਬਿਲਟੀ ਇਨ ਪਬਲਿਕ ਸਰਵਿਸ ਡਿਲੀਵਰੀ ਐਕਟ ਤਹਿਤ ਕੁੱਲ 846 ਸੇਵਾਵਾਂ ਨੋਟੀਫਾਈ ਕੀਤੀਆਂ ਗਈਆਂ ਹਨ ਅਤੇ ਇਨ੍ਹਾਂ ਵਿੱਚੋਂ ਸਿਰਫ਼ 436 ਸੇਵਾਵਾਂ 541 ਸੇਵਾ ਕੇਂਦਰਾਂ ਰਾਹੀਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਇਹਨਾਂ ਸੇਵਾਵਾਂ ਵਿੱਚੋਂ 406 ਸੇਵਾਵਾਂ ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ ਰਾਹੀਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ, ਜਿਸ ਤਹਿਤ ਨਾਗਰਿਕ ਆਪਣੇ ਘਰ ਬੈਠੇ ਹੈਲਪਲਾਈਨ ਨੰਬਰ 1076 ਉਤੇ ਕਾਲ ਕਰਕੇ 406 ਨਾਗਰਿਕ ਕੇਂਦਰਿਤ ਸੇਵਾਵਾਂ ਦਾ ਲਾਭ ਲੈ ਸਕਦੇ ਹਨ।

ਇਸ ਮੀਟਿੰਗ ਵਿੱਚ ਡਾਇਰੈਕਟਰ ਸੁਚੱਜਾ ਪ੍ਰਸ਼ਾਸਨ ਸ੍ਰੀ ਅਮਿਤ ਤਲਵਾੜ, ਸਟੇਟ ਟਰਾਂਸਪੋਰਟ ਕਮਿਸ਼ਨਰ ਸ੍ਰੀ ਜਸਪ੍ਰੀਤ ਸਿੰਘ, ਵਿਸ਼ੇਸ਼ ਸਕੱਤਰ ਸਥਾਨਕ ਸਰਕਾਰਾਂ ਸ੍ਰੀ ਪਰਮਿੰਦਰ ਪਾਲ ਸਿੰਘ ਅਤੇ ਹੋਰ ਵਿਭਾਗਾਂ ਦੇ ਸੀਨੀਅਰ ਅਧਿਕਾਰੀ ਵੀ ਹਾਜ਼ਰ ਸਨ।

# ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਮੁਕਤ ਪਿੰਡ ਨੂੰ ਮਿਲੇਗਾ 1 ਲੱਖ ਰੁਪਏ ਦਾ ਨਗਦ ਇਨਾਮ : ਸੌਂਦ



ਚੰਡੀਗੜ੍ਹ, 25 ਅਪ੍ਰੈਲ, (ਚ.ਨ.ਸ.) : ਪੰਜਾਬ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪੰਚਾਇਤਾਂ ਲਈ ਅਤੇ ਪਿੰਡਾਂ ਦੇ ਵਿਕਾਸ ਲਈ ਵਿਲੱਖਣ ਤੇ ਵੱਡੀਆਂ ਪਹਿਲਕਦੀਆਂ ਸ਼ੁਰੂ ਕੀਤੀਆਂ ਹਨ। ਸਥਾਨਕ ਪੰਜਾਬ ਭਵਨ ਵਿਖੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਸਰਬ ਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਨੂੰ ਚੈੱਕ ਦੇਣ ਲਈ ਕੁੱਲ 150 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। 15 ਕਰੋੜ ਰੁਪਏ ਪਿਛਲੇ ਵਿੱਤੀ ਸਾਲ ਵਿੱਚ ਰੱਖੇ ਗਏ ਸਨ ਅਤੇ ਮੌਜੂਦਾ ਵਿੱਤੀ ਸਾਲ ਲਈ 135 ਕਰੋੜ ਰੁਪਏ ਰੱਖੇ ਗਏ ਹਨ।

ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਪੰਚਾਇਤੀ ਚੋਣਾਂ ਦੌਰਾਨ ਪੰਜਾਬ ਵਿੱਚ ਸਰਬ ਸੰਮਤੀ ਨਾਲ 3044 ਗ੍ਰਾਮ ਪੰਚਾਇਤਾਂ ਚੁਣੀਆਂ ਗਈਆਂ ਹਨ। ਸਰਬ ਸੰਮਤੀ ਨਾਲ ਬਣੀਆਂ ਪੰਚਾਇਤਾਂ ਨੂੰ ਆਮ ਆਦਮੀ ਪਾਰਟੀ ਵੱਲੋਂ ਕੀਤੇ ਐਲਾਨ ਮੁਤਾਬਿਕ 5-5 ਲੱਖ ਰੁਪਏ ਦੇ ਚੈੱਕ ਦੇਣੇ ਸ਼ੁਰੂ ਕਰ ਦਿੱਤੇ ਗਏ ਹਨ ਅਤੇ ਬੀਤੇ ਕੱਲ੍ਹ ਪੰਚਾਇਤ ਦਿਵਸ ਮੌਕੇ ਮੁੱਖ ਮੰਤਰੀ ਨੇ 5 ਪੰਚਾਇਤਾਂ ਨੂੰ ਇਹ ਚੈੱਕ ਖੁਦ ਸੌਂਪੇ।

ਸੌਂਦ ਨੇ ਦੱਸਿਆ ਕਿ ਪੰਜਾਬ ਦੇ ਸਰਪੰਚਾਂ ਨੂੰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮਾਣ ਭੱਤੇ ਵਿੱਚ ਪਿਛਲੀ ਵਾਰ ਨਾਲੋਂ 67 ਫੀਸਦੀ ਦਾ ਵਾਧਾ ਕਰਕੇ 2000 ਰੁਪਏ ਪ੍ਰਤੀ ਮਹੀਨਾ ਦੇਣ ਦਾ ਐਲਾਨ ਵੀ ਕੀਤਾ ਹੈ। ਇਸ ਨਾਲ ਸਰਕਾਰੀ ਖ਼ਜ਼ਾਨੇ ਵਿੱਚੋਂ ਪ੍ਰਤੀ ਸਾਲ ਸਰਪੰਚਾਂ ਨੂੰ 31.70 ਕਰੋੜ ਰੁਪਏ ਦਾ ਮਾਣ ਭੱਤਾ ਦਿੱਤਾ ਜਾਵੇਗਾ। ਸੂਬੇ ਵਿੱਚ ਕੁੱਲ 13236 ਸਰਪੰਚ ਹਨ।

ਉਨ੍ਹਾਂ ਕਿਹਾ ਕਿ 2006 ਵਿੱਚ ਸਰਪੰਚਾਂ ਨੂੰ 600 ਰੁਪਏ ਮਹੀਨਾ ਮਾਣ ਭੱਤਾ ਦੇਣਾ ਸ਼ੁਰੂ ਕੀਤਾ ਗਿਆ ਸੀ ਜਿਸ ਨੂੰ 2012 ਵਿੱਚ ਵਧਾ ਕੇ 1200 ਰੁਪਏ ਕੀਤਾ ਗਿਆ ਪਰ ਇਹ ਕਦੇ ਵੀ ਲੜੀਵਾਰ ਦਿੱਤਾ ਨਹੀਂ ਗਿਆ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪੰਜਾਬ ਦੇ ਹਰੇਕ ਬਲਾਕ ਵਿੱਚੋਂ ਇੱਕ ਨਸ਼ਾ ਮੁਕਤ ਪਿੰਡ ਨੂੰ 1 ਲੱਖ ਰੁਪਏ ਦਾ ਨਗਦ ਇਨਾਮ ਦੇਣ ਦਾ ਅਹਿਮ ਐਲਾਨ ਕੀਤਾ ਹੈ। ਇਹ ਇਨਾਮ ਆਪਣੀ ਕਿਸਮ ਦਾ ਅਜਿਹਾ ਪਹਿਲਾਂ ਇਨਾਮ ਹੈ ਜੋ ਕਿਸੇ ਸੂਬੇ ਦੀ ਸਰਕਾਰ ਨੇ ਸ਼ੁਰੂ ਕੀਤਾ ਹੈ। ਪੰਜਾਬ ਵਿੱਚ ਕੁੱਲ 154 ਬਲਾਕ ਹਨ।

ਸੌਂਦ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਪਿੰਡਾਂ ਦੇ ਵਿਕਾਸ ਲਈ ਕੋਈ ਪਹਿਲਕਦਮੀ ਨਹੀਂ ਕੀਤੀ। 1993 ਵਿੱਚ ਪੰਚਾਇਤ ਦਿਵਸ ਦੀ ਸਥਾਪਨਾ ਤੋਂ ਬਾਅਦ ਪਹਿਲੀ ਵਾਰ ਪੰਜਾਬ ਵਿੱਚ ਪੰਚਾਇਤ ਦਿਵਸ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਮਨਾਇਆ। ਉਨ੍ਹਾਂ ਦੱਸਿਆ ਕਿ ਸਮਾਗਮ ਵਿੱਚ 23 ਜ਼ਿਲ੍ਹਿਆਂ ਵਿੱਚੋਂ 700 ਤੋਂ ਜ਼ਿਆਦਾ ਪੰਚ ਸਰਪੰਚ ਆਏ। ਇਸ ਮੌਕੇ ਕੁੱਲ 35 ਸਨਮਾਨ ਦਿੱਤੇ ਗਏ। ਜਿਸ ਵਿੱਚ 10 ਸਰਪੰਚ, 15 ਸੈਲਫ ਹੈਲਪ ਗਰੁੱਪ ਤੇ ਵਧੀਆ ਕੰਮ ਕਰਨ ਵਾਲੇ 10 ਪੰਚਾਇਤ ਸਕੱਤਰ ਸ਼ਾਮਲ ਸਨ।

ਉਨ੍ਹਾਂ ਦੱਸਿਆ ਕਿ ਇੱਕ ਹੋਰ ਅਹਿਮ ਫੈਸਲਾ ਲੈਂਦਿਆ ਮੁੱਖ ਮੰਤਰੀ ਨੇ ਕੱਲ੍ਹ ਹੀ ਐਲਾਨ ਕੀਤਾ ਹੈ ਕਿ ਸਰਕਾਰ ਤੇ ਪੰਚਾਇਤੀ ਰਾਜ ਸੰਸਥਾਵਾਂ ਵਿਚਕਾਰ ਬੇਹਤਰ ਤਾਲਮੇਲ ਲਈ ਇੱਕ ਸਲਾਹਕਾਰ ਬੋਰਡ ਦਾ ਗਠਨ ਵੀ ਕੀਤਾ ਜਾਵੇਗਾ, ਜਿਸ ਵਿੱਚ 3 ਮੈਂਬਰ ਜ਼ਿਲ੍ਹਾ ਪ੍ਰੀਸ਼ਦਾਂ ਤੋਂ, 5 ਮੈਂਬਰ ਬਲਾਕ ਸੰਮਤੀਆਂ ਵਿੱਚੋਂ ਅਤੇ ਹਰੇਕ ਜ਼ਿਲ੍ਹੇ 'ਚੋਂ 2 ਸਰਪੰਚ (ਕੁੱਲ 46 ਸਰਪੰਚ) ਲਏ ਜਾਣਗੇ। ਸੌਂਦ ਨੇ ਕਿਹਾ ਕਿ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਇਸ ਸਾਲ ਪੰਜਾਬ ਸਰਕਾਰ ਵੱਲੋਂ ਰੱਖੇ 4573 ਕਰੋੜ ਰੁਪਏ ਦੇ ਬਜਟ ਨਾਲ ਸੂਬੇ ਦੇ ਪਿੰਡਾਂ ਦੀ ਦਸ਼ਾ ਤੇ ਦਿਸ਼ਾ ਸੁਧਾਰਨ ਲਈ ਸੁਹਿਰਦ ਯਤਨ ਸ਼ੁਰੂ ਕਰ ਦਿੱਤੇ ਗਏ ਹਨ।

# ਪੰਜਾਬ ਦੇ 'ਆਮ ਆਦਮੀ ਕਲੀਨਿਕ' ਮਾਡਲ ਨੂੰ ਵਿਸ਼ਵ ਪੱਧਰ 'ਤੇ ਮਿਲੀ ਪ੍ਰਸ਼ੰਸਾ, ਆਸਟ੍ਰੇਲੀਆਈ ਵਫ਼ਦ ਨੇ ਇਹ ਮਾਡਲ ਅਪਣਾਉਣ 'ਚ ਦਿਖਾਈ ਦਿਲਚਸਪੀ



ਚੰਡੀਗੜ੍ਹ, 25 ਅਪ੍ਰੈਲ, (ਚ.ਨ.ਸ.) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਮੁੱਢਲੀ ਸਿਹਤ ਸੰਭਾਲ ਨੂੰ ਹੋਰ ਮਜ਼ਬੂਤ ਕਰਨ ਅਤੇ ਕਾਇਆ-ਕਲਪ ਕਰਨ ਦੀ ਦਿਸ਼ਾ ਵਿੱਚ ਹੋਰ ਬੁਲੰਦੀ ਹਾਸਲ ਕਰਦਿਆਂ ਆਮ ਆਦਮੀ ਕਲੀਨਿਕਾਂ (ਏਏਸੀ) ਨੂੰ ਉਦੋਂ ਵਿਸ਼ਵ ਪੱਧਰ 'ਤੇ ਮਾਨਤਾ ਹਾਸਲ ਹੋਈ ਜਦੋਂ ਉੱਚ ਪੱਧਰੀ 14 ਮੈਂਬਰੀ ਆਸਟਰੇਲੀਆਈ ਵਫ਼ਦ ਨੇ ਸੂਬੇ ਦੇ ਮਾਡਲ ਨੂੰ ਅਪਣਾਉਣ ਵਿੱਚ ਡੂੰਘੀ ਦਿਲਚਸਪੀ ਪ੍ਰਗਟਾਈ।

ਮੈਂਬਰ ਆਫ ਪਾਰਲੀਮੈਂਟ (ਐਮਪੀ) ਸਟੇਟ ਆਫ ਵਿਕਟੋਰੀਆ ਡਾਇਲੋਨ ਵਾਈਟ (ਵਫਦ ਦੇ ਆਗੂ) ਅਤੇ ਐਮਪੀ ਸਟੇਟ ਆਫ ਵਿਕਟੋਰੀਆ ਮੈਥਿਊ ਹਿਲਾਕਰੀ ਦੀ ਅਗਵਾਈ ਵਿੱਚ ਵਫ਼ਦ ਨੇ ਅੱਜ ਮੋਹਾਲੀ ਵਿਖੇ ਮੁੱਢਲੀ ਸਿਹਤ ਸੰਭਾਲ ਸਹੂਲਤ- ਆਮ ਆਦਮੀ ਕਲੀਨਿਕ ਅਤੇ ਤੀਜੇ ਦਰਜੇ ਦੀ ਸਿਹਤ ਸੰਭਾਲ ਸਹੂਲਤ - ਪੰਜਾਬ ਇੰਸਟੀਚਿਊਟ ਆਫ ਲਿਵਰ ਐਂਡ ਬਿਲੀਅਰੀ ਸਾਇੰਸਿਜ਼ (ਪੀਆਈਐਲ ਬੀਐਸ) ਦਾ ਦੌਰਾ ਕੀਤਾ।

ਇਸ ਉਪਰੰਤ ਵਫ਼ਦ ਨੇ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨਾਲ ਮੀਟਿੰਗ ਕੀਤੀ ਜਿੱਥੇ ਉਨ੍ਹਾਂ ਨੇ ਸਿਹਤ ਸੰਭਾਲ ਅਤੇ ਖੇਤੀਬਾੜੀ ਬਾਰੇ ਵਿਚਾਰਾਂ ਦਾ ਅਦਾਨ-ਪ੍ਰਦਾਨ ਕੀਤਾ। ਮੀਟਿੰਗ ਵਿੱਚ ਪ੍ਰਸ਼ਾਸਨਿਕ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਕੁਮਾਰ ਰਾਹੁਲ, ਵਿਸ਼ੇਸ਼ ਸਕੱਤਰ ਖੇਤੀਬਾੜੀ ਬਲਦੀਪ ਕੌਰ ਅਤੇ ਡਾਇਰੈਕਟਰ ਪੀਆਈਐਲ ਬੀਐਸ ਡਾ. ਵਰਿੰਦਰ ਸਿੰਘ ਵੀ ਹਾਜ਼ਰ ਸਨ।

ਇਸ ਮੌਕੇ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਵਫ਼ਦ ਨੇ ਲੋਕਾਂ ਨੂੰ ਸਸਤੀਆਂ, ਪਹੁੰਚਯੋਗ ਅਤੇ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸੂਬੇ ਦੇ ਯਤਨਾਂ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਕਿਹਾ, ਵਫ਼ਦ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਸਵੇਰੇ 11 ਵਜੇ ਤੱਕ, 60 ਤੋਂ ਵੱਧ ਮਰੀਜ਼ ਪਹਿਲਾਂ ਹੀ ਆਮ ਆਦਮੀ ਕਲੀਨਿਕ ਵਿੱਚ ਸੇਵਾਵਾਂ ਪ੍ਰਾਪਤ ਕਰ ਚੁੱਕੇ ਸਨ। ਉਹ ਇੰਨੇ ਪ੍ਰਭਾਵਿਤ ਹੋਏ ਕਿ ਉਹ ਇਸ ਮਾਡਲ ਨੂੰ ਆਸਟਰੇਲੀਆ ਵਿੱਚ ਅਪਣਾਉਣਾ ਚਾਹੁੰਦੇ ਹਨ, ਕਿਉਂਕਿ ਉਨ੍ਹਾਂ ਦਾ ਮੰਨਣਾ ਸੀ ਕਿ ਇਹ ਮਾਡਲ ਉਹਨਾਂ ਦੀ ਸਿਹਤ ਸੰਭਾਲ ਪ੍ਰਣਾਲੀ ਨੂੰ ਬਹੁਤ ਲਾਭ ਪਹੁੰਚਾ ਸਕਦਾ ਹੈ।

ਸਿਹਤ ਮੰਤਰੀ ਨੇ ਕਿਹਾ ਕਿ ਪੰਜਾਬ ਆਸਟ੍ਰੇਲੀਆ ਨਾਲ ਐਕਸਚੇਂਜ ਪ੍ਰੋਗਰਾਮ ਸ਼ੁਰੂ ਕਰਨ ਲਈ ਉਤਸੁਕ ਹੈ, ਜਿਸ ਤਹਿਤ ਪੰਜਾਬ ਦੇ ਮਾਹਿਰ ਸਿਖਲਾਈ ਲਈ ਆਸਟ੍ਰੇਲੀਆ ਦਾ ਦੌਰਾ ਕਰਨਗੇ ਅਤੇ ਆਸਟਰੇਲੀਆਈ ਪੇਸ਼ੇਵਰ ਪੰਜਾਬ ਦੇ ਸਿਹਤ ਸੰਭਾਲ ਅਤੇ ਖੇਤੀਬਾੜੀ ਮਾਡਲਾਂ ਦਾ ਅਧਿਐਨ ਕਰਨ ਲਈ ਪੰਜਾਬ ਆਉਣਗੇ।

ਵਫਦ ਦੇ ਹੋਰ ਮੈਂਬਰਾਂ ਵਿੱਚ ਪ੍ਰੋਫੈਸਰ ਹਰਪਿੰਦਰ ਸੰਧੂ (ਫੈਡਰੇਸ਼ਨ ਯੂਨੀਵਰਸਿਟੀ ਆਸਟ੍ਰੇਲੀਆ); ਡਾ. ਜਸਵਿੰਦਰ ਸਿੱਧੂ (ਫ਼ੈਡਰੇਸ਼ਨ ਯੂਨੀਵਰਸਿਟੀ ਆਸਟਰੇਲੀਆ); ਏ/ਪ੍ਰੋਫੈਸਰ ਪੌਲ ਪੈਂਗ (ਫ਼ੈਡਰੇਸ਼ਨ ਯੂਨੀਵਰਸਿਟੀ ਆਸਟ੍ਰੇਲੀਆ); ਡਾ. ਸਚਿਨ ਦਹੀਆ (ਬਿਜ਼ਨਸ ਲੀਡਰ, ਬੱਲਾਰਟ), ਪਰਵਿੰਦਰ ਸਰਵਰਾ (ਬਿਜ਼ਨਸਮੈਨ ਅਤੇ ਸੀਈਓ, ਸਿੰਘ ਹੋਮਜ਼); ਦਵਿੰਦਰ ਸਿੰਘ (ਬਿਜ਼ਨਸਮੈਨ ਅਤੇ ਇੰਪੋਰਟਰ); ਸੁਖਮੀਤ ਆਹੂਜਾ (ਵਿਜ਼ਨਸਮੈਨ ਅਤੇ ਐਜੂਕੇਟਰ), ਜਸਵਿੰਦਰ ਸਿੰਘ (ਸੀਈਓ, ਸਿੱਖ ਵਲੰਟੀਅਰਜ਼ ਆਸਟ੍ਰੇਲੀਆ); ਅਭਿਮਨਿਊ ਕੁਮਾਰ (ਵਿਜ਼ਨਸਮੈਨ); ਨਵਦੀਪ ਸਿੰਘ ਹਾਂਡਾ (ਬਿਜ਼ਨਸਮੈਨ, ਸੀਈਓ ਆਮੀਕੋ ਹੋਮਸ); ਕਾਰਤੀਕ ਮੁਨੀਗੋਤੀ (ਸੀਈਓ, ਕਾਂਸਟੈਲੇਸ਼ਨ ਟੈਕਨੋਲੋਜੀਜ਼ ਲਿਮਟਿਡ); ਅਤੇ ਲਵ ਖੱਖ (ਬਿਜ਼ਨਸਮੈਨ ਅਤੇ ਸਪੋਰਟਸ ਇਵੈਂਟਸ ਆਰਗੇਨਾਈਜ਼ਰ) ਸ਼ਾਮਲ ਸਨ।

# ਐਡਵੋਕੇਟ ਬੂਟਾ ਸਿੰਘ ਬੈਰਾਗੀ 'ਆਪ' 'ਚ ਹੋਏ ਸ਼ਾਮਲ

## 'ਆਪ' ਪ੍ਰਧਾਨ ਅਮਨ ਅਰੋੜਾ ਨੇ ਕੀਤਾ ਸਵਾਗਤ

ਚੰਡੀਗੜ੍ਹ, 25 ਅਪ੍ਰੈਲ, (ਅੰਮ੍ਰਿਤਪਾਲ ਸਿੰਘ) : ਆਮ ਆਦਮੀ ਪਾਰਟੀ (ਆਪ) ਨੂੰ ਉਸ ਸਮੇਂ ਵੱਡਾ ਹੁਲਾਰਾ ਮਿਲਿਆ ਜਦੋਂ ਮਨੁੱਖੀ ਅਧਿਕਾਰਾਂ ਅਤੇ ਜ਼ਮੀਨੀ ਪੱਧਰ ਦੀ ਰਾਜਨੀਤੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲੇ ਐਡਵੋਕੇਟ ਬੂਟਾ ਸਿੰਘ ਬੈਰਾਗੀ 'ਆਪ' ਵਿੱਚ ਸ਼ਾਮਲ ਹੋ ਗਏ। 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਉਨ੍ਹਾਂ ਦਾ ਪਾਰਟੀ ਵਿੱਚ ਸਵਾਗਤ ਕੀਤਾ ਅਤੇ ਕਿਹਾ ਕਿ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ 'ਆਪ' ਦੀਆਂ ਲੋਕ-ਕੇਂਦਰਿਤ ਨੀਤੀਆਂ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦਾ ਪ੍ਰਭਾਵਸ਼ਾਲੀ ਸ਼ਾਸਨ ਸੂਬੇ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ।

ਐਡਵੋਕੇਟ ਬੂਟਾ ਸਿੰਘ ਬੈਰਾਗੀ ਦਾ ਮਨੁੱਖੀ ਅਧਿਕਾਰਾਂ ਦੇ ਖੇਤਰ ਵਿੱਚ ਇੱਕ ਸ਼ਾਨਦਾਰ ਕਰੀਅਰ ਰਿਹਾ ਹੈ। ਉਨ੍ਹਾਂ ਨੇ ਰਾਜਨੀਤਿਕ ਦ੍ਰਿਸ਼ਟੀਕੋਣ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ ਅਤੇ ਕਈ ਚੋਣਾਂ ਵੀ ਲੜੀਆਂ ਹਨ। ਉਨ੍ਹਾਂ ਦੇ 'ਆਪ' ਵਿੱਚ ਸ਼ਾਮਲ ਹੋਣ ਨਾਲ ਪਾਰਟੀ ਦੀ ਰਾਜਨੀਤਿਕ ਅਤੇ ਸਮਾਜਿਕ ਪਹੁੰਚ ਦਾ ਕਾਫ਼ੀ ਵਿਸਥਾਰ ਹੋਣ ਦੀ ਉਮੀਦ ਹੈ।

ਇਸ ਮੌਕੇ ਬੋਲਦਿਆਂ ਐਡਵੋਕੇਟ ਬੈਰਾਗੀ ਨੇ ਆਮ ਆਦਮੀ ਪਾਰਟੀ ਰਾਹੀਂ ਪੰਜਾਬ ਦੀ ਸੇਵਾ ਕਰਨ ਦਾ ਮੌਕਾ ਮਿਲਣ 'ਤੇ ਪਾਰਟੀ ਲੀਡਰਸ਼ਿਪ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਸੂਬੇ ਵਿੱਚ ਮੌਜੂਦਾ ਚੁਣੌਤੀਆਂ, ਖਾਸ ਕਰਕੇ ਨਸ਼ਿਆਂ ਵਿਰੁੱਧ ਲੜਨ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਦੀ ਜ਼ਰੂਰਤ 'ਤੇ ਚਾਨਣਾ ਪਾਇਆ ਅਤੇ ਕਿਹਾ ਕਿ ਪੰਜਾਬ ਦੇ ਮੌਜੂਦਾ ਰਾਜਨੀਤਿਕ ਮਾਹੌਲ ਵਿੱਚ ਮਜ਼ਬੂਤ ਲੀਡਰਸ਼ਿਪ ਅਤੇ ਸਮੂਹਿਕ ਯੋਗਦਾਨ ਦੀ ਲੋੜ ਹੈ ਅਤੇ ਮੈਂ ਇਨ੍ਹਾਂ ਚੁਣੌਤੀਆਂ ਨੂੰ ਦੂਰ ਕਰਨ ਲਈ ਪਾਰਟੀ ਨਾਲ ਮਿਲ ਕੇ ਕੰਮ ਕਰਾਂਗਾ।

ਉਨ੍ਹਾਂ ਨੇ ਪਾਰਟੀ ਵਿੱਚ ਦੁਬਾਰਾ ਸ਼ਾਮਲ ਕਰਨ ਲਈ ਸੂਬਾ ਪ੍ਰਧਾਨ ਅਮਨ ਅਰੋੜਾ ਅਤੇ ਉੱਚ ਲੀਡਰਸ਼ਿਪ ਦਾ ਧੰਨਵਾਦ ਕੀਤਾ ਅਤੇ ਕਿਹਾ, ਇਹ ਇੱਕ ਅਜਿਹਾ ਪਲੇਟਫਾਰਮ ਹੈ ਜੋ ਸੱਚਮੁੱਚ ਸਮਾਜ ਦੀ ਬਿਹਤਰੀ ਲਈ ਕੰਮ ਕਰਦਾ ਹੈ। ਮੈਂ 'ਆਪ' ਪਰਿਵਾਰ ਵਿੱਚ ਸ਼ਾਮਲ ਹੋ ਕੇ ਬਹੁਤ ਸਨਮਾਨਿਤ ਮਹਿਸੂਸ ਕਰ ਰਿਹਾ ਹਾਂ।

'ਆਪ' ਪ੍ਰਧਾਨ ਅਮਨ ਅਰੋੜਾ ਨੇ ਐਡਵੋਕੇਟ ਬੈਰਾਗੀ ਦੀ ਸਮਾਜਿਕ ਨਿਆਂ ਪ੍ਰਤੀ ਵਚਨਬੱਧਤਾ ਅਤੇ ਜਨਤਕ ਸੇਵਾ ਵਿੱਚ ਉਨ੍ਹਾਂ ਦੇ ਵਿਆਪਕ ਤਜ਼ਰਬੇ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ 'ਆਪ' ਨਾਲ ਉਨ੍ਹਾਂ ਦੀ ਸਾਂਝ ਪਾਰਟੀ ਦੀਆਂ ਚੱਲ ਰਹੀਆਂ ਪਹਿਲਕਦਮੀਆਂ ਵਿੱਚ ਨਵੀਂ ਊਰਜਾ ਲਿਆਏਗੀ। ਇਸ ਮੌਕੇ ਧਰਮਕੋਟ ਦੇ ਵਿਧਾਇਕ ਦਵਿੰਦਰ ਸਿੰਘ ਲਾਡੀ ਢੌਂਸ ਅਤੇ ਚੇਅਰਮੈਨ ਨੀਲ ਗਰਗ ਵੀ ਮੌਜੂਦ ਸਨ।

# ਪੰਜਾਬ ਸਰਕਾਰ ਵੱਲੋਂ ਸਮਾਰਟ ਆਂਗਨਵਾੜੀਆਂ ਬਣਾਉਣ ਦੀ ਪਹਿਲ ਵਰਕਰ ਤੇ ਹੈਲਪਰਾਂ ਨੂੰ ਦਿੱਤੇ ਜਾਣਗੇ ਸਮਾਰਟ ਫੋਨ



ਚੰਡੀਗੜ੍ਹ, 25 ਅਪ੍ਰੈਲ, (ਚ.ਨ.ਸ.) : ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਐਲਾਨ ਕੀਤਾ ਕਿ ਪੰਜਾਬ ਸਰਕਾਰ ਵੱਲੋਂ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਜਲਦ ਸਮਾਰਟ ਫੋਨ ਮੁਹੱਈਆ ਕਰਵਾਏ ਜਾਣਗੇ, ਤਾਂ ਜੋ ਉਹ ਆਪਣੇ ਦੈਨਿਕ ਕੰਮਾਂ ਨੂੰ ਹੋਰ ਸੁਚੱਜੇ ਤੇ ਆਧੁਨਿਕ ਢੰਗ ਨਾਲ ਨਿਭਾ ਸਕਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੀਆਂ ਜਾਇਜ਼ ਮੰਗਾਂ ਨੂੰ ਸੰਵੇਦਨਸ਼ੀਲਤਾ ਨਾਲ ਸੁਣ ਕੇ ਉਨ੍ਹਾਂ ਦੇ ਹੱਲ ਲਈ ਗੰਭੀਰ ਯਤਨ ਕਰ ਰਹੀ ਹੈ।

ਪੰਜਾਬ ਭਵਨ ਵਿਖੇ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਨਾਲ ਹੋਈ ਮੀਟਿੰਗ ਦੌਰਾਨ ਡਾ ਬਲਜੀਤ ਕੌਰ ਵੱਲੋਂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਭਰੋਸਾ ਦਿੱਤਾ ਕਿ ਜਿਹੜੀਆਂ ਮੰਗਾਂ ਵਿਭਾਗ ਪੱਧਰ 'ਤੇ ਤੁਰੰਤ ਹੱਲ ਹੋ ਸਕਦੀਆਂ ਹਨ, ਉਹਨਾਂ ਨੂੰ ਤੁਰੰਤ ਨਿਪਟਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੀਆਂ ਮੰਗਾਂ ਰਾਜ ਸਰਕਾਰ ਪੱਧਰ 'ਤੇ ਨਿਰਣੇ ਲੈ ਕੇ ਹੱਲ ਕਰਵਾਈਆਂ ਜਾ ਸਕਦੀਆਂ ਹਨ, ਉਹਨਾਂ ਬਾਰੇ ਵਿਭਾਗ ਵੱਲੋਂ ਮੁਕੰਮਲ ਤਜਵੀਜ਼ ਤਿਆਰ ਕਰਕੇ ਮੁੱਖ ਮੰਤਰੀ ਜੀ ਕੋਲ ਭੇਜੀ ਜਾਵੇਗੀ, ਤਾਂ ਜੋ ਅਗਲੇ ਪੱਧਰ 'ਤੇ ਵੀ ਜਲਦੀ ਕਾਰਵਾਈ ਹੋ ਸਕੇ।

ਉਨ੍ਹਾਂ ਦੱਸਿਆ ਕਿ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੀ ਕੰਮਕਾਜੀ ਕਾਰਗੁਜ਼ਾਰੀ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਸਮਾਰਟ ਫੋਨ ਦੀ ਮੰਗ ਨੂੰ ਤਰਜੀਹੀ ਅਧਾਰ 'ਤੇ ਪੂਰਾ ਕੀਤਾ ਜਾ ਰਿਹਾ ਹੈ। ਇਹ ਫੋਨ ਉਨ੍ਹਾਂ ਨੂੰ ਨਵੇਂ ਜਮਾਨੇ ਦੀਆਂ ਤਕਨੀਕੀ ਸਹੂਲਤਾਂ ਨਾਲ ਜੋੜਕੇ ਸਰਕਾਰੀ ਸਕੀਮਾਂ ਦੀ ਪਹੁੰਚ ਜ਼ਮੀਨੀ ਪੱਧਰ ਤੱਕ ਯਕੀਨੀ ਬਣਾਉਣ ਵਿੱਚ ਮੱਦਦਗਾਰ ਸਾਬਤ ਹੋਣਗੇ।

ਡਾ. ਬਲਜੀਤ ਕੌਰ ਨੇ ਇਹ ਵੀ ਦੱਸਿਆ ਕਿ ਸਰਕਾਰ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੀ ਸਿਹਤ ਦੀ ਸੰਭਾਲ ਵਲ ਵੀ ਬਰਾਬਰ ਧਿਆਨ ਦੇ ਰਹੀ ਹੈ। ਇਸੇ ਸੰਦਰਭ ਵਿੱਚ ਵਿਭਾਗ ਵੱਲੋਂ ਪਹਿਲਾਂ ਹੀ ਸਾਰੇ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੀ eKYC ਕਰਵਾਉਣ ਦੀ ਮੁਹਿੰਮ ਸ਼ੁਰੂ ਕੀਤੀ ਗਈ ਸੀ, ਜੋ ਉਨ੍ਹਾਂ ਨੂੰ ਹੈਲਥ ਸੁਰੱਖਿਆ ਸਹੂਲਤਾਂ ਉਪਲੱਬਧ ਕਰਵਾਉਣ ਵੱਲ ਇੱਕ ਅਹਿਮ ਕਦਮ ਸਾਬਤ ਹੋਵੇਗੀ।

ਅੰਤ ਵਿੱਚ, ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਸਰਕਾਰ ਆਪਣੇ ਹਰ ਵਰਕਰ ਦੇ ਹੱਕਾਂ ਦੀ ਪੂਰੀ ਰੱਖਿਆ ਕਰ ਰਹੀ ਹੈ ਅਤੇ ਭਵਿੱਖ ਵਿੱਚ ਵੀ ਉਨ੍ਹਾਂ ਦੀ ਭਲਾਈ ਲਈ ਹਮੇਸ਼ਾ ਵਚਨਬੱਧ ਰਹੇਗੀ। ਉਨ੍ਹਾਂ ਕਿਹਾ ਕਿ ਸਰਕਾਰ ਆਉਣ ਵਾਲੇ ਦਿਨਾਂ ਵਿੱਚ ਵੀ ਵਰਕਰਾਂ ਦੀਆਂ ਮੰਗਾਂ ਅਤੇ ਸੁਝਾਵਾਂ ਨੂੰ ਸੰਵੇਦਨਸ਼ੀਲਤਾ ਨਾਲ ਸੁਣ ਕੇ, ਲੋਕ-ਭਲਾਈ ਲਈ ਨਵੇਂ ਕਦਮ ਚੁੱਕਦੀ ਰਹੇਗੀ।

# ਮਾਨ ਸਰਕਾਰ ਦੀ ਅਗਵਾਈ ਹੇਠ ਪੰਜਾਬ ਦਾ ਲੋਕਤੰਤਰ ਹੋ ਰਿਹੈ ਮਜ਼ਬੂਤ, ਪੰਚਾਇਤੀ ਰਾਜ ਪ੍ਰਣਾਲੀ ਨੂੰ ਵੀ ਮਿਲ ਰਿਹੈ ਹੁਲਾਰਾ : ਨੀਲ ਗਰਗ



ਚੰਡੀਗੜ੍ਹ, 25 ਅਪ੍ਰੈਲ, (ਅੰਮ੍ਰਿਤਪਾਲ ਸਿੰਘ) : ਪੰਚਾਇਤੀ ਚੋਣਾਂ 'ਚ ਸਰਬਸੰਮਤੀ ਨਾਲ ਚੁਣੇ ਗਏ ਸਰਪੰਚਾਂ ਨੂੰ ਸਰਕਾਰ ਵੱਲੋਂ 5 ਲੱਖ ਰੁਪਏ ਦੀ ਪ੍ਰੋਤਸਾਹਨ ਦੇਣ ਤੇ, ਆਮ ਨੇਤਾ ਅਤੇ ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ 'ਆਪ' ਸਰਕਾਰ ਪੰਜਾਬ ਦੇ ਪਿੰਡਾਂ ਦੇ ਵਿਕਾਸ ਲਈ ਵਚਨਬੱਧ ਹੈ ਅਤੇ ਇਸ ਦੇ ਲਈ ਲਗਾਤਾਰ ਵੱਡੇ ਫੈਸਲੇ ਲਏ ਜਾ ਰਹੇ ਹਨ।

ਨੀਲ ਗਰਗ ਨੇ ਕਿਹਾ ਕਿ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ 'ਆਪ' ਸਰਕਾਰ ਪੰਜਾਬ ਦੇ ਲੋਕਤੰਤਰ ਨੂੰ ਮਜ਼ਬੂਤ ਕਰ ਰਹੀ ਹੈ ਅਤੇ ਪੰਚਾਇਤੀ ਰਾਜ ਪ੍ਰਣਾਲੀ ਨੂੰ ਉਤਸ਼ਾਹਿਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਪੰਜਾਬ ਦੇ ਲੋਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪਿੰਡ ਦਾ ਸਰਪੰਚ ਸਰਬਸੰਮਤੀ ਨਾਲ ਚੁਣਨ ਦੀ ਅਪੀਲ ਦਾ ਸਮੱਰਥਨ ਕੀਤਾ, ਜਿਸ ਕਾਰਨ ਪੰਜਾਬ ਵਿੱਚ ਪਹਿਲੀ ਵਾਰ 3000 ਤੋਂ ਵੱਧ ਪੰਚਾਇਤਾਂ ਵਿੱਚ ਸਰਪੰਚ ਨਿਰਵਿਰੋਧ ਚੁਣੇ ਗਏ।

ਘੋਸ਼ਣਾ ਦੌਰਾਨ ਮੁੱਖ ਮੰਤਰੀ ਨੇ ਵਾਅਦਾ ਕੀਤਾ ਸੀ ਕਿ ਜਿਹੜੇ ਪਿੰਡ ਦੀ ਪੰਚਾਇਤ ਵਿੱਚ ਸਰਬਸੰਮਤੀ ਨਾਲ ਸਰਪੰਚ ਚੁਣਿਆ ਜਾਵੇਗਾ, ਉਸ ਨੂੰ ਵਿਕਾਸ ਲਈ 5 ਲੱਖ ਰੁਪਏ ਦੀ ਪ੍ਰੋਤਸਾਹਨ ਰਾਸ਼ੀ ਦਿੱਤੀ ਜਾਵੇਗੀ। ਹੁਣ ਮੁੱਖ ਮੰਤਰੀ ਮਾਨ ਨੇ ਆਪਣਾ ਵਾਅਦਾ ਪੂਰਾ ਕਰਨਾ ਸ਼ੁਰੂ ਕਰ ਦਿੱਤਾ ਹੈ। ਸਰਕਾਰ ਨੇ ਇਸ ਲਈ 150 ਕਰੋੜ ਰੁਪਏ ਅਲਾਟ ਕੀਤੇ ਹਨ, ਜਿਸ ਵਿੱਚੋਂ ਹੁਣ ਤੱਕ ਲੱਗਭੱਗ 15 ਕਰੋੜ ਰੁਪਏ ਵੰਡੇ ਜਾ ਚੁੱਕੇ ਹਨ। ਮੁੱਖ ਮੰਤਰੀ ਭਗਵੰਤ ਮਾਨ ਅਤੇ ਕਈ ਕੈਬਨਿਟ ਮੰਤਰੀਆਂ ਨੇ ਖੁਦ ਸਰਪੰਚਾਂ ਨੂੰ 5-5 ਲੱਖ ਰੁਪਏ ਦੇ ਚੈੱਕ ਸੌਂਪੇ ਹਨ।

ਉਨ੍ਹਾਂ ਕਿਹਾ ਕਿ ਇਸ ਪੈਸੇ ਨਾਲ ਪਿੰਡਾਂ ਵਿੱਚ ਵਿਕਾਸ ਕਾਰਜਾਂ ਵਿੱਚ ਤੇਜ਼ੀ ਆਵੇਗੀ ਅਤੇ ਪੰਚਾਇਤਾਂ ਆਪਣੇ ਫੈਸਲੇ ਖੁਦ ਲੈ ਸਕਣਗੀਆਂ। ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਵੀ ਕਿਹਾ ਸੀ ਕਿ ਪੰਚਾਇਤ ਪਿੰਡ ਦੀ ਹੋਣੀ ਚਾਹੀਦੀ ਹੈ, ਪਾਰਟੀ ਦੀ ਨਹੀਂ ਅਤੇ ਹੁਣ ਪਿੰਡਾਂ ਦੇ ਲੋਕ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਪਿੰਡਾਂ ਦੇ ਵਿਕਾਸ ਲਈ ਇਕੱਠੇ ਕੰਮ ਕਰ ਰਹੇ ਹਨ ਅਤੇ ਆਪਸ ਵਿੱਚ ਵਿਚਾਰ-ਵਟਾਂਦਰਾ ਕਰਕੇ ਪੇਂਡੂ ਸਮੱਸਿਆਵਾਂ ਦਾ ਹੱਲ ਕਰ ਰਹੇ ਹਨ।


# ਕਿਸਾਨ ਵੀਰ ਧਿਆਨ ਦੇਣ

## ਬੀ.ਟੀ. ਕਾਟਨ ਦੇ ਬੀਜਾਂ ਤੇ 33% ਸਬਸਿਡੀ ਪ੍ਰਾਪਤ ਕਰੋ



**ਪੰਜਾਬ ਸਰਕਾਰ ਵੱਲੋਂ ਸਾਉਣੀ 2025 ਦੌਰਾਨ ਬੀ.ਟੀ. ਨਰਮੇ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ ਬੀ.ਟੀ. ਨਰਮੇ ਦੇ ਬੀਜਾਂ ਤੇ 33% ਸਬਸਿਡੀ ਦਿੱਤੀ ਜਾ ਰਹੀ ਹੈ।**

**ਇਹ ਸਬਸਿਡੀ ਪ੍ਰਾਪਤ ਕਰਨ ਲਈ ਆਨਲਾਈਨ ਅਪਲਾਈ ਕਰਨਾ ਜਰੂਰੀ ਹੈ ਅਤੇ ਪੋਰਟਲ ਤੇ ਰਜਿਸਟਰੇਸ਼ਨ ਕਰਨ ਦੀ ਆਖਰੀ ਮਿਤੀ 31 ਮਈ, 2025 ਹੈ।**

## ਧਿਆਨ ਦੇਣ ਯੋਗ ਨੁਕਤੇ:

- ਇਸ ਸਬਸਿਡੀ ਨੂੰ ਪ੍ਰਾਪਤ ਕਰਨ ਲਈ ਕਿਸਾਨ ਵੀਰ ਦਿੱਤੇ ਲਿੰਕ **https://agrisubsidy.agrimachinerypb.com** ਪੋਰਟਲ ਤੇ ਅਪਲਾਈ ਕਰ ਸਕਦੇ ਹਨ।
- ਇੱਕ ਕਿਸਾਨ ਵੱਧ ਤੋਂ ਵੱਧ 5 ਏਕੜ ਜਾਂ 10 ਪੈਕੇਟ ਬੀ.ਟੀ. ਹਾਈਬ੍ਰਿਡ ਬੀਜ (ਪੋਰਟਲ ਤੇ ਦਰਜ ਪ੍ਰਵਾਨਿਤ ਬੀ.ਟੀ. ਕਾਟਨ ਹਾਈਬ੍ਰਿਡ) ਉੱਤੇ ਸਬਸਿਡੀ ਲੈ ਸਕਦਾ ਹੈ।
- ਜੇਕਰ ਕਿਸੇ ਕਿਸਾਨ ਦਾ ਵੇਰਵਾ ਅਨਾਜ ਖਰੀਦ ਪੋਰਟਲ ਤੇ ਅੱਪਲੋਡ ਨਹੀਂ ਹੈ, ਤਾਂ ਉਹ ਕਿਸਾਨ ਪੋਰਟਲ ਤੇ ਦਰਸਾਏ ਅਨੁਸਾਰ **New Registration** ਕਰਕੇ ਅਪਲਾਈ ਕਰ ਸਕਦਾ ਹੈ।
- ਨਰਮਾ ਕਾਸ਼ਤਕਾਰ ਕਿਸਾਨ ਸਬਸਿਡੀ ਲੈਣ ਲਈ ਮਿਤੀ 31-05-2025 ਸ਼ਾਮ 5 ਵਜੇ ਤੱਕ ਅਰਜ਼ੀ ਆਨਲਾਈਨ ਪੋਰਟਲ ਤੇ ਦੇ ਸਕਦੇ ਹਨ।



**ਵਧੇਰੇ ਜਾਣਕਾਰੀ ਲਈ ਕਿਸਾਨ ਵੀਰ ਆਪਣੇ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫਸਰ ਨਾਲ ਸੰਪਰਕ ਕਰ ਸਕਦੇ ਹਨ:**

| | | |
|---|---|---|
| ਅੰਮ੍ਰਿਤਸਰ 77983-10001 | ਲੁਧਿਆਣਾ 98728-00575 | ਰੋਪੜ 78885-67518 |
| ਬਰਨਾਲਾ 98157-25699 | ਜਲੰਧਰ 98149-43333 | ਸੰਗਰੂਰ 88720-10028 |
| ਬਠਿੰਡਾ 88720-10029 | ਕਪੂਰਥਲਾ 95920-94002 | ਐਸ.ਏ.ਐਸ.ਨਗਰ 98723-04259 |
| ਫਰੀਦਕੋਟ 81462-00703 | ਮਾਨਸਾ 98964-01313 | ਤਰਨ ਤਾਰਨ 95010-30016 |
| ਫਤਿਹਗੜ੍ਹ ਸਾਹਿਬ 99148-22501 | ਫਾਜਿਲਕਾ 70097-69913 | ਮੋਗਾ 94651-00101 |
| ਫਿਰੋਜ਼ਪੁਰ 98140-07884 | ਪਠਾਨਕੋਟ 98552-26781 | ਸ੍ਰੀ ਮੁਕਤਸਰ ਸਾਹਿਬ 98720-25038 |
| ਗੁਰਦਾਸਪੁਰ 94630-71919 | ਪਟਿਆਲਾ 98147-31147 | ਮਲੇਰਕੋਟਲਾ 88720-10028 |
| ਹੁਸ਼ਿਆਰਪੁਰ 88720-26514 | ਸ਼ਹੀਦ ਭਗਤ ਸਿੰਘ ਨਗਰ 98148-00161 | |

ਜਾਰੀ ਕਰਤਾ : ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ

## ਸੰਪਾਦਕੀ

# ਠੋਸ ਕਾਰਵਾਈ ਦੀ ਲੋੜ

ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਸੈਲਾਨੀਆਂ 'ਤੇ ਹੋਏ ਅੱਤਵਾਦੀ ਹਮਲੇ ਦੀ ਪ੍ਰਕਿਰਤੀ ਅਜਿਹੀ ਹੈ ਕਿ ਭਾਰਤ ਸਰਕਾਰ ਨੂੰ ਇਸ ਮੁੱਦੇ 'ਤੇ ਠੋਸ ਕਾਰਵਾਈ ਕਰਨਾ ਸਮੇਂ ਦੀ ਲੋੜ ਹੈ। ਇਸ ਲਈ ਸੁਭਾਵਿਕ ਹੈ ਕਿ ਭਾਰਤ ਨੇ ਇਸ ਬਰਬਰ ਘਟਨਾ ਤੋਂ ਬਾਅਦ ਸਖ਼ਤ ਕਾਰਵਾਈ ਕਰਕੇ ਪਾਕਿਸਤਾਨ ਨੂੰ ਸਪੱਸ਼ਟ ਸੰਦੇਸ਼ ਦਿੱਤਾ ਹੈ। ਇਹ ਸਭ ਜਾਣਿਆ-ਪਛਾਣਿਆ ਤੱਥ ਹੈ ਕਿ ਭਾਰਤ ਵਿੱਚ ਅੱਤਵਾਦੀ ਗਤੀਵਿਧੀਆਂ ਪਿੱਛੇ ਪਾਕਿਸਤਾਨ ਨੇ ਕੀ ਭੂਮਿਕਾ ਨਿਭਾਈ ਹੈ। ਇਸ ਲਈ ਭਾਰਤ ਹੁਣ ਅੱਤਵਾਦ ਅਤੇ ਇਸ ਦਾ ਸਮਰਥਨ ਕਰਨ ਵਾਲੇ ਦੇਸ਼ਾਂ ਵਿਰੁੱਧ ਨੀਤੀਗਤ ਪੱਧਰ 'ਤੇ ਠੋਸ ਕਦਮ ਚੁੱਕਣ ਲਈ ਮਜਬੂਰ ਹੈ। ਇਸ ਸਿਲਸਿਲੇ 'ਚ ਵੀਰਵਾਰ ਨੂੰ ਭਾਰਤ ਨੇ ਪਾਕਿਸਤਾਨ ਦੇ ਖਿਲਾਫ ਕਈ ਸਖਤ ਕਦਮ ਚੁੱਕਣ ਦਾ ਐਲਾਨ ਕੀਤਾ। ਇਨ੍ਹਾਂ 'ਚ ਪਾਕਿਸਤਾਨੀ ਨਾਗਰਿਕਾਂ ਲਈ ਵੀਜ਼ੇ 'ਤੇ ਪਾਬੰਦੀ, ਦੂਤਾਵਾਸ 'ਚ ਡਿਪਲੋਮੈਟਿਕ ਸਟਾਫ ਦੀ ਗਿਣਤੀ 'ਚ ਕਟੌਤੀ, ਅਟਾਰੀ-ਵਾਹਗਾ ਸਰਹੱਦ ਨੂੰ ਬੰਦ ਕਰਨਾ ਅਤੇ ਸਭ ਤੋਂ ਮਹੱਤਵਪੂਰਨ ਛੇ ਦਹਾਕੇ ਪੁਰਾਣੀ ਸਿੰਧੂ ਜਲ ਸੰਧੀ ਨੂੰ ਲਾਗੂ ਕਰਨ ਨੂੰ ਮੁਅੱਤਲ ਕਰਨਾ ਸ਼ਾਮਲ ਹੈ। ਜ਼ਾਹਿਰ ਹੈ ਕਿ ਭਾਰਤ ਵੱਲੋਂ ਅੱਤਵਾਦ ਵਿਰੁੱਧ ਚੁੱਕੇ ਗਏ ਇਨ੍ਹਾਂ ਕਦਮਾਂ ਨੂੰ ਪਾਕਿਸਤਾਨ ਨਾਪਸੰਦ ਕਰੇਗਾ, ਪਰ ਸੱਚਾਈ ਇਹ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਭਾਰਤ 'ਚ ਅੱਤਵਾਦ ਦੀ ਸਮੱਸਿਆ ਨੂੰ ਹੋਰ ਪੇਚੀਦਾ ਬਣਾਉਣ 'ਚ ਪਾਕਿਸਤਾਨ ਦੀ ਭੂਮਿਕਾ ਨੇ ਕਈ ਪੱਧਰਾਂ 'ਤੇ ਸਮੱਸਿਆਵਾਂ ਪੈਦਾ ਕੀਤੀਆਂ ਹਨ। ਦੂਜੇ ਪਾਸੇ ਪਾਕਿਸਤਾਨ ਨੇ ਅੱਤਵਾਦ ਨੂੰ ਹੱਲਾਸ਼ੇਰੀ ਦੇਣ 'ਚ ਆਪਣੀ ਭੂਮਿਕਾ 'ਤੇ ਸ਼ਰਮਿੰਦਾ ਹੋਣ ਦੀ ਬਜਾਏ ਆਮ ਤੌਰ 'ਤੇ ਇਸ ਮੁੱਦੇ 'ਤੇ ਆਪਣੀ ਜ਼ਿੱਦ ਦਾ ਪ੍ਰਦਰਸ਼ਨ ਕੀਤਾ ਹੈ। ਇਸ ਵਾਰ ਵੀ ਜਦੋਂ ਭਾਰਤ ਨੇ ਕੁਝ ਸਖ਼ਤੀ ਦਿਖਾਈ ਤਾਂ ਅਸਲੀਅਤ ਨੂੰ ਮੰਨਣ ਦੀ ਬਜਾਏ ਪਾਕਿਸਤਾਨ ਨੇ ਜਵਾਬੀ ਕਾਰਵਾਈ ਵਜੋਂ ਭਾਰਤ ਨਾਲ ਦੁਵੱਲੇ ਸ਼ਿਮਲਾ ਸਮਝੌਤੇ ਨੂੰ ਮੁਅੱਤਲ ਕਰਨ, ਹਵਾਈ ਖੇਤਰ ਅਤੇ ਸਰਹੱਦਾਂ ਬੰਦ ਕਰਨ ਵਰਗੇ ਕੁਝ ਕਦਮ ਚੁੱਕਣ ਦਾ ਐਲਾਨ ਕਰ ਦਿੱਤਾ। ਸਵਾਲ ਇਹ ਹੈ ਕਿ ਪਾਕਿਸਤਾਨ ਅਜਿਹਾ ਕਰਕੇ ਕੀ ਸਾਬਤ ਕਰਨਾ ਚਾਹੁੰਦਾ ਹੈ। ਪਹਿਲਗਾਮ 'ਚ ਅੱਤਵਾਦੀ ਹਮਲਾ ਅੱਤਵਾਦੀਆਂ ਦੀ ਆਪਣੇ ਏਜੰਡੇ ਨੂੰ ਹਾਸਲ ਕਰਨ ਲਈ ਬੇਰਹਿਮੀ ਦੀ ਹਰ ਹੱਦ ਪਾਰ ਕਰਨ ਦੀ ਇੱਛਾ ਦਾ ਪ੍ਰਮਾਣ ਹੈ। ਨਹੀਂ ਤਾਂ ਕੀ ਕਾਰਨ ਹੈ ਕਿ ਅੱਤਵਾਦੀਆਂ ਨੂੰ ਉਨ੍ਹਾਂ ਸੈਲਾਨੀਆਂ ਨੂੰ ਵੀ ਮਾਰਨ ਤੋਂ ਕੋਈ ਝਿਜਕ ਨਹੀਂ ਸੀ ਜੋ ਕੁਦਰਤ ਦੀ ਸੁੰਦਰਤਾ ਵਿਚ ਘੁੰਮਣ ਅਤੇ ਕੁਝ ਖੁਸ਼ੀ ਦੇ ਪਲ ਬਿਤਾਉਣ ਦੇ ਇਕੋ ਇਕ ਮਕਸਦ ਨਾਲ ਕਸ਼ਮੀਰ ਗਏ ਸਨ। ਇਸ ਹਮਲੇ ਦਾ ਸਿੱਧਾ ਅਸਰ ਜੰਮੂ-ਕਸ਼ਮੀਰ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ 'ਤੇ ਪਿਆ ਹੈ। ਸਵਾਲ ਇਹ ਹੈ ਕਿ ਅਜਿਹੇ ਅੱਤਿਆਚਾਰਾਂ ਨੂੰ ਅੰਜ਼ਾਮ ਦੇ ਕੇ ਅੱਤਵਾਦੀ ਕਿਸ ਦੇ ਹਿੱਤ ਵਿੱਚ ਕੰਮ ਕਰ ਰਹੇ ਹਨ। ਭਾਰਤ ਸਮੇਂ-ਸਮੇਂ 'ਤੇ ਅੱਤਵਾਦ ਨੂੰ ਹੱਲਾਸ਼ੇਰੀ ਦੇਣ ਲਈ ਪਾਕਿਸਤਾਨ ਨੂੰ ਅੰਤਰਰਾਸ਼ਟਰੀ ਮੰਚਾਂ 'ਤੇ ਸਬੂਤਾਂ ਦੇ ਨਾਲ ਕਟਹਿਰੇ 'ਚ ਖੜ੍ਹਾ ਕਰਦਾ ਰਿਹਾ ਹੈ। ਪਰ ਹਰ ਵਾਰ ਪਾਕਿਸਤਾਨ ਇਸ ਨੂੰ ਮਹਿਜ਼ ਇਲਜ਼ਾਮ ਦੱਸਦਾ ਹੈ। ਉਧਰ ਭਾਰਤੀ ਸਰਹੱਦਾਂ ਵਿੱਚ ਘੁਸਪੈਠ ਤੋਂ ਲੈ ਕੇ ਆਏ ਦਿਨ ਹੋ ਰਹੇ ਅੱਤਵਾਦੀ ਹਮਲਿਆਂ ਤੱਕ ਪਾਕਿਸਤਾਨ ਦੀ ਸਰਪ੍ਰਸਤੀ ਦੇ ਤੱਥ ਸਾਹਮਣੇ ਆਉਂਦੇ ਰਹੇ ਹਨ। ਇਸ ਸਮੇਂ ਪਾਕਿਸਤਾਨ ਜਲ ਸੰਕਟ ਨਾਲ ਜੂਝ ਰਿਹਾ ਹੈ ਅਤੇ ਅਜਿਹੇ 'ਚ ਜੇਕਰ ਭਾਰਤ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਦਾ ਐਲਾਨ ਕਰਦਾ ਹੈ ਤਾਂ ਇਸ ਨਾਲ ਪਾਕਿਸਤਾਨ ਦੀਆਂ ਮੁਸ਼ਕਲਾਂ ਵੱਧ ਜਾਣਗੀਆਂ। ਪਹਿਲਗਾਮ 'ਚ ਸੈਲਾਨੀਆਂ 'ਤੇ ਅੰਨ੍ਹੇਵਾਹ ਗੋਲੀਬਾਰੀ ਅਤੇ ਇਸ 'ਚ ਕਈ ਲੋਕਾਂ ਦੀ ਮੌਤ ਤੋਂ ਬਾਅਦ ਭਾਰਤ ਵੱਲੋਂ ਐਲਾਨੀ ਗਈ ਸਖ਼ਤ ਕਾਰਵਾਈ ਸਪੱਸ਼ਟ ਸੰਦੇਸ਼ ਦਿੰਦੀ ਹੈ ਕਿ ਜੇਕਰ ਪਾਕਿਸਤਾਨ ਅੱਤਵਾਦ ਰਾਹੀਂ ਭਾਰਤ ਨੂੰ ਅਸਥਿਰ ਕਰਨ ਵਾਲੇ ਅਤੇ ਬੇਕਸੂਰ ਲੋਕਾਂ ਨੂੰ ਮਾਰਨ ਵਾਲੇ ਅੱਤਵਾਦੀ ਸੰਗਠਨਾਂ ਦੀ ਹਮਾਇਤ ਅਤੇ ਹੱਲਾਸ਼ੇਰੀ ਜਾਰੀ ਰੱਖਦਾ ਹੈ ਤਾਂ ਉਸ ਨੂੰ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਚਾਹੀਦਾ ਹੈ।

**-ਜਗਜੀਤ ਸਿੰਘ ਦਰਦੀ**

# ਜਥੇਦਾਰ ਲਾਉਣ ਦਾ ਮਾਮਲਾ ਅਦਾਲਤ 'ਚ ਪੁੱਜਾ

**ਕਮਲਜੀਤ ਸਿੰਘ ਬਨਵੈਤ**
98147 34035



ਸਰਬ ਉੱਚ ਸਿੱਖ ਸੰਸਥਾਵਾਂ ਨੂੰ ਪਿਛਲੇ ਸਮੇਂ ਦੌਰਾਨ ਵੱਡੀ ਢਾਹ ਲੱਗੀ ਹੈ। ਇਹਨਾਂ ਸੰਸਥਾਵਾਂ ਉੱਤੇ ਬਿਰਾਜਮਾਨ ਸ਼ਖ਼ਸੀਅਤਾਂ ਦਾ ਮਾਣ ਸਨਮਾਨ ਵੀ ਘਟਿਆ ਹੈ। ਕੋਈ ਸਮਾਂ ਸੀ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਪੰਥਕ ਸਰਕਾਰ ਦੇ ਮੁੱਖ ਮੰਤਰੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਦਿੱਲੀ ਤੱਕ ਪੈਂਠ ਹੁੰਦੀ ਸੀ। ਅੱਜ ਹਾਲਾਤ ਇੱਥੋਂ ਤੱਕ ਨਿਰਾਸ਼ਾਜਨਕ ਹੋ ਗਏ ਹਨ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਮੁਲਕ ਦੇ ਪ੍ਰਧਾਨ ਮੰਤਰੀ ਜਾਂ ਗ੍ਰਹਿ ਮੰਤਰੀ ਤੋਂ ਮੁਲਾਕਾਤ ਲਈ ਸਮਾਂ ਨਹੀਂ ਦਿੱਤਾ ਜਾ ਰਿਹਾ ਹੈ। ਬੰਦੀ ਸਿੰਘਾਂ ਦੀ ਰਿਹਾਈ ਨੂੰ ਲੈ ਕੇ ਹਾਲਾਂਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਅਗਵਾਈ ਵਿੱਚ ਮੁਲਕ ਦੇ ਵੱਡੇ ਹਾਕਮਾਂ ਤੋਂ ਸਮਾਂ ਮੰਗਿਆ ਗਿਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਡਿਪਟੀ ਕਮਿਸ਼ਨਰ ਨੂੰ ਮਿਲਣ ਜਾਣ ਲਈ ਸਮਾਂ ਲੈਣਾ ਪੈ ਰਿਹਾ ਹੈ। ਇਹਦੇ ਲਈ ਜ਼ਿੰਮੇਵਾਰ ਕਿਸੇ ਇੱਕ ਨੂੰ ਨਹੀਂ ਸਗੋਂ ਸਮੁੱਚੀ ਸਿੱਖ ਲੀਡਰਸ਼ਿਪ ਨੂੰ ਠਹਿਰਾਇਆ ਜਾਣਾ ਬਣਦਾ ਹੈ। ਪਿਛਲੇ ਇੱਕ ਸਾਲ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਦਾਗੀ ਅਤੇ ਬਾਗੀ ਧੜੇ ਵਿੱਚ ਵੰਡੇ ਜਾਣ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਦੂਜੇ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਨੂੰ ਜ਼ਲੀਲ ਕਰਕੇ ਅਹੁਦਿਆਂ ਤੋਂ ਲਾਂਭੇ ਕੀਤਾ ਗਿਆ ਹੈ। ਇਸ ਵਰਤਾਰੇ ਤੋਂ ਬਾਅਦ ਜਿਸ ਦਾ ਡਰ ਸੀ ਉਹ ਸਾਹਮਣੇ ਆ ਗਿਆ।

ਸ੍ਰੀ ਅੰਮ੍ਰਿਤਸਰ ਸਾਹਿਬ ਦੇ ਇੱਕ ਵਸਨੀਕ ਗੁਰਮੁੱਖ ਸਿੰਘ ਨੇ ਚੰਡੀਗੜ੍ਹ ਦੀ ਇੱਕ ਅਦਾਲਤ ਵਿੱਚ ਪਟੀਸ਼ਨ ਦਾਇਰ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿਯੁਕਤੀ ਨੂੰ ਚੁਣੌਤੀ ਦੇ ਦਿੱਤੀ ਹੈ। ਜ਼ਿਲ੍ਹਾ ਕਚਹਿਰੀਆਂ ਦੇ ਸਿਵਲ ਜੱਜ ਜੂਨੀਅਰ ਡਵੀਜ਼ਨ ਨੇ ਪਟੀਸ਼ਨ 'ਤੇ ਕਾਰਵਾਈ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਕੇਂਦਰ ਸਰਕਾਰ ਤੋਂ ਜਵਾਬਨਾਮਾ ਤਲਬ ਕਰ ਲਿਆ ਹੈ। ਪਟੀਸ਼ਨ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਆਪਣੀ ਮਨਮਰਜ਼ੀ ਨਾਲ ਸਿੱਖ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿਯੁਕਤੀ ਕਰਨ ਅਤੇ ਉਨ੍ਹਾਂ ਨੂੰ ਅਹੁਦੇ ਤੋਂ ਪਾਸੇ ਕਰਨ ਉੱਤੇ ਰੋਕ ਲਾਉਣ ਦੀ ਮੰਗ ਕੀਤੀ ਗਈ ਹੈ। ਪਟੀਸ਼ਨ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿਛਲੇ ਦਿਨੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਗਿਆਨੀ ਸੁਲਤਾਨ ਸਿੰਘ ਨੂੰ ਹਟਾਏ ਜਾਣ 'ਤੇ ਉਹਨਾਂ ਦੀ ਥਾਂ ਨਵੇਂ ਜਥੇਦਾਰਾਂ ਦੀਆਂ ਕੀਤੀਆਂ ਨਿਯੁਕਤੀਆਂ ਦਾ ਹਵਾਲਾ ਦਿੱਤਾ ਗਿਆ ਹੈ।

ਦੋ ਹੋਰ ਸਿੱਖ ਤਖ਼ਤਾਂ ਜਿਹਨਾਂ ਵਿੱਚ ਤਖ਼ਤ ਸ੍ਰੀ ਪਟਨਾ ਸਾਹਿਬ ਅਤੇ ਹਜ਼ੂਰ ਸਾਹਿਬ ਸ਼ਾਮਿਲ ਹਨ, ਦੀ ਨਿਯੁਕਤੀ ਵੱਖਰੀ ਪ੍ਰਬੰਧਕ ਕਮੇਟੀ ਵੱਲੋਂ ਕੀਤੀ ਜਾਂਦੀ ਹੈ। ਪਟੀਸ਼ਨ ਵਿੱਚ ਪਿਛਲੇ ਦਿਨੀਂ ਤਿੰਨ ਜਥੇਦਾਰਾਂ ਜਿਨ੍ਹਾਂ ਵਿੱਚ ਵਿਸ਼ੇਸ਼ ਤੌਰ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦਾ ਜ਼ਿਕਰ ਕੀਤਾ ਗਿਆ ਹੈ, ਨੂੰ ਆਧਾਰ ਬਣਾਇਆ ਗਿਆ ਹੈ। ਅਦਾਲਤ ਵੱਲੋਂ ਚੰਡੀਗੜ੍ਹ ਦੇ ਗ੍ਰਹਿ ਸਕੱਤਰ ਰਾਹੀਂ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ।

ਪਟੀਸ਼ਨ ਵਿੱਚ ਸਿੱਖ ਗੁਰਦੁਆਰਾ ਐਕਟ 1925 ਦੇ ਆਰਟੀਕਲ 25 ਅਤੇ 26 ਦੇ ਤਹਿਤ ਨਵੇਂ ਜਥੇਦਾਰਾਂ ਦੀਆਂ ਨਿਯੁਕਤੀਆਂ ਨੂੰ ਰੱਦ ਕਰਨ ਦੀ ਮੰਗ ਕੀਤੀ ਗਈ ਹੈ। ਪਟੀਸ਼ਨਰ ਗੁਰਮੁੱਖ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਸਿੱਖ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰਨ ਦਾ ਦੋਸ਼ ਲਾਇਆ ਹੈ।

ਪਟੀਸ਼ਨ ਵਿੱਚ ਇਹ ਕਿਹਾ ਗਿਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 1920 ਨੂੰ ਹੋਂਦ ਵਿੱਚ ਆਈ ਸੀ ਅਤੇ ਇਸ ਦਾ ਮਕਸਦ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਦੇਖਣਾ ਸੀ, ਨਾ ਕਿ ਜਥੇਦਾਰ ਸਾਹਿਬਾਨਾਂ ਦੀ ਨਿਯੁਕਤੀ ਜਾਂ ਉਹਨਾਂ ਨੂੰ ਹਟਾਉਣ ਦਾ ਅਧਿਕਾਰ ਦਿੱਤਾ ਗਿਆ ਸੀ। ਪਟੀਸ਼ਨ ਮੁਤਾਬਕ ਸ਼੍ਰੋਮਣੀ ਕਮੇਟੀ ਸੰਵਿਧਾਨ ਤੋਂ ਬਾਹਰ ਜਾ ਕੇ ਕੰਮ ਕਰ ਰਹੀ ਹੈ। ਪਟੀਸ਼ਨ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਜਥੇਦਾਰ ਕਿਸੇ ਕੌਮ ਦੇ ਅਧਿਆਤਮਕ ਲੀਡਰ ਹੁੰਦੇ ਹਨ ਅਤੇ ਇਹਨਾਂ ਨੂੰ ਅੰਮ੍ਰਿਤਧਾਰੀ ਭਾਈਚਾਰੇ ਦੀ ਸਹਿਮਤੀ ਨਾਲ ਚੁਣਨ ਦਾ ਅਧਿਕਾਰ ਹੁੰਦਾ ਹੈ। ਅਦਾਲਤ ਨੇ ਪਟੀਸ਼ਨਰ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਕਿਹਾ ਕਿ ਇਸ ਸਟੇਜ ਉੱਤੇ ਕਿਸੇ ਤਰ੍ਹਾਂ ਦਾ ਵੀ ਫੈਸਲਾ ਸੁਣਾਉਣਾ ਸੰਭਵ ਨਹੀਂ ਹੈ ਪਰ ਅਦਾਲਤ ਨੇ ਕੇਸ ਨੂੰ ਸੁਣਵਾਈ ਲਈ ਪ੍ਰਵਾਨ ਕਰ ਲਿਆ ਹੈ। ਹੁਣ ਕੇਸ ਦੀ ਅਗਲੀ ਸੁਣਵਾਈ 19 ਮਈ ਲਈ ਮੁਕੱਰਰ ਕਰ ਦਿੱਤੀ ਗਈ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲਈ ਅਦਾਲਤੀ ਗੇੜੇ ਕੋਈ ਨਵੀਂ ਗੱਲ ਨਹੀਂ ਹੈ। ਪਰ ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਨੂੰ ਲੈ ਕੇ ਪਹਿਲੀ ਵਾਰ ਹੈ ਜਦੋਂ ਕੇਸ ਅਦਾਲਤ ਵਿੱਚ ਗਿਆ ਹੋਵੇ। ਸਿੱਖ ਪੰਥ ਵਿੱਚ ਚੱਲ ਰਹੇ ਸੰਕਟ ਨੂੰ ਲੈ ਕੇ ਵਿਸ਼ਵ ਦਾ ਸਿੱਖ ਭਾਈਚਾਰਾ ਪਹਿਲਾਂ ਹੀ ਅਜਿਹੇ ਖਦਸ਼ੇ ਵਿੱਚ ਸੀ। ਤਖ਼ਤ ਸਾਹਿਬਾਨਾਂ ਦੇ ਜਥੇਦਾਰਾਂ ਦੀ ਨਿਯੁਕਤੀ ਅਤੇ ਉਹਨਾਂ ਨੂੰ ਹਟਾਉਣ ਦਾ ਅਧਿਕਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਦੇ ਕੋਲ ਹੈ। ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਜਦੋਂ ਅੰਤਰਿਗ ਕਮੇਟੀ ਵੱਲੋਂ ਹਟਾਇਆ ਗਿਆ ਸੀ ਤਦ ਉਸ ਵੇਲੇ ਦੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵਰਜ ਵੀ ਦਿੱਤਾ ਸੀ। ਉਹਨਾਂ ਦਾ ਕਹਿਣਾ ਸੀ ਕਿ ਕਿਸੇ ਵੀ ਜਥੇਦਾਰ ਦੇ ਖਿਲਾਫ ਕਾਰਵਾਈ ਕਰਨ ਦਾ ਅਖਤਿਆਰ ਕੇਵਲ ਤੇ ਕੇਵਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਕੋਲ ਹੈ। ਬਾਵਜੂਦ ਇਸ ਦੇ ਗਿਆਨੀ ਹਰਪ੍ਰੀਤ ਸਿੰਘ ਉੱਤੇ ਗੰਭੀਰ ਦੋਸ਼ ਲਾ ਕੇ ਉਹਨਾਂ ਨੂੰ ਅਹੁਦੇ ਤੋਂ ਲਾਂਭੇ ਕਰ ਦਿੱਤਾ ਗਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰਾਂ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਸੁਲਤਾਨ ਸਿੰਘ ਨੂੰ ਵੀ ਸ਼੍ਰੋਮਣੀ ਕਮੇਟੀ ਦੀ ਕਾਰਜਕਾਰਨੀ ਵੱਲੋਂ ਹਟਾਇਆ ਗਿਆ ਸੀ। ਵੱਡੀ ਗੱਲ ਇਹ ਹੈ ਕਿ ਉਸ ਵੇਲੇ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੀ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਸਨ। ਕਾਰਜਕਾਰਨੀ ਕਮੇਟੀ ਦੀ ਪ੍ਰਧਾਨਗੀ ਕੰਮ ਚਲਾਊ ਪ੍ਰਧਾਨ ਰਘੂਜੀਤ ਸਿੰਘ ਵਿਰਕ ਨੇ ਕੀਤੀ ਸੀ। ਉਸ ਤੋਂ ਬਾਅਦ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਜਦੋਂ ਮੁੜ ਆਪਣੇ ਪੁਰਾਣੇ ਅਹੁਦੇ 'ਤੇ ਪਰਤ ਆਏ ਤਾਂ ਉਹਨਾਂ ਨੇ ਜਥੇਦਾਰਾਂ ਦੀ ਨਿਯੁਕਤੀ ਲਈ ਇੱਕ ਵਿਧੀ ਵਿਧਾਨ ਬਣਾਉਣ ਦਾ ਐਲਾਨ ਕਰ ਦਿੱਤਾ ਸੀ, ਜਿਸ ਵਾਸਤੇ ਸੁਝਾਅ ਮੰਗੇ ਗਏ ਸਨ। ਪਤਾ ਲੱਗਾ ਹੈ ਕਿ 20 ਅਪ੍ਰੈਲ ਤੱਕ ਸੁਝਾਅ ਨਾਮਾਤਰ ਮਿਲਣ ਤੋਂ ਬਾਅਦ ਹੁਣ ਤਰੀਕ 20 ਮਈ ਤੱਕ ਵਧਾ ਦਿੱਤੀ ਗਈ ਹੈ। ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤਾਂ ਇੱਕ ਵਿਅਕਤੀ ਇੱਕ ਅਹੁਦੇ ਉੱਤੇ ਵੀ ਕੰਮ ਕਰਨਾ ਚਾਹੁੰਦੇ ਹਨ, ਉਹਨਾਂ ਦਾ ਭਾਵ ਹੈ ਕਿ ਇੱਕ ਜਥੇਦਾਰ ਕੇਵਲ ਇੱਕ ਹੀ ਤਖ਼ਤ ਦਾ ਮੁਖੀ ਹੋਣਾ ਚਾਹੀਦੈ। ਹਾਲਾਂਕਿ ਗਿਆਨੀ ਹਰਪ੍ਰੀਤ ਸਿੰਘ ਪੰਜ ਸਾਲਾਂ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਵਜੋਂ ਸੇਵਾ ਨਿਭਾਉਂਦੇ ਰਹੇ ਹਨ। ਕਿਸ ਵੇਲੇ ਵੀ ਗਿਆਨੀ ਕੁਲਦੀਪ ਸਿੰਘ ਗੜਗੱਜ ਜਿਹੜੇ ਕਿ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਨਿਯੁਕਤ ਕੀਤੇ ਗਏ ਸਨ, ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਰਜ਼ੀ ਤੌਰ ਉੱਤੇ ਸੇਵਾ ਸੰਭਾਲ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਸੂਤਰ ਦੱਸਦੇ ਹਨ ਕਿ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਉਹਨਾਂ ਦੀ ਗੈਰ ਹਾਜ਼ਰੀ ਵਿੱਚ ਨਿਯੁਕਤ ਕੀਤੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਦੀ ਸੁਰ ਨਹੀਂ ਮਿਲਦੀ ਹੈ ਜਿਸ ਕਰਕੇ ਉਹ ਵਿਧੀ ਵਿਧਾਨ ਤਿਆਰ ਕੀਤੇ ਜਾਣ ਤੋਂ ਪਹਿਲਾਂ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਵੇਂ ਜਥੇਦਾਰ ਦੀ ਨਿਯੁਕਤੀ ਦੀ ਕਾਹਲੀ ਵਿੱਚ ਹਨ। ਸੂਤਰ ਤਾਂ ਇਹ ਵੀ ਦਾਅਵਾ ਕਰਦੇ ਹਨ ਕਿ ਐਡਵੋਕੇਟ ਧਾਮੀ ਅਤੇ ਜਥੇਦਾਰ ਗੜਗੱਜ ਦੀ ਸਿਰਫ ਦੁਆ ਸਲਾਮ ਹੀ ਹੁੰਦੀ ਹੈ। ਇੱਥੇ ਇਹ ਦੱਸਣਾ ਵੀ ਜ਼ਰੂਰੀ ਹੋਵੇਗਾ ਕਿ ਗੜਗੱਜ ਦੀ ਨਿਯੁਕਤੀ ਵੇਲੇ ਵਿਰੋਧ ਹੋਣਾ ਸ਼ੁਰੂ ਹੋ ਗਿਆ ਸੀ ਅਤੇ ਹੁਣ ਵੀ ਉਨ੍ਹਾਂ ਨੂੰ ਪੰਥ ਪ੍ਰਵਾਨਤ ਜਥੇਦਾਰ ਨਹੀਂ ਮੰਨਿਆ ਜਾਂਦਾ ਹੈ। ਉਹਨਾਂ ਨੂੰ ਹਟਾਉਣ ਅਤੇ ਹਟਾਏ ਗਏ ਤਿੰਨ ਜਥੇਦਾਰਾਂ ਨੂੰ ਪੂਰੇ ਮਾਨ ਸਨਮਾਨ ਨਾਲ ਸੇਵਾ ਮੁਕਤ ਕਰਨ ਦੀ ਮੰਗ ਨੂੰ ਲੈ ਕੇ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਵੱਲੋਂ 27 ਅਪ੍ਰੈਲ ਤੱਕ ਦੀ ਮੋਹਲਤ ਦਿੱਤੀ ਗਈ ਹੈ। ਇਹ ਪਹਿਲੀ ਵਾਰ ਨਹੀਂ ਜਦੋਂ ਸ੍ਰੀ ਅਕਾਲ ਤਖ਼ਤ ਸਾਹਿਬ ਨਾਲ ਕੋਈ ਜੁੜਿਆ ਮਾਮਲਾ ਅਦਾਲਤ ਵਿੱਚ ਪੁੱਜਿਆ ਹੈ। ਇਸ ਤੋਂ ਪਹਿਲਾਂ ਜਦੋਂ ਰੋਜ਼ਾਨਾ ਸਪੋਕਸਮੈਨ ਅਖ਼ਬਾਰ ਦੇ ਸੰਪਾਦਕ ਜੋਗਿੰਦਰ ਸਿੰਘ ਨੂੰ ਪੰਥ ਵਿੱਚੋਂ ਛੇਕਿਆ ਸੀ ਤਦ ਵੀ ਉਹਨਾਂ ਨੇ ਫੈਸਲੇ ਨੂੰ ਅਦਾਲਤ ਵਿੱਚ ਚੁਣੌਤੀ ਦੇ ਦਿੱਤੀ ਸੀ। ਚਿੰਤਕ ਅਤੇ ਲੇਖਕ ਐਚ ਐਸ ਦਲਗੀਰ ਨਾਲ ਸਬੰਧਤ ਮਾਮਲਾ ਵੀ ਅਦਾਲਤ ਵਿੱਚ ਪੁੱਜ ਗਿਆ ਸੀ, ਵਰਜ ਦਿੱਤਾ ਸੀ। ਸਿੱਖ ਭਾਈਚਾਰਾ, ਸਿੱਖ ਸਿਆਸਤ, ਸਿੱਖ ਧਰਮ ਇਥੋਂ ਤੱਕ ਕਿ ਤਖ਼ਤ ਸਾਹਿਬਾਨਾਂ ਦੇ ਜਥੇਦਾਰ ਪਹਿਲਾਂ ਹੀ ਡੂੰਘੇ ਸੰਕਟ ਵਿੱਚੋਂ ਦੀ ਲੰਘ ਰਹੇ ਹਨ। ਅਦਾਲਤ ਵਿੱਚ ਕੇਸ ਜਾਣ ਨਾਲ ਉਹ ਕੁਝ ਵਾਪਰ ਗਿਆ ਹੈ, ਜਿਹੜਾ ਨਹੀਂ ਸੀ ਵਾਪਰਨਾ ਚਾਹੀਦਾ। ਸਿੱਖ ਪਹਿਲਾਂ ਹੀ ਚੱਲ ਰਹੇ ਸੰਕਟ ਨੂੰ ਲੈ ਕੇ ਨਿਰਾਸ਼ਾ ਦੇ ਆਲਮ ਵਿੱਚੋਂ ਦੀ ਗੁਜ਼ਰ ਰਹੇ ਹਨ। ਤਵੱਕੋਂ ਤਾਂ ਸੰਕਟ ਵਿੱਚੋਂ ਬਾਹਰ ਨਿਕਲਣ ਦੀ ਕੀਤੀ ਜਾ ਰਹੀ ਸੀ ਪਰ ਅਦਾਲਤੀ ਘੁੰਮਣਘੇਰੀਆਂ ਦੇ ਨਵੇਂ ਚੱਕਰ 'ਚ ਲੈ ਲਿਆ ਹੈ। ਰੱਬ ਸਭ ਨੂੰ ਸੁਮੱਤ ਦੇਵੇ। ਉੱਪਰ ਵਾਲਾ ਲੋਕਾਂ ਵਿਸ਼ੇਸ਼ ਕਰਕੇ ਕੌਮ ਦੇ ਲੀਡਰਾਂ ਦੇ ਮਨਾਂ ਵਿੱਚ ਵੱਸ ਜਾਵੇ ਤਦ ਹੀ ਕੌਮ ਦੇ ਭਲੇ ਦੀ ਆਸ ਰੱਖੀ ਜਾ ਸਕੇਗੀ। ਨਹੀਂ ਤਾਂ ਸਿੱਖਾਂ ਦਾ ਰੱਬ ਹੀ ਬੇਲੀ।

## ਅੱਜ ਹੋਵੇਗੀ ਪੋਪ ਫਰਾਂਸਿਸ ਦੀ ਅੰਤਿਮ ਵਿਦਾਇਗੀ

# ਸੱਭਿਅਤਾਵਾਂ ਦੇ ਅਜੋਕੇ ਦਵੰਦ ਨੂੰ ਆਦਮੀ ਦੀ ਸੰਘਰਸ਼ ਕਥਾ ਮੰਨਦੇ ਸਨ ਪੋਪ ਫਰਾਂਸਿਸ



**ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ**
ਮੋ: 9478730156
ਉਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਕੈਥੋਲਿਕ ਈਸਾਈ ਧਰਮ ਦੇ ਸਭ ਤੋਂ ਵੱਡੇ ਧਰਮ ਆਗੂ ਪੋਪ ਫਰਾਂਸਿਸ ਨੂੰ ਅੱਜ ਵੈਟੀਕਨ ਦੇ ਪਵਿੱਤਰ ਸ਼ਹਿਰ ਵਿੱਚ ਆਖਰੀ ਰਸਮਾਂ ਦੇ ਨਾਲ ਪੂਰੀ ਦੁਨੀਆਂ ਦੇ ਲੋਕਾਂ ਵੱਲੋਂ ਅੰਤਿਮ ਵਿਦਾਇਗੀ ਦਿੱਤੀ ਜਾਏਗੀ। ਪੂਰੀ ਦੁਨੀਆਂ ਦੇ ਰਾਜਸੀ ਲੋਕ, ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਉਹਨਾਂ ਦੀ ਅੰਤਿਮ ਵਿਦਾਈ ਦੇ ਚਸ਼ਮਦੀਦ ਹੋਣਗੇ। ਭਾਰਤ ਵੱਲੋਂ ਰਾਸ਼ਟਰਪਤੀ ਸ਼੍ਰੀਮਤੀ ਦੀਪਤੀ ਮੁਰਮੂ ਭਾਰਤ ਦੀ ਪ੍ਰਤੀਨਿੱਧਤਾ ਕਰਨ ਲਈ ਵੈਟੀਕਨ ਦੇ ਵਿੱਚ ਪੋਪ ਦੀਆਂ ਆਖਰੀ ਰਸਮਾਂ ਦੇ ਸਮਾਗਮ ਵਿੱਚ ਸ਼ਾਮਲ ਹੋਣਗੇ। ਇਹ ਪੋਪ ਦੁਨੀਆਂ ਦੇ ਪਹਿਲੇ ਬਿੰਦਾਸ ਅਤੇ ਸੁਧਾਰਵਾਦੀ ਪੋਪ ਸਨ ਜਿਨ੍ਹਾਂ ਨੂੰ ਇੱਕ ਅਗਾਂਹਵਧੂ ਅਤੇ ਨਵੀਂ ਨਸਲ ਦੇ ਧਾਰਮਿਕ ਆਗੂ ਵਾਂਗੂ ਸ਼ਾਂਤੀ ਪ੍ਰੇਮੀ ਪੋਪ ਦੇ ਰੂਪ ਵਿੱਚ ਹਮੇਸ਼ਾ ਯਾਦ ਕੀਤਾ ਜਾਏਗਾ। ਆਪਣੀ ਨਿਮਰਤਾ ਤੇ ਅੰਤਰਰਾਸ਼ਟਰੀ ਦ੍ਰਿਸ਼ਟੀ ਦੇ ਨਾਲ ਗਰੀਬ ਵੀ ਇਸ ਦੁਨੀਆਂ ਦਾ ਹਿੱਸਾ ਹਨ, ਉਹਨਾਂ ਨੂੰ ਵੀ ਜਿਊਣ ਦਾ ਅਧਿਕਾਰ ਹੈ। ਇੱਥੇ ਸਭ ਨੂੰ ਜਿਊਣ ਦਾ ਅਧਿਕਾਰ ਹੈ ਅਤੇ ਇਸ ਵਿਸ਼ੇ 'ਤੇ ਲਗਾਤਾਰ ਪੂਰੀ ਦੁਨੀਆਂ ਨੂੰ ਜਾਗ੍ਰਿਤ ਕਰਨ ਵਾਲੇ ਪੋਪ ਫਰਾਂਸਿਸ ਹੁਣ ਇਸ ਦੁਨੀਆਂ ਵਿੱਚ ਨਹੀਂ ਰਹੇ ਹਨ। ਅੱਜ ਪੂਰੀ ਦੁਨੀਆਂ ਵਿੱਚ ਉਹਨਾਂ ਦੇ ਚਲੇ ਜਾਣ ਨਾਲ ਆਪਣੀ ਤਰ੍ਹਾਂ ਦਾ ਸਨਾਟਾ ਛਾ ਗਿਆ ਹੈ। ਦੁਨੀਆਂ ਦਾ ਕੋਈ ਅਜਿਹਾ ਦੇਸ਼ ਤੇ ਧਰਤੀ ਦਾ ਕੋਨਾ ਅਜਿਹਾ ਨਹੀਂ ਹੈ, ਜਿਸ ਨੇ ਪੋਪ ਫਰਾਂਸਿਸ ਨੂੰ ਸ਼ਰਧਾਂਜਲੀ ਨਾ ਦਿੱਤੀ ਹੋਵੇ ਕਿਉਂਕਿ ਪੋਪ ਵੈਟੀਕਨ ਦੇ ਪਹਿਲੇ ਉਨ੍ਹਾਂ ਇਸਾਈ ਗੁਰੂਆਂ ਵਿੱਚੋਂ ਸਨ, ਜਿਨ੍ਹਾਂ ਨੇ ਅੰਤਰਰਾਸ਼ਟਰੀ ਦ੍ਰਿਸ਼ਟੀ ਅਤੇ ਗਰੀਬਾਂ ਲਈ ਹਮੇਸ਼ਾ ਚਿੰਤਾ ਅਤੇ ਅੰਤਰ ਧਾਰਮਿਕ ਸੰਵਾਦ ਦੀ ਪ੍ਰਤੀਬੱਧਤਾ ਲਈ ਆਪਣੀ ਆਵਾਜ਼ ਉਠਾਈ ਸੀ।

ਪੋਪ ਫਰਾਂਸਿਸ ਜਿਹਨਾਂ ਨੂੰ ਇਸ ਲਈ ਵੀ ਦੁਨੀਆਂ ਵਿੱਚ ਯਾਦ ਕੀਤਾ ਜਾਏਗਾ ਕਿ ਉਹਨਾਂ ਨੇ ਆਦਮੀ ਦੇ ਜੀਊਣ ਅਤੇ ਆਦਮੀ ਦੇ ਸੰਘਰਸ਼ ਲਈ ਇੱਕ ਅਲੱਗ ਦ੍ਰਿਸ਼ਟੀਕੋਣ ਰੱਖਿਆ ਸੀ। ਪੋਪ ਲਈ ਇਹ ਵੀ ਪ੍ਰਸਿੱਧ ਹੈ ਕਿ ਉਹਨਾਂ ਨੇ ਅਪੋਜ ਟੋਲਿਕ ਪੈਲਸ- ਪੋਪ ਦੀ ਨਿਰਧਾਰਿਤ ਰਹਿਣ ਦੀ ਜਗ੍ਹਾ 'ਤੇ ਸਧਾਰਨ ਡੋਮ ਸੈਂਟੋ ਮਾਰਥਾ ਸੈਟ ਮਾਰਥਾ ਦਾ ਘਰ ਗੈਸਟ ਹਾਊਸ ਵਿੱਚ ਹੀ ਰਹਿਣਾ ਪਸੰਦ ਕੀਤਾ ਸੀ। ਇਹ ਪੋਪ ਫਰਾਂਸਿਸ ਹੀ ਸਨ, ਜਿਨ੍ਹਾਂ ਨੇ ਪੂਰੀ ਦੁਨੀਆਂ ਦੇ ਵਿੱਚ ਔਰਤਾਂ ਨੂੰ ਵਿਕਾਸਸ਼ੀਲ ਬਣਨ ਲਈ ਪੂਰੇ ਮੈਂਬਰ ਦੇ ਤੌਰ 'ਤੇ ਮੁੱਦਾ ਬਣਾਇਆ ਸੀ ਅਤੇ ਆਦਮੀਆਂ ਤੇ ਔਰਤ ਦੇ ਬਰਾਬਰ ਦੇ ਲਿੰਗ ਭੇਦਾਂ ਨੂੰ ਵੀ ਆਪਣੇ ਅਸ਼ੀਰਵਾਦ ਦੇ ਨਾਲ ਇਜਾਜ਼ਤ ਨਹੀਂ ਦਿੱਤੀ ਸੀ।

ਉਹਨਾਂ ਨੇ ਪੂੰਜੀਵਾਦ ਦੇ ਬਾਰੇ ਵਿੱਚ ਉਪਭੋਗਤਾਵਾਦ ਅਤੇ ਉਸਦੀ ਨੀਤੀ ਦੀ ਕੱਟੜ ਆਲੋਚਨਾ ਕੀਤੀ ਸੀ ਅਤੇ ਅੰਤਰਰਾਸ਼ਟਰੀ ਕੂਟਨੀਤੀ ਦੇ ਵਿੱਚ ਫਰਾਂਸਿਸ ਨੇ ਦੱਖਣਪੰਥੀ ਲੋਕ ਨੀਤੀ ਤੇ ਬਾਅਦ ਉਸ ਦੀ ਵੀ ਆਲੋਚਨਾ ਕੀਤੀ ਸੀ। ਸੰਯੁਕਤ ਰਾਸ਼ਟਰ ਅਮਰੀਕਾ ਤੇ ਕਿਊਬਾ ਦੇ ਵਿੱਚ ਪੂਰਨ ਰਾਜਨੀਤਕ ਸਬੰਧ ਬਹਾਲ ਕਰਨ ਵਿੱਚ ਪੋਪ ਦਾ ਜਿੰਨਾ ਹੱਥ ਸੀ, ਉਹ ਪਰਦੇ ਦੇ ਪਿੱਛੇ ਰਾਜਨੀਤੀ ਤੋਂ ਵੀ ਪਤਾ ਲੱਗਦਾ ਹੈ। ਪੋਪ ਜਿਹਨਾਂ ਦਾ ਪੂਰਾ ਨਾਮ ਜਾਰਜ ਮਾਰੀਓ ਬਰਗੋਗਲੀਓ ਸੀ, ਉਹ ਯੂਰਪ ਤੋਂ ਬਾਅਦ ਪੈਦਾ ਹੋਣ ਵਾਲੇ ਪਹਿਲੇ ਐਸੇ ਪੋਪ ਸਨ, ਜਿਹੜੇ ਪਹਿਲਾਂ ਅਰਜਨਟੀਨਾ ਵਿੱਚ ਸੁਸਾਇਟੀ ਆਫ਼ ਜੀਸਸ ਦੇ ਪ੍ਰਮੁੱਖ ਵੀ ਰਹੇ। ਪੋਪ ਫਰਾਂਸਿਸ ਦਾ ਜਨਮ 17 ਦਸੰਬਰ, 1936 ਨੂੰ ਅਰਜਨਟੀਨਾ ਦੇ ਬਿਊਨਸ ਆਇਰਸ ਵਿੱਚ ਹੋਇਆ ਸੀ। ਉਹਨਾਂ ਦਾ ਅਸਲੀ ਨਾਮ ਜਾਰਜ ਮਾਰੀਓ ਬਰਗੋਗਲੀਓ ਸੀ। ਉਹਨਾਂ ਨੇ 13 ਮਾਰਚ 2013 ਨੂੰ ਰੋਮਨ ਕੈਥੋਲਿਕ ਚਰਚ ਦੇ ਸਭ ਤੋਂ ਉੱਚੇ ਧਾਰਮਿਕ ਆਗੂ ਪੋਪ ਦਾ ਅਹੁਦਾ ਸੰਭਾਲਿਆ ਸੀ। ਰੋਮ ਦੇ ਬਿਸ਼ਪ ਅਤੇ ਵੈਟੀਕਨ ਦੇ ਮੁਖੀ ਨੂੰ ਪੋਪ ਕਿਹਾ ਜਾਂਦਾ ਹੈ। ਪੋਪ ਫਰਾਂਸਿਸ ਲਾਤੀਨੀ ਅਮਰੀਕਾ ਤੋਂ ਆਉਣ ਵਾਲੇ ਪਹਿਲੇ ਪੋਪ ਸਨ। ਪੋਪ ਫਰਾਂਸਿਸ ਨੇ ਆਪਣੇ ਕਾਰਜਕਾਲ ਦੌਰਾਨ ਚਰਚ ਵਿੱਚ ਸੁਧਾਰਾਂ ਨੂੰ ਉਤਸ਼ਾਹਿਤ ਕੀਤਾ ਅਤੇ ਉਹ ਮਾਨਵਤਾਵਾਦੀ ਖੇਤਰ ਵਿੱਚ ਆਪਣੇ ਕੰਮ ਲਈ ਵੀ ਜਾਣੇ ਜਾਂਦੇ ਸਨ ਅਤੇ ਉਹਨਾਂ ਕੈਥੋਲਕ ਮਜ਼ਹਬ ਨੂੰ ਮੰਨਣ ਵਾਲੇ ਪੋਪ ਨੇ ਸੈਂਟ ਜੋਸਫ਼ ਕਾਲਜ ਤੋਂ ਸਿੱਖਿਆ ਲੈ ਕੇ ਸੇਂਟ ਜਾਰਜ ਗ੍ਰੈਜੂਏਟ ਸਕੂਲ ਆਫ਼ ਫਿਲੋਸਫੀ ਐਂਡ ਬਿਆਲੋਜੀ ਦੇ ਨਾਲ-ਨਾਲ ਜੀਵਨ ਦਰਸ਼ਨ ਅਤੇ ਆਦਮੀ ਦੀ ਭਲਾਈ ਲਈ ਮਨੋਵਿਗਿਆਨਿਕ ਤੌਰ 'ਤੇ ਚੰਗਾ ਕਿਵੇਂ ਜੀਆ ਜਾ ਸਕਦਾ ਹੈ, ਇਹਨਾਂ ਮਾਨਤਾਵਾਂ ਨੂੰ ਲੋਕਪ੍ਰਿਅਤਾ ਦੇ ਰੂਪ ਵਿੱਚ ਧਾਰਮਿਕ ਕੱਟੜਵਾਦ ਨੂੰ ਹਟਾ ਕੇ ਸਮਾਜਿਕ ਨਿਆਂ ਦੇਣ ਦੀ ਸੋਸਾਇਟੀ ਆਫ਼ ਜੀਸਸ ਦੇ ਰੁਝਾਨ ਨੂੰ ਦੁਨੀਆਂ ਭਰ ਵਿੱਚ ਲਾਗੂ ਕਰਨ ਵਾਲੇ ਵਿਅਕਤੀ ਦੇ ਤੌਰ 'ਤੇ ਆਪਣੇ ਆਪ ਨੂੰ ਸਥਾਪਤ ਕੀਤਾ ਸੀ। ਆਪ ਨੇ ਆਪਣਾ ਮੁਢਲਾ ਜੀਵਨ ਫ਼ਰਵਰੀ 2001 ਨੂੰ ਜ਼ੋਨ ਪਾਲ ਦੂਜੇ ਤੋਂ ਬਾਅਦ ਜਦੋਂ ਉਹਨਾਂ ਨੂੰ ਕਾਰਡੀਨਲ ਬਣਾਇਆ ਗਿਆ ਸੀ। ਉਹਨਾਂ ਨੇ ਸਭ ਤੋਂ ਪਹਿਲਾਂ ਇਹ ਕਿਹਾ ਸੀ ਕਿ ਉਹ, ਪੋਪ ਫਰਾਂਸਿਸ ਪੂਰੀ ਦੁਨੀਆਂ ਵਿੱਚ ਹੋ ਰਹੇ ਯੁੱਧ ਨੂੰ ਹਮੇਸ਼ਾ ਇੱਕ ਗੰਦੀ ਰਾਜਨੀਤੀ ਕਹਿੰਦੇ ਸੀ ਅਤੇ ਇਸ ਲਈ ਉਹਨਾਂ ਦੀ ਕਈ ਵਾਰ ਆਲੋਚਨਾ ਵੀ ਹੋਈ।

ਉਹਨਾਂ ਦੀ ਚੋਣ 13 ਮਾਰਚ 2013 ਨੂੰ ਪੋਪ ਦੇ ਤੌਰ 'ਤੇ ਹੋਈ ਅਤੇ ਬਾਅਦ ਵਿੱਚ ਉਹਨਾਂ ਨੇ ਵੈਟੀਕਨ ਦੀਆਂ ਦੂਸਰੀਆਂ ਚੀਜ਼ਾਂ ਨੂੰ ਬਦਲਣ ਦਾ ਤਤਕਾਲ ਸੰਕੇਤ ਦੇ ਦਿੱਤਾ ਸੀ। ਆਪਣੇ ਅਸ਼ੀਰਵਾਦਾਂ ਦੇ ਵਿੱਚ ਉਹਨਾਂ ਨੇ ਆਪਣੇ ਆਪ ਨੂੰ ਨਵੇਂ ਆਦਮੀ ਦੀ ਪ੍ਰਾਰਥਨਾ ਕਰਨ ਵਾਲੇ ਇਕ ਉਸ ਆਦਮੀ ਦੀ ਤਰ੍ਹਾਂ ਚਰਚਿਤ ਕੀਤਾ, ਜਿਹਦੇ ਵਿੱਚ ਚਰਚ ਦੀਆਂ ਸ਼ਕਤੀਆਂ ਵਿਲਾਸਤਾ ਗੌਰਵ ਤੇ ਘਮੰਡ ਦੇ ਖ਼ਿਲਾਫ਼ ਗਰੀਬੀ ਦਾ ਵਿਚਾਰ ਇਸਾਈ ਧਰਮ ਵਿੱਚ ਆਇਆ ਅਤੇ ਉਹਨਾਂ ਨੇ ਇਸ ਇਤਿਹਾਸ ਨੂੰ ਬਦਲ ਦਿੱਤਾ। ਪੋਪ ਫਰਾਂਸਿਸ ਨੇ ਕਈ ਤਰ੍ਹਾਂ ਦੀਆਂ ਕਿਤਾਬਾਂ ਵੀ ਲਿਖੀਆਂ ਅਤੇ ਉਹ ਰਚਨਾ ਪ੍ਰਵਾਹ ਨੂੰ ਆਦਮੀ ਦੇ ਜਿਊਣ ਦਾ ਇੱਕ ਵੱਡਾ ਤਰੀਕਾ ਮੰਨਦੇ ਸਨ ਅਤੇ ਕਿਤਾਬਾਂ ਨੂੰ ਸਭ ਤੋਂ ਵੱਡਾ ਮਿੱਤਰ। ਉਹਨਾਂ ਨੇ ਵਿਸ਼ਵ ਵਿਆਪੀ ਪੱਧਰ 'ਤੇ ਹੋਰ ਕਈ ਐਸੇ ਗ੍ਰੰਥ ਲਿਖੇ ਹਨ, ਜਿਨ੍ਹਾਂ ਵਿੱਚ ਉਹਨਾਂ ਦਾ ਚਰਚਿਤ ਗ੍ਰੰਥ ਹੋਪ ਵੀ ਸ਼ਾਮਿਲ ਹੈ। ਉਹਨਾਂ ਦੀ ਵਿਸ਼ਵ ਵਿਆਪੀ ਕਿਤਾਬ ਲੂ ਮੇਨ ਫਾਈਵ ਡੇ ਤੋਂ ਬਾਅਦ ਉਹਨਾਂ ਨੇ ਆਪਣੀਆਂ ਦੂਸਰੀਆਂ ਕਿਤਾਬਾਂ ਦੇ ਵਿੱਚ ਜਿਹੜੀਆਂ ਕਿ ਉਹਨਾਂ ਦੇ ਉਪਦੇਸ਼ਾਂ 'ਤੇ ਅਧਾਰਤ ਹਨ। ਪ੍ਰਸੰਨ ਖੁਸ਼ ਰਹੋ ਤੇ ਜੀਵਨ ਪਵਿੱਤਰਤਾ ਦਾ ਧਿਆਨ ਇਹ ਅਜਿਹੀਆਂ ਕਿਤਾਬਾਂ ਹਨ, ਜਿਹੜੀਆਂ ਦੁਨੀਆਂ ਦੀਆਂ ਕਈ ਭਾਸ਼ਾਵਾਂ ਦੇ ਵਿੱਚ ਕਰੋੜਾਂ ਦੀ ਗਿਣਤੀ ਵਿੱਚ ਪ੍ਰਕਾਸ਼ਤ ਹਨ ਪ੍ਰੰਤੂ ਫਰਾਂਸਿਸ ਨੇ ਭਾਈਚਾਰੇ ਅਤੇ ਸਮਾਜਿਕ ਮਿੱਤਰਤਾ ਦੇ ਵਿਸ਼ਵ ਵਿਆਪੀ ਮੁੱਦਿਆਂ ਨੂੰ ਵੀ ਪੈਟਰਸ ਕਾਰਡ ਇੱਕ ਪਿਤਾ ਦੇ ਦਿਲ ਦੇ ਨਾਲ ਜਦੋਂ ਪ੍ਰਕਾਸ਼ਿਤ ਕੀਤਾ ਸੀ ਤਾਂ ਉਹਨਾਂ ਨੂੰ ਇੱਕ ਪ੍ਰੇਰਿਤ ਵਿਅਕਤੀ ਅਤੇ ਅੰਤਰ ਧਾਰਮਿਕ ਸੰਵਾਦ ਦਾ ਵਿਸ਼ਵ ਵਿਆਪੀ ਹੁਲਾਰਾ ਮਿਲਿਆ ਸੀ। ਕਿਹਾ ਜਾਂਦਾ ਹੈ ਕਿ ਫਰਾਂਸਿਸ ਅਜਿਹੇ ਵਿਅਕਤੀ ਸਨ, ਜਿਨ੍ਹਾਂ ਨੇ ਕੋਵਿਡ ਮਹਾਂਮਾਰੀ ਅਤੇ ਗਰੀਬੀ ਦੇ ਵਿਰੁੱਧ ਭੀੜ ਨੂੰ ਇਕੱਠਾ ਨਾ ਕਰਨਾ ਅਤੇ ਗਰੀਬਾਂ ਦੇ ਲਈ ਮਦਦ ਕਰਨ ਤੇ ਸੰਕਟ ਨੂੰ ਦੂਰ ਕਰਨ ਲਈ ਸਖ਼ਤ ਫੈਸਲੇ ਕੀਤੇ ਸੀ ਤੇ ਆਪਣੇ ਵਿਚਾਰਾਂ ਦੇ ਵਿੱਚ ਮਾਨਵਤਾ ਨੂੰ ਮੁੱਖ ਰੱਖਿਆ। ਆਪਣੇ ਭਾਸ਼ਣ ਵਿੱਚ ਉਹ ਕਹਿੰਦੇ ਹਨ ਕਿ ਸਾਡੇ ਚੌਰਾਹੇ ਸੜਕਾਂ ਤੇ ਸ਼ਹਿਰਾਂ 'ਤੇ ਗਹਿਰਾ ਹਨੇਰਾ ਛਾ ਗਿਆ ਹੈ। ਇਹ ਸਾਡੇ ਜੀਵਨ ਨੂੰ ਦੇਖਦਾ ਹੈ ਅਤੇ ਸਭ ਕੁੱਝ ਨੂੰ ਆਪਣੇ ਨਾਲ ਬਹਿਰਾ ਕਰ ਦੇਣ ਵਾਲੇ ਸੰਨਾਟੇ ਅਤੇ ਵੀਰਾਨ ਇਕਾਂਤ ਨਾਲ ਭਰ ਦਿੰਦਾ ਹੈ ਤੇ ਜੋ ਆਪਣੇ ਮਾਰਗ ਵਿੱਚ ਜ਼ਿੰਦਗੀ ਨੂੰ ਪੰਗੂ ਬਣਾ ਦਿੰਦਾ ਹੈ। ਤੁਸੀਂ ਇਸ ਨੂੰ ਹਵਾ ਵਿੱਚ ਮਹਿਸੂਸ ਕਰ ਸਕਦੇ ਹੋ ਅਤੇ ਆਪਣੇ ਆਪ ਭਾਵ ਵਿੱਚ ਮਹਿਸੂਸ ਕਰ ਸਕਦੇ ਹੋ। ਸਾਡੇ ਦੁੱਖਾਂ ਦੇ ਸਾਹਮਣੇ ਜਿੱਥੇ ਸਾਡੇ ਲੋਕਾਂ ਦੇ ਸੱਚੇ ਵਿਕਾਸ ਨੂੰ ਵੇਖਿਆ ਜਾਂਦਾ ਹੈ ਅਸੀਂ ਯਿਸ਼ੂ ਨੂੰ ਪ੍ਰਾਰਥਨਾ ਵਿੱਚ ਲੱਭਦੇ ਅਤੇ ਅਨੁਭਵ ਕਰਦੇ ਹਾਂ। ਆਓ ਸਾਰੇ ਇਕ ਹੋ ਜਾਈਏ। ਉਹਨਾਂ ਨੇ ਕੱਟੜਤਾ ਦੀ ਹਮੇਸ਼ਾ ਵਿਰੋਧਤਾ ਕੀਤੀ। ਧਾਰਮਿਕ ਮਹੱਤਵ ਅਤੇ ਸਿੱਖਿਆ ਦੇ ਨਾਲ ਨਾਲ ਉਹਨਾਂ ਨੇ ਮਾਨਵਤਾ ਦਾ ਪ੍ਰਚਾਰ ਕੀਤਾ। ਉਹ ਪਹਿਲੇ ਐਸੇ ਵਿਅਕਤੀ ਸਨ ਜਿਨ੍ਹਾਂ ਨੇ ਸਭ ਲੋਕਾਂ ਨੂੰ ਬਰਾਬਰ ਮਾਨਤਾ ਦਿੱਤੀ ਤੇ ਇਥੋਂ ਤੱਕ ਕਿ ਅਮਰੀਕਾ ਵਰਗੇ ਵੱਡੇ ਦੇਸ਼ ਦੀ ਆਲੋਚਨਾ ਵੀ ਕੀਤੀ ਕਿ ਉਹ ਗਰੀਬਾਂ ਦਾ ਵਿਕਲਪ ਕਿਉਂ ਨਹੀਂ ਬਣਦਾ। ਉਹ ਲੋਕਪ੍ਰਿਆ ਅੰਦੋਲਨਾਂ ਦੀ ਬਹੁਤ ਤਾਕਤਵਰ ਹੋਣ ਦੇ ਤੌਰ 'ਤੇ ਪ੍ਰਸ਼ੰਸਾ ਕਰਦੇ ਸਨ ਅਤੇ ਨੈਤਿਕਤਾ ਤੇ ਆਪਣੇ ਪ੍ਰਬੰਧ ਨੂੰ ਦਿਖਾਉਂਦੇ ਸਨ। ਉਹਨਾਂ ਨੇ ਐਲਜੀਬੀ ਟੀ ਤੇ ਇੱਕ ਅੰਤਰਰਾਸ਼ਟਰੀ ਸ਼ਬਦਾਵਲੀ ਦੀ ਨੀਤੀ ਦੀ ਵੀ ਗੱਲ ਕੀਤੀ ਸੀ। ਧਾਰਮਿਕ ਮਹੱਤਵ ਦੇ ਮਤਭੇਦਾਂ ਨੂੰ ਉਹ ਮਾਨਵ ਦਸਤਾਵੇਜ਼ ਦੀ ਤਰ੍ਹਾਂ ਵਿਸ਼ਵ ਸ਼ਾਂਤੀ ਦੇ ਤੌਰ ਤੇ ਅਲੱਗ ਤੌਰ 'ਤੇ ਦੇਖਦੇ ਸਨ। ਉਹਨਾਂ ਨੇ ਆਪਣੇ ਭਾਸ਼ਣਾਂ 'ਚ ਕਈ ਵਾਰ ਯੂਕਰੇਨ ਯੁੱਧ ਅਤੇ ਗਾਜ਼ਾ ਦੇ ਬਾਰੇ ਵਿੱਚ ਵੀ ਅਵਾਜ਼ ਉਠਾਈ ਸੀ। ਪਿਛਲੇ ਕੁਝ ਦਿਨਾਂ ਤੋਂ ਆਪਣੀ ਸਿਹਤ ਦੇ ਕਾਰਨ ਬਿਮਾਰ ਹੋ ਚੁੱਕੇ ਸਨ ਆਪਣੇ ਪੋਪ ਦੀ ਪੁਰਾਣੀ ਫੇਫੜਿਆਂ ਦੀ ਬਿਮਾਰੀ ਦੇ ਕਾਰਨ ਉਹਨਾਂ ਨੂੰ ਹਸਪਤਾਲ ਵਿੱਚ ਦਾਖਲ ਕਰਾਇਆ ਗਿਆ ਸੀ ਪ੍ਰੰਤੂ ਪਿਛਲੇ ਦਿਨਾਂ ਤੋਂ ਜਦੋਂ ਹਸਪਤਾਲ ਤੋਂ ਛੁੱਟੀ ਹੋਈ ਸੀ ਤਾਂ ਉਸ ਤੋਂ ਬਾਅਦ ਵਾਪਸ ਆਪਣੇ ਨਿਵਾਸ 'ਤੇ ਪਹੁੰਚ ਕੇ ਉਹਨਾਂ ਨੇ ਮੌਤ ਦੇ ਬਾਰੇ ਵਿੱਚ ਸਟੀਕ ਪ੍ਰਥਿਤੀਆਂ ਦਾ ਖੁਲਾਸਾ ਕਰਨਾ ਚਾਹਿਆ ਸੀ। ਵੈਟੀਕਨ ਦੇ ਕਾਰਡੀਨਲ ਕੇਵਿਨ ਫੈਰਲ ਕਿਹਾ ਕਿ ਪੋਪ ਫਰਾਂਸਿਸ ਨੇ ਸੋਮਵਾਰ ਸਵੇਰੇ 7:35 ਵਜੇ ਆਖਰੀ ਸਾਹ ਲਿਆ। ਕਾਰਡੀਨਲ ਫੈਰੇਲ ਨੇ ਕਿਹਾ ਕਿ ਪੋਪ ਫਰਾਂਸਿਸ ਦਾ ਜੀਵਨ ਪਰਮਾਤਮਾ ਅਤੇ ਚਰਚ ਦੀ ਸੇਵਾ ਲਈ ਸਮਰਪਿਤ ਸੀ। ਪੋਪ ਫਰਾਂਸਿਸ ਦੇ ਦੇਹਾਂਤ ਤੋਂ ਬਾਅਦ ਹੁਣ ਇੱਕ ਨਵੇਂ ਪੋਪ ਦੀ ਚੋਣ ਕੀਤੀ ਜਾਵੇਗੀ।

ਪੋਪ ਫਰਾਂਸਿਸ ਨੇ ਸੁਧਾਰਾਂ ਨੂੰ ਉਤਸ਼ਾਹਿਤ ਕੀਤਾ ਅਤੇ ਉਹ ਮਾਨਵਤਾਵਾਦੀ ਖੇਤਰ ਵਿੱਚ ਆਪਣੇ ਕੰਮ ਲਈ ਵੀ ਜਾਣੇ ਜਾਂਦੇ ਸਨ। ਪੋਪ ਦਾ ਮਹੱਤਵਪੂਰਨ ਧਾਰਮਿਕ ਅਹੁਦਾ ਕੈਥੋਲਿਕ ਚਰਚ ਵਿਚ ਬਹੁਤ ਮਹੱਤਵਪੂਰਨ ਹੈ। ਪੋਪ ਨੂੰ ਚਰਚ ਦਾ ਸਰਵਉੱਚ ਧਾਰਮਿਕ ਆਗੂ ਮੰਨਿਆ ਜਾਂਦਾ ਹੈ। ਪੋਪ ਦੁਆਰਾ ਲਏ ਗਏ ਫ਼ੈਸਲੇ ਦੁਨੀਆਂ ਭਰ ਦੇ ਲੱਖਾਂ ਕੈਥੋਲਿਕਾਂ ਦੇ ਜੀਵਨ ਨੂੰ ਪ੍ਰਭਾਵਤ ਕਰਦੇ ਹਨ। ਪੋਪ ਫਰਾਂਸਿਸ ਦੀ ਮੌਤ ਕੈਥੋਲਿਕ ਭਾਈਚਾਰੇ ਲਈ ਕਿਸੇ ਸਦਮੇ ਤੋਂ ਘੱਟ ਨਹੀਂ ਹੈ। ਪੋਪ ਫਰਾਂਸਿਸ ਦੀ ਮੌਤ ਤੋਂ ਬਾਅਦ, ਦੁਨੀਆਂ ਭਰ ਦੇ ਲੋਕ ਉਨ੍ਹਾਂ ਨੂੰ ਸ਼ਰਧਾਂਜਲੀ ਦੇ ਰਹੇ ਹਨ। ਉਹਨਾਂ ਦੇ ਆਖ਼ਰੀ ਸ਼ਬਦ ਹਮੇਸ਼ਾ ਯਾਦ ਰੱਖੇ ਜਾਣਗੇ ਕਿ ਇਹ ਦੁਨੀਆਂ ਜਿਊਣ ਲਈ ਹੈ ਅਤੇ ਜਿਊਣਾ ਹੀ ਪ੍ਰਭੂ ਦੀ ਇੱਛਾ ਹੈ।

**ਦਵਿੰਦਰ ਕੌਰ**
8847227740
ਖੋਜ ਕਰਤਾ, ਧੂਰਕੋਟ



# ਬਾਲ ਮਜ਼ਦੂਰੀ ਅਤੇ ਕੰਮ ਦੇ ਖ਼ਤਰਨਾਕ ਹਾਲਾਤ ਕਿਉਂ ਬਣੇ ?

ਅਸੀਂ ਇੱਕ ਅਜਿਹੀ ਦੁਨੀਆਂ ਵਿੱਚ ਰਹਿੰਦੇ ਹਾਂ, ਜਿੱਥੇ ਬਹੁਤ ਸਹੂਲਤਾਂ ਹਨ, ਇਨਸਾਨ ਅੱਜ ਇਸ ਕਾਬਲ ਹੋ ਚੁੱਕਿਆ ਕਿ ਧਰਤੀ ਤੋਂ ਬਾਹਰ ਪੁਲਾੜ ਵਿੱਚ ਮਹੀਨਿਆਂਬੱਧੀ ਰਹਿ ਸਕਦਾ ਹੈ। ਵਿਗਿਆਨ ਦੀਆਂ ਸਭ ਸਹੂਲਤਾਂ ਤੋਂ ਲਾਂਭੇ ਕਰ ਢਿੱਡ ਦੀਆਂ ਲੋੜਾਂ ਤੱਕ ਸਮੇਟ ਦਿੱਤੀ ਗਈ ਹੈ। ਮਜ਼ਦੂਰ ਸਮਾਜ ਦੀ ਮੁੱਖ ਚਾਲਕ ਸ਼ਕਤੀ ਨਹੀਂ, ਪਰ ਸਮਾਜ ਨੂੰ ਚਲਾਉਣ ਲਈ ਜਿਹਨਾਂ ਦਾ ਯੋਗਦਾਨ ਕਿਵੇਂ ਵੀ ਘੱਟ ਨਹੀਂ। ਉਹ ਮਜ਼ਦੂਰ ਜਿਹਨਾਂ ਦਾ ਵਾਹ ਜੰਮਦੇ ਸਾਰ ਹੀ ਇਸ ਮਨੁੱਖ ਦੋਖੀ ਢਾਂਚੇ ਦੇ ਸਭ ਤੋਂ ਕਰੂਰ ਹਿੱਸੇ ਨਾਲ਼ ਪੈਂਦਾ ਹੈ। ਬਾਲ ਮਜ਼ਦੂਰ, ਤੇ ਬਾਲ ਮਜ਼ਦੂਰਾਂ ਵਿੱਚੋਂ ਵੀ ਸਭ ਤੋਂ ਖ਼ਤਰਨਾਕ ਕੰਮਾਂ ਵਿੱਚ ਲੱਗੇ ਬਾਲ ਮਜ਼ਦੂਰ!

**ਬਾਲ ਮਜ਼ਦੂਰੀ ਅਤੇ ਕੰਮ ਦੇ ਖ਼ਤਰਨਾਕ ਹਾਲਾਤ:**

ਇੰਟਰਨੈਸ਼ਲ ਲੇਬਰ ਆਫਿਸ, ਜਨੇਵਾ ਮੁਤਾਬਕ ਉਮਰ 18 ਸਾਲ ਬਾਲਗਤਾ ਅਤੇ ਬਚਪਨ ਦੇ ਵਿਚਕਾਰ ਇੱਕ ਰੇਖਾ ਹੁੰਦੀ ਹੈ ਅਤੇ 18 ਸਾਲ ਤੋਂ ਘੱਟ ਉਮਰ ਦੇ ਕਿਸ਼ੋਰਾਂ ਨੂੰ ਬੱਚੇ ਮੰਨਦੇ ਹੋਏ ਇਹਨਾਂ ਨੂੰ ਕੰਮ ਦੌਰਾਨ ਖ਼ਾਸ ਸੁਰੱਖਿਆ ਦੀ ਲੋੜ ਹੈ। ਇਹ ਸੁਰੱਖਿਅਤ ਘੇਰੇ ਅੰਦਰ 13 ਸਾਲ ਦੇ ਬੱਚੇ ਨੂੰ ਹਲਕੇ, 15 ਸਾਲ ਦੇ ਬੱਚੇ ਨੂੰ ਆਮ ਅਤੇ 18 ਸਾਲ ਬਾਲਗ ਨੂੰ ਖ਼ਤਰਨਾਕ ਕੰਮਾਂ (ਜਿਥੇ ਕੰਮ ਲਈ ਪੂਰੀ ਸੁਰੱਖਿਆ ਮੁਹੱਈਆ ਹੋਵੇ) ਦੇ ਯੋਗ ਮੰਨਦਾ ਹੈ। ਵਿਕਾਸਸ਼ੀਲ ਦੇਸ਼ਾਂ ਵਿੱਚ ਇਹ ਉਮਰ ਇੱਕ ਸਾਲ ਹੋਰ ਘੱਟ ਜਾਂਦੀ ਹੈ। ਇਹ ਸੰਸਥਾ ਇਹਨਾਂ ਬੱਚਿਆਂ ਨੂੰ ਕਿਸੇ ਵੀ ਤਰ੍ਹਾਂ ਦੀਆਂ ਪੈਦਾਵਾਰੀ ਸਰਗਰਮੀਆਂ ਵਿੱਚ ਲੱਗੇ ਹੋਣ 'ਤੇ ਸੁਰੱਖਿਆ ਦੇਣੀ ਮੰਨਦੀ ਹੈ, ਇਹਨਾਂ ਪੈਦਾਵਾਰੀ ਸਰਗਰਮੀਆਂ ਵਿੱਚ ਘਰੇਲੂ ਕੰਮ-ਕਾਰਾਂ ਵਿੱਚ ਲੱਗੇ ਹੋਏ ਬੱਚੇ ਵੀ ਸ਼ਾਮਲ ਹਨ। ਇਸ ਤੋਂ ਬਿਨਾਂ ਕੰਮ ਚਾਹੇ ਲਗਾਤਾਰ ਹੋਵੇ, ਚਾਹੇ ਸੀਜ਼ਨਲ ਹੋਵੇ, ਕਨੂੰਨੀ ਹੋਵੇ ਜਾਂ ਗੈਰ-ਕਨੂੰਨੀ ਕੰਮ ਦੌਰਾਨ ਸੁਰੱਖਿਆ ਦੇਣੀ ਲਾਜ਼ਮੀ ਹੈ। ਪਰ ਇਹ ਸੁਰੱਖਿਆ ਸਿਰਫ ਕਾਗਜ਼ਾਂ ਵਿੱਚ ਹੀ ਦਿੱਤੀ ਜਾਂਦੀ ਹੈ। ਦੇਸ਼ਾਂ ਵਿੱਚ ਬਾਲ ਮਜ਼ਦੂਰਾਂ ਵਿੱਚ ਕੰਮ ਦੌਰਾਨ ਸੱਟ-ਫੇਟ ਅਤੇ ਮੌਤ ਦੀ ਦਰ ਬਾਲਗਾਂ ਨਾਲੋਂ ਜ਼ਿਆਦਾ ਹੈ।

ਇਸ ਸੰਸਥਾ ਮੁਤਾਬਕ ਉਹ ਸਾਰੇ ਕੰਮ ਜਿਹੜੇ ਬੱਚਿਆਂ ਨੂੰ ਖਤਰਨਾਕ ਤੇ ਪਾਬੰਦੀਸ਼ੁਦਾ ਮੰਨਦਾ ਹੈ ਜਿਹੜੇ (1) ਜਿਨਸੀ, ਭਾਵਾਤਮਕ ਅਤੇ ਲਿੰਗਕ ਖਤਰੇ ਵਿੱਚ ਪਾਉਣ। (2) ਜ਼ਮੀਨਦੋਜ਼ ਹੋਣ, ਪਾਣੀ ਦੇ ਤਲ ਹੇਠਾਂ ਜਾਂ ਖ਼ਤਰਨਾਕ ਉਚਾਈਆਂ ਉੱਤੇ ਹੋਣ। (3) ਖ਼ਤਰਨਾਕ ਮਸ਼ੀਨਾਂ ਉੱਤੇ ਹੋਣ ਜਾਂ ਖ਼ਤਰਨਾਕ ਸੰਦਾਂ ਨਾਲ ਕੀਤੇ ਜਾਂਦੇ ਹੋਣ ਜਾਂ ਫਿਰ ਬਹੁਤ ਜ਼ਿਆਦਾ ਭਾਰੀ ਰੱਖ-ਰਖਾਅ ਵਾਲ਼ੇ ਹੋਣ। (4) ਸਿਹਤ ਦੇ ਮਿਆਰ ਨਾਲ਼ ਖਰਾਬ ਵਾਤਾਵਰਣ ਵਿੱਚ ਹੋਣ। (5) ਅਜਿਹੇ ਕੰਮ ਜੋ ਬਹੁਤ ਜ਼ਿਆਦਾ ਲੰਬੇ ਘੰਟਿਆਂ ਲਈ ਹੋਣ ਤਾਂ ਰਾਤ ਨੂੰ ਕੰਮ ਜਾਂ ਅਜਿਹਾ ਕੰਮ ਜੋ ਹਰ ਰੋਜ਼ ਘਰ ਵਾਪਸ ਪਰਤਣ ਦੀ ਗਰੰਟੀ ਨਾ ਕਰੇ। ਗੁਲਾਮੀ ਦੀਆਂ ਸਾਰੀਆਂ ਕਿਸਮਾਂ, ਉਦਾਹਰਣ ਲਈ ਬੱਚਿਆਂ ਦਾ ਵਪਾਰ, ਬੰਧੂਆ ਮਜ਼ਦੂਰੀ, ਕਿਸੇ ਹਥਿਆਰਬੰਦ ਕਾਰਵਾਈ ਲਈ ਬੱਚਿਆਂ ਦੀ ਭਰਤੀ ਜਾਂ ਅਜਿਹੇ ਕੰਮ ਲਈ ਉਹਨਾਂ ਦਾ ਵਪਾਰ।

2. ਪੋਰਨ ਲਈ ਬੱਚਿਆਂ ਨੂੰ ਵਰਤਣਾ ਜਾਂ ਇਸ ਕੰਮ ਲਈ ਉਹਨਾਂ ਦੀ ਖਰੀਦੋ-ਫਰੋਖਤ।

3. ਨਸ਼ਿਆਂ ਦੀ ਪੈਦਾਵਾਰ ਲਈ ਬੱਚਿਆਂ ਨੂੰ ਵਰਤਣਾ ਜਾਂ ਇਸ ਕੰਮ ਲਈ ਉਹਨਾਂ ਦੀ ਖਰੀਦੋ-ਫਰੋਖਤ।

4. ਉਹ ਕੰਮ ਜਿਹੜਾ ਬੱਚਿਆਂ ਦੀ ਸਿਹਤ ਲਈ ਬਹੁਤ ਜ਼ਿਆਦਾ ਖ਼ਤਰਨਾਕ ਹੋਵੇ ਜਾਂ ਉਹਨਾਂ ਦੇ ਨੈਤਿਕ ਪੱਧਰ ਨੂੰ ਡੇਗਣ ਵਾਲ਼ਾ ਹੋਵੇ।

ਇਸ ਸੰਸਥਾ ਦੇ 183 ਮੈਂਬਰ ਦੇਸ਼ਾਂ ਵਿੱਚੋਂ 173 ਮੈਂਬਰ ਇਹਨਾਂ ਵਿੱਚੋਂ ਕਈ ਕੰਮਾਂ ਉੱਤੇ ਪਾਬੰਦੀ ਲਗਾਉਣ ਦੀ ਹਾਮੀ ਭਰਦੇ ਹਨ, ਪਰ ਇਸ ਸਭ ਦੇ ਬਾਵਜੂਦ ਹਾਲਤ ਬਦ ਤੋਂ ਬਦਤਰ ਹਨ। ਇੱਕ ਰਿਪੋਰਟ ਮੁਤਾਬਕ ਤਕਰੀਬਨ 22,000 ਬੱਚੇ ਇਹਨਾਂ ਖ਼ਤਰਨਾਕ ਕੰਮਾਂ ਵਿੱਚ ਹਰ ਸਾਲ ਦੁਨੀਆਂ ਭਰ ਵਿੱਚ ਮਾਰੇ ਜਾਂਦੇ ਹਨ। ਇਸੇ ਆਫਿਸ ਦੀਆਂ ਰਿਪੋਰਟਾਂ ਮੁਤਾਬਕ ਖ਼ਤਰਨਾਕ ਕੰਮਾਂ ਵਿੱਚ ਲੱਗੇ ਹੋਏ ਉਮਰ 15-17 ਸਾਲ ਦੇ ਕਿਸ਼ੋਰਾਂ ਦੀ ਗਿਣਤੀ ਵਿੱਚ ਹਰ ਸਾਲ 54 ਫੀਸਦੀ ਵਾਧਾ ਹੋਇਆ ਹੈ, ਜੋ ਕਿ ਇੱਕ ਖ਼ਤਰਨਾਕ ਰੁਝਾਨ ਹੈ। ਇਹ ਗਿਣਤੀ 5.19 ਕਰੋੜ ਤੋਂ ਵੱਧ ਕੇ 6.24 ਕਰੋੜ ਹੋਈ ਹੈ ਭਾਵ ਸਿਰਫ 4 ਸਾਲਾਂ ਵਿੱਚ 1.05 ਕਰੋੜ ਕਿਸ਼ੋਰਾਂ ਦਾ ਇਹਨਾਂ ਖ਼ਤਰਨਾਕ ਹਾਲਾਤਾਂ ਵਾਲ਼ੇ ਕੰਮਾਂ ਵਿੱਚ ਵਾਧਾ ਹੋਇਆ ਹੈ! 5-14 ਉਮਰ ਦੇ ਇਹਨਾਂ ਕੰਮਾਂ ਵਿੱਚ ਲੱਗੇ ਬੱਚਿਆਂ ਦੀ ਗਿਣਤੀ 11.13 ਕਰੋੜ ਸੀ, ਜਿਹੜੀ ਕਿ ਅੱਡ-ਅੱਡ ਇਹਨਾਂ ਫੋਕੇ ਦਾਅਵਿਆਂ ਦੇ ਬਾਵਜੂਦ ਕਿ ਬਾਲ ਮਜ਼ਦੂਰੀ ਉੱਤੇ ਕਾਬੂ ਪਾ ਲਿਆ ਗਿਆ ਹੈ, 2021 ਵਿੱਚ ਵੱਧ ਕੇ 11.5 ਕਰੋੜ ਹੋ ਗਈ! ਜੇਕਰ ਖੇਤਰੀ ਅੰਕੜਿਆਂ ਉੱਤੇ ਨਜ਼ਰ ਮਾਰੀ ਜਾਵੇ ਤਾਂ ਏਸ਼ੀਆ ਤੇ ਪ੍ਰਸ਼ਾਂਤ ਖੇਤਰ ਇਹਨਾਂ ਕੰਮਾਂ ਵਿੱਚ ਪਹਿਲੇ ਸਥਾਨ 'ਤੇ ਹੈ। ਇਸ ਖੇਤਰ ਵਿੱਚ ਇਸੇ ਸੰਸਥਾ ਦੀ ਰਿਪੋਰਟ 2023 ਮੁਤਾਬਕ 6.38 ਕਰੋੜ ਬੱਚੇ ਇਹਨਾਂ ਕੰਮਾਂ ਵਿੱਚ ਲੱਗੇ ਹੋਏ ਹਨ। ਦੂਜੇ ਸਥਾਨ 'ਤੇ ਸਬ ਸਹਾਰਾ ਅਫਰੀਕਾ 2.87 ਕਰੋੜ, ਲਾਤੀਨੀ ਅਮਰੀਕਾ ਅਤੇ ਕੈਰੀਬੀਅਨ 96 ਲੱਖ ਅਤੇ ਮੱਧ ਪੂਰਬ ਅਤੇ ਦੱਖਣੀ ਅਫਰੀਕਾ ਵਿੱਚ 72 ਲੱਖ ਬੱਚੇ ਇਹਨਾਂ ਕੰਮਾਂ ਵਿੱਚ ਲੱਗੇ ਹੋਏ ਹਨ। 2023 ਵਿੱਚ ਇਹ ਗਿਣਤੀ 9.73 ਕਰੋੜ ਬਣਦੀ ਸੀ, ਕੁੱਲ ਬਾਲ ਮਜ਼ਦੂਰਾਂ ਦੀ 16.8 ਕਰੋੜ ਸੀ ਅਤੇ ਇਹਨਾਂ ਵਿੱਚੋਂ ਖ਼ਤਰਨਾਕ ਕੰਮਾਂ ਵਿੱਚ ਲੱਗੇ ਬਾਲ ਮਜ਼ਦੂਰਾਂ ਦੀ ਗਿਣਤੀ ਲਗਭਗ ਅੱਧੀ (8.5 ਕਰੋੜ) ਬਣਦੀ ਸੀ! ਜੋ 2024 ਤੋਂ 77 ਲੱਖ ਵਾਧੇ 'ਤੇ ਹੈ! ਇਸ ਵਿੱਚ ਜੇਕਰ ਕੁੜੀਆਂ-ਮੁੰਡਿਆਂ ਦਾ ਅਨੁਪਾਤ ਦੇਖਿਆ ਜਾਵੇ ਤਾਂ 2023 -2024 ਦੇ ਦੌਰਾਨ ਇਹ 87:60 ਰਿਹਾ ਹੈ।

**ਕੁਝ ਖਾਸ ਕਿੱਤਿਆਂ ਵਿੱਚ ਕੰਮ ਦੇ ਹਾਲਾਤ:**

ਖੇਤੀਬਾੜੀ ਇੱਕ ਜ਼ੋਖਮ ਭਰਿਆ ਕਿੱਤਾ ਹੈ ਜਿਸ ਵਿੱਚ ਮੱਛੀ ਪਾਲਨ, ਪਸ਼ੂ ਪਾਲਣ ਅਤੇ ਵਣ ਵਿਗਿਆਨ ਸ਼ਾਮਲ ਹੈ। ਲਗਭਗ 59 ਫੀਸਦੀ ਬਾਲ ਮਜ਼ਦੂਰ ਇਸੇ ਖੇਤਰ ਵਿੱਚ ਲੱਗੇ ਹੋਏ। ਜਿਸ ਵਿੱਚ ਅੱਗੇ 2/3 ਅਜਿਹੇ ਬਾਲ ਮਜ਼ਦੂਰ ਹਨ, ਜਿਹੜੇ ਬਿਨਾਂ ਕਿਸੇ ਉਜ਼ਰਤ ਦੇ ਕੰਮ ਕਰਦੇ ਹਨ। ਯੂਨਾਈਟਿਡ ਨੇਸ਼ਨ ਅਨੁਸਾਰ-ਬਹੁਤੇ ਅਜਿਹੇ ਕੰਮ ਹਨ, ਜਿਹਨਾਂ ਵਿੱਚ ਬੱਚਿਆਂ ਨੂੰ ਸਿਰਫ ਖਾਣਾ ਅਤੇ ਸੌਣ ਲਈ ਸਿਰਫ ਥਾਂ ਹੀ ਮਿਲ਼ਦੀ ਹੈ ਤੇ ਕੋਈ ਪੈਸਾ ਨਹੀਂ ਮਿਲ਼ਦਾ। ਇੰਨਾ ਹੀ ਨਹੀਂ ਬਹੁਤੇ ਮਾਮਲਿਆਂ ਵਿੱਚ ਬੱਚਿਆਂ ਨੂੰ ਕੋਈ ਪੈਸਾ ਨਹੀਂ ਮਿਲ਼ਦਾ ਚਾਹੇ ਕੋਈ ਦੁਰਘਟਨਾ ਜਾਂ ਬੀਮਾਰੀ ਦੀ ਹਾਲਤ ਹੋਵੇ ਜਾਂ ਮਾਲਕ ਵੱਲੋਂ ਬਦਸਲੂਕੀ ਦੀ ਘਟਨਾ ਹੋਵੇ। ਸੰਸਾਰੀਕਰਨ ਦੀਆਂ ਨੀਤੀਆਂ ਲਾਗੂ ਹੋਣ ਨਾਲ਼ ਬੱਚਿਆਂ ਦੇ ਖੇਤਾਂ ਵਿੱਚ ਕੰਮ ਕਰਨ ਦੇ ਤਰੀਕੇ ਬਹੁਤ ਬਦਲੇ ਹਨ। ਵਿਕਾਸਸ਼ੀਲ ਦੇਸ਼ਾਂ ਵਿੱਚ ਆਮ ਕਿਸਾਨ ਵੀ ਉਹ ਰਸਾਇਣ ਵਰਤਦੇ ਹਨ ਜਿਹੜੇ ਵੱਡੇ-ਵੱਡੇ ਫਾਰਮਾਂ ਵਿੱਚ ਵਰਤੇ ਜਾਂਦੇ ਹਨ। ਇਹਨਾਂ ਨੂੰ ਵਰਤਣ ਵਾਲ਼ਿਆਂ ਦੀ ਕੋਈ ਸੁਰੱਖਿਆ ਸਿਖਲਾਈ ਨਹੀਂ ਹੁੰਦੀ ਅਤੇ ਨਾ ਹੀ ਸੁਰੱਖਿਆ ਹਦਾਇਤਾਂ ਉਹਨਾਂ ਦੀ ਆਪਣੀ ਭਾਸ਼ਾ ਵਿੱਚ ਲਿਖੀਆਂ ਹੁੰਦੀਆਂ ਹਨ। ਜਿੱਥੇ ਬੱਚਿਆਂ ਤੇ ਕਿਸ਼ੋਰਾਂ ਦਾ ਇਹਨਾਂ ਖ਼ਤਰਨਾਕ ਰਸਾਇਣਾਂ ਦੇ ਸੰਪਰਕ 'ਚ ਆਉਣ ਦਾ ਖਤਰਾ ਸਭ ਤੋਂ ਜ਼ਿਆਦਾ ਰਹਿੰਦਾ ਹੈ। ਤਾਜ਼ੇ ਅਧਿਐਨਾਂ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਖੇਤੀ ਵਿੱਚ ਵਿਕਾਸਸ਼ੀਲ ਦੇਸ਼ ਕੁੱਲ ਦਾ ਸਿਰਫ 25 ਫੀਸਦੀ ਰਸਾਇਣ ਵਰਤਦੇ ਹਨ ਪਰ ਇਹਨਾਂ ਨਾਲ਼ ਸਬੰਧਤ 99 ਫੀਸਦੀ ਦੁਰਘਟਨਾਵਾਂ ਇਹਨਾਂ ਦੇਸ਼ਾਂ ਵਿੱਚ ਹੀ ਹੁੰਦੀਆਂ ਹਨ! ਜਿਸਦਾ ਇੱਕ ਮੋਟਾ ਕਾਰਨ ਇਹਨਾਂ ਰਸਾਇਣਾਂ ਨੂੰ ਵਰਤਣ ਦੀ ਜਾਣਕਾਰੀ ਕਾਮਿਆਂ ਨੂੰ ਨਾ ਹੋਣਾ ਹੈ। ਦੂਜਾ ਕਾਰਨ ਜ਼ਹਿਰ ਚੜ੍ਹਨ ਦੇ ਲੱਛਣਾਂ ਸਬੰਧੀ ਜਾਣਕਾਰੀ ਨਾ ਹੋਣਾ ਹੈ। ਇੱਕ ਅਧਿਐਨ ਇਹਨਾਂ ਲਾਤੀਨੀ ਅਮਰੀਕੀ ਦੇਸ਼ਾਂ ਬਾਰੇ ਕਹਿੰਦਾ ਹੈ ਕਿ ਸਿਰਫ 10 ਸਾਲਾਂ ਸਮੇਂ ਵਿੱਚ 18,000 ਜ਼ਹਿਰ ਚੜ੍ਹਨ ਦੇ ਮਾਮਲੇ ਵਾਪਰੇ, ਜਿਹਨਾਂ ਵਿੱਚ 5-14 ਸਾਲ ਦੇ ਬੱਚੇ ਸ਼ਾਮਲ ਸਨ। ਅਮਰੀਕਾ ਦੇ ਇੱਕ ਵਾਤਾਵਰਣ ਰੱਖਿਅਕ ਅਦਾਰੇ ਅਨੁਸਾਰ ਹਰ ਸਾਲ ਅਮਰੀਕਾ ਵਿੱਚ 10,000 ਤੋਂ 20,000 ਕਾਮੇ ਜ਼ਹਿਰ ਚੜ੍ਹਨ ਦੇ ਇਲਾਜ ਲਈ ਜਾਂਦੇ ਹਨ, ਪਰ ਨਾਲ਼ ਇਹ ਰਿਪੋਰਟ ਕਹਿੰਦੀ ਹੈ ਕਿ ਇਹ ਅੰਕੜਾ ਅਸਲ ਦਾ ਇੱਕ ਛੋਟਾ ਜਿਹਾ ਹਿੱਸਾ ਹੀ ਹੈ। ਇੱਕ ਹੋਰ ਅਧਿਐਨ, ਜਿਹੜਾ ਕਿ ਅਮਰੀਕਾ ਦੇ ਜਵਾਨ ਕਾਮਿਆਂ ਨੂੰ ਲੈਕੇ ਕੀਤਾ ਗਿਆ, ਮੁਤਾਬਕ ਜ਼ਹਿਰ ਚੜ੍ਹਨ ਦੇ 531 ਸਹੀ ਮਾਮਲੇ ਮਿਲ਼ੇ, ਜਿਹਨਾਂ ਵਿੱਚ ਚੌਥਾ ਹਿੱਸਾ ਤੇਰਾਂ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦਾ ਸੀ। ਲੰਮੇ ਸਮੇਂ ਜ਼ਹਿਰ ਦੇ ਸੰਪਰਕ ਵਿੱਚ ਆਉਣ ਨਾਲ਼ ਬੱਚਿਆਂ ਵਿੱਚ ਕਰੋਨਿਕ ਬਿਮਾਰੀਆਂ ਦਾ ਲਗਾਤਾਰ ਵਾਧਾ ਹੋਇਆ ਹੈ, ਜਿਹਨਾਂ ਵਿੱਚ ਕੈਂਸਰ ਅਤੇ ਪ੍ਰਜਨਣ ਸਬੰਧੀ ਬਿਮਾਰੀਆਂ ਸ਼ਾਮਲ ਹਨ। 15 ਸਾਲ ਦੀ ਉਮਰ ਤੱਕ ਜ਼ਹਿਰ ਦੇ ਸੰਪਰਕ ਵਿੱਚ ਰਹਿਣ ਨਾਲ਼ ਸਾਰਕੋਮਾ (ਇੱਕ ਤਰ੍ਹਾਂ ਦੀ ਕੈਂਸਰ ਦੀ ਕਿਸਮ ਜਿਹੜੀ ਹੱਡੀਆਂ ਅਤੇ ਮਾਸਪੇਸ਼ੀਆਂ ਤੋਂ ਸ਼ੁਰੂ ਹੁੰਦੀ ਹੈ) ਦਾ ਖਤਰਾ ਚਾਰ ਗੁਣਾ ਅਤੇ ਲਕੂਮੀਆਂ (ਖ਼ੂਨ ਦਾ ਕੈਂਸਰ) ਦਾ ਖਤਰਾ ਤਿੰਨ ਗੁਣਾ ਵੱਧ ਜਾਂਦਾ ਹੈ। ਇੱਕ ਸਰਵੇਖਣ ਜਿਸ ਵਿੱਚ ਇੱਕ ਕਿਸ਼ੋਰ ਕੀਟਨਾਸ਼ਕ ਐਂਡੋਸਲਫਾਨ ਦੇ ਸੰਪਰਕ ਵਿੱਚ ਆਇਆ, ਵਿੱਚ ਦੇਖਿਆ ਗਿਆ ਕਿ ਟੈਸਟਾਸਰੋਨ ਹਾਰਮੋਨ ਪੈਦਾ ਹੋਣ ਵਿੱਚ ਵਿਗਾੜ ਪੈਦਾ ਹੋਇਆ ਅਤੇ ਸੈਕਸੁਅਲੀ ਪ੍ਰੋੜ ਹੋਣ ਦੀ ਉਮਰ ਵਿੱਚ ਦੇਰੀ ਨੋਟ ਕੀਤੀ ਕੀਤੀ। ਇੱਕ ਹੋਰ ਅਧਿਐਨ ਮੁਤਾਬਕ ਸੂਤੀ ਮਿੱਲ ਵਿੱਚ ਕੰਮ ਕਰਦੇ ਤੇ ਕੀਟਨਾਸ਼ਕਾਂ ਦੇ ਸੰਪਰਕ ਵਿਚਲੇ ਬੱਚਿਆਂ ਵਿੱਚ ਉਸੇ ਉਮਰ ਦੇ ਦੂਜੇ ਬੱਚਿਆਂ, ਜੋ ਕਿ ਉਸੇ ਫੈਕਟਰੀ ਵਿੱਚ ਕੰਮ ਕਰਦੇ ਸਨ ਪਰ ਕੀਟਨਾਸ਼ਕਾਂ ਦੇ ਸੰਪਰਕ ਨਹੀਂ ਸਨ, ਦੇ ਮੁਕਾਬਲੇ ਦੂਰ ਦ੍ਰਿਸ਼ਟੀ ਰੋਗ, ਚੱਕਰ ਆਉਣਾ, ਸਿਰ ਦਰਦ, ਕਿਸੇ ਚੀਜ਼ ਉੱਤੇ ਧਿਆਨ ਕੇਂਦਰਤ ਕਰਨ ਵਿੱਚ ਦਿੱਕਤ ਆਉਣਾ, ਯਾਦਸ਼ਕਤੀ ਘੱਟਣਾ, ਤਣਾਅ ਵਿੱਚ ਰਹਿਣਾ ਆਦਿ ਰੋਗ ਵਧੇਰੇ ਪਾਏ ਗਏ। ਇਹ ਸਿਰਫ ਰਸਾਇਣ ਨਹੀਂ ਜਿਹਨਾਂ ਕਰਕੇ ਬੱਚੇ ਅਤੇ ਕਿਸ਼ੋਰ ਖਤਰੇ ਵਿੱਚ ਪੈਂਦੇ ਹਨ, ਸਗੋਂ ਸਭ ਕੰਮ ਵਾਲ਼ੀਆਂ ਥਾਵਾਂ ਦਾ ਇਹੀ ਹਾਲ ਹੈ। ਉਦਾਹਰਣ ਲਈ ਇੱਕ ਅਧਿਐਨ ਅਨੁਸਾਰ ਤੰਬਾਕੂ ਦੇ ਖੇਤਾਂ ਵਿੱਚ ਕੰਮ ਕਰਦੇ 5-5 ਸਾਲ ਦੇ ਬੱਚੇ ਗ੍ਰੀਨ ਤੰਬਾਕੂ ਸਿਕਨੈਸ ਨਾਂ ਦੇ ਜ਼ਾਹਿਰ ਤੋਂ ਪੀੜਤ ਹੁੰਦੇ ਹਨ, ਜਿਹੜਾ ਉਹਨਾਂ ਦੀ ਚਮੜੀ ਤੰਬਾਕੂ ਦੇ ਪੱਤਿਆਂ ਰਾਹੀਂ ਸੋਖਦੀ ਹੈ, ਹਵਾ ਵਿੱਚ ਨਮੀ ਦੀ ਮਾਤਰਾ ਜ਼ਿਆਦਾ ਹੋਣ ਵਾਲ਼ੇ ਦਿਨਾਂ ਵਿੱਚ ਇੱਕ ਬੱਚਾ 54 ਮਿਲੀਗ੍ਰਾਮ ਤੱਕ ਇਹ ਜ਼ਹਿਰ ਸੋਖਦਾ ਹੈ, ਜਿਹੜਾ ਕਿ 50 ਸਿਗਰਟਾਂ ਪੀਣ ਦੇ ਬਰਾਬਰ ਹੈ! ਸੱਟਾਂ ਦੇ ਮਾਮਲੇ ਵਿੱਚ ਖੇਤੀਬਾੜੀ ਸਭ ਤੋਂ ਅੱਗੇ ਹੈ। ਅਮਰੀਕਾ ਵਿੱਚ ਖੇਤੀਬਾੜੀ ਵਿੱਚ 15-17 ਸਾਲ ਦੇ ਕਿਸ਼ੋਰਾਂ ਲਈ ਖ਼ਤਰਨਾਕ ਸੱਟਾਂ ਦਾ ਖਤਰਾ ਕਿਸੇ ਹੋਰ ਖੇਤਰ ਨਾਲੋਂ 4.4 ਗੁਣਾ ਜ਼ਿਆਦਾ ਹੈ। 2004-2008 ਦੌਰਾਨ ਅਮਰੀਕਾ ਵਿੱਚ 40 ਬੱਚੇ ਫਸਲ ਪੈਦਾਵਾਰ ਦੌਰਾਨ ਮਾਰੇ ਗਏ, ਜਿਹਨਾਂ ਦੀ ਉਮਰ 18 ਸਾਲ ਤੋਂ ਘੱਟ ਸੀ, ਜੋ ਕੁੱਲ ਦੁਰਘਟਨਾਵਾਂ ਦਾ 27 ਫੀਸਦੀ ਬਣਦੇ ਹਨ। ਯੂਰਪ ਦਾ ਵੀ ਇਹੀ ਹਾਲ ਹੈ, ਇੱਥੇ ਵੀ ਦੁਰਘਟਨਾਵਾਂ ਦੇ ਮਾਮਲੇ ਵਿੱਚ ਖੇਤੀਬਾੜੀ ਸਭ ਤੋਂ ਅੱਗੇ ਹੈ। ਕਈ ਵਾਰ ਸੱਟ ਕੋਈ ਇਸ ਤਰ੍ਹਾਂ ਦੀ ਹੁੰਦੀ ਹੈ ਜਿਹੜੀ ਬੱਚੇ ਨੂੰ ਪੱਕੇ ਤੌਰ 'ਤੇ ਅਪਾਹਿਜ ਕਰ ਦਿੰਦੀ ਹੈ। ਦੁਨੀਆਂ ਦੇ ਹੋਰਨਾਂ ਖੇਤਰਾਂ ਵਿੱਚ ਹਾਲਤ ਕੋਈ ਵੱਖਰੇ ਨਹੀਂ। ਖੇਤੀਬਾੜੀ ਵਾਂਗ ਮੱਛੀ ਫੜਨ ਅਤੇ ਮੱਛੀ ਪਾਲਣ ਵਿੱਚ ਬੱਚੇ ਆਮ ਹੀ ਸ਼ਾਮਲ ਹਨ। ਇੱਥੇ ਬੱਚੇ ਗੋਦੀ ਕਾਮਿਆਂ ਦੇ ਤੌਰ 'ਤੇ ਜਾਲ ਸੁੱਟਣ ਅਤੇ ਚੁੱਕਣ ਵਾਲ਼ਿਆਂ ਵਜੋਂ ਤੇ ਹੋਰ ਬੁਨਿਆਦੀ ਕੰਮਾਂ ਵਿੱਚ ਲੱਗੇ ਹੁੰਦੇ ਹਨ। ਮੱਛੀ ਫੜਨ ਦੇ ਕੰਮਾਂ ਵਿੱਚ ਮੁੰਡੇ ਆਮ ਲੱਗੇ ਹੁੰਦੇ ਹਨ ਜਦ ਕਿ ਕੁੜੀਆਂ ਮੱਛੀ ਫੜਨ ਤੋਂ ਬਾਅਦ ਸਾਂਭ-ਸੰਭਾਲ਼ ਵਾਲ਼ੇ ਕੰਮ ਵਿੱਚ ਲੱਗੀਆਂ ਹੁੰਦੀਆਂ ਹਨ। ਇਹਨਾਂ ਬੱਚਿਆਂ ਲਈ ਕੰਮ ਦੇ ਹਾਲਾਤ ਮਾੜੇ ਹਨ। ਕੰਮ ਦੇ ਲੰਮੇ ਘੰਟੇ, ਧੁੱਪ 'ਚ ਕੰਮ ਕਰਨਾ ਆਮ ਗੱਲ ਹੈ। ਬੱਚੇ ਇਸ ਤਰ੍ਹਾਂ ਦੇ ਕੰਮਾਂ ਵਿੱਚ ਵੀ ਸ਼ਾਮਲ ਹੁੰਦੇ ਹਨ, ਜਿਵੇਂ ਕਿ ਰਾਤ ਨੂੰ ਬੇੜੀ ਤੋਂ ਛਾਲ ਮਾਰ ਜਾਲ਼ ਤੱਕ ਜਾਣਾ, ਸਮੁੰਦਰ ਵਿੱਚ ਜਾਲ਼ ਵਿੱਚ ਸੱਪਾਂ ਦਾ ਫਸ ਜਾਣਾ ਕੁਦਰਤੀ ਗੱਲ ਹੈ। ਲੰਮੇ ਸਮੇਂ ਸਮੁੰਦਰ ਵਿੱਚ ਰਹਿਣ ਦੀਆਂ ਆਪਣੇ ਕਿਸਮ ਦੀਆਂ ਬਿਮਾਰੀਆਂ ਸ਼ਾਮਲ ਹਨ। ਮੱਛੀ ਫੜਨ ਅਤੇ ਪਾਲਣ ਵਿੱਚ ਬੱਚਿਆਂ ਦੀ ਸ਼ਮੂਲੀਅਤ ਦਾ ਪਤਾ ਇਸ ਗੱਲ ਤੋਂ ਲਗਦਾ ਹੈ ਕਿ ਅਫਰੀਕੀ ਦੇਸ਼ਾਂ ਵਿੱਚ ਬੱਚੇ ਇਸ ਕੰਮ ਵਿੱਚ ਕੁੱਲ ਕਾਮਿਆਂ ਦਾ 1/3 ਹਿੱਸਾ ਹਨ। **(ਚਲਦਾ)**

# ਨਸ਼ਾ ਵੇਚਣ ਵਾਲਿਆਂ ਦਾ ਵਿਰੋਧ ਕਰਨ 'ਤੇ ਚੱਲੀ ਗੋਲ਼ੀ, ਇੱਕ ਜ਼ਖ਼ਮੀ

ਤਰਸਿੱਕਾ, 25 ਅਪ੍ਰੈਲ (ਦਵਿੰਦਰ ਸਿੰਘ ਤਰਸਿੱਕਾ): ਕਸਬਾ ਤਰਸਿੱਕਾ ਵਿਖੇ ਗੋਲੀ ਚੱਲਣ ਨਾਲ ਇੱਕ ਨੌਜਵਾਨ ਦੇ ਜ਼ਖ਼ਮੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧੀ ਜ਼ੇਰੇ ਇਲਾਜ ਹਰਦੀਪ ਸਿੰਘ ਪੁੱਤਰ ਗੁਰਮੁੱਖ ਸਿੰਘ ਵਾਸੀ ਪਿੰਡ ਤਰਸਿੱਕਾ ਨੇ ਦੱਸਿਆ ਕਿ ਮੇਰਾ ਭਰਾ ਜੋ ਨਸ਼ੇ ਦਾ ਆਦੀ ਸੀ, ਜਿਸਨੂੰ ਸਾਰੇ ਪਰਿਵਾਰ ਵੱਲੋਂ ਸਮਝਾ ਕੇ ਉਸਨੂੰ ਨਸ਼ੇ ਤੋਂ ਹਟਾਇਆ ਗਿਆ ਅਤੇ ਉਹ ਸਾਡੇ ਕਾਰੋਬਾਰ 'ਚ ਸਾਡਾ ਪੂਰਾ ਸਾਥ ਦੇਣ ਲੱਗਾ, ਜਿਸ ਤਹਿਤ ਸਾਡੇ ਪਿੰਡ ਦੇ ਹੀ ਕੁੱਝ ਨਸ਼ਾ ਸਪਲਾਈ ਕਰਨ ਵਾਲੇ ਉਸਨੂੰ ਘੇਰਦੇ ਸਨ। ਅੱਜ ਮੇਰੇ ਭਰਾ ਜੁਗਰਾਜ ਸਿੰਘ ਨੂੰ ਸਾਡੇ ਪਿੰਡ ਦੇ ਹੀ ਦੋ ਨੌਜਵਾਨਾਂ ਵੱਲੋਂ ਘੇਰਿਆ ਗਿਆ ਅਤੇ ਜਦ ਮੇਰੇ ਵੱਲੋਂ ਉਕਤ ਨੌਜਵਾਨਾਂ ਨੂੰ ਕਿਹਾ ਕਿ



ਉਹ ਮੇਰੇ ਭਰਾ ਨੂੰ ਕਿਉਂ ਤੰਗ ਕਰਦੇ ਹਨ, ਜਿਸ 'ਤੇ ਉਕਤ ਨੌਜਵਾਨਾਂ ਵੱਲੋਂ ਮੇਰੇ 'ਤੇ ਫਾਇਰ ਕੀਤਾ ਜੋ ਮੇਰੇ ਪੇਟ 'ਚ ਲੱਗਾ। ਮੇਰੇ ਪਰਿਵਾਰਿਕ ਮੈਂਬਰਾਂ ਵੱਲੋਂ ਤੁਰੰਤ ਮੈਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਜੇਕਰ ਪੁਲਿਸ ਵੱਲੋਂ ਨਸ਼ਾ ਤਸਕਰਾਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਨਾ ਕੀਤਾ ਗਿਆ ਅਤੇ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਨੂੰ ਜਲਦ ਗ੍ਰਿਫਤਾਰ ਨਾ ਕੀਤਾ ਤਾਂ ਸਾਨੂੰ ਮਜਬੂਰਨ ਥਾਣਾ ਤਰਸਿੱਕਾ ਦਾ ਘਿਰਾਓ ਕਰਨਾ ਪਵੇਗਾ, ਜਿਸਦਾ ਜ਼ਿੰਮੇਵਾਰ ਪੁਲਿਸ ਪ੍ਰਸ਼ਾਸਨ ਹੋਵੇਗਾ। ਇਸ ਸਬੰਧੀ ਥਾਣਾ ਤਰਸਿੱਕਾ ਦੇ ਐਸ.ਐਚ.ਓ. ਨਾਲ ਜਦੋਂ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਹਰਦੀਪ ਸਿੰਘ ਦਾ ਭਰਾ ਜੁਗਰਾਜ ਸਿੰਘ ਜੋ ਨਸ਼ੇ ਦਾ ਆਦੀ ਸੀ ਅਤੇ ਉਹ ਨਸ਼ਾ ਛੱਡ ਚੁੱਕਾ ਸੀ। ਅੱਜ ਜਦੋਂ ਪਿੰਡ ਦੇ ਦੋ ਨੌਜਵਾਨਾਂ ਵੱਲੋਂ ਉਕਤ ਨੌਜਵਾਨ ਨੂੰ ਘੇਰਿਆ ਗਿਆ, ਤਾਂ ਹਰਦੀਪ ਸਿੰਘ ਆਪਣੇ ਭਰਾ ਦਾ ਖਿਆਲ ਰੱਖਣ ਲਈ ਪਹੁੰਚਿਆ, ਤਾਂ ਉਕਤ ਨੌਜਵਾਨਾਂ ਵੱਲੋਂ ਹਰਦੀਪ ਸਿੰਘ ਨੂੰ ਗੋਲੀ ਮਾਰ ਦਿੱਤੀ ਗਈ।

# ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰਾਂ ਵੱਲੋਂ ਭਾਈ ਪਿੰਦਰਪਾਲ ਸਿੰਘ ਦੇ ਪਿਤਾ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

ਅੰਮ੍ਰਿਤਸਰ, 25 ਅਪ੍ਰੈਲ, (ਬਬਲੂ ਮਹਾਜਨ): ਚੀਫ ਖ਼ਾਲਸਾ ਦੀਵਾਨ ਅਹੁਦੇਦਾਰਾਂ ਵੱਲੋਂ ਪੰਥ ਦੇ ਪ੍ਰਸਿੱਧ ਕਥਾ ਵਾਚਕ ਭਾਈ ਪਿੰਦਰਪਾਲ ਸਿੰਘ ਦੇ ਪਿਤਾ ਜੀ ਹਰਦਿਆਲ ਸਿੰਘ ਜੀ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ। ਚੀਫ ਖ਼ਾਲਸਾ ਦੀਵਾਨ ਮੁੱਖ ਦਫਤਰ ਵਿਖੇ ਹੋਈ ਮੀਟਿੰਗ ਦੌਰਾਨ ਦੀਵਾਨ ਦੇ ਪ੍ਰਧਾਨ ਡਾ ਇੰਦਰਬੀਰ ਸਿੰਘ ਨਿੱਜਰ ਅਤੇ ਆਨਰੇਰੀ ਸਕੱਤਰ ਸ ਸਵਿੰਦਰ ਸਿੰਘ ਕੱਥੂਨੰਗਲ ਨੇ ਸ਼ੋਕ ਪ੍ਰਗਟ ਕਰਦਿਆਂ ਕਿਹਾ ਕਿ ਹਰਦਿਆਲ ਸਿੰਘ ਜੀ ਸਾਦਗੀ ਅਤੇ ਧਾਰਮਿਕਤਾ ਭਰਪੂਰ ਇੱਕ ਆਦਰਸ਼ ਗੁਰਸਿੱਖ ਸਨ ਜਿਨਾਂ ਦੇ ਦਿੱਤੇ ਧਾਰਮਿਕ ਸੰਸਕਾਰ ਭਾਈ ਪਿੰਦਰਪਾਲ ਸਿੰਘ ਦੇ ਵਿਚਾਰਾਂ ਅਤੇ ਜੀਵਨ ਆਚਰਨ ਵਿੱਚ ਸਹਿਜ ਹੀ ਝਲਕਦੇ ਹਨ। ਪਿਤਾ ਜੀ ਦੀ ਦਿੱਤੀ ਧਾਰਮਿਕ ਪ੍ਰੇਰਨਾ ਅਤੇ ਗੁਰਮਤਿ ਜੀਵਨ ਜਾਚ ਨੇ ਹੀ ਭਾਈ ਪਿੰਦਰਪਾਲ ਸਿੰਘ ਜੀ ਦੀਆਂ ਧਾਰਮਿਕ ਸੇਵਾਵਾਂ ਦੀ ਮਜਬੂਤ ਨੀਹ ਰੱਖੀ। ਇਸ ਮੌਕੇ ਚੀਫ ਖਾਲਸਾ ਦੀਵਾਨ ਦੇ ਪ੍ਰਧਾਨ ਡਾ ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਸਕੱਤਰ ਰਮਣੀਕ ਸਿੰਘ, ਐਡੀਸ਼ਨਲ ਆਨਰੇਰੀ ਸਕੱਤਰ/ ਮੁੱਖ ਦਫਤਰ ਮੈਂਬਰ ਇੰਚਾਰਜ ਸੁਖਜਿੰਦਰ ਸਿੰਘ ਪ੍ਰਿੰਸ , ਐਡੀਸ਼ਨਲ ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ ਅਤੇ ਦੀਵਾਨ ਮੈਂਬਰ ਮਨਪ੍ਰੀਤ ਸਿੰਘ ਹਾਜ਼ਰ ਸਨ।

# ਬਾਬਾ ਬਲਬੀਰ ਸਿੰਘ ਨੇ ਭਾਈ ਪਿੰਦਰਪਾਲ ਸਿੰਘ ਦੇ ਪਿਤਾ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟ ਕੀਤਾ

ਅੰਮ੍ਰਿਤਸਰ, 25 ਅਪ੍ਰੈਲ, (ਗੁਰਦਿਆਲ ਸਿੰਘ): ਸਿੱਖ ਜਗਤ ਦੇ ਨਾਮਵਰ ਸਿੱਖ ਪ੍ਰਚਾਰਕ, ਕਥਾਵਾਚਕ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਦੇ ਪਿਤਾ ਹਰਦਿਆਲ ਸਿੰਘ ਦਾ ਅਚਾਨਕ ਦਿਹਾਂਤ ਹੋ ਜਾਣ 'ਤੇ ਨਿਹੰਗ ਸਿੰਘਾਂ ਦੀ ਪ੍ਰਮੁੱਖ ਸੰਸਥਾ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਨੇ ਸ. ਹਰਦਿਆਲ ਸਿੰਘ ਦੇ ਅਕਾਲ ਚਲਾਣੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਭਾਈ



ਪਿੰਦਰਪਾਲ ਸਿੰਘ ਨਾਲ ਸੰਵੇਦਨਾ ਹਮਦਰਦੀ ਜਤਾਉਂਦਿਆਂ ਉਨ੍ਹਾਂ ਦੇ ਦੁੱਖ ਵਿੱਚ ਸ਼ਰੀਕ ਹੋਏ ਹਨ। ਉਨ੍ਹਾਂ ਕਿਹਾ ਮਨੁੱਖ ਦੇ ਇਸ ਫਾਨੀ ਸੰਸਾਰ ਤੋਂ ਆਉਣਾ, ਜਾਣਾ ਅਕਾਲ ਪੁਰਖ ਦੇ ਹੱਥ ਹੈ। ਇਸ ਨੂੰ ਮਿੱਠਾ ਕਰਕੇ ਮੰਨਣਾ ਹੀ ਪੈਂਦਾ ਹੈ। ਉਨ੍ਹਾਂ ਵਿੱਛੜੀ ਪ੍ਰਾਣੀ ਪ੍ਰਤੀ ਅਕਾਲ ਪੁਰਖ ਦੇ ਦਰ ਅਰਦਾਸ ਬੇਨਤੀ ਕੀਤੀ ਕਿ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ। ਪਿੱਛੇ ਪ੍ਰੀਵਾਰ, ਪਿਆਰ ਕਰਨ ਵਾਲੇ ਸਨੇਹੀਆਂ, ਰਿਸ਼ਤੇਦਾਰੀਆਂ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ।


## ਸਟੇਟ ਬੈਂਕ ਆਫ ਇੰਡੀਆ STATE BANK OF INDIA

ਦੀ ਮਾਲ, ਕਪੂਰਥਲਾ
Tel : 01822- 505137
E-Mail- sbi.50065@sbi.co.in

### ਅੰਤਿਕਾ 4 [ਨਿਯਮ (8-1)]
### ਕਬਜ਼ਾ ਸੂਚਨਾ (ਚੱਲ/ਅਚੱਲ ਸੰਪੱਤੀਆਂ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਨੰ. 3) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ਜ਼ਾਮਨ(ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ(ਾਂ)/ਜ਼ਾਮਨ(ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਨਿਮਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਵੇਰਵਿਆਂ ਅਨੁਸਾਰ ਹਰੇਕ ਦੇ ਅਧੀਨ ਦਰਸਾਈ ਰਕਮ, ਮਨਫੀ ਵਸੂਲੀ, ਜੇਕਰ ਕੋਈ ਹੈ ਜਮ੍ਹਾਂ ਭਾਵੀ ਵਿਆਜ, ਖਰਚਿਆਂ, ਲਾਗਤਾਂ ਦੇ ਲਈ **ਸਟੇਟ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ/ਜ਼ਾਮਨਾਂ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ ਕਰਜ਼ਦਾਰ /ਜ਼ਾਮਨ ਦੇ ਨਾਮ | ਸੰਪੱਤੀ/ਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ / ਕਬਜ਼ੇ ਦੀ ਮਿਤੀ | ਬਕਾਇਆ ਰਕਮ ਰੁ. 'ਚ |
|---|---|---|---|
| **ਕਰਜ਼ਦਾਰ : ਸ਼੍ਰੀ ਸਹਿਜ ਕੁਮਾਰ ਸਪੁੱਤਰ ਸ਼੍ਰੀ ਰਾਮ ਤੀਰਥ**, ਪਿੰਡ ਨਸੀਰਪੁਰ ਜ਼ਿਲ੍ਹਾ ਕਪੂਰਥਲਾ-144628 | ਕਾਰ ਦੀ ਹਾਈਪੋਥੀਕੇਸ਼ਨ, ਹੁੰਡਾਈ ਵਰਨਾ 1.5 ਐਮਪੀਆਈ ਐਸਐਕਸ, ਰਜਿਸਟ੍ਰੇਸ਼ਨ ਨੰ. ਪੀਬੀ 09 ਏਐਨ 7157, ਇੰਜਣ ਨੰ. ਜੀ4ਐਫਐਲਪੀਵੀ631456, ਚਾਸੀ ਨੰ. ਐਮਏਐਲਜੀਯੂ41ਡੀਐਲਪੀਐਮ067131, ਸ਼੍ਰੀ ਸਹਿਜ ਕੁਮਾਰ ਸਪੁੱਤਰ ਸ਼੍ਰੀ ਰਾਮ ਤੀਰਥ ਵਾਸੀ ਪਿੰਡ ਨਸੀਰਪੁਰ, ਜ਼ਿਲ੍ਹਾ ਕਪੂਰਥਲਾ ਦੇ ਨਾਮ 'ਤੇ ਪੰਜੀਕ੍ਰਿਤ। | **31.12.2024** / **25.04.2025** | **Rs. 13,72,672/-** (ਰੁ. ਤੇਰਾਂ ਲੱਖ ਬਹੱਤਰ ਹਜ਼ਾਰ ਛੇ ਸੌ ਬਹੱਤਰ ਕੇਵਲ) 30.12.2024 ਦੇ ਅਨੁਸਾਰ, ਜਮ੍ਹਾਂ ਅਣਵਸੂਲਿਆ ਵਿਆਜ, ਫੀਸਾਂ, ਅਚਨਚੇਤੀ ਖਰਚੇ, ਲਾਗਤਾਂ ਆਦਿ। |

ਮਿਤੀ : 25.04.2025 ਸਥਾਨ : ਕਪੂਰਥਲਾ ਅਧਿਕਾਰਤ ਅਧਿਕਾਰੀ



## ਚੰਡੀਗੜ੍ਹ ਹਾਊਸਿੰਗ ਬੋਰਡ

ਚੰਡੀਗੜ੍ਹ ਪ੍ਰਸ਼ਾਸਨ ਦਾ ਇੱਕ ਅਦਾਰਾ
8, ਜਨ ਮਾਰਗ, ਸੈਕਟਰ 9-ਡੀ, ਚੰਡੀਗੜ੍ਹ

### ਜਨਤਕ ਸੂਚਨਾ

**ਸ਼੍ਰੀਮਤੀ ਜਸਵਿੰਦਰ ਕੌਰ ਸੁਪਤਨੀ ਸ਼੍ਰੀ ਜਗਜੀਤ ਸਿੰਘ ਦਰਦੀ, ਸ਼੍ਰੀਮਤੀ ਰਾਸ਼ੀ ਮਲਹੋਤਰਾ ਸੁਪਤਨੀ ਸਵ. ਸ਼੍ਰੀ ਸਤਬੀਰ ਸਿੰਘ ਦਰਦੀ, ਸ਼੍ਰੀ ਜਪਜੀ ਕੌਰ ਦਰਦੀ ਸਪੁੱਤਰੀ ਸਵ. ਸ਼੍ਰੀ ਸਤਬੀਰ ਸਿੰਘ ਦਰਦੀ, ਏਕਬੀਰ ਸਿੰਘ ਦਰਦੀ (ਨਾਬਾਲਗ) ਸਪੁੱਤਰ ਸਵ. ਸ਼੍ਰੀ ਸਤਬੀਰ ਸਿੰਘ ਦਰਦੀ, ਰਾਹੀਂ ਆਪਣੀ ਮਾਤਾ ਅਤੇ ਕੁਦਰਤੀ ਸਰਪ੍ਰਸਤ ਸ਼੍ਰੀਮਤੀ ਰਾਸ਼ੀ ਮਲਹੋਤਰਾ ਵਾਸੀ** ਮਕਾਨ ਨੰ. 3205, **ਸੈਕਟਰ 44-ਡੀ, ਚੰਡੀਗੜ੍ਹ** ਨੇ ਰਿਹਾਇਸ਼ੀ ਇਕਾਈ ਨੰਬਰ 3205, **ਸੈਕਟਰ 44-ਡੀ, ਚੰਡੀਗੜ੍ਹ** ਦੇ ਸਬੰਧ ਵਿਚ ਅਲਾਟਮੈਂਟ ਪੱਤਰ ਦਾ ਦਸਤਾਵੇਜ਼ ਗੁੰਮ ਜਾਣ ਕਾਰਨ ਇਸ ਦਾ ਦੁਪਰਤੀ ਉਤਾਰਾ ਜਾਰੀ ਕਰਨ ਲਈ ਚੰਡੀਗੜ੍ਹ ਹਾਊਸਿੰਗ ਬੋਰਡ ਕੋਲ ਪਹੁੰਚ ਕੀਤੀ ਹੈ। ਉਕਤ ਦਰਸਾਏ ਦਸਤਾਵੇਜ਼ ਦੇ ਗੁੰਮ ਹੋਣ ਸਬੰਧੀ ਮਿਤੀ 05.12.2024 ਨੂੰ ਪੰਜਾਬ ਪੁਲਿਸ, ਪਟਿਆਲਾ ਕੋਲ ਪੰਜੀਕ੍ਰਿਤ ਲੜੀ ਨੰ. 544517/2024 ਪੰਜਾਬ ਪੁਲਿਸ ਐਲਏਆਰ ਨੰ. 544517/2024 ਦੇ ਤਹਿਤ ਵਿਚ ਅਰਜ਼ੀ ਵੀ ਪੇਸ਼ ਕੀਤੀ ਹੈ। ਕੋਈ ਵੀ ਵਿਅਕਤੀ ਜਿਸ ਨੂੰ ਉਕਤ ਦਰਸਾਈ ਰਿਹਾਇਸ਼ੀ ਇਕਾਈ ਦੇ ਸਬੰਧ ਵਿਚ ਅਲਾਟਮੈਂਟ ਪੱਤਰ ਦਾ ਦੁਪਰਤੀ ਉਤਾਰਾ ਜਾਰੀ ਕਰਨ ਦੇ ਖਿਲਾਫ਼ ਕੋਈ ਵੀ ਇਤਰਾਜ਼ ਹੋਵੇ, ਉਹ ਇਸ ਸੂਚਨਾ ਦੇ ਪ੍ਰਕਾਸ਼ਨ ਤੋਂ 15 ਦਿਨਾਂ ਦੇ ਅੰਦਰ ਲਿਖਤ ਵਿਚ ਨਿਮਨ ਹਸਤਾਖ਼ਰੀ ਕੋਲ ਇਤਰਾਜ਼ ਦਰਜ ਕਰ ਸਕਦਾ/ਸਕਦੀ ਹੈ, ਜਿਸ ਤੋਂ ਅਸਫ਼ਲ ਰਹਿਣ 'ਤੇ ਦਸਤਾਵੇਜ਼ ਜਾਰੀ ਕਰ ਦਿੱਤੇ ਜਾਣਗੇ। ਇਸ ਤੋਂ ਬਾਅਦ, ਕਿਸੇ ਵੀ ਵਿਅਕਤੀ ਨੂੰ ਉਕਤ ਦਰਸਾਏ ਮੂਲ ਦਸਤਾਵੇਜ਼ ਲੱਭ ਜਾਣ ਦੀ ਸੂਰਤ ਵਿਚ, ਇਨ੍ਹਾਂ ਨੂੰ ਉਕਤ ਦਰਸਾਏ ਪੁਲਿਸ ਸਟੇਸ਼ਨ ਕੋਲ ਜਾਂ ਨਿਮਨ ਹਸਤਾਖ਼ਰੀ ਦੇ ਦਫ਼ਤਰ ਵਿਚ ਜਮ੍ਹਾਂ ਕਰਵਾ ਦਿੱਤਾ ਜਾਵੇ।

**ਸਕੱਤਰ**
ਚੰਡੀਗੜ੍ਹ ਹਾਊਸਿੰਗ ਬੋਰਡ, ਚੰਡੀਗੜ੍ਹ



## ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼

ਡਰਾਅ ਸਮਾਂ : ਸ਼ਾਮ 06:00 ਵਜੇ ਤੋਂ ਡਰਾਅ ਮਿਤੀ : 25.04.2025
ਪੰਜਾਬ ਸਟੇਟ ਡੀਅਰ 10 ਕਾਪਰ ਸ਼ੁੱਕਰਵਾਰ ਹਫ਼ਤਾਵਾਰੀ ਲਾਟਰੀ ਦਾ ਨਤੀਜਾ

**ਮੁੱਲ ਰੁਪਏ 10/- ਪ੍ਰਤੀ ਟਿਕਟ**

ਪਹਿਲੇ ਇਨਾਮ ਦੀ ਰਾਸ਼ੀ (10) ਰੁਪਏ 10,000/-, ਸਾਰੀਆਂ ਲੜੀਆਂ ਲਈ ਸਾਂਝੀ (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ.500/-, ਕੁੱਲ ਇਨਾਮੀ ਰਾਸ਼ੀ ਰੁ. 10,500/- ਹਰੇਕ)

**2042**

ਦੂਜੇ ਇਨਾਮ ਦੀ ਰਾਸ਼ੀ (10) ਰੁਪਏ 2,000/-, ਸਾਰੀਆਂ ਲੜੀਆਂ ਲਈ ਸਾਂਝੀ (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ.200/-, ਕੁੱਲ ਇਨਾਮੀ ਰਾਸ਼ੀ ਰੁ. 2200/- ਹਰੇਕ)

**2969**

ਤੀਜੇ ਇਨਾਮ ਦੀ ਰਾਸ਼ੀ (100) ਰੁਪਏ 500/-, ਸਾਰੀਆਂ ਲੜੀਆਂ ਲਈ ਸਾਂਝੀ (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ.50/-, ਕੁੱਲ ਇਨਾਮੀ ਰਾਸ਼ੀ ਰੁ. 550/- ਹਰੇਕ)

| | | | | | | | | | |
|---|---|---|---|---|---|---|---|---|---|
| 1328 | 2822 | 2919 | 5004 | 6224 | 7603 | 7612 | 7811 | 8475 | 9575 |

ਚੌਥੇ ਇਨਾਮ ਦੀ ਰਾਸ਼ੀ (100) ਰੁਪਏ 200/-, ਸਾਰੀਆਂ ਲੜੀਆਂ ਲਈ ਸਾਂਝੀ (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ.20/-, ਕੁੱਲ ਇਨਾਮੀ ਰਾਸ਼ੀ ਰੁ. 220/- ਹਰੇਕ)

| | | | | | | | | | |
|---|---|---|---|---|---|---|---|---|---|
| 1467 | 3145 | 3404 | 5416 | 5513 | 6370 | 7982 | 8383 | 8541 | 8862 |

ਪੰਜਵੇਂ ਇਨਾਮ ਦੀ ਰਾਸ਼ੀ (2000) ਰੁਪਏ 100/-, ਸਾਰੀਆਂ ਲੜੀਆਂ ਲਈ ਸਾਂਝੀ (ਆਖ਼ਰੀ 4 ਅੰਕਾਂ 'ਤੇ)
(ਵਿਕ੍ਰੇਤਾ ਇਨਾਮੀ ਰਾਸ਼ੀ ਰੁ.10/-, ਕੁੱਲ ਇਨਾਮੀ ਰਾਸ਼ੀ ਰੁ. 110/- ਹਰੇਕ)

| | | | | | | | | | |
|---|---|---|---|---|---|---|---|---|---|
| 0031 | 0075 | 0134 | 0165 | 0234 | 0254 | 0256 | 0264 | 0265 | 0417 |
| 0434 | 0444 | 0451 | 0468 | 0484 | 0567 | 0600 | 0646 | 0746 | 0784 |
| 0817 | 0837 | 0873 | 0890 | 0900 | 0912 | 1033 | 1040 | 1055 | 1110 |
| 1134 | 1245 | 1376 | 1397 | 1438 | 1442 | 1499 | 1532 | 1535 | 1559 |
| 1624 | 1646 | 1680 | 1790 | 1795 | 1876 | 1917 | 1928 | 1971 | 1993 |
| 2025 | 2106 | 2145 | 2153 | 2195 | 2259 | 2418 | 2451 | 2465 | 2518 |
| 2530 | 2535 | 2577 | 2637 | 2660 | 2798 | 2837 | 2921 | 2940 | 2972 |
| 3062 | 3149 | 3157 | 3302 | 3316 | 3361 | 3377 | 3401 | 3475 | 3567 |
| 3570 | 3617 | 3636 | 3677 | 3807 | 3866 | 4080 | 4115 | 4150 | 4238 |
| 4267 | 4274 | 4286 | 4290 | 4409 | 4525 | 4627 | 4650 | 4691 | 4754 |
| 4762 | 4808 | 4814 | 4904 | 4934 | 4961 | 5133 | 5278 | 5329 | 5341 |
| 5378 | 5386 | 5461 | 5473 | 5482 | 5500 | 5537 | 5581 | 5582 | 5716 |
| 5797 | 5814 | 5823 | 5981 | 6026 | 6089 | 6097 | 6141 | 6181 | 6183 |
| 6278 | 6282 | 6324 | 6407 | 6408 | 6460 | 6484 | 6498 | 6513 | 6559 |
| 6585 | 6588 | 6600 | 6692 | 6799 | 6822 | 6844 | 6881 | 6985 | 7008 |
| 7141 | 7233 | 7320 | 7372 | 7382 | 7463 | 7522 | 7595 | 7623 | 7658 |
| 7664 | 7738 | 7842 | 7885 | 7966 | 7970 | 7983 | 8035 | 8065 | 8099 |
| 8107 | 8166 | 8177 | 8236 | 8264 | 8278 | 8354 | 8393 | 8474 | 8537 |
| 8871 | 8896 | 9064 | 9077 | 9084 | 9112 | 9129 | 9245 | 9255 | 9264 |
| 9480 | 9481 | 9563 | 9689 | 9702 | 9710 | 9756 | 9824 | 9922 | 9952 |

ਜਾਰੀ ਕਰਤਾ ਡਾਇਰੈਕਟੋਰੇਟ ਪੰਜਾਬ ਸਟੇਟ ਲਾਟਰੀਜ਼
ਕਿਰਪਾ ਕਰਕੇ ਅੰਤਿਮ ਨਤੀਜਾ ਅਧਿਕਾਰਤ ਗਜ਼ਟ ਅਧਿਸੂਚਨਾ ਤੋਂ ਪੜਤਾਲ ਲਓ

RO. No. PR-Advt. No. 26/11/187/2023/43623/Dated CHD 4.17.2025



## ਯੂਕੋ ਬੈਂਕ UCO BANK

(ਭਾਰਤ ਸਰਕਾਰ ਦਾ ਅਦਾਰਾ) (A Govt. of India Undertaking)
ਜ਼ੋਨਲ ਦਫਤਰ : ਐਸਸੀਓ 55-56-57, ਬੈਂਕ ਸਕੁਏਅਰ, ਸੈਕਟਰ 17-ਬੀ, ਚੰਡੀਗੜ੍ਹ-160017,
ਫੋਨ ਨੰ. 0172-5037339, 5037340 ਈਮੇਲ : zochng.rec@ucobank.co.in
ਸ਼ਾਖਾ ਦਫਤਰ : ਭੀਖੀ, ਜ਼ਿਲ੍ਹਾ ਮਾਨਸਾ , ਫੋਨ : 01652275007

ਮਿਤੀ: 15.04.2025

ਵੱਲ,
ਮੈਸ. ਅਮਨ ਐਂਟਰਪ੍ਰਾਈਜ਼ਿਜ਼ ਪ੍ਰੋ. ਅਮਨਦੀਪ ਗਰਗ ਪੁੱਤਰ ਪੰਨਾ ਲਾਲ, ਵਾਰਡ ਨੰ. 1, ਬਮਾਲਾ ਰੋਡ ਭੀਖੀ ਜ਼ਿਲ੍ਹਾ ਮਾਨਸਾ, ਪੰਜਾਬ 151504, ਮੋਬਾਈਲ-9878857030
ਸ਼੍ਰੀ ਪੰਨਾ ਲਾਲ ਪੁੱਤਰ ਗੁਲਵੰਤ ਰਾਏ, ਕੇ-1, ਰਾਮ ਨਗਰ, ਇੰਦਰਾ ਬਸਤੀ, ਵਾਰਡ ਨੰ. 5, ਸੁਨਾਮ ਜ਼ਿਲ੍ਹਾ ਸੰਗਰੂਰ, ਪੰਜਾਬ-148028।
ਸ਼੍ਰੀਮਾਨ/ਸ਼੍ਰੀਮਤੀ

**ਵਿਸ਼ਾ : ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਨਾਲ ਪੜ੍ਹੀ ਜਾਣ ਵਾਲੀ ਧਾਰਾ 13 (8) ਦੇ ਅਧੀਨ ਸੂਚਨਾ**

ਜਦੋਂ ਕਿ ਯੂਕੋ ਬੈਂਕ ਦਾ ਅਧਿਕਾਰਤ ਅਧਿਕਾਰੀ, ਸੁਰੱਖਿਅਤ ਲੈਣਦਾਰ, **ਸੁਰੱਖਿਅਣ ਅਤੇ ਪੁਨਰ ਉਸਾਰੀ** ਆਫ਼ ਫਾਈਨੈਂਸ਼ੀਅਲ ਅਸੈਟਸ ਐਂਡ ਲਾਗੂਕਰਨ ਸੁਰੱਖਿਆ ਵਿਆਜ (SARFAESI) 2002 ਐਕਟ ਦੇ ਅਧੀਨ ਉਕਤ ਐਕਟ ਅਤੇ ਇਸ ਅਧੀਨ ਬਣਾਏ ਗਏ ਨਿਯਮਾਂ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, 28.01.2025 ਨੂੰ ਮੰਗ-ਸੂਚਨਾ ਜਾਰੀ ਕੀਤੀ, ਜਿਸ ਦੀ ਪ੍ਰਾਪਤੀ ਦੀ ਮਿਤੀ ਤੋਂ ਸੱਠ (60) ਦਿਨਾਂ ਦੇ ਅੰਦਰ ਇਸ ਵਿਚ ਦਰਸਾਏ ਅਨੁਸਾਰ ਯੂਕੋ ਬੈਂਕ ਦੀਆਂ ਤੁਹਾਡੀਆਂ ਮੁਕੰਮਲ ਦੇਣਦਾਰੀਆਂ ਦਾ ਨਿਪਟਾਰਾ ਕਰਨ ਲਈ ਸੱਦਾ ਦਿੱਤਾ ਗਿਆ ਹੈ।

ਕਿਉਂਕਿ ਤੁਸੀਂ ਉਪਰੋਕਤ ਨਾਮੀ ਕਰਜ਼ਦਾਰ/ਜ਼ਾਮਨ ਉਕਤ ਮੰਗ-ਨੋਟਿਸ ਵਿੱਚ ਦੱਸੇ ਅਨੁਸਾਰ ਦੇਣਦਾਰੀ ਨੂੰ ਪੂਰੀ ਤਰ੍ਹਾਂ ਨਿਭਾਉਣ ਵਿੱਚ ਅਸਫਲ ਰਿਹਾ, ਇਸ ਲਈ ਯੂਕੋ ਬੈਂਕ ਨੇ ਆਪਣੇ ਬਕਾਏ ਵਸੂਲਣ ਦਾ ਸਹਾਰਾ ਲਿਆ ਹੈ, ਅਤੇ ਇਸਦੇ ਅਧਿਕਾਰਤ ਅਧਿਕਾਰੀ ਨੇ 04.04.2025 ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 8 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(4) ਦੇ ਤਹਿਤ ਅਚੱਲ ਸੁਰੱਖਿਅਤ ਸੰਪਤੀ ਦਾ ਕਬਜ਼ਾ ਲੈ ਲਿਆ ਹੈ (ਕਬਜ਼ੇ ਦੀ ਮਿਤੀ ਪੇਸ਼ ਕਰੋ) ਜਿਵੇਂ ਕਿ 04.04.2025 ਦੇ ਕਬਜ਼ਾ-ਨੋਟਿਸ ਦੀ ਨੱਥੀ ਕਾਪੀ ਵਿੱਚ ਦੱਸਿਆ ਗਿਆ ਹੈ (ਕਬਜ਼ੇ ਦੀ ਮਿਤੀ ਪੇਸ਼ ਕਰੋ ਅਤੇ ਕਬਜ਼ਾ-ਨੋਟਿਸ ਦੀ ਇੱਕ ਕਾਪੀ ਨੱਥੀ ਕਰੋ)।

ਕਿਉਂਕਿ ਤੁਸੀਂ ਬੈਂਕ ਦੇ ਸਾਰੇ ਬਕਾਏ ਚੁਕਾਉਣ ਵਿੱਚ ਅਸਫਲ ਰਹੇ ਹੋ, ਸੁਰੱਖਿਅਤ ਸੰਪਤੀਆਂ ਦਾ ਕਬਜ਼ਾ ਲੈਣ ਤੋਂ ਬਾਅਦ ਵੀ ਤੁਹਾਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਤੁਸੀਂ ਇਸ ਨੋਟਿਸ ਦੀ ਪ੍ਰਾਪਤੀ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਅਤੇ/ਜਾਂ ਜਨਤਕ ਨਿਲਾਮੀ ਆਦਿ ਲਈ ਨੋਟਿਸ ਪ੍ਰਕਾਸ਼ਤ ਹੋਣ ਦੀ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ ਭਵਿੱਖ ਦੇ ਵਿਆਜ, ਸਾਰੇ ਫੀਸਾਂ ਅਤੇ ਖਰਚੇ ਆਦਿ ਦੇ ਨਾਲ ਬੈਂਕ ਦੇ ਬਕਾਏ ਵਾਪਸ ਕਰ ਦਿਓ। ਇਸ ਤਰ੍ਹਾਂ, ਤੁਹਾਡਾ ਧਿਆਨ ਉਪਰੋਕਤ ਨਿਰਧਾਰਤ ਸਮੇਂ ਦੇ ਅੰਦਰ ਧਾਰਾ 13(8) ਦੇ ਅਨੁਸਾਰ ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ ਸੱਦਾ ਦਿੱਤਾ ਜਾਂਦਾ ਹੈ।

ਜੇਕਰ ਤੁਸੀਂ ਇਸ ਸੂਚਨਾ ਦੇ ਅਨੁਸਾਰ ਕਾਰਵਾਈ ਕਰਨ ਵਿੱਚ ਅਸਫਲ ਰਹਿੰਦੇ ਹੋ, ਤਾਂ ਬੈਂਕ SARFAESI ਐਕਟ, 2002 ਦੇ ਉਪਬੰਧਾਂ ਅਤੇ ਇਸਦੇ ਅਧੀਨ ਬਣਾਏ ਗਏ ਨਿਯਮਾਂ ਦੇ ਅਨੁਸਾਰ ਭਵਿੱਖ ਦੇ ਵਿਆਜ, ਲਾਗਤਾਂ, ਫੀਸਾਂ ਅਤੇ ਖਰਚਿਆਂ ਆਦਿ ਦੇ ਨਾਲ ਆਪਣੇ ਬਕਾਏ ਵਸੂਲਣ ਲਈ ਅੱਗੇ ਵਧੇਗਾ।

ਕਿਰਪਾ ਕਰਕੇ ਧਿਆਨ ਦਿਓ ਕਿ ਇਹ ਬੈਂਕ ਦੇ ਅਧਿਕਾਰਾਂ ਅਤੇ ਇਸ ਸਮੇਂ ਲਾਗੂ ਕਾਨੂੰਨ(ਕਾਨੂੰਨਾਂ) ਅਧੀਨ ਉਪਲਬਧ ਵਿਵਾਦਾਂ ਪ੍ਰਤੀ ਪੱਖਪਾਤ ਤੋਂ ਬਿਨਾਂ ਹੈ।

**ਸ਼੍ਰੀ. ਸਤਯਮ ਕਿਸ਼ੋਰ ਅਗਰਵਾਲ**
**ਮੁੱਖ ਪ੍ਰਬੰਧਕ**
**ਅਧਿਕਾਰਤ ਅਧਿਕਾਰੀ-SARFAESI** ਕਾਨੂੰਨ, 2002


## ਚੜ੍ਹਦੀਕਲਾ ਪੜ੍ਹੋ ਚੜ੍ਹਦੀਕਲਾ 'ਚ ਰਹੋ


## ਵਸੂਲੀ ਅਧਿਕਾਰੀ-I/II ਦਾ ਦਫ਼ਤਰ
### ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1)

ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

**ਮੰਗ ਸੂਚਨਾ**
**ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ**

**ਆਰ.ਸੀ./498/2023** 18.01.2025

(ਪ੍ਰਕਾਸ਼ਨ ਸੂਚਨਾ)
ਯੂਕੋ ਬੈਂਕ
ਬਨਾਮ
ਨੇਹਾ ਕੋਹਲੀ

ਵੱਲ,
(**ਸੀਡੀ 1) ਨੇਹਾ ਕੋਹਲੀ ਪਤਨੀ ਸ਼੍ਰੀ ਰਾਜ ਕੁਮਾਰ ਕੋਹਲੀ**, ਵਾਸੀ ਮਕਾਨ ਨੰ. 31387, ਗਲੀ ਨੰ. 10 ਵਾਰਡ ਨੰ. 45, ਪਾਰਸ ਰਾਮ ਨਗਰ, ਬਠਿੰਡਾ, ਪੰਜਾਬ-151001
(**ਸੀਡੀ 1) ਸ਼੍ਰੀ ਰਾਜ ਕੁਮਾਰ ਕੋਹਲੀ ਸਪੁੱਤਰ ਸ਼੍ਰੀ ਜਗ ਪ੍ਰਸਾਦ ਕੋਹਲੀ**, ਵਾਸੀ ਮਕਾਨ ਨੰ. 31387, ਗਲੀ ਨੰ. 10 ਵਾਰਡ ਨੰ. 45, ਪਾਰਸ ਰਾਮ ਨਗਰ, ਬਠਿੰਡਾ, ਪੰਜਾਬ-151001

ਇਹ ਸੂਚਿਤ ਕੀਤਾ ਜਾਂਦਾ ਹੈ ਕਿ **ਓਏ**/1228/2021 ਵਿਚ ਪ੍ਰਧਾਨਗੀ ਅਧਿਕਾਰੀ, **ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ** (**ਡੀਆਰਟੀ**-3) ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 01.07.2020 ਤੋਂ ਪ੍ਰਭਾਵੀ ਕੰਪਾਊਂਡ ਛਿਮਾਹੀ ਵਿਆਜ 10.45% **ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ ਰੁ.** 24,54,196/- (**ਰੁਪਏ ਚੌਵੀਂ ਲੱਖ ਚੁਰੰਜਾ ਹਜ਼ਾਰ ਇਕ ਸੌ ਛਿਆਨਵੇਂ ਕੇਵਲ**) ਦੀ ਰਕਮ ਅਤੇ ਰੁ. 27000/- (**ਰੁਪਏ ਸਤਾਈ ਹਜ਼ਾਰ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।**

**2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ** ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।

3. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।

4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੇਰੀ ਕਾਰਵਾਈ ਲਈ 06.05.2025 ਨੂੰ ਸਵੇਰੇ 10.30 ਵਜੇ ਨਿਮਨ ਹਸਤਾਖਰੀ ਕੋਲ ਹਾਜ਼ਰ ਹੋਵੋ।

5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ:
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।

**ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਮਿਤੀ** 18.01.2025 **ਨੂੰ ਜਾਰੀ।**

**ਵਸੂਲੀ ਅਧਿਕਾਰੀ-II**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ**, (ਡੀਆਰਟੀ-1)



## ਭਾਰਤੀ ਥਲ ਸੈਨਾ
## JOIN INDIAN ARMY AS AN OFFICER

www.joinindianarmy.nic.in

### ਅਧਿਕਾਰੀ ਇੰਦਰਾਜ

ਤਕਨੀਕੀ ਗ੍ਰੇਜੂਏਟ ਕੋਰਸ (ਟੀਜੀਸੀ-142) (ਜਨਵਰੀ 2026 ਵਿਚ ਨਿਰਧਾਰਤ) ਦੇ ਲਈ ਆਨਲਾਈਨ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ।

**ਅਰਜ਼ੀਆਂ 30 ਅਪ੍ਰੈਲ 2025 ਤੋਂ 29 ਮਈ 2025 ਤੱਕ ਖੁੱਲ੍ਹੀਆਂ ਰਹਿਣਗੀਆਂ।**

### OFFICER ENTRY

Online applications are invited for Technical Graduate Course (TGC-142) (scheduled in Jan 2026).

Applications open from **30 Apr 2025** to **29 May 2025**.

**ਨੋਟ :**
1. ਸੈਨਾ ਵਿਚ ਭਰਤੀ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਮੁਫ਼ਤ ਹੈ। ਦਲਾਲਾਂ ਤੋਂ ਸਾਵਧਾਨ ਰਹੋ।
2. ਵਿਸਥਾਰਤ ਨੋਟੀਫਿਕੇਸ਼ਨ ਦੇ ਲਈ, ਕਿਰਪਾ ਕਰਕੇ **www.joinindianarmy.nic.in** 'ਤੇ ਜਾਓ।

**Note :**
1. Recruitment in the Army is totally transparent and free. Beware of touts.
2. For detailed Notification, please visit www.joinindianarmy.nic.in

CBC 10601/11/0012/2526



## ਕੇਨਰਾ ਬੈਂਕ Canara Bank

ਭਾਰਤ ਸਰਕਾਰ ਦਾ ਅਦਾਰਾ (A Govt. of India Undertaking)
ਸਿੰਡਿਕੇਟ Syndicate

**ਈ-ਨਿਲਾਮੀ ਵਿਕਰੀ ਸੂਚਨਾ**

ਸ਼ਾਖਾ ਦਫ਼ਤਰ : ਕਰਨਾਲ ਏਆਰਐਮ ਸ਼ਾਖਾ (ਡੀਪੀ-6290), ਈਮੇਲ : **cb6290@canarabank.com**

### ਈ-ਨਿਲਾਮੀ ਵਿਕਰੀ ਸੂਚਨਾ

ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਿਯਮ 8 (6) ਅਤੇ 9 ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ

**ਆਮ ਕਰਕੇ ਜਨਤਾ ਨੂੰ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈਆਂ ਅਚੱਲ ਸੰਪੱਤੀਆਂ, ਜਿਨ੍ਹਾਂ ਦਾ ਕਬਜ਼ਾ ਸਬੰਧਤ ਸ਼ਾਖਾਵਾਂ ਦੇ ਕੇਨਰਾ ਬੈਂਕ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ "ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ" ਅਤੇ "ਜੋ ਵੀ ਉਥੇ ਹੈ" 'ਤੇ ਸਰਵਿਸ ਪ੍ਰੋਵਾਈਡਰ ਮੈਸ. ਕੈਨਬੈਂਕ ਕੰਪਿਊਟਰ ਸਰਵਿਸਿਜ਼ ਲਿਮਟਿਡ ਸੰਪਰਕ : ਮੈਸ. ਪੀਐਸਬੀ ਅਲਾਇੰਸ (Baanknet), (8291220220) ਈਮੇਲ ਆਈ. ਡੀ. : support.BAANKNET@psbaalaince.com ਰਾਹੀਂ ਵੈਬਸਾਈਟ https://baanknet.com/ਦੁਆਰਾ ਕੀਤੀ ਜਾਵੇਗੀ।**

**ਬਿਆਨਾ ਰਕਮ ਦੀ ਪ੍ਰਾਪਤੀ ਦੀ ਆਖ਼ਰੀ ਮਿਤੀ 13.05.2025 ਨੂੰ ਸ਼ਾਮ 5.00 ਵਜੇ ਤੱਕ**

**ਈ-ਨਿਲਾਮੀ ਦੀ ਮਿਤੀ : 15.05.2025 ਨੂੰ ਸਵੇਰੇ 12.30 ਵਜੇ ਤੋਂ ਬਾ.ਦੁ. 01.30 ਵਜੇ**
(ਵਿਕਰੀ ਖਤਮ ਹੋਣ ਤੱਕ ਹਰੇਕ 5 ਮਿੰਟਾਂ ਦੀ ਮਿਆਦ ਦੇ ਅਸੀਮਿਤ ਵਾਧੇ ਸਮੇਤ)

| ਲ. ਨੰ. | ਸ਼ਾਖਾ ਦਾ ਨਾਮ/ਕਰਜ਼ਦਾਰ (ਾਂ)/ ਜ਼ਾਮਨ (ਾਂ) ਦਾ ਨਾਮ ਅਤੇ ਪਤਾ | ਸੰਪੱਤੀ/ਆਂ ਦਾ ਸੰਖੇਪ ਵੇਰਵਾ | ਨਿਰਧਾਰਤ ਮਿਤੀ ਨੂੰ ਕੁੱਲ ਦੇਣਦਾਰੀਆਂ | ਰਾਖਵੀਂ ਕੀਮਤ (ਰੁ. 'ਚ) | ਬਿਆਨਾ ਰਕਮ ਜਮ੍ਹਾਂ (ਈਐਮਡੀ) (ਰੁ. 'ਚ) | ਖਾਤਾ ਨੰਬਰ ਦੇ ਵੇਰਵੇ / ਆਈਐਫਐਸਸੀ ਕੋਡ / ਕਬਜ਼ੇ ਦੀ ਕਿਸਮ |
|---|---|---|---|---|---|---|
| 1. | ਏਆਰਐਮਬੀ, ਨਮਸਤੇ ਚੌਕ, ਕਰਨਾਲ ਸ਼ਾਖਾ, ਅਧਿਕਾਰਤ ਅਧਿਕਾਰੀ, ਸ਼੍ਰੀ ਰਣਜੀਤ ਕੁਮਾਰ (ਮੋ.) 85728-16290 Mail ID: cb6290@canarabank.com<br>(1). ਮੈਸਰਜ਼ ਹੈਲੀ ਇੰਡਸਟਰੀਅਲ ਕਾਰਪੋਰੇਸ਼ਨ (ਕਰਜ਼ਦਾਰ) ਪਤਾ 1:- 2091, ਏਅਰ ਫੋਰਸ ਰੋਡ, ਜਵਾਹਰ ਕਲੋਨੀ, ਐਨਆਈਟੀ, ਸੈਕਟਰ 22, ਫਰੀਦਾਬਾਦ ਹਰਿਆਣਾ 121001, ਪਤਾ 2:- ਭੰਕਾਰੀ ਇੰਡਸਟਰੀਅਲ ਏਰੀਆ ਭੱਦਖਲ ਪੋਲੀ ਰੋਡ, ਆਇਲ ਲੂਬਸ ਸਿਸਟਮ ਪਿੰਡ ਭੰਕਾਰੀ ਦੇ ਪਿੱਛੇ, ਫਰੀਦਾਬਾਦ ਹਰਿਆਣਾ 121001, (2). ਸ਼੍ਰੀ. ਮਹਿੰਦਰ ਪਾਲ ਸਿੰਘ ਪੁੱਤਰ ਪ੍ਰੀਤਮ ਸਿੰਘ (ਪ੍ਰੋਪਰਾਈਟਰ) ਪਤਾ 1:- 2091, ਏਅਰ ਫੋਰਸ ਰੋਡ, ਜਵਾਹਰ ਕਾਲੋਨੀ, ਐਨਆਈਟੀ, ਸੈਕਟਰ 22, ਫਰੀਦਾਬਾਦ ਹਰਿਆਣਾ 121001, ਪਤਾ 2:- ਹਾਊਸ ਨੰ. 621, ਸੈਕਟਰ 45 ਨੇੜੇ ਗਾਇਤਰੀ, ਅਪਾਰਟਮੈਂਟ, ਫਰੀਦਾਬਾਦ, ਪਤਾ 3 ਮਕਾਨ ਨੰ 691, ਅਬਾਦੀ ਅੰਮ੍ਰਿਤ ਵਿਹਾਰ ਪਿੰਡ ਚੱਕ ਜਿੰਦਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਪੰਜਾਬ 144001, ਪਤਾ 4: ਮਕਾਨ ਨੰ. 338, ਸੈਕਟ ਰ 45, ਨੇੜੇ ਪਿੰਡ ਮੇਵਲਾ ਮਹਾਰਾਜਪੁਰ ਫਰੀਦਾਬਾਦ, ਹਰਿਆਣਾ, 121010, (3). ਸ਼੍ਰੀਮਤੀ ਸੁਖਬੀਰ ਕੌਰ ਸੁਪਤਨੀ ਸ਼੍ਰੀ ਮਹਿੰਦਰ ਪਾਲ ਸਿੰਘ (ਜ਼ਾਮਨ/ਗਿਰਵੀਕਾਰ) ਪਤਾ 1:- 2091, ਏਅਰ ਫੋਰਸ ਰੋਡ, ਜਵਾਹਰ ਕਲੋਨੀ, ਐਨਆਈਟੀ, ਸੈਕਟਰ 22, ਫਰੀਦਾਬਾਦ ਹਰਿਆਣਾ 121001, ਪਤਾ 2:- ਮਕਾਨ ਨੰਬਰ 621, ਸੈਕਟਰ 45 ਗਾਇਤਰੀ ਅਪਾਰਟਮੈਂਟ ਨੇੜੇ, ਫਰੀਦਾਬਾਦ ਹਰਿਆਣਾ 121010, ਪਤਾ 3:- ਮਕਾਨ ਨੰਬਰ 691, ਅਬਾਦੀ ਅੰਮ੍ਰਿਤ ਵਿਹਾਰ ਪਿੰਡ ਚੱਕ ਜਿੰਦਾ ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਪੰਜਾਬ 144001, ਪਤਾ 4:- ਮਕਾਨ ਨੰਬਰ 338, ਸੈਕਟਰ 45 ਪਿੰਡ ਮੇਵਲਾ ਮਹਾਰਾਜਪੁਰ ਨੇੜੇ ਫਰੀਦਾਬਾਦ, ਹਰਿਆਣਾ, 121010 | ਰਿਹਾਇਸ਼ੀ ਮਕਾਨ 691 ਜਿਸਦੀ ਲੰਬਾਈ 5 ਮਰਲੇ 40 ਵਰਗ ਫੁੱਟ ਹੈ (1400 ਵਰਗ ਫੁੱਟ) ਹੈਦਬਸਟ ਨੰਬਰ 159 ਖਾਤਾ ਨੰਬਰ 8/8 ਮਿੰਟ/9, 9/8 ਮਿੰਟ/10, 11, 10/9/12 ਖਸਰਾ ਨੰਬਰ 2//1,2,6,7,8,9,13/2,14/1,15,3//11,2//12/1, 2//11 ਵਿੱਚ ਸਥਿਤ ਹੈ ਜੋ ਕਿ ਅਬਾਦੀ ਅੰਮ੍ਰਿਤ ਵਿਹਾਰ, ਪਿੰਡ ਚੱਕ ਜਿੰਦਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ ਵਿਖੇ ਸ਼੍ਰੀਮਤੀ ਸੁਖਬੀਰ ਕੌਰ ਪਤਨੀ ਸ਼੍ਰੀ ਮਹਿੰਦਰ ਪਾਲ ਸਿੰਘ ਦੇ ਨਾਮ 'ਤੇ ਸਥਿਤ ਹੈ। ਹੱਦਬੰਦੀ (ਡੀਡ ਦੇ ਅਨੁਸਾਰ)। ਉੱਤਰ: ਸੜਕ, ਦੱਖਣ: ਹੋਰ, ਪੂਰਬ: ਪਲਾਟ ਨੰਬਰ 690, ਪੱਛਮ: ਮਕਾਨ ਨੰਬਰ 692। | 17.07.2024 ਨੂੰ ਕੁੱਲ ਦੇਣਦਾਰੀਆਂ: ਰੁ. 80,74,567.47/- ਜਮ੍ਹਾਂ ਅਗਲੇਰੇ ਵਿਆਜ ਅਤੇ ਹੋਰ ਖਰਚੇ (ਮਨਫੀ ਵਸੂਲੀ ਜੇਕਰ ਕੋਈ ਹੋਵੇ) | Rs. 31,00,000/- | Rs. 3,10,000/- | **209272434** / **CNRB0006290** / **ਭੌਤਿਕ ਕਬਜ਼ਾ** |
| 2. | ਏਆਰਐਮਬੀ, ਨਮਸਤੇ ਚੌਕ, ਕਰਨਾਲ ਸ਼ਾਖਾ, ਅਧਿਕਾਰਤ ਅਧਿਕਾਰੀ, ਸ਼੍ਰੀ ਰਣਜੀਤ ਕੁਮਾਰ (ਮੋ.) 85728-16290 Mail ID: cb6290@canarabank.com<br>(1)।ਮੈਸਰਜ਼ ਸ਼੍ਰੀ ਵਿਸ਼ਨੂੰ ਟਰੇਡਰਜ਼ (ਕਰਜ਼ਦਾਰ), ਪਤਾ:- ਰੇਲਵੇ ਕ੍ਰਾਸਿੰਗ NH 22 ਧਰਮਪੁਰ ਕਾਲੋਨੀ ਪਿੰਜੌਰ ਹਰਿਆਣਾ ਦੇ ਨੇੜੇ 134102, (2) ਮੈਸਰਜ਼ ਗਰਗ ਸਟੀਲ ਐਂਡ ਟਿਊਬਸ (ਕਰਜ਼ਦਾਰ), ਪਤਾ: ਚਾਣਕਿਆਪੁਰੀ, ਨੇੜੇ ਰੇਲਵੇ ਕਰਾਸਿੰਗ, ਕਾਲਕਾ ਰੋਡ, ਕਾਲਕਾ ਪਾਂਚੋਲਾ, 134, ਕਾਲਕਾ ਰੋਡ, ਹਰਿਆਣੇ 134 (3) ਸ਼. ਕੇਤਨ ਗਰਗ ਪੁੱਤਰ ਸ. ਸਤੀਸ਼ ਕੁਮਾਰ (ਪ੍ਰੋਪਰਾਈਟਰ) ਪਤਾ:- ਬਿਤਨਾ ਸਿਉੜੀ, ਗੁਪਤਾ ਕਾਲੋਨੀ ਕਾਲਕਾ, ਪੰਚਕੂਲਾ ਹਰਿਆਣਾ 133302। | ਰਿਹਾਇਸ਼ੀ ਜਾਇਦਾਦ ਦਾ ਉਹ ਸਾਰਾ ਹਿੱਸਾ ਅਤੇ ਪਾਰਸਲ - ਡਬਲ ਸਟੋਰੀ ਹਾਊਸ, ਬੇਅਰਿੰਗ UID ਨੰਬਰ- 53M011800107811151, ਖੇਵਟ ਨੰ: 41 ਖਤੌਨੀ ਨੰ.46 ਖਸਰਾ ਨੰ.38(0-13), ਖੇਵਟ ਨੰ.41 ਖਤੌਨੀ ਨੰ.47,ਖਸਰਾ ਨੰ.97(9-15), ਖੇਵਟ ਨੰ. ਨੰ.41 ਖਤੌਨੀ ਨੰ.48 ਖਸਰਾ ਨੰ.98(0-14), ਖੇਵਟ ਨੰ.41 ਖਤੌਨੀ ਨੰ.49 ਖਸਰਾ ਨੰ.96(9-18), ਖੇਵਟ ਨੰ.41 ਖਤੌਨੀ ਨੰ.50 ਖਸਰਾ ਨੰ.92(0-19), ਕਿੱਟੇ 5,ਕੁੱਲ ਮਾਪ 21-19-0 ਅਰਥਾਤ 21 ਬਿਘੇ 19 ਬਿਸਵਾ, 06/439 ਦੀ ਹੱਦ ਤੱਕ ਸ਼ੇਅਰ ਕਰੋ ਯਾਨੀ 0-6-0 ਅਰਥਾਤ 06 ਬਿਸਵਾ, ਪਿੰਡ ਧਰਮਪੁਰ, 82 ਨੰ. 152, ਪਿੰਜੌਰ, ਤਹਿਸੀਲ ਕਾਲਕਾ ਜ਼ਿਲ੍ਹਾ ਪੰਚਕੂਲਾ, ਹਰਿਆਣਾ ਵਿਖੇ ਸਾਲ 2017-18 ਦੀ ਜਮ ?ਹਾਂਬੰਦੀ ਅਨੁਸਾਰ ਸ਼.ਕੇਤਨ ਗਰਗ ਪੁੱਤਰ ਸਤੀਸ਼ ਕੁਮਾਰ ਦੇ ਨਾਮ 'ਤੇ। | 27.12.2023 ਨੂੰ ਕੁੱਲ ਦੇਣਦਾਰੀਆਂ: ਰੁ. 65,18,897.79/- ਜਮ੍ਹਾਂ ਅਗਲੇਰੇ ਵਿਆਜ ਅਤੇ ਹੋਰ ਖਰਚੇ (ਮਨਫੀ ਵਸੂਲੀ ਜੇਕਰ ਕੋਈ ਹੋਵੇ) | Rs. 87,50,000/- | Rs. 8,75,000/- | **209272434** / **CNRB0006290** / **ਸੰਕੇਤਕ ਕਬਜ਼ਾ** |

**ਹੋਰ ਨਿਯਮ ਅਤੇ ਸ਼ਰਤਾਂ :-**

ੳ. ਨਿਲਾਮੀ/ਬੋਲੀ ਵੈਬਸਾਈਟ **https://BAANKNET.com** ਰਾਹੀਂ **"ਆਨਲਾਈਨ ਇਲੈਕਟ੍ਰੋਨਿਕ ਬੋਲੀ"** ਰਾਹੀਂ ਹੀ ਕੀਤੀ ਜਾਵੇਗੀ। ਬੋਲੀਕਾਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਈ-ਨਿਲਾਮੀ ਵਿਕਰੀ ਪ੍ਰਕਿਰਿਆਵਾਂ ਵਿਚ ਭਾਗ ਲੈਣ ਤੋਂ ਪਹਿਲਾਂ ਵਿਸਥਾਰਿਤ ਨਿਯਮਾਂ ਦੇ ਲਈ ਵੈਬਸਾਈਟ ਦੇਖ ਲੈਣ।

ਅ. ਸੰਪੱਤੀ ਦੀ ਜਾਂਚ **09.05.2025 ਨੂੰ ਅਧਿਕਾਰਤ ਅਧਿਕਾਰੀ** ਤੋਂ ਅਗਾਊਂ ਪ੍ਰਵਾਨਗੀ ਲੈ ਕੇ ਕੀਤੀ ਜਾ ਸਕਦੀ ਹੈ।

ੲ. ਸੰਪੱਤੀ ਸਾਰੀਆਂ ਮੌਜੂਦਾ ਅਤੇ ਭਾਵੀ ਦੇਣਦਾਰੀਆਂ ਸਮੇਤ ਵੇਚੀ ਜਾ ਰਹੀ ਹੈ, ਭਾਵੇਂ ਬੈਂਕ ਨੂੰ ਜਾਣੂੰ ਹੋਣ ਜਾਂ ਨਾ। ਅਧਿਕਾਰਤ ਅਧਿਕਾਰੀ/ਸੁਰੱਖਿਅਤ ਕਰਜ਼ਦਾਤਾ ਤੀਜੀ ਧਿਰ ਦੇ ਕਿਸੇ ਵੀ ਦਾਅਵੇ/ਅਧਿਕਾਰ/ਬਕਾਇਆਂ ਦੇ ਲਈ ਕਿਸੇ ਵੀ ਰੂਪ ਵਿਚ ਜੁਆਬਦੇਹ ਨਹੀਂ ਹੋਵੇਗਾ। ਖਰੀਦਦਾਰ ਨੂੰ ਆਪਣੀ ਤਸੱਲੀ ਲਈ ਸੰਪੱਤੀ ਨਾਲ ਸਬੰਧਤ ਸਾਰੇ ਪੱਖਾਂ ਦੀ ਪੂਰਨ ਪੜਤਾਲ ਕਰ ਲੈਣੀ ਚਾਹੀਦੀ ਹੈ। ਬੋਲੀਕਾਰ ਨੂੰ ਉਨ੍ਹਾਂ ਦੇ ਆਪਣੇ ਹਿੱਤ ਵਿਚ ਸਲਾਹ ਦਿੱਤੀ ਜਾਂਦੀ ਹੈ ਕਿ ਬੋਲੀ ਪੇਸ਼ ਕਰਨ ਤੋਂ ਪਹਿਲਾਂ ਆਪਣੀ ਤਸੱਲੀ ਲਈ ਸਬੰਧਤ ਅਧਿਕਾਰੀਆਂ ਤੋਂ ਸਵਾਲ ਅਧੀਨ ਅਚੱਲ ਸੁਰੱਖਿਅਤ ਅਸਾਸੇ ਦੇ ਆਕਾਰ/ਰਕਬੇ ਸਮੇਤ ਸੁਰੱਖਿਅਤ ਅਸਾਸਿਆਂ ਨਾਲ ਸਬੰਧਤ ਮਾਲਕੀ ਅਤੇ ਹੋਰ ਵੇਰਵਿਆਂ ਦੀ ਸੱਚਾਈ ਬਾਰੇ ਖੁਦ ਦੀ ਤਸੱਲੀ ਕਰ ਲੈਣ ਅਤੇ ਹੋਰ ਬਕਾਇਆਂ/ਦੇਣਦਾਰੀਆਂ/ਬੋਝ ਬਾਰੇ ਵੀ ਯਕੀਨੀ ਬਣਾ ਲੈਣ। ਖਰੀਦਦਾਰ ਕਿਸੇ ਬਾਅਦ ਦੀ ਮਿਤੀ ਨੂੰ ਇਸ ਸਬੰਧ ਵਿਚ ਅਧਿਕਾਰਤ ਅਧਿਕਾਰੀ/ਸੁਰੱਖਿਅਤ ਕਰਜ਼ਦਾਤਿਆਂ ਖਿਲਾਫ਼ ਕੋਈ ਵੀ ਦਾਅਵਾ ਕਰਨ ਦੇ ਹੱਕਦਾਰ ਨਹੀਂ ਹੋਣਗੇ।

ਸ. ਕਿਸੇ ਵੀ ਰਕਮ ਦੇ ਭੁਗਤਾਨ ਵਿਚ ਕਿਸੇ ਵੀ ਕੁਤਾਹੀ ਦੀ ਸੂਰਤ ਵਿਚ ਜਾਂ ਜੇਕਰ ਉਕਤ ਦਰਸਾਈ ਸਮਾਂ ਹੱਦ ਦੇ ਅੰਦਰ ਖਰੀਦਦਾਰ/ਬੋਲੀਕਾਰ ਦੇ ਪੱਖ ਤੋਂ ਕੁਤਾਹੀ ਦੇ ਕਾਰਨ ਵਿਕਰੀ ਮੁਕੰਮਲ ਨਹੀਂ ਹੁੰਦੀ ਹੈ ਤਾਂ ਬੈਂਕ ਆਪਣੀ ਪੂਰਨ ਮਰਜ਼ੀ 'ਤੇ ਉਦੋਂ ਤੱਕ ਖਰੀਦਦਾਰ/ਬੋਲੀਕਾਰ ਵੱਲੋਂ ਅਦਾ ਕੀਤੀ ਸਾਰੀ ਰਕਮ ਨੂੰ ਜ਼ਬਤ ਕਰਨ ਅਤੇ ਸੁਰੱਖਿਅਤ ਅਸਾਸੇ (ਆਂ) ਨੂੰ ਦੁਬਾਰਾ ਵਿਕਰੀ 'ਤੇ ਪਾਉਣ ਦਾ ਹੱਕਦਾਰ ਹੋਵੇਗਾ। ਅੱਗੇ ਬੈਂਕ ਵੱਲੋਂ ਅਜਿਹੀ ਪੁਨਰ ਵਿਕਰੀ ਦੇ ਸਬੰਧ ਵਿਚ ਲਾਗੂ ਸਾਰੀਆਂ ਲਾਗਤਾਂ, ਖਰਚੇ ਦੋਸ਼ੀ ਖਰੀਦਦਾਰ ਵੱਲੋਂ ਉਠਾਏ ਅਤੇ ਅਦਾ ਕੀਤੇ ਜਾਣਗੇ।

ਹ. ਸੰਪੱਤੀ ਉਸ ਕੀਮਤ 'ਤੇ ਵੇਚੀ ਜਾਵੇਗੀ ਜੋ ਰਾਖਵੀਂ ਕੀਮਤ ਨਾਲੋਂ ਵੱਧ ਹੋਵੇ ਅਤੇ ਭਾਗੀਦਾਰ ਬੋਲੀਕਾਰ ਨਿਲਾਮੀ ਪ੍ਰਕਿਰਿਆ ਦੌਰਾਨ ਆਪਣੀ ਪੇਸ਼ਕਸ਼ ਵਿਚ ਹੋਰ ਸੁਧਾਰ ਕਰ ਸਕਦੇ ਹਨ।

ਕ. ਰਾਖਵੀਂ ਕੀਮਤ ਦੇ 10% ਦੀ ਬਿਆਨਾ ਰਕਮ ਰਾਸ਼ੀ 13.05.2025, **ਸ਼ਾਮ** 5.00 **ਵਜੇ ਤੱਕ** ਜਾਂ ਪਹਿਲਾਂ ਦਰਸਾਏ ਚਲਾਨ ਵਿਚ ਦਰਸਾਏ ਖਾਤਾ ਵੇਰਵਿਆਂ ਵਿਚ **ਆਰਟੀਜੀਐਸ/ਐਨਈਐਫਟੀ** ਰਾਹੀਂ ਬਿਆਨਾ ਰਕਮ ਜਮ੍ਹਾਂ ਕਰਨ ਲਈ ਚਲਾਨ ਦੇ ਸੰਚਾਲਨ ਦੁਆਰਾ ਜਾਂ ਸਿੱਧੇ ਮੈਸ. ਪੀਐਸਸੀ ਅਲਾਇੰਸ ਪ੍ਰਾਈਵੇਟ ਲਿਮਟਿਡ (Baanknet) ਪੋਰਟਲ ਦੇ ਈ-ਵੈਲੇਟ ਵਿਚ ਜਮ੍ਹਾਂ ਕੀਤੀ ਜਾਵੇਗੀ।

ਖ਼. ਇੱਛੁਕ ਬੋਲੀਕਾਰਾਂ ਕੋਲ ਜਾਇਜ਼ ਡਿਜੀਟਲ ਹਸਤਾਖ਼ਰ ਪ੍ਰਮਾਣ ਪੱਤਰ ਅਤੇ ਈ-ਮੇਲ ਪਤਾ ਹੋਣਾ ਚਾਹੀਦਾ ਹੈ। ਡਿਜੀਟਲ ਹਸਤਾਖ਼ਰ ਦੇ ਸਬੰਧ ਵਿਚ ਵੇਰਵਿਆਂ ਦੇ ਲਈ ਕਿਰਪਾ ਕਰਕੇ ਵੈਬਸਾਈਟ https://baanknet.com/ ਰਾਹੀਂ ਸਰਵਿਸ ਪ੍ਰੋਵਾਈਡਰ ਮੈਸ. ਪੀਐਸਸੀ ਅਲਾਇੰਸ (Baanknet), ਹੈਲਪ ਡੈਸਕ ਨੰਬਰ (8291220220), **ਈ-ਮੇਲ : support.baanknet@psballiance.com** 'ਤੇ ਸੰਪਰਕ ਕਰਨ।

ਗ. ਬਿਆਨਾ ਰਕਮ ਰਾਸ਼ੀ ਦੇ ਭੁਗਤਾਨ ਉਪਰੰਤ ਇੱਛੁਕ ਬੋਲੀਕਾਰਾਂ ਨੂੰ **ਦਸਤੀ ਜਾਂ ਈਮੇਲ ਦੁਆਰਾ ਕੇਨਰਾ ਬੈਂਕ, ਏਆਰਐਮ ਸ਼ਾਖਾ, ਪਲਾਟ ਨੰ. 2, ਜ਼ਮੀਨੀ ਤਲ, ਨੇੜੇ ਹੋਟਲ ਡਿਵੈਂਚਰ, ਨਮਸਤੇ ਚੌਕ, ਕਰਨਾਲ ਵਿਖੇ** 13.05.2025 **ਨੂੰ ਸ਼ਾਮ** 5.00 **ਵਜੇ ਤੱਕ** ਜਾਂ ਪਹਿਲਾਂ ਨਿਮਨ ਲਿਖਤ ਦਸਤਾਵੇਜ਼/ਵੇਰਵਿਆਂ ਦਾ ਉਤਾਰਾ ਦਸਤੀ ਜਾਂ ਈਮੇਲ ਦੁਆਰਾ ਜਮ੍ਹਾਂ ਕਰਨਾ ਹੋਵੇਗਾ :
1) ਆਰਟੀਜੀਐਸ/ਐਨਈਐਫਟੀ ਰਾਹੀਂ ਅਦਾ ਕੀਤੀ ਗਈ ਬਿਆਨਾ ਰਕਮ ਰਾਸ਼ੀ ਦੇ ਲਈ ਡਿਮਾਂਡ ਡਰਾਫਟ/ਭੁਗਤਾਨ ਆਦੇਸ਼, ਯੂ.ਟੀ.ਆਰ. ਨੰਬਰ ਸਮੇਤ ਪਹੁੰਚ ਰਸੀਦ।
2) ਪੈਨ ਕਾਰਡ, ਪਛਾਣ ਦਾ ਸਬੂਤ ਅਤੇ ਪਤੇ ਦੇ ਸਬੂਤ ਦੇ ਉਤਾਰੇ। ਫਿਰ ਵੀ, ਸਫਲ ਬੋਲੀਕਾਰ ਨੂੰ ਬੋਲੀ ਰਕਮ ਦੇ 25% ਦੀ ਬਕਾਇਆ ਰਕਮ ਦਾ ਭੁਗਤਾਨ ਕਰਦੇ ਸਮੇਂ ਬੈਂਕ ਨੂੰ ਮੂਲ ਰੂਪ ਵਿਚ ਇਹ ਦਸਤਾਵੇਜ਼ ਪੇਸ਼ ਕਰਨੇ ਹੋਣਗੇ।
3) ਬੋਲੀਕਾਰ ਦਾ ਨਾਮ, ਸੰਪਰਕ ਨੰਬਰ, ਪਤਾ, ਈ-ਮੇਲ ਆਈ. ਡੀ.।
4) ਬਿਆਨਾ ਰਕਮ ਦੇ ਆਨਲਾਈਨ ਰੀਫੰਡ ਲਈ ਬੋਲੀਕਾਰ ਦੇ ਖਾਤਾ ਵੇਰਵੇ।

ਘ. ਇੱਛੁਕ ਬੋਲੀਕਾਰਾਂ ਨੂੰ ਪੋਰਟਲ **https://baanknet.com/** 'ਤੇ ਆਪਣੇ ਨਾਂਵਾਂ ਦਾ ਪੰਜੀਕਰਨ ਕਰਨਾ ਹੋਵੇਗਾ ਅਤੇ ਮੁਫ਼ਤ ਵਿਚ ਯੂਜ਼ਰ ਆਈ. ਡੀ. ਅਤੇ ਪਾਸਵਰਡ ਹਾਸਲ ਕਰਨੇ ਹੋਣਗੇ। ਇੱਛੁਕ ਬੋਲੀਕਾਰ ਸਰਵਿਸ ਪ੍ਰੋਵਾਈਡਰ **ਮੈਸ. ਪੀਐਸਸੀ ਅਲਾਇੰਸ (Baanknet) ਹੈਲਪ ਡੈਸਕ ਨੰਬਰ** (8291220220), **(ਈ-ਮੇਲ : support.baanknet@psballiance.com) ਅਤੇ ਸ਼੍ਰੀ ਅਨਿਮੇਸ਼ ਜੈਨ**, ਮੋਬਾ. 7046612345 **ਵੈਬਸਾਈਟ https://baanknet.com/ ਰਾਹੀਂ ਈਮੇਲ** (ਈਮੇਲ : **animesh@procure247.com**) ਈ-ਨਿਲਾਮੀ 'ਤੇ ਆਨਲਾਈਨ ਸਿਖਲਾਈ ਹਾਸਲ ਕਰ ਸਕਦੇ ਹਨ।

ਙ. ਅਸਫਲ ਬੋਲੀਕਾਰ ਵੱਲੋਂ ਜਮ੍ਹਾਂ ਕੀਤੀ ਗਈ ਜਮ੍ਹਾਂ ਬਿਆਨਾ ਰਕਮ ਉਨ੍ਹਾਂ ਨੂੰ ਰੀਫੰਡ ਕਰ ਦਿੱਤੀ ਜਾਵੇਗੀ। ਜਮ੍ਹਾਂ ਬਿਆਨਾ ਰਕਮ 'ਤੇ ਕੋਈ ਵਿਆਜ ਨਹੀਂ ਮਿਲੇਗਾ।
ਬਿਆਨਾ ਰਕਮ ਵਿਕਰੀ ਦੇ ਮੁਕੰਮਲ ਹੋਣ ਦੇ 2 ਦਿਨਾਂ ਦੇ ਅੰਦਰ ਉਨ੍ਹਾਂ ਨੂੰ ਮੋੜ ਦਿੱਤੀ ਜਾਵੇਗੀ। ਬਿਆਨਾਂ ਰਕਮ 'ਤੇ ਕੋਈ ਵਿਆਜ ਲਾਗੂ ਨਹੀਂ ਹੋਵੇਗਾ।

ਚ. ਨਿਲਾਮੀ ਉਕਤ ਦਰਸਾਏ ਅਨੁਸਾਰ ਰਾਖਵੀਂ ਕੀਮਤ 'ਤੇ ਸ਼ੁਰੂ ਹੋਵੇਗਾ। ਬੋਲੀਕਾਰ **ਰੁ**. 50,000/- ਦੇ ਗੁਣਾਂਕ ਵਿਚ ਆਪਣੀਆਂ ਪੇਸ਼ਕਸ਼ਾਂ ਵਿਚ ਸੁਧਾਰ ਕਰਨਗੇ। ਬੋਲੀਕਾਰ ਜੋ **'ਆਨਲਾਈਨ'** ਨਿਲਾਮੀ ਦੇ ਬੰਦ ਹੋਣ 'ਤੇ ਸਭ ਤੋਂ ਉਚੀ ਬੋਲੀ (ਰਾਖਵੀਂ ਕੀਮਤ ਤੋਂ ਘੱਟ ਨਹੀਂ) ਪੇਸ਼ ਕਰੇਗਾ, ਉਸ ਨੂੰ ਸਫਲ ਬੋਲੀਕਾਰ ਵਜੋਂ ਐਲਾਨਿਆ ਜਾਵੇਗਾ। ਵਿਕਰੀ ਦੀ ਪੁਸ਼ਟੀ ਸਫਲ ਬੋਲੀਕਾਰ ਦੇ ਪੱਖ ਵਿਚ ਕੀਤੀ ਜਾਵੇਗੀ, ਜੋ ਕਿ ਸੁਰੱਖਿਅਤ ਕਰਜ਼ਦਾਤਾ ਵੱਲੋਂ ਪੁਸ਼ਟੀ ਨਾਲ ਸਬੰਧਤ ਹੈ।

ਛ. ਸਫਲ ਬੋਲੀਕਾਰ ਖੁਦ ਨੂੰ ਸਫਲ ਬੋਲੀਕਾਰ ਵਜੋਂ ਐਲਾਨੇ ਜਾਣ 'ਤੇ ਤੁਰੰਤ ਵਿਕਰੀ ਕੀਮਤ (ਪਹਿਲਾਂ ਅਦਾ ਕੀਤੀ ਬਿਆਨਾ ਰਕਮ ਸਮੇਤ) ਦਾ 25% ਜਮ੍ਹਾਂ ਕਰੇਗਾ ਅਤੇ ਬਕਾਇਆ ਸੁਰੱਖਿਅਤ ਕਰਜ਼ਦਾਤਾ ਵੱਲੋਂ ਵਿਕਰੀ ਦੀ ਪੁਸ਼ਟੀ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅਦਾ ਕਰੇਗਾ। ਇਹ ਰਕਮ ਅਧਿਕਾਰਤ ਅਧਿਕਾਰੀ, ਕੇਨਰਾ ਬੈਂਕ, ਏਆਰਐਮ ਸ਼ਾਖਾ ਦੇ ਪੱਖ ਵਿਚ ਡਿਮਾਂਡ ਡਰਾਫਟ ਦੇ ਮਾਧਿਅਮ ਦੁਆਰਾ ਜਮ੍ਹਾਂ ਕੀਤੀ ਜਾਵੇਗੀ ਜਾਂ ਕੇਨਰਾ ਬੈਂਕ, ਏਆਰਐਮ ਸ਼ਾਖਾ, **ਖਾਤਾ ਨੰਬਰ** 209272434, **ਆਈਐਫਐਸਸੀ ਕੋਡ : ਸੀਐਨਆਰਬੀ**0006290 ਦੇ ਖਾਤੇ ਵਿਚ ਕ੍ਰੈਡਿਟ ਲਈ ਆਰਟੀਜੀਐਸ/ਐਨਈਐਫਟੀ/ਫੰਡ ਟਰਾਂਸਫਰ ਰਾਹੀਂ ਜਮ੍ਹਾਂ ਕੀਤੀ ਜਾਵੇਗੀ। ਜੇਕਰ ਸਫਲ ਬੋਲੀਕਾਰ ਵਿਕਰੀ ਕੀਮਤ ਅਦਾ ਕਰਨ ਵਿਚ ਅਸਫਲ ਰਹਿੰਦਾ ਹੈ ਤਾਂ ਉਸ ਵੱਲੋਂ ਜਮ੍ਹਾਂ ਕੀਤੀ ਰਕਮ ਬਿਨਾਂ ਕਿਸੇ ਸੂਚਨਾ ਤੋਂ ਅਧਿਕਾਰਤ ਅਧਿਕਾਰੀ ਵੱਲੋਂ ਜ਼ਬਤ ਕਰ ਲਈ ਜਾਵੇਗੀ ਅਤੇ ਸੰਪੱਤੀ ਨੂੰ ਦੁਬਾਰਾ ਵਿਕਰੀ 'ਤੇ ਪਾਉਣ ਲਈ ਰੱਖ ਲਿਆ ਜਾਵੇਗਾ।

ਜ. ਰੁ. 50.00 ਲੱਖ (ਰੁਪਏ ਪੰਜਾਹ ਲੱਖ) ਅਤੇ ਵੱਧ ਦੀ ਵਿਕਰੀ ਵਸੂਲੀ ਦੇ ਲਈ ਸਫ਼ਲ ਬੋਲੀਕਾਰ ਨੂੰ ਵਿਕਰੀ ਵਸੂਲੀ 'ਤੇ 1% ਦੀ ਦਰ 'ਤੇ ਟੀਡੀਐਸ ਦੀ ਕਟੌਤੀ ਕਰਨੀ ਹੋਵੇਗੀ ਅਤੇ ਟੀਡੀਐਸ ਪ੍ਰਮਾਣ ਪੱਤਰ ਦੀ ਮੂਲ ਰਸੀਦ ਬੈਂਕ ਨੂੰ ਪੇਸ਼ ਕਰਨੀ ਹੋਵੇਗੀ।

ਝ. ਕਨਵੇਅੰਸ, ਸਟੈਂਪ ਡਿਊਟੀ/ਜੀਐਸਟੀ/ਪੰਜੀਕਰਨ ਫੀਸਾਂ ਆਦਿ ਸਬੰਧੀ ਸਾਰੇ ਖਰਚੇ ਕੇਵਲ ਸਫਲ ਬੋਲੀਕਾਰ ਵੱਲੋਂ ਚੁੱਕੇ ਜਾਣਗੇ।

ਞ. ਅਧਿਕਾਰਤ ਅਧਿਕਾਰੀ ਕੋਲ ਬਿਨਾਂ ਕੋਈ ਵੀ ਕਾਰਨ ਦੱਸੇ ਈ-ਨਿਲਾਮੀ ਦੀਆਂ ਸ਼ਰਤਾਂ ਅਤੇ ਨਿਯਮਾਂ ਵਿਚ ਤਬਦੀਲੀ ਕਰਨ ਜਾਂ ਇਸ ਨੂੰ ਮੁਲਤਵੀ/ਰੱਦ ਕਰਨ ਦਾ ਹੱਕ ਰਾਖਵਾਂ ਹੈ।

ਟ. ਬੋਲੀਕਾਰ ਜਿਨ੍ਹਾਂ ਕੋਲ ਇੰਟਰਨੈਟ ਦੀ ਪਹੁੰਚ ਨਹੀਂ ਹੈ ਪਰ ਜੋ ਈ-ਨਿਲਾਮੀ ਵਿਚ ਭਾਗ ਲੈਣ ਦੇ ਇੱਛੁਕ ਹਨ, ਦੇ ਮਾਮਲੇ ਵਿਚ ਉਹ ਸਬੰਧਤ ਸਰਕਲ ਦਫ਼ਤਰ ਜਾਂ ਕੇਨਰਾ ਬੈਂਕ, ਏਆਰਐਮਬੀ, ਪਲਾਟ ਨੰ. 2, ਜ਼ਮੀਨੀ ਤਲ, ਨੇੜੇ ਹੋਟਲ ਡਿਵੈਂਚਰ, ਨਮਸਤੇ ਚੌਕ, ਕਰਨਾਲ, ਜੋ ਕਿ ਸੁਵਿਧਾ ਕੇਂਦਰ ਵਜੋਂ ਲੋੜੀਂਦੇ ਪ੍ਰਬੰਧ ਕਰਨਗੇ, ਕੋਲ ਪਹੁੰਚ ਕਰ ਸਕਦੇ ਹਨ।

ਠ. ਹੋਰ ਵੇਰਵਿਆਂ ਲਈ ਕਿਸੇ ਵੀ ਕੰਮ ਵਾਲੇ ਦਿਨ ਨੂੰ ਦਫ਼ਤਰੀ ਘੰਟਿਆਂ ਦੌਰਾਨ ਸ਼੍ਰੀ ਰਣਜੀਤ ਕੁਮਾਰ ਮੁੱਖ ਪ੍ਰਬੰਧਕ, ਕੇਨਰਾ ਬੈਂਕ, ਅਸੈਟ ਰਿਕਰਵੀ ਮੈਨੇਜਮੈਂਟ ਬ੍ਰਾਂਚ (ਏਆਰਐਮਬੀ), ਕਰਨਾਲ ਫੋਨ ਨੰ. 0184-4041820, 85728-16290, ਈ-ਮੇਲ ਆਈਡੀ : cb6290@canarabank.com ਜਾਂ **ਸਰਵਿਸ ਪ੍ਰੋਵਾਈਡਰ BAANKNET (ਮੈਸ਼ ਪੀਐਸਬੀ ਅਲਾਇੰਸ ਪ੍ਰਾ. ਲਿਮ.)** (ਸੰਪਰਕ ਨੰਬਰ 7046612345/6354910172/8291220220/98922/19848/8160205051, ਈਮੇਲ : support.BAANKNET@psballiance.com) ਰਾਹੀਂ ਸੰਪਰਕ ਕਰੋ।

**ਵਿਸ਼ੇਸ਼ ਹਦਾਇਤ/ਚੇਤਾਵਨੀ**

ਬੋਲੀਕਾਰਾਂ ਵੱਲੋਂ ਉਨ੍ਹਾਂ ਦੇ ਆਪਣੇ ਹਿੱਤ ਵਿਚ ਆਖਰੀ ਮਿੰਟਾਂ/ਸਕਿੰਟਾਂ ਵਿਚ ਬੋਲੀ ਦੇਣ ਤੋਂ ਗੁਰੇਜ਼ ਕੀਤਾ ਜਾਣਾ ਚਾਹੀਦਾ ਹੈ। ਨਾ ਤਾਂ ਕੇਨਰਾ ਬੈਂਕ ਅਤੇ ਨਾ ਹੀ ਸਰਵਿਸ ਪ੍ਰੋਵਾਈਡਰ ਅਜਿਹੇ ਮਾਮਲਿਆਂ ਵਿਚ ਬੋਲੀਕਾਰ ਜਾਂ ਵਿਕਰੀਕਾਰ ਦੇ ਵੱਲੋਂ ਕਿਸੇ ਤਰੁੱਟੀ/ਅਸਫਲਤਾ (ਇੰਟਰਨੈਟ ਅਸਫਲਤਾ, ਬਿਜਲੀ ਅਸਫਲਤਾ ਆਦਿ) ਦੇ ਲਈ ਜੁਆਬਦੇਹ ਹੋਣਗੇ। ਅਜਿਹੀ ਅਚਨਚੇਤ ਸਥਿਤੀ ਨੂੰ ਟਾਲਣ ਦੇ ਸਬੰਧ ਵਿਚ ਬੋਲੀਕਾਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬੈਕ-ਅੱਪ, ਬਿਜਲੀ ਸਪਲਾਈ ਅਤੇ ਜੋ ਵੀ ਅਜਿਹਾ ਲੋੜੀਂਦਾ ਹੋਵੇ ਵਰਗੇ ਲੋੜੀਂਦੇ ਪ੍ਰਬੰਧ/ਵਿਕਲਪ ਬਣਾ ਕੇ ਰੱਖਣ ਤਾਂ ਜੋ ਉਹ ਅਜਿਹੀ ਅਚਨਚੇਤੀ ਸਥਿਤੀ ਨਾਲ ਨਜਿੱਠਣ ਦੇ ਸਮਰਥ ਹੋਣ ਅਤੇ ਸਫਲਤਾਪੂਰਵਕ ਨਿਲਾਮੀ ਵਿਚ ਭਾਗ ਲੈ ਸਕਣ।

*ਸਰਫਾਇਸੀ ਐਕਟ 2002 ਦੇ ਅਧੀਨ 15 ਰੋਜ਼ਾ ਵਿਧਾਨਿਕ ਵਿਕਰੀ ਸੂਚਨਾ*

ਮਿਤੀ : 25.04.2025 ਸਥਾਨ : ਕਰਨਾਲ ਅਧਿਕਾਰਤ ਅਧਿਕਾਰੀ, ਕੇਨਰਾ ਬੈਂਕ

# ਪਹਿਲਗਾਮ ਅੱਤਵਾਦੀ ਹਮਲਾ ਸਰਕਾਰ ਦੀ ਲੋਕਾਂ ਪ੍ਰਤੀ ਸੁਰੱਖਿਆ ਲਈ ਬਦ-ਇੰਤਜ਼ਾਮੀ ਨੂੰ ਲੀਰੋ-ਲੀਰ ਕਰ ਗਿਆ : ਜੱਥੇਬੰਦੀਆਂ



ਲੁਧਿਆਣਾ, 25 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਅੱਜ ਲੁਧਿਆਣਾ ਦੀਆਂ ਜਨਤਕ ਜਮਹੂਰੀ ਜੱਥੇਬੰਦੀਆਂ ਦੀ ਹੰਗਾਮੀ ਮੀਟਿੰਗ ਸਥਾਨਕ ਗਦਰੀ ਸਹੀਦ ਬਾਬਾ ਭਾਨ ਸਿੰਘ ਯਾਦਗਾਰ ਵਿਖੇ ਹੋਈ। ਜੱਥੇਬੰਦੀਆਂ ਦੇ ਕਾਰਕੁੰਨਾਂ ਨੇ ਕਸ਼ਮੀਰ ਵਿੱਚਪ ਹਿਲਗਾਮ ਵਿਖੇ ਆਤੰਕੀ ਹਮਲੇ ਨੂੰ ਬਹੁਤ ਹੀ ਗੰਭੀਰਤਾ ਨਾਲ ਵਿਚਾਰਦਿਆਂ ਕਿਹਾ ਕਿ ਇਹ ਹਿੰਦੂ – ਮੁਸਲਮਾਨ ਭਾਈਚਾਰਕ ਸਾਂਝ ਦੀਆਂ ਨਾ ਭੁੱਲਣ ਯੋਗ ਯਾਦਾਂ ਛੱਡ ਗਿਆ ਹੈ ਲੋਕਾਂ ਨੇ ਸਰਕਾਰ ਦੀ ਧਰਮ ਅਧਾਰਤ ਮਨੁੱਖੀ ਵੰਡ ਕਰਨ ਦੀ ਨੀਤੀ ਨੂੰ ਬੁਰੀ ਤਰ੍ਹਾਂ ਨਿਕਾਰਿਆ ਹੈ, ਜੋ ਇਕ ਸਲਾਘਾਯੋਗ ਕਦਮ ਹੈ। ਲੋਕ ਪੱਖੀ ਜੱਥੇਬੰਦੀਆਂ ਜਿਹਨਾਂ ਵਿੱਚ ਜਮਹੂਰੀ ਅਧਿਕਾਰ ਸਭਾ ਪੰਜਾਬ , ਤਰਕਸੀਲ ਸੁਸਾਇਟੀ ਪੰਜਾਬ, ਗਦਰੀ ਸਹੀਦ ਬਾਬਾ ਭਾਨ ਸਿੰਘ ਨੌਜਵਾਨ ਸਭਾ ਲੁਧਿਆਣਾ, ਮਹਾਂ ਸਭਾ ਲੁਧਿਆਣਾ, ਪੰਜਾਬ ਲੋਕ ਸਭਿਆਚਾਰਕ ਮੰਚ , ਮੋਲਡਰ ਐਂਡ ਸਟੀਲ ਵਰਕਰਜ ਯੂਨੀਅਨ, ਇਨਕਲਾਬੀ ਮਜ਼ਦੂਰ ਕੇਂਦਰ ਲੁਧਿਆਣਾ ਸਾਮਲ ਸਨ। ਇਹਨਾਂ ਦੇ ਆਗੂਆਂ ਨੇ ਜੋਰ ਦੇ ਕੇ ਕਿਹਾ ਕਿ ਬੇਸੱਕ ਦੇਸ ਭਰ ਅੰਦਰ ਇਸ ਦਰਦਨਾਕ ਘਟਨਾ ਨੂੰ ਲੈ ਕੇ ਸਰਕਾਰ ਪੱਖੀ ਗੋਦੀ ਮੀਡੀਆ ਵੱਲੋਂ ਨਫਰਤੀ ਫਿਰਕੂ ਮਹੌਲ ਸਿਰਜਣ ਦੀਆਂ ਘਿਨਾਉਣੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ, ਪਰ ਸਾਨੂੰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਅਜਿਹੇ ਭਿਆਨਕ ਵਕਤ ਮੌਕੇ, ਵਰ੍ਹਦੀਆਂ ਗੋਲੀਆਂ ਵਿੱਚ ਵੀ ਸੈਯਦ ਹੁਸੈਨ ਵਰਗੇ ਸੱਚੇ ਕਸਮੀਰੀਆਂ ਨੇ ਦੂਜੇ ਧਰਮ ਨੂੰ ਬਚਾਉਣ ਲਈ ਆਪਣੀ ਸਹਾਦਤ ਦੇਣ ਤੋਂ ਸੰਕੋਚ ਨਹੀਂ ਕੀਤਾ।

ਕਸਮੀਰ ਵਿੱਚ ਲੀਥੀਅਮ ਧਾਤ ਦੇ ਬਹੁਤ ਵੱਡੇ ਭੰਡਾਰ ਹਨ ਜੋ ਕਿ ਇਲੈਕਟ੍ਰਾਨਿਕ ਵਿੱਚ ਸਭ ਤੋਂ ਵੱਧ ਵਰਤੀ ਜਾਣ ਵਾਲੀ ਧਾਤ ਹੈ। ਇਹਨਾਂ ਭੰਡਾਰਾਂ ਨੂੰ ਰੇਲ ਰਾਹੀਂ ਸਸਤੇ ਤਰੀਕੇ ਨਾਲ ਅਡਾਨੀ-ਅੰਬਾਨੀ ਦੀਆਂ ਬੰਦਰਗਾਹਾਂ ਤੱਕ ਪਹੁੰਚਾਉਣ ਦਾ ਬੰਦੋਬਸਤ ਕੀਤਾ ਜਾ ਰਿਹਾ ਹੈ , ਜਿਸਦਾ ਕਸਮੀਰੀ ਲੋਕ ਵਿਰੋਧ ਕਰ ਰਹੇ ਹਨ। ਇਸ ਲਈ ਬਹੁਤ ਵੱਡਾ ਖਦਸਾ ਹੈ ਕਿ ਇਸ ਘਟਨਾ ਨੂੰ ਲੋਕਾਂ ਦੀ ਸਹੀ ਆਵਾਜ ਦਬਾਉਣ ਲਈ ਵਰਤਿਆ ਜਾਵੇ। ਇਸ ਘਟਨਾ ਨੇ ਕਸ਼ਮੀਰੀ ਲੋਕਾਂ ਨੂੰ ਬੇ-ਰੋਜਗਾਰ ਕਰਕੇ ਉਹਨਾਂ ਨੂੰ ਉਜਾੜੇ ਦੇ ਮੂੰਹ ਧੱਕ ਦਿੱਤਾ ਹੈ।

ਆਗੂਆਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਸਰਕਾਰ ਦੀ ਧਰਮਾਂ ਦੀ ਰਾਜਨੀਤੀ ਵਿੱਚ ਨਾ ਪੈ ਕੇ ਆਪਣੇ ਅਸਲ ਮਸਲਿਆਂ ਲਈ ਇਕੱਠੇ ਹੋ ਕੇ ਅੱਗੇ ਆਉਣ। ਜੱਥੇਬੰਦੀਆਂ ਨੇ ਇਸ ਘਟਨਾ ਨੂੰ ਅੰਤਰਰਾਸਟਰੀ ਮਜਦੂਰ ਦਿਵਸ ਮੌਕੇ ਵੀ ਵੱਡੀ ਪੱਧਰ 'ਤੇ ਲੋਕਾਂ ਤੱਕ ਲੈ ਕੇ ਜਾਣ ਦਾ ਫੈਸਲਾ ਕੀਤਾ। ਮੀਟਿੰਗ ਵਿੱਚ ਪ੍ਰੋ ਜਗਮੋਹਨ ਸਿੰਘ, ਪ੍ਰੋ ਏ ਕੇ ਮਲੇਰੀ, ਜਸਵੰਤ ਜੀਰਖ, ਡਾ ਹਰਬੰਸ ਗਰੇਵਾਲ, ਹਰਜਿੰਦਰ ਸਿੰਘ, ਬਲਵਿੰਦਰ ਔਲਖ, ਕਸਤੂਰੀ ਲਾਲ ਆਦਿ ਹਾਜ਼ਰ ਸਨ।

## ਕਾਂਗਰਸੀਆਂ ਨੇ ਪਹਿਲਗਾਮ 'ਚ ਮਾਰੇ ਗਏ ਸੈਲਾਨੀਆਂ ਨੂੰ ਸ਼ਰਧਾਂਜਲੀ ਦੇਣ ਲਈ ਪ੍ਰੈਸ ਕਾਨਫ਼ਰੰਸ ਕੀਤੀ



ਲੁਧਿਆਣਾ, 25 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਸੀਨੀਅਰ ਕਾਂਗਰਸੀ ਆਗੂਆਂ ਨੇ ਇੱਕ ਸਥਾਨਕ ਹੋਟਲ ਵਿਖੇ ਪ੍ਰੈਸ ਕਾਨਫਰਸ ਕਰਕੇ ਪਹਿਲਗਾਮ ਵਿੱਚ ਮਾਰੇ ਗਏ 28 ਦੇ ਕਰੀਬ ਸੈਲਾਨੀਆਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਅਤੇ ਉਹਨਾਂ ਦੀ ਮੌਤ 'ਤੇ ਦੁੱਖ ਪ੍ਰਗਟ ਕਰਦਿਆਂ ਸਮੂਹ ਦੇਸ ਵਾਸੀਆਂ ਨੂੰ ਇੱਕ ਹੋ ਕੇ ਇਸ ਨਾਜ਼ੁਕ ਘੜੀ ਦਾ ਸਾਹਮਣਾ ਕਰਨ ਲਈ ਆਖਿਆ। ਇਸ ਪ੍ਰੈਸ ਕਾਨਫਰੰਸ ਵਿੱਚ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਹਿ ਇੰਚਾਰਜ ਰਵਿੰਦਰ ਦਲਵੀ, ਰਾਣਾ ਗੁਰਜੀਤ ਸਿੰਘ, ਲੁਧਿਆਣਾ ਪੱਛਮੀ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਭਾਰਤ ਭੂਸਣ ਆਸ਼ੂ, ਸਾਬਕਾ ਵਿਧਾਇਕ ਰਕੇਸ਼ ਪਾਂਡੇ, ਹਲਕਾ ਦੱਖਣੀ ਦੇ ਇੰਚਾਰਜ ਈਸਵਰ ਜੋਤ ਚੀਮਾ, ਯੂਥ ਕਾਂਗਰਸ ਲੁਧਿਆਣਾ ਦੇ ਪ੍ਰਧਾਨ ਲਾਲੀ ਅਤੇ ਹੋਰ ਕਈ ਆਗੂ ਪਹੁੰਚੇ ਹੋਏ ਸਨ। ਉਕਤ ਆਗੂਆਂ ਨੇ ਕਿਹਾ ਸਾਨੂੰ ਇਸ ਸਮੇਂ ਸਾਰੇ ਮੱਤਭੇਦ ਭੁਲਾ ਕੇ ਦੇਸ਼ ਵਿਰੋਧੀ ਤਾਕਤਾਂ ਵਿਰੁੱਧ ਇਕੱਠੇ ਹੋ ਜਾਣਾ ਚਾਹੀਦਾ ਹੈ ਅਤੇ ਸਰਕਾਰ ਵੱਲੋਂ ਵੀ ਦੋਸ਼ੀਆਂ ਨੂੰ ਸਜਾ ਦਵਾਉਣ ਲਈ ਹਰ ਸੰਭਵ ਯਤਨ ਕੀਤਾ ਜਾਣਾ ਚਾਹੀਦਾ ਹੈ। ਹਾਲਾਂਕਿ ਇਹ ਪੱਤਰਕਾਰ ਮਿਲਣੀ ਸਿਰਫ ਜੰਮੂ ਕਸਮੀਰ ਦੇ ਪੀੜਤਾਂ ਨਾਲ ਦੁੱਖ ਪ੍ਰਗਟ ਕਰਨ ਲਈ ਕੀਤੀ ਗਈ ਸੀ ਪ੍ਰੰਤੂ ਦੇਖਣ ਵਾਲਿਆਂ ਵਿੱਚ ਇਹ ਚਰਚਾ ਆਮ ਹੁੰਦੀ ਰਹੀ ਕਿ ਜਿਲ੍ਹਾ ਕਾਂਗਰਸ ਵਿਚਲੇ ਵਿਰੋਧੀ ਧੜੇ ਦੇ ਕਿਸੇ ਵੀ ਮੈਂਬਰ ਦਾ ਇਸ ਕਾਨਫਰੰਸ ਵਿੱਚ ਨਾ ਸੱਦਿਆ ਜਾਣਾ ਜਾਂ ਨਾ ਸ਼ਾਮਿਲ ਨਾ ਹੋਣਾ ਇੱਕ ਵਾਰ ਫਿਰ ਕਈ ਸਵਾਲ ਖੜ੍ਹੇ ਕਰਦਾ ਹੈ ਅਤੇ ਜੇਕਰ ਕਾਂਗਰਸ ਦੀ ਆਪਸੀ ਧੜੇਬੰਦੀ ਇਸੇ ਤਰ੍ਹਾਂ ਕਾਇਮ ਰਹੀ ਤਾਂ ਇਸ ਦਾ ਖਮਿਆਜ਼ਾ ਭਾਰਤ ਭੂਸਣ ਆਸ਼ੂ ਨੂੰ ਆਉਣ ਵਾਲੀ ਜ਼ਿਮਨੀ ਚੋਣ ਵਿੱਚ ਭੁਗਤਣਾ ਪੈ ਸਕਦਾ ਹੈ।

## ਸਰਕਾਰ ਕਸ਼ਮੀਰੀ ਵਿਦਿਆਰਥੀਆਂ ਦੀ ਸੁਰੱਖਿਆ ਸੁਨਿਸ਼ਚਿਤ ਕਰੇ : ਆਈ. ਡੀ. ਪੀ. ਡੀ.



ਲੁਧਿਆਣਾ, 25 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਇੰਡੀਅਨ ਡਾਕਟਰਜ ਫਾਰ ਪੀਸ ਐਂਡ ਡਿਵੈਲਪਮੈਂਟ (ਆਈਡੀਪੀਡੀ) ਨੇ ਦੇਸ ਦੇ ਕਈ ਹਿੱਸਿਆਂ ਵਿੱਚ ਕਸਮੀਰੀ ਵਿਦਿਆਰਥੀਆਂ ਤੇ ਹਮਲੇ ਦੀ ਨਿਖੇਧੀ ਕੀਤੀ ਹੈ। ਉਕਤ ਬਿਆਨ ਜਾਰੀ ਕਰਦਿਆਂ ਡਾ: ਅਰੁਣ ਮਿਤਰਾ, ਪ੍ਰਧਾਨ ਆਈ ਡੀ ਪੀ ਡੀ ਅਤੇ ਡਾ ਜੀ ਮੀ ਮਲਿਕ, ਸਾਬਕਾ ਪ੍ਰਧਾਨ ਆਈਡੀਪੀਡੀ ਜੰਮੂ ਕਸਮੀਰ ਨੇ ਕਿਹਾ ਹੈ ਕਿ ਅਸੀਂ ਪੁਲਿਸ ਨੂੰ ਕਸਮੀਰ ਤੋਂ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਅਪੀਲ ਕਰਦੇ ਹਾਂ। ਇਹ ਨੋਟ ਕਰਨਾ ਉਚਿਤ ਹੈ ਕਿ ਕਸਮੀਰ ਦੇ ਲੋਕਾਂ ਵਲੋਂ ਅੱਤਵਾਦੀ ਗਤੀਵਿਧੀਆਂ ਦੀ ਨਿੰਦਾ ਕੀਤੀ ਗਈ ਹੈ। ਸਿਰਫ ਇਹ ਹੀ ਨਹੀਂ, ਉਹ ਜ਼ਖਮੀਆਂ ਦੀ ਦੇਖਭਾਲ ਕਰ ਰਹੇ ਹਨ। ਵਿਦਿਆਰਥੀਆਂ ਨੂੰ ਨਿਸਾਨਾ ਬਣਾਉਣ ਵਾਲੀ ਅਜਿਹੀ ਕਾਰਵਾਈ ਸਥਿਤੀ ਨੂੰ ਵਿਗਾੜਨਗੇ।

## ਪਹਿਲਗਾਮ ਹਮਲਾ ਪੂਰੇ ਦੇਸ਼ ਦੀ ਏਕਤਾ ਅਤੇ ਅਖੰਡਤਾ 'ਤੇ ਹਮਲਾ : ਜਗਦੇਵ ਖ਼ਾਨ



ਲੁਧਿਆਣਾ, 25 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਨਾਮਵਰ ਲੋਕ ਗਾਇਕ ਤੇ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੇ ਭਤੀਜੇ ਜਗਦੇਵ ਖਾਨ ਨੇ ਆਖਿਆ ਹੈ ਕਿ ਜੰਮੂ ਕਸ਼ਮੀਰ ਦੇ ਪਹਿਲਗਾਮ ਜ਼ਿਲ੍ਹੇ ਵਿੱਚ ਅੱਤਵਾਦੀਆਂ ਵੱਲੋਂ ਸੈਲਾਨੀਆਂ ਤੇ ਕੀਤਾ ਗਿਆ ਹਮਲਾ ਉਨ੍ਹਾਂ ਦੀ ਮਨੁੱਖਤਾ ਪ੍ਰਤੀ ਘਟੀਆ ਸੋਚ ਦੀ ਇੱਕ ਵੱਡੀ ਮਿਸਾਲ ਹੈ। ਉਹਨਾਂ ਕਿਹਾ ਕਿ ਲੋਕਾਂ ਨੂੰ ਧਰਮ ਦੇ ਆਧਾਰ ਤੇ ਮਾਰਿਆ ਗਿਆ ਹੈ। ਉਹਨਾਂ ਕਿਹਾ ਕਿ ਇਸ ਹਮਲੇ ਦੇ ਨਾਲ ਜੰਮੂ ਕਸਮੀਰ ਵਿਚਲੀ ਸੁੱਖ ਸ਼ਾਂਤੀ 'ਤੇ ਭੈੜਾ ਅਸਰ ਤਾਂ ਪਵੇਗਾ ਹੀ ਇਸ ਤੋਂ ਇਲਾਵਾ ਉਥੋਂ ਦੇ ਸੈਰ ਸਪਾਟਾ ਉਦਯੋਗ ਨੂੰ ਵੀ ਵੱਡਾ ਨੁਕਸਾਨ ਪਹੁੰਚੇਗਾ ਅਤੇ ਕੋਈ ਵੀ ਵਿਅਕਤੀ ਸੈਰ ਕਰਨ ਦੇ ਮਕਸਦ ਨਾਲ ਅਪਣੀ ਜਾਨ ਜੋਖਿਮ ਵਿੱਚ ਪਾਉਣ ਲਈ ਰਾਜ਼ੀ ਨਹੀਂ ਹੋਵੇਗਾ। ਉਹਨਾਂ ਕਿਹਾ ਕਿ ਇਹ ਹਮਲਾ ਕੁਝ ਸੈਲਾਨੀਆਂ ਤੇ ਨਹੀਂ ਬਲਕਿ ਪੂਰੇ ਦੇਸ ਦੀ ਏਕਤਾ ਤੇ ਅਖੰਡਤਾ 'ਤੇ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਦੋਸ਼ੀਆਂ ਤੇ ਸਖਤ ਕਾਰਵਾਈ ਕਰਨੀ ਚਾਹੀਦੀ ਹੈ। ਉਹਨਾਂ ਕਿਹਾ ਕਿ ਸਰਕਾਰੀ ਏਜੰਸੀਆਂ ਨੂੰ ਵੀ ਹੋਰ ਵਧੇਰੇ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਉਹ ਲੋਕਾਂ ਦੇ ਜਾਨ ਮਾਲ ਦੀ ਰਾਖੀ ਵਧੇਰੇ ਤਨਦੇਹੀ ਨਾਲ ਕਰ ਸਕਣ।

### ਬਲਜੀਤ ਕੌਰ ਦਾ ਸਸਕਾਰ ਅੱਜ

ਲੁਧਿਆਣਾ, 25 ਅਪ੍ਰੈਲ (ਕਰਨੈਲ ਸਿੰਘ ਐੱਮ.ਏ.) : ਪੰਜਾਬੀ ਜਾਗਰਣ ਦੇ ਫ਼ੋਟੋਗਰਾਫ਼ਰ ਹਰਜੀਤ ਸਿੰਘ ਖਾਲਸਾ ਦੀ ਨਜ਼ਦੀਕੀ ਰਿਸ਼ਤੇਦਾਰ (ਸਾਲੇਹਾਰ) ਬਲਜੀਤ ਕੌਰ (ਧਰਮ ਪਤਨੀ ਇਕਬਾਲ ਸਿੰਘ ਨਾਗੀ) ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ 24 ਅਪਰੈਲ ਨੂੰ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦਾ ਅੰਤਿਮ ਸਸਕਾਰ 26 ਅਪਰੈਲ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਨਿਊ ਗੀਤਾ ਕਲੋਨੀ, ਵਾਰਡ ਨੰਬਰ 18, ਨੇੜੇ ਰਾਮਾ ਟੈਂਟ, ਸ਼ਿਵਪੁਰੀ ਅਗਵਾੜ ਡਾਲਾ ਸਮਸ਼ਾਨਘਾਟ ਜਗਰਾਉਂ ਵਿਖੇ ਹੋਵੇਗਾ।

## ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਦੇ ਪਿਤਾ ਸ੍ਰ. ਹਰਦਿਆਲ ਸਿੰਘ ਦਾ ਸਸਕਾਰ ਅੱਜ



ਲੁਧਿਆਣਾ, 25 ਅਪ੍ਰੈਲ (ਵਿਸ਼ਾਲ ਸ਼ਰਮਾ) : *"ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ"*॥

ਪੰਥ ਵਿਦਵਾਨ ਅਤੇ ਸਿੱਖ ਪ੍ਰਚਾਰਕ ਸਤਿਕਾਰਯੋਗ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਦੇ ਪਿਤਾ ਸ੍ਰ. ਹਰਦਿਆਲ ਸਿੰਘ ਜੀ ਪਿਛਲੇ ਦਿਨੀਂ ਵਾਹਿਗੁਰੂ ਦੇ ਭਾਣੇ ਨੂੰ ਮੰਨਦਿਆਂ ਹੋਇਆਂ ਅਕਾਲ ਚਾਲਾਣਾ ਕਰ ਗਏ ਹਨ। ਉਨ੍ਹਾਂ ਦਾ ਸਸਕਾਰ 26 ਅਪ੍ਰੈਲ ਸਮਾਂ ਸ਼ਾਮ 4 ਜੇ ਸ਼ਮਸ਼ਾਨ ਘਾਟ, ਨੇੜੇ ਦਾਣਾ ਮੰਡੀ, ਬੈਕ ਸਾਈਡ ਅਰੋੜਾ ਪੈਲੇਸ ਲੁਧਿਆਣਾ ਵਿਖੇ ਹੋਵੇਗਾ। ਦਾਸ ਜੱਥੇਦਾਰ ਤਰਨਜੀਤ ਸਿੰਘ ਨਿਮਾਣਾ ਮੁੱਖ ਸੇਵਾਦਾਰ ਭਾਈ ਘੱਨਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ.) ਅਤੇ ਕੌਮੀ ਪ੍ਰਧਾਨ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ ਅਤੇ ਸਾਥੀਆਂ ਜੁਗਰਾਜ ਸਿੰਘ ਮੰਡ ਪ੍ਰਧਾਨ ਯੂਥ ਵਿੰਗ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ,ਭਾਈ ਮਨਜੀਤ ਸਿੰਘ ਬੁਟਾਹਰੀ, ਭਾਈ ਹਰਪਾਲ ਸਿੰਘ ਨਿਮਾਣਾ, ਭਾਈ ਭੁਪਿੰਦਰ ਸਿੰਘ ਨਿਊ ਸੁਭਾਸ਼ ਨਗਰ ਪ੍ਰਧਾਨ ਗੁ. ਸਿੰਘ ਸਭਾ, ਸਰਪੰਚ ਮਨਜੀਤ ਸਿੰਘ ਤੂਰ ਬਾਜੜਾ, ਸਰਪੰਚ ਨਿਰਮਲ ਸਿੰਘ ਬੇਰਕਲਾਂ, ਪਰਮਜੀਤ ਸਿੰਘ ਨੱਤ, ਬਲਦੇਵ ਸਿੰਘ ਸੰਧੂ, ਅਮਰਜੀਤ ਸਿੰਘ ਭੱਟੀ, ਪ੍ਰਭਦੀਪ ਸਿੰਘ ਸੇਖੋਂ ਪ੍ਰਧਾਨ ਦਿਹਾਤੀ ਅੰਨਦਾਤਾ ਕਿਸਾਨ ਮਜ਼ਦੂਰ ਯੂਨੀਅਨ, ਸ਼ਮਸ਼ੇਰ ਸਿੰਘ ਲਾਡੋਵਾਲ, ਜੁਝਾਰ ਸਿੰਘ, ਬੀਬੀ ਸਵਿੰਦਰਜੀਤ ਕੌਰ ਪ੍ਰਧਾਨ ਇਸਤਰੀ ਵਿੰਗ ਭਾਈ ਘੱਨਈਆ ਜੀ ਮਿਸ਼ਨ ਸੇਵਾ ਸੁਸਾਇਟੀ (ਰਜਿ), ਪਰਵਿੰਦਰ ਸਿੰਘ ਗਿੰਦਰਾ,ਜਸਪਾਲ ਸਿੰਘ, ਤਨਜੀਤ ਸਿੰਘ, ਲਕਸ਼ਮਣ ਸਿੰਘ ਖਾਲਸਾ ਵੱਲੋਂ ਇਸ ਦੁਖਦਾਈ ਮੌਕੇ ਉਤੇ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਾਂ ਕਿ ਉਹ ਵਿਛੜੀ ਆਤਮਾ ਨੂੰ ਆਪਣੇ ਚਰਨਾਂ 'ਚ ਨਿਵਾਸ ਬਖ਼ਸ਼ਣ।

## ਡਾ. ਏ.ਵੀ.ਐਮ. ਪਬਲਿਕ ਸੀ: ਸੈ: ਸਕੂਲ ਵਿਖੇ ਮਨਾਇਆ ਵਿਸ਼ਵ ਮਲੇਰੀਆ ਦਿਵਸ



ਲੁਧਿਆਣਾ, 25 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਡਾ. ਏ.ਵੀ.ਐਮ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਨੇੜੇ ਈਸਾ ਨਗਰੀ ਪੁੱਲੀ ਵਿਖੇ ਸਿਹਤ ਵਿਭਾਗ ਦੇ ਸਹਿਯੋਗ ਨਾਲ ਵਿਸਵ ਮਲੇਰੀਆ ਦਿਵਸ ਮਨਾਇਆ ਗਿਆ। ਇਸ ਮੌਕੇ ਸਕੂਲ ਦੇ ਬੱਚਿਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਪੋਸਟਰਾਂ ਰਾਹੀਂ ਮਲੇਰੀਆ ਤੋਂ ਬੱਚਣ ਸਬੰਧੀ ਜਾਗਰੂਕ ਕੀਤਾ ਗਿਆ।ਇਸ ਮੌਕੇ ਸਿਹਤ ਵਿਭਾਗ ਦੀ ਟੀਮ ਨੇ ਜਿਲਾ ਸਿਹਤ ਅਫਸਰ ਵੱਲੋਂ ਬੱਚਿਆਂ ਅਤੇ ਸਕੂਲ ਪ੍ਰਬੰਧਕਾਂ ਨੂੰ ਆਉਂਦੇ ਮਲੇਰੀਆ ਦੇ ਸੀਜਨ ਦੌਰਾਨ ਮੱਛਰਾਂ ਤੋਂ ਬਚਾਅ ਲਈ ਆਪਣੇ ਆਲੇ ਦੁਆਲੇ ਦੀ ਸਫਾਈ ਰੱਖਣ ਸਣੇ ਘਰਾਂ ਦੇ ਅੰਦਰ ਅਤੇ ਬਾਹਰ ਪਾਣੀ ਖੜਾ ਨਾ ਹੋਣ ਦੇਣ ਦੀ ਸਲਾਹ ਦਿੱਤੀ ਗਈ।ਸਕੂਲ ਪ੍ਰਬੰਧਕ ਕਮੇਟੀ ਦੇ ਮੁਖੀ ਰਾਜੀਵ ਕੁਮਾਰ ਲਵਲੀ ਨੇ ਜਿਲਾ ਸਿਹਤ ਅਫਸਰ ਵੱਲੋਂ ਕੀਤੇ ਜਾ ਰਹੇ ਉਪਰਾਲੇ ਦੇ ਸਲਾਘਾ ਕੀਤੀ ਉਹਨਾਂ ਨੇ ਕਿਹਾ ਕਿ ਬੱਚੇ ਇੱਥੋਂ ਸਿੱਖਿਆ ਲੈ ਕੇ ਘਰਾਂ ਵਿੱਚ ਜਾ ਕੇ ਆਪਣੇ ਮਾਤਾ-ਪਿਤਾ ਨੂੰ ਜਾਗਰੂਕ ਕਰਨਗੇ ਤਾਂ ਜੋ ਮਲੇਰੀਆ ਤੇ ਡੇਂਗੂ ਨੂੰ ਜੜ੍ਹੋਂ ਖਤਮ ਕੀਤਾ ਜਾ ਸਕੇ।

## ਕਰਤਾਰ ਕਾਨਵੈਂਟ ਸਕੂਲ 'ਚ ਮਨਾਇਆ ਵਿਸ਼ਵ ਧਰਤੀ ਦਿਵਸ



ਲੁਧਿਆਣਾ, 25 ਅਪ੍ਰੈਲ (ਕਰਨੈਲ ਸਿੰਘ ਐੱਮ.ਏ.) : ਕਰਤਾਰ ਕਾਨਵੈਂਟ ਸਕੂਲ, ਪ੍ਰਿੰਸ ਕਲੋਨੀ, ਗਲੀ ਨੰਬਰ 1, 33 ਫੁੱਟ ਰੋਡ, ਮੁੰਡੀਆਂ ਕਲਾਂ, ਲੁਧਿਆਣਾ ਵਿਖੇ ਵਿਸ਼ਵ ਧਰਤੀ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਵਿਖੇ ਧਰਤੀ ਦਿਵਸ ਮਨਾਉਣ ਦੀ ਸ਼ੁਰੂਆਤ ਵਿਦਿਆਰਥੀਆਂ ਤੇ ਸਟਾਫ ਨੇ ਧਰਤੀ ਦਿਵਸ ਅਸੈਂਬਲੀ ਨਾਲ ਕੀਤੀ। ਇਸ ਅਸੈਂਬਲੀ ਵਿੱਚ ਬੱਚਿਆਂ ਤੇ ਸਟਾਫ ਨੇ ਆਪਣੀ ਧਰਤੀ ਦੀ ਸਾਂਭ ਸੰਭਾਲ ਰੱਖਣ ਦਾ ਪ੍ਰਣ ਲਿਆ । ਸਕੂਲ ਦੇ ਬੱਚਿਆਂ ਵੱਲੋਂ ਰੁੱਖਾਂ, ਪਾਣੀ, ਹਵਾ ਤੇ ਧਰਤੀ ਮਾਤਾ ਦੇ ਰੂਪ ਵਿੱਚ ਸਜ ਕੇ ਇੱਕ ਸਰਲ ਪਰ ਪ੍ਰਭਾਵਸ਼ਾਲੀ ਢੰਗ ਨਾਲ ਕੁਦਰਤ ਨੂੰ ਬਚਾਉਣ ਦੀ ਮਹੱਤਤਾ ਬਾਰੇ ਇੱਕ ਸ਼ਕਤੀਸ਼ਾਲੀ ਸੰਦੇਸ਼ ਵੀ ਦਿੱਤਾ । ਸਕੂਲ ਦੇ ਪ੍ਰਿੰਸੀਪਲ ਹਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਵਿਸ਼ਵ ਧਰਤੀ ਦਿਵਸ ਹਰ ਸਾਲ 23 ਅਪ੍ਰੈਲ ਨੂੰ ਮਨਾਇਆ ਜਾਂਦਾ ਹੈ। ਇਹ ਇੱਕ ਅਜਿਹਾ ਦਿਵਸ ਹੈ, ਜਿਸ ਨੂੰ ਧਰਤੀ 'ਤੇ ਕੁਦਰਤੀ ਵਾਤਾਵਰਨ ਬਾਰੇ ਵਿੱਚ ਪ੍ਰਸੰਸਾ ਤੇ ਜਾਗਰੂਕਤਾ ਨੂੰ ਪ੍ਰੇਰਿਤ ਕਰਨ ਲਈ ਸ਼ੁਰੂ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਇਸ ਸਾਲ 2025 ਦਾ ਥੀਮ ਹੈ ਸਾਡੀ ਧਰਤੀ ਸਾਡੇ ਦਰਖਤ ਨੂੰ ਸਮਰਪਿਤ ਹੈ । ਸਾਨੂੰ ਸਾਰਿਆਂ ਨੂੰ ਧਰਤੀ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਰਲ? ਮਿਲ? ਕੇ ਹੰਭਲਾ ਮਾਰਨਾ ਚਾਹੀਦਾ ਹੈ। ਅੱਜ ਦੇ ਦਿਨ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਅਸੀਂ ਸਾਰੇ ਜੀਵਨ 'ਚ ਘੱਟੋ-ਘੱਟ ਇੱਕ ਰੁੱਖ ਜ਼ਰੂਰ ਲਾਈਏ।

# ਜਿੱਤ ਦਾ ਮੰਤਰ ਪੜ੍ਹਾਉਣ ਲਈ ਬਾਦਲ ਅੱਜ ਲੁਧਿਆਣਾ ਆਉਣਗੇ : ਐਡਵੋਕੇਟ ਘੁੰਮਣ



ਲੁਧਿਆਣਾ, 25 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਵਿਧਾਨ ਸਭਾ ਹਲਕਾ ਪੱਛਮੀ ਦੀ ਉੱਪ ਚੋਣ ਲਈ ਬੇਸ਼ੱਕ ਅਜੇ ਤੱਕ ਤਾਰੀਖ ਦਾ ਐਲਾਨ ਤੱਕ ਨਹੀਂ ਹੋਇਆ ਪਰ ਇਸ ਉੱਪ ਚੋਣ ਲਈ ਰਾਜਸੀ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦੇ ਨਾਮਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਆਮ ਆਦਮੀ ਪਾਰਟੀ ਵੱਲੋਂ ਜਿੱਥੇ ਰਾਜ ਸਭਾ ਮੈਂਬਰ ਅਰੋੜਾ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਗਿਆ ਹੈ ਉੱਥੇ ਕਾਂਗਰਸ ਪਾਰਟੀ ਵੱਲੋਂ ਵੀ ਸਾਬਕਾ ਕੈਬਨਿਟ ਮੰਤਰੀ ਪੰਜਾਬ ਸਰਕਾਰ ਭਾਰਤ ਭੂਸ਼ਨ ਆਸ਼ੂ ਨੂੰ ਉਮੀਦਵਾਰ ਐਲਾਨਿਆ ਜਾ ਚੁੱਕਾ ਹੈ। ਅਜੇ ਜੇਕਰ ਉਡੀਕ ਹੈ ਤਾਂ ਉਹ ਭਾਜਪਾ ਵੱਲੋਂ ਐਲਾਨੇ ਜਾਣ ਵਾਲੇ ਉਮੀਦਵਾਰ ਦੀ ਹੈ। ਪਿਛਲੇ ਕੁੱਝ ਦਿਨਾਂ ਤੋਂ 'ਆਪ' ਦੀ ਸੀਨੀਅਰ ਲੀਡਰਸ਼ਿਪ ਆਪਣੇ ਉਮੀਦਵਾਰ ਦੇ ਹੱਕ ਵਿੱਚ ਕਈ ਸਮਾਗਮ ਕਰ ਚੁੱਕੀ ਹੈ ਤੇ ਕਾਂਗਰਸ ਪਾਰਟੀ ਵੀ ਆਪਣੀ ਜੋਰ ਅਸਮਾਇਸ ਤੋਂ ਪਿੱਛੇ ਨਹੀਂ ਹਟ ਰਹੀ। ਬੀਤੇ ਕੱਲ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪਰਕਾਸ਼ ਸਿੰਘ ਬਾਦਲ ਦੀ ਦੂਜੀ ਬਰਸੀ ਸਮਾਗਮ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਵੀ 'ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਿਜਾ ਕੱਲੀ' ਦੀ ਗੱਲ ਨੂੰ ਪੂਰਾ ਕਰਨ ਵਾਲੀ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੀ ਵਿਧਾਨ ਸਭਾ ਹਲਕਾ ਪੱਛਮੀ ਤੋਂ ਪਾਰਟੀ ਵੱਲੋਂ ਐਲਾਨੇ ਉਮੀਦਵਾਰ ਐਡਵੋਕੇਟ ਪ੍ਰਉਪਕਾਰ ਸਿੰਘ ਘੁੰਮਣ ਦੀ ਪਿੱਠ ਥਾਪੜਨ ਅਤੇ ਵਰਕਰਾਂ ਨੂੰ ਲਾਮਬੰਦ ਕਰਨ ਲਈ ਲੁਧਿਆਣਾ ਪੁੱਜ ਰਹੇ ਹਨ। ਇਸ ਬਾਰੇ ਜਦ ਐਡਵੋਕੇਟ ਘੁੰਮਣ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਸੁਖਬੀਰ ਸਿੰਘ ਬਾਦਲ ਪਾਰਟੀ ਦੇ ਸੀਨੀਅਰ ਆਗੂਆਂ ਅਤੇ ਵਰਕਰਾਂ ਨਾਲ ਸਵੇਰੇ 11 ਵਜੇ ਉਨ੍ਹਾਂ ਦੇ ਗ੍ਰਹਿ ਪੰਚਸ਼ੀਲ ਵਿਹਾਰ ,ਫਿਰੋਜ਼ਪੁਰ ਰੋਡ ਵਿਖੇ ਮੁਲਾਕਾਤ ਕਰਨਗੇ । ਉਨ੍ਹਾਂ ਇਹ ਵੀ ਦੱਸਿਆ ਕਿ ਸੁਖਬੀਰ ਸਿੰਘ ਬਾਦਲ ਇੱਥੇ 2 ਦਿਨ ਰਹਿਣਗੇ।

## ਪੁਲਿਸ ਕਮਿਸ਼ਨਰੇਟ ਲੁਧਿਆਣਾ ਨੇ ਛੇੜਛਾੜ ਦੇ ਖ਼ਤਰੇ ਨਾਲ ਨਜਿੱਠਣ ਲਈ ਮੁਹਿੰਮ ਸ਼ੁਰੂ ਕੀਤੀ



ਲੁਧਿਆਣਾ, 25 ਅਪ੍ਰੈਲ (ਵਿਸ਼ਾਲ ਸ਼ਰਮਾ) : ਮੁਸੀਬਤ ਪੈਦਾ ਕਰਨ ਵਾਲਿਆਂ ਵਿਰੁੱਧ ਇੱਕ ਵੱਡੀ ਕਾਰਵਾਈ ਵਿੱਚ ਪੁਲਿਸ ਕਮਿਸ਼ਨਰ ਲੁਧਿਆਣਾ ਸ਼੍ਰੀ ਸਵਪਨ ਸ਼ਰਮਾ, ਆਈ.ਪੀ.ਐਸ ਦੀ ਅਗਵਾਈ ਵਿੱਚ ਵਿਦਿਅਕ ਅਤੇ ਮਨੋਰੰਜਨ ਵਾਲੇ ਸਥਾਨਾਂ ਦੇ ਨੇੜੇ ਛੇੜਛਾੜ ਦੇ ਖ਼ਤਰੇ ਨਾਲ ਨਜਿੱਠਣ ਲਈ ਇੱਕ ਮੁਹਿੰਮ ਸ਼ੁਰੂ ਕੀਤੀ। ਪੁਲਿਸ ਕਮਿਸ਼ਨਰੇਟ ਲੁਧਿਆਣਾ ਦੇ ਗਜ਼ਟਿਡ ਅਧਿਕਾਰੀਆਂ (3 ਡਿਪਟੀ ਕਮਿਸ਼ਨਰ ਪੁਲਿਸ ਸਮੇਤ) ਦੀ ਅਗਵਾਈ ਵਿੱਚ 21 ਪੁਲਿਸ ਪਾਰਟੀਆਂ ਨੂੰ ਪੁਲਿਸ ਕਮਿਸ਼ਨਰੇਟ ਲੁਧਿਆਣਾ ਦੇ ਖੇਤਰ ਵਿੱਚ ਫੈਲੀਆਂ ਵੱਖ-ਵੱਖ ਨਾਕਿਆਂ 'ਤੇ ਤਾਇਨਾਤ ਕੀਤਾ ਗਿਆ ਸੀ। ਇਨ੍ਹਾਂ ਥਾਵਾਂ 'ਤੇ ਛੇੜਛਾੜ ਨੂੰ ਰੋਕਣ ਲਈ ਸਖ਼ਤ ਜਾਂਚ ਦੇ ਨਤੀਜੇ ਵਜੋਂ ਕੁੱਲ 436 ਚਲਾਨ ਕੱਟੇ ਗਏ ਅਤੇ 9 ਵਾਹਨ ਜ਼ਬਤ ਕੀਤੇ ਗਏ। ਸਕੂਲਾਂ, ਕਾਲਜਾਂ ਅਤੇ ਮਨੋਰੰਜਨ ਵਾਲੇ ਸਥਾਨਾਂ ਦੇ ਨੇੜੇ ਇਹ ਨਾਕੇ ਸਥਾਪਤ ਕੀਤੇ ਗਏ ਸਨ। ਪੁਲਿਸ ਕਮਿਸ਼ਨਰ ਲੁਧਿਆਣਾ ਸ਼੍ਰੀ ਸਵਪਨ ਸ਼ਰਮਾ ਨੇ ਆਉਣ ਵਾਲੇ ਦਿਨਾਂ ਵਿੱਚ ਜਾਂਚ ਨੂੰ ਹੋਰ ਤੇਜ਼ ਕਰਨ 'ਤੇ ਜ਼ੋਰ ਦਿੱਤਾ ਹੈ।

# ਅਰੋੜਾ ਦੀ ਤੁਰੰਤ ਕਾਰਵਾਈ ਕਾਰਨ ਓਰੀਐਂਟ ਸਿਨੇਮਾ ਨੇੜੇ ਬੀ.ਆਰ.ਐਸ. ਨਗਰ ਮਾਰਕੀਟ ਪਾਰਕਿੰਗ ਹੋਈ ਮੁਫ਼ਤ



ਲੁਧਿਆਣਾ, 25 ਅਪ੍ਰੈਲ (ਵਿਸ਼ਾਲ ਸ਼ਰਮਾ) : ਐਫ-ਬਲਾਕ ਮਾਰਕੀਟ ਸ਼ੋਪਕੀਪਰਜ਼ ਐਸੋਸੀਏਸ਼ਨ (ਬੀ.ਆਰ.ਐਸ. ਨਗਰ) ਲਈ ਇੱਕ ਵੱਡੀ ਰਾਹਤ ਵਜੋਂ ਰਾਜ ਸਭਾ ਮੈਂਬਰ ਸੰਜੀਵ ਅਰੋੜਾ ਦੇ ਦਖਲ ਤੋਂ ਬਾਅਦ ਲੰਬੇ ਸਮੇਂ ਤੋਂ ਲਟਕ ਰਹੇ ਮੁੱਦਿਆਂ ਨੂੰ 48 ਘੰਟਿਆਂ ਦੇ ਅੰਦਰ ਹੱਲ ਕਰ ਦਿੱਤਾ ਗਿਆ। ਐਸੋਸੀਏਸ਼ਨ ਦੇ ਮੈਂਬਰਾਂ ਨੇ ਅਰੋੜਾ ਪ੍ਰਤੀ ਬਹੁਤ ਉਤਸ਼ਾਹ ਅਤੇ ਧੰਨਵਾਦ ਪ੍ਰਗਟ ਕੀਤਾ ਕਿਉਂਕਿ ਉਨ੍ਹਾਂ ਨੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਤੁਰੰਤ ਹੱਲ ਕੀਤਾ, ਜੋ ਕਿ ਪਿਛਲੀਆਂ ਕਈ ਰਾਜ ਸਰਕਾਰਾਂ ਦੌਰਾਨ ਜਾਰੀ ਸਨ। ਐਸੋਸੀਏਸ਼ਨ ਦੇ ਪ੍ਰਧਾਨ ਨਵੀਨ ਪ੍ਰਭਾਕਰ ਨੇ ਕਿਹਾ ਕਿ ਉਹ ਚੇਅਰਮੈਨ ਕਰਨੈਲ ਸਿੰਘ ਜੱਸੀ, ਜਨਰਲ ਸਕੱਤਰ ਕਰਮਜੀਤ ਸਿੰਘ ਅਤੇ ਹੋਰ ਅਹੁਦੇਦਾਰਾਂ ਦੇ ਨਾਲ ਕੱਲ੍ਹ ਅਰੋੜਾ ਨੂੰ ਮਿਲੇ ਸਨ ਤਾਂ ਜੋ ਇਨ੍ਹਾਂ ਮੁੱਦਿਆਂ 'ਤੇ ਚਰਚਾ ਕੀਤੀ ਜਾ ਸਕੇ। ਇਸ ਦੇ ਜਵਾਬ ਵਿੱਚ, ਅਰੋੜਾ ਨੇ ਅੱਜ ਸ਼ਾਮ ਨੂੰ ਬਾਜ਼ਾਰ ਦਾ ਦੌਰਾ ਕੀਤਾ ਅਤੇ ਜਨਤਕ ਤੌਰ 'ਤੇ ਐਲਾਨ ਕੀਤਾ ਕਿ ਸਾਰੀਆਂ ਸਮੱਸਿਆਵਾਂ ਹੱਲ ਹੋ ਗਈਆਂ ਹਨ। ਇਹ ਐਲਾਨ ਨਗਰ ਨਿਗਮ ਕਮਿਸ਼ਨਰ ਆਦਿੱਤਿਆ ਡਚਲਵਾਲ, ਏਸੀਪੀ (ਟਰੈਫਿਕ) ਅਤੇ ਹੋਰ ਅਧਿਕਾਰੀਆਂ ਦੀ ਮੌਜੂਦਗੀ ਵਿੱਚ ਕੀਤਾ ਗਿਆ। ਨਗਰ ਕੌਂਸਲਰ ਅੰਮ੍ਰਿਤ ਵਰਸ਼ਾ ਰਾਮਪਾਲ (ਵਾਰਡ ਨੰ. 55) ਅਤੇ ਵੀਰਾ ਬੇਦੀ (ਵਾਰਡ ਨੰ. 57) ਵੀ ਮੌਜੂਦ ਸਨ। ਆਪਣੀ ਫੇਰੀ ਦੌਰਾਨ ਅਰੋੜਾ ਨੇ ਐਲਾਨ ਕੀਤਾ ਕਿ ਮੁਫ਼ਤ ਪਾਰਕਿੰਗ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਮੰਗ ਨੂੰ ਸਵੀਕਾਰ ਕਰ ਲਿਆ ਗਿਆ ਹੈ। ਉਨ੍ਹਾਂ ਮੌਕੇ 'ਤੇ ਮੌਜੂਦ ਟਰੈਫਿਕ ਪੁਲਿਸ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਇਹ ਯਕੀਨੀ ਬਣਾਉਣ ਕਿ ਕੋਈ ਵੀ ਨਿੱਜੀ ਬੱਸ ਮਾਰਕੀਟ ਦੇ ਨੇੜੇ ਨਾ ਖੜ੍ਹੀ ਹੋਵੇ ਕਿਉਂਕਿ ਉਨ੍ਹਾਂ ਦੀ ਮੌਜੂਦਗੀ ਕਾਰੋਬਾਰ 'ਤੇ ਮਾੜਾ ਪ੍ਰਭਾਵ ਪਾ ਰਹੀ ਹੈ।

ਪ੍ਰਭਾਕਰ ਨੇ ਅਰੋੜਾ ਦੀ ਤੁਰੰਤ ਕਾਰਵਾਈ ਲਈ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਐਸੋਸੀਏਸ਼ਨ ਉਨ੍ਹਾਂ ਦਾ ਬਹੁਤ ਧੰਨਵਾਦੀ ਹੈ। ਬਾਜ਼ਾਰ ਵਿੱਚ ਲਗਭਗ 150 ਦੁਕਾਨਾਂ ਹਨ। ਨਗਰ ਕੌਂਸਲਰ ਅੰਮ੍ਰਿਤ ਵਰਸ਼ਾ ਰਾਮਪਾਲ ਨੇ ਇਸ ਗੱਲ 'ਤੇ ਚਾਨਣਾ ਪਾਇਆ ਕਿ ਮੂਲ ਨਿਲਾਮੀ ਸਮਝੌਤੇ ਵਿੱਚ ਮੁਫ਼ਤ ਪਾਰਕਿੰਗ ਦਾ ਵਾਅਦਾ ਕੀਤਾ ਗਿਆ ਸੀ। ਉਹ ਅਤੇ ਕੌਂਸਲਰ ਵੀਰਾ ਬੇਦੀ ਵੀ ਪ੍ਰਾਈਵੇਟ ਬੱਸਾਂ ਨੂੰ ਹਟਾਉਣ ਅਤੇ ਮੁਫ਼ਤ ਪਾਰਕਿੰਗ ਬਹਾਲ ਕਰਨ ਦੀ ਵਕਾਲਤ ਕਰ ਰਹੇ ਸਨ। ਦੋਵਾਂ ਨੇ ਅਰੋੜਾ ਵੱਲੋਂ ਮਾਮਲੇ ਦੇ ਸਮੇਂ ਸਿਰ ਅਤੇ ਪ੍ਰਭਾਵਸ਼ਾਲੀ ਹੱਲ ਲਈ ਉਨ੍ਹਾਂ ਦੀ ਸ਼ਲਾਘਾ ਕੀਤੀ।

## ਗੁਰਸਾਂਝ ਸਿੰਘ ਨੇ ਇੰਟਰਨੈਸ਼ਨਲ ਬੁੱਕ ਆਫ਼ ਰਿਕਾਰਡਜ਼ ਵੱਲੋਂ ਕਰਵਾਏ ਮੁਕਾਬਲੇ 'ਚ ਐਵਾਰਡ ਪ੍ਰਾਪਤ ਕੀਤਾ



ਲੁਧਿਆਣਾ, 25 ਅਪ੍ਰੈਲ (ਵਿਸ਼ਾਲ ਸ਼ਰਮਾ) : ਲੁਧਿਆਣਾ ਦੇ ਗੁਰਸਾਂਝ ਸਿੰਘ ਨੂੰ 20 ਅਪ੍ਰੈਲ, 2025 ਨੂੰ ਜੀਐਨਡੀਯੂ, ਅੰਮ੍ਰਿਤਸਰ ਵਿਖੇ ਇੰਟਰਨੈਸ਼ਨਲ ਬੁੱਕ ਆਫ਼ ਰਿਕਾਰਡਜ਼ ਦੁਆਰਾ ਮਿਥਿਹਾਸ ਬਾਰੇ ਸਭ ਤੋਂ ਵੱਧ ਸਵਾਲਾਂ ਦੇ ਜਵਾਬ ਦੇਣ ਵਾਲੇ ਸਭ ਤੋਂ ਘੱਟ ਉਮਰ ਦੇ ਵਿਅਕਤੀ ਵਜੋਂ ਵਿਸ਼ਵ ਰਿਕਾਰਡ ਸਥਾਪਤ ਕਰਨ ਲਈ ਇੱਕ ਵੱਕਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਅਸਾਧਾਰਨ ਗਿਆਨ ਅਤੇ ਯਾਦਦਾਸ਼ਤ ਹੁਨਰ ਦਾ ਪ੍ਰਦਰਸ਼ਨ ਕਰਦੇ ਹੋਏ, ਉਸਨੇ ਸੰਗਠਨ ਦੇ ਇੱਕ ਪੈਨਲ ਦੁਆਰਾ ਪੁੱਛੇ ਗਏ 104 ਸਵਾਲਾਂ ਦੇ ਸਹੀ ਜਵਾਬ ਦਿੱਤੇ।ਇੱਥੇ ਵਰਨਣਯੋਗ ਹੈ ਕਿ ਗੁਰਸਾਂਝ ਪਹਿਲੀ ਵਾਰ ਸੁਰਖੀਆਂ ਵਿੱਚ ਨਹੀਂ ਆਇਆ। ਸਿਰਫ਼ 14 ਮਹੀਨੇ ਅਤੇ 18 ਮਹੀਨਿਆਂ ਦੀ ਸ਼ਾਨਦਾਰ ਉਮਰ ਵਿੱਚ, ਉਸਨੇ ਆਪਣੀ ਅਸਾਧਾਰਨ ਯਾਦਦਾਸ਼ਤ ਲਈ ਇੰਟਰਨੈਸ਼ਨਲ ਬੁੱਕ ਆਫ਼ ਰਿਕਾਰਡਜ਼ ਅਤੇ ਅਬਦੁਲ ਕਲਾਮ ਜੀ ਦੇ ਵਰਲਡ ਰਿਕਾਰਡਜ਼ ਦੋਵਾਂ ਦੁਆਰਾ ਮਾਨਤਾ ਪ੍ਰਾਪਤ ਪਿਛਲੇ ਵਿਸ਼ਵ ਰਿਕਾਰਡ ਬਣਾਏ, ਸਭ ਤੋਂ ਵੱਧ ਪਾਤਰਾਂ ਦੀ ਪਛਾਣ ਕਰਨ ਵਾਲਾ ਸਭ ਤੋਂ ਘੱਟ ਉਮਰ 5 ਸਾਲ ਤੋਂ ਵੀ ਛੋਟੀ ਉਮਰੇ ਗੁਰਸਾਂਝ ਸਭ ਤੋਂ ਛੋਟੀ ਉਮਰ ਦਾ ਬੱਚਾ ਬਣ ਗਿਆ ਹੈ।ਇਸ ਦਾ ਸ਼ਰੇਅ ਉਸ ਦੀ ਮਾਤਾ ਨਵਦੀਪ ਕੌਰ ਅਤੇ ਪਿਤਾ ਦੀਪਇੰਦਰ ਸਿੰਘ ਅਨੁਸਾਰ ਗੁਰਸਾਂਝ ਦੇ ਦਾਦੀ ਮਾਤਾ ਦਲਜੀਤ ਕੌਰ ਅਤੇ ਦਾਦਾ ਸ.ਅਮਰਜੀਤ ਸਿੰਘ ਨੂੰ ਦਿੰਦੇ ਹਨ ਜਿਨ੍ਹਾਂ ਦੇ ਸੰਸਕਾਰਾਂ ਸਦਕਾ ਇਹ ਸੱਭ ਸੰਭਵ ਹੋਇਆ ਹੈ। ਉਸਦੀਆਂ ਸ਼ਾਨਦਾਰ ਪ੍ਰਾਪਤੀਆਂ ਨੂੰ ਇੰਡੀਆ ਬੁੱਕ ਆਫ਼ ਰਿਕਾਰਡਜ਼ ਦੁਆਰਾ ਵੀ ਮਾਨਤਾ ਦਿੱਤੀ ਗਈ ਹੈ।

## ਐਮ.ਪੀ. ਸੰਜੀਵ ਅਰੋੜਾ ਧਰਮ ਨਿਰਪੱਖਤਾਦੇ ਪ੍ਰਤੀਕ ਵਜੋਂ ਉੱਭਰੇ



ਲੁਧਿਆਣਾ, 25 ਅਪ੍ਰੈਲ (ਵਿਸ਼ਾਲ ਸ਼ਰਮਾ) : ਲੁਧਿਆਣਾ (ਪੱਛਮੀ): ਉਪ ਚੋਣ ਲਈ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ, ਰਾਜ ਸਭਾ ਮੈਂਬਰ ਸੰਜੀਵ ਅਰੋੜਾ ਆਪਣੀ ਧਰਮ ਨਿਰਪੱਖ ਛਵੀ ਨੂੰ ਮਜ਼ਬੂਤ ਕਰਨ ਲਈ ਪ੍ਰਸ਼ੰਸਾ ਪ੍ਰਾਪਤ ਕਰ ਰਹੇ ਹਨ। ਉਨ੍ਹਾਂ ਨੇ ਸ੍ਰੀ ਦੁਰਗਾ ਮਾਤਾ ਮੰਦਿਰ ਅਤੇ ਗੁਰਦੁਆਰਾ ਦੁਖ ਨਿਵਾਰਨ ਸਾਹਿਬ ਵਿਖੇ ਮੱਥਾ ਟੇਕਣ ਉਪਰੰਤ ਆਪਣੀ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਇਸ ਤਰ੍ਹਾਂ ਉਨ੍ਹਾਂ ਨੇ ਅਧਿਆਤਮਿਕ ਅਤੇ ਸੱਭਿਆਚਾਰਕ ਏਕਤਾ ਪ੍ਰਤੀ ਆਪਣੀ ਵਚਨਬੱਧਤਾ ਦਾ ਸੰਕੇਤ ਦਿੱਤਾ। ਅਰੋੜਾ ਦੀ ਮੁਹਿੰਮ ਦੀ ਵਿਸ਼ੇਸ਼ਤਾ ਸਿਰਫ਼ ਇਸਦੀ ਊਰਜਾ ਹੀ ਨਹੀਂ ਹੈ, ਸਗੋਂ ਇਸਦੀ ਸੁਹਿਰਦ ਪਹਿਲਕਦਮੀ ਵੀ ਹੈ ਜੋ ਧਾਰਮਿਕ ਸੀਮਾਵਾਂ ਤੋਂ ਪਰੇ ਹੈ। ਆਪਣੇ ਰਾਜਨੀਤਿਕ ਰੁਝੇਵਿਆਂ ਦੌਰਾਨ ਉਨ੍ਹਾਂ ਨੇ ਆਪਣੇ ਹਲਕੇ ਦੀ ਧਾਰਮਿਕ ਵਿਭਿੰਨਤਾ ਨੂੰ ਅਪਣਾਉਂਦੇ ਹੋਏ ਮੰਦਰਾਂ, ਗੁਰਦੁਆਰਿਆਂ ਅਤੇ ਮਸਜਿਦਾਂ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਦਾ ਸਤਿਕਾਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਚੋਣਾਂ ਦੇ ਸੀਜ਼ਨ ਤੋਂ ਪਹਿਲਾਂ ਵੀ ਅਜਿਹੀਆਂ ਥਾਵਾਂ 'ਤੇ ਉਨ੍ਹਾਂ ਦੀ ਨਿਯਮਤ ਮੌਜੂਦਗੀ ਇਹ ਉਜਾਗਰ ਕਰਦੀ ਹੈ ਕਿ ਉਨ੍ਹਾਂ ਦੀ ਧਰਮ ਨਿਰਪੱਖ ਛਵੀ ਸਿਰਫ਼ ਇੱਕ ਦਿਖਾਵਾ ਨਹੀਂ ਹੈ ਇਹ ਉਨ੍ਹਾਂ ਦੇ ਜਨਤਕ ਜੀਵਨ ਵਿੱਚ ਡੂੰਘਾਈ ਨਾਲ ਜੁੜੀ ਹੋਈ ਹੈ। ਅਰੋੜਾ ਦੀਆਂ ਗੱਲਾਂਬਾਤਾਂ ਸਿਰਫ਼ ਧਾਰਮਿਕ ਭਾਈਚਾਰਿਆਂ ਤੱਕ ਸੀਮਤ ਨਹੀਂ ਹਨ। ਹੋਲੀ ਅਤੇ ਈਦ ਵਰਗੇ ਤਿਉਹਾਰਾਂ ਨੂੰ ਬਰਾਬਰ ਉਤਸ਼ਾਹ ਨਾਲ ਮਨਾਉਂਦੇ ਹੋਏ ਅੰਤਰ-ਧਾਰਮਿਕ ਸਮਾਗਮਾਂ ਵਿੱਚ ਸ਼ਾਮਲ ਹੁੰਦੇ ਹੋਏ ਅਤੇ ਧਿਆਨ ਕੈਂਪਾਂ ਅਤੇ ਸ਼ੋਭਾ ਯਾਤਰਾਵਾਂ ਵਿੱਚ ਹਿੱਸਾ ਲੈਂਦੇ ਹੋਏ ਅਰੋੜਾ ਨੇ ਲਗਾਤਾਰ ਆਪਣੇ ਆਪ ਨੂੰ ਇੱਕ ਅਜਿਹੇ ਨੇਤਾ ਵਜੋਂ ਪੇਸ਼ ਕੀਤਾ ਹੈ ਜੋ ਸਦਭਾਵਨਾ ਦੀ ਕਦਰ ਕਰਦਾ ਹੈ।

ਮੈਂ ਹਮੇਸ਼ਾ ਹਰ ਭਾਈਚਾਰੇ ਨਾਲ ਜੁੜਨ ਵਿੱਚ ਵਿਸ਼ਵਾਸ ਰੱਖਦਾ ਹਾਂ ਇੱਕ ਰਣਨੀਤੀ ਵਜੋਂ ਨਹੀਂ ਸਗੋਂ ਜੀਵਨ ਦੇ ਇੱਕ ਢੰਗ ਵਜੋਂ ਅਰੋੜਾ ਨੇ ਧਰਮ ਨਿਰਪੱਖ ਕਦਰਾਂ-ਕੀਮਤਾਂ ਨੂੰ ਦੁਹਰਾਉਂਦੇ ਹੋਏ ਕਿਹਾ ਜਿਨ੍ਹਾਂ ਨੂੰ ਉਹ ਬਰਕਰਾਰ ਰੱਖਣ ਦੀ ਕੋਸ਼ਿਸ਼ ਕਰਦੇ ਹਨ।

ਅਰੋੜਾ ਨੇ ਕਿਹਾ ਧਰਮ ਨਿਰਪੱਖਤਾ ਸਿਰਫ਼ ਇੱਕ ਸੰਵਿਧਾਨਕ ਮੁੱਲ ਨਹੀਂ ਹੈ ਇਹ ਇੱਕ ਡੂੰਘਾ ਨਿੱਜੀ ਸਿਧਾਂਤ ਹੈ ਜੋ ਮੇਰੇ ਜਨਤਕ ਜੀਵਨ ਅਤੇ ਰੋਜ਼ਾਨਾ ਆਚਰਣ ਨੂੰ ਸੇਧ ਦਿੰਦਾ ਹੈ। ਮੇਰੇ ਲਈ ਧਰਮ ਨਿਰਪੱਖਤਾ ਦਾ ਅਰਥ ਹੈ ਸਾਰੇ ਧਰਮਾਂ ਦਾ ਬਰਾਬਰ ਸਤਿਕਾਰ ਕਰਨਾ ਵਿਭਿੰਨਤਾ ਦਾ ਜਸ਼ਨ ਮਨਾਉਣਾ ਅਤੇ ਇਹ ਯਕੀਨੀ ਬਣਾਉਣਾ ਕਿ ਹਰ ਨਾਗਰਿਕ ਨੂੰ ਦੇਖਿਆ ਸੁਣਿਆ ਅਤੇ ਕਦਰ ਕੀਤੀ ਜਾਵੇ ਭਾਵੇਂ ਉਹ ਕਿਸੇ ਵੀ ਧਰਮ ਦਾ ਹੋਵੇ।

### ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਕੀਰਤਨ ਸਮਾਗਮ



ਲੁਧਿਆਣਾ, 25 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਐਕਸਟੈਂਸ਼ਨ ਦੀ ਪ੍ਰਬੰਧਕ ਕਮੇਟੀ ਵੱਲੋਂ ਬੀਤੀ ਰਾਤ ਗੁਰਦੁਆਰਾ ਸਾਹਿਬ ਵਿਖੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦੀ ਯਾਦ ਨੂੰ ਸਮਰਪਿਤ ਚਲ ਰਹੀ ਹਫਤਾਵਾਰੀ ਕੀਰਤਨ ਸਮਾਗਮ ਲੜੀ ਅੰਦਰ ਪੰਥ ਪ੍ਰਸਿੱਧ ਕੀਰਤਨੀਏ ਭਾਈ ਦਵਿੰਦਰ ਸਿੰਘ ਸੋਢੀ ਲੁਧਿਆਣੇ ਵਾਲਿਆ ਦੇ ਕੀਰਤਨੀ ਜੱਥੇ ਨੇ ਆਪਣੀਆਂ ਹਾਜ਼ਰੀਆਂ ਭਰ ਕੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀ ਨਿਹਾਲ ਕੀਤਾ। ਸਮਾਪਤੀ ਮੌਕੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਵੱਲੋਂ ਕੀਰਤਨੀ ਜੱਥੇ ਦੇ ਮੈਂਬਰਾਂ ਨੂੰ ਸਿਰਪਾਉ ਭੇਟ ਕਰਕੇ ਸਨਮਾਨਿਤ ਕੀਤਾ ਗਿਆ।

## ਗੁਰਬੀਰ ਸਿੰਘ ਕੋਹਲੀ ਐਸ.ਡੀ.ਐਮ. ਰਾਏਕੋਟ ਦਾ ਨਿੱਘਾ ਸਵਾਗਤ



ਅਹਿਮਦਗੜ੍ਹ, 25 ਅਪ੍ਰੈਲ (ਅਮਰਜੀਤ ਸਿੰਘ ਸੰਧੂ/ਨਿੱਕੂ ਵਰਮਾ) : ਰਾਏਕੋਟ ਦੇ ਨਵੇਂ ਐਸ.ਡੀ.ਐਮ ਸਰਦਾਰ ਗੁਰਬੀਰ ਸਿੰਘ ਕੋਹਲੀ ਦਾ ਡਾਕਟਰ ਐਸ.ਪੀ ਸੋਫਤ ਡਇਰੈਕਟਰ ਪੈਰਾਗੋਨ ਇੰਟਰਨੈਸ਼ਨਲ ਸਕੂਲ,ਸਟੇਟ ਟੈਕਸ ਆਫੀਸਰ ਆਤਮਪ੍ਰੀਤ ਸਿੰਘ ਅਤੇ ਇੰਸਪੈਕਟਰ ਲੁਧਿਆਣਾ ਪੂਨਮ ਬੈਂਸ ਵੱਲੋਂ ਗੁਲਦਸਤਾ ਭੇਂਟ ਕਰਕੇ ਨਿੱਘਾ ਸਵਾਗਤ ਕੀਤਾ ਗਿਆ ।ਡਾਕਟਰ ਐਸ.ਪੀ ਸੋਫਤ ਨੇ ਦੱਸਿਆ ਕਿ ਕੋਹਲੀ ਜੀ ਪਹਿਲਾਂ ਵੀ ਰਾਏਕੋਟ ਦੇ ਐਸ.ਡੀ.ਐਮ ਰਹਿ ਚੁੱਕੇ ਹਨ ਅਤੇ ਉਹਨਾਂ ਨੇ ਵੱਖ ਵੱਖ ਵਿਭਾਗਾਂ ਨਾਲ ਤਾਲਮੇਲ ਬਣਾ ਕੇ ਰਾਏਕੋਟ ਦੇ ਲੋਕਾਂ ਨੂੰ ਸਾਫ ਸੁਥਰਾ ਪ੍ਰਸ਼ਾਸਨ ਦਿੱਤਾ ਸੀ।ਉਹਨਾਂ ਕਿਹਾ ਕਿ ਇਸ ਤੋਂ ਪਹਿਲਾਂ ਉਹ ਜਗਰਾਂਉ ,ਮੋਰਿੰਡਾ ਅਤੇ ਬਰਨਾਲਾ ਵਿਖੇ ਵੀ ਐਸ.ਡੀ.ਐਮ ਦੇ ਅਹੁਦੇ ਤੇ ਬਿਰਾਜਮਾਨ ਰਹਿਕੇ ਲੋਕਾਂ ਨੂੰ ਸਾਫ਼ ਸੁਥਰਾ ਪ੍ਰਸ਼ਾਸਨ ਦੇਣ ਕਾਰਣ ਉਪਰੋਕਤ ਜਗਾਂ ਤੇ ਹਰਮਨ ਪਿਆਰੇ ਅਫਸਰ ਰਹਿ ਚੁੱਕੇ ਹਨ। ਉਮੀਦ ਹੈ ਕਿ ਉਹਨਾਂ ਦੀ ਅਗਵਾਈ ਹੇਠ ਇਲਾਕੇ ਦੇ ਲੋਕਾਂ ਨੂੰ ਕਿਸੇ ਕਿਸਮ ਦੀ ਕੋਈ ਪਰੇਸ਼ਾਨੀ ਨਹੀਂ ਆਵੇਗੀ।ਉਹ ਬਹੁਤ ਹੀ ਇਮਾਨਦਾਰੀ ਮਿਹਨਤ ਤੇ ਲਗਨ ਨਾਲ ਕੰਮ ਕਰਨ ਵਾਲੇ ਅਫਸਰ ਹਨ ਅਤੇ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਜ਼ਰੂਰਤ ਮੰਦਾਂ ਤੱਕ ਜ਼ਰੂਰ ਪਹੁੰਚਾਉਣਗੇ। ਉਹਨਾਂ ਨੇ ਅੱਜ ਤੱਕ ਜਿਸ ਵੀ ਇਲਾਕੇ ਵਿੱਚ ਪ੍ਰਸ਼ਾਸਨਿਕ ਸੇਵਾ ਨਿਭਾਈ ਹੈ ਉਸ ਇਲਾਕੇ ਅੰਦਰ ਵਧੀਆ ਪ੍ਰਸ਼ਾਸਨ ਦਿੱਤਾ ਹੈ ਅਤੇ ਲੋਕਾਂ ਦੀਆਂ ਮੁਸ਼ਕਿਲਾਂ ਦਾ ਹੱਲ ਪਹਿਲ ਦੇ ਅਧਾਰ ਤੇ ਕੀਤਾ ਹੈ।ਆਬਕਾਰੀ ਅਤੇ ਕਰ ਨਿਰੀਖਕ ਅਸ਼ੋਕ ਕੁਮਾਰ ਤੇ ਸਟੇਟ ਟੈਕਸ ਅਫਸਰ ਯੂਨੀਅਨ ਦੇ ਪ੍ਰਧਾਨ ਈ.ਟੀ.ਓ ਬਲਦੀਪ ਕਰਨ ਸਿੰਘ ਨੇ ਵੀ ਗੁਰਬੀਰ ਸਿੰਘ ਕੋਹਲੀ ਨੂੰ ਸ਼ੁੱਭ ਇੱਛਾਵਾਂ ਭੇਟ ਕੀਤੀਆ।

# ਲੁਧਿਆਣਾ ਦੇ ਆਰ.ਟੀ.ਓ. ਦਫ਼ਤਰ 'ਚ ਮੁਲਾਜ਼ਮਾਂ ਦੇ ਵਾਧੂ ਚਾਰਜਾਂ ਕਾਰਨ ਆਮ ਜਨਤਾ ਪ੍ਰੇਸ਼ਾਨ




ਲੁਧਿਆਣਾ, 25 ਅਪ੍ਰੈਲ (ਵਿਸ਼ਾਲ ਸ਼ਰਮਾ) : ਲੁਧਿਆਣਾ ਦੇ ਆਰ.ਟੀ.ਓ ਦਫਤਰ ਦੇ ਵਿੱਚ ਮੁਲਾਜ਼ਮਾਂ ਦੀ ਭਾਰੀ ਕਿੱਲਤ ਕਾਰਨ ਕੰਮ ਕਰਾਉਣ ਆਉਣ ਵਾਲੇ ਅਵੇਦਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇੱਥੇ ਇਹ ਜ਼ਿਕਰ ਯੋਗ ਹੈ ਕਿ ਮਹਾਨਗਰ ਲੁਧਿਆਣਾ ਦੇ ਵਿੱਚ ਏ.ਟੀ.ਓ ਦੇ ਕੋਲ ਸਿਰਫ 2 ਦਿਨ ਦਾ ਐਡੀਸ਼ਨਲ ਚਾਰਜ ਹੈ ਜੋ ਕਿ ਵੀਰਵਾਰ ਅਤੇ ਸ਼ੁਕਰਵਾਰ ਨੂੰ ਲੁਧਿਆਣਾ ਆਉਂਦੇ ਹਨ। ਹਾਲਾਂਕਿ ਲੁਧਿਆਣਾ ਵਰਗੇ ਵੱਡੇ ਸ਼ਹਿਰ ਦੇ ਵਿੱਚ ਦੋ ਏ.ਟੀ.ਓ ਹੋਣੇ ਚਾਹੀਦੇ ਹਨ ਇਸੇ ਤਰ੍ਹਾਂ ਹੀ ਸੈਕਸ਼ਨ ਅਫਸਰ ਲੁਧਿਆਣਾ ਦੇ ਕੋਲ ਸਿਰਫ 2 ਦਿਨਾਂ ਦਾ ਐਡੀਸ਼ਨਲ ਚਾਰਜ ਹੈ। ਅਤੇ ਉਹਨਾਂ ਕੋਲ 2 ਦਿਨ ਦਾ ਚਾਰਜ ਜਲੰਧਰ ਅਤੇ ਇੱਕ ਦਿਨ ਦਾ ਚਾਰਜ ਤਰਨਤਾਰਨ ਦਾ ਹੈ। ਲੁਧਿਆਣਾ ਦੇ ਆਰ.ਟੀ.ਓ ਦਫਤਰ ਦੇ ਵਿੱਚ ਘੱਟ ਤੋਂ ਘੱਟ 2 ਸੈਕਸ਼ਨ ਅਫਸਰਾਂ ਦੀ ਜਰੂਰਤ ਹੈ ਲੁਧਿਆਣਾ ਦੇ ਸੈਕਸ਼ਨ ਅਫਸਰ ਕੋਲ 2 ਦਿਨ ਦਾ ਚਾਰਜ ਹੋਣ ਕਰਕੇ ਉਹ ਮੰਗਲਵਾਰ ਤੇ ਵੀਰਵਾਰ ਨੂੰ ਲੁਧਿਆਣਾ ਆਉਂਦੇ ਹਨ ਜਿਸ ਕਾਰਨ ਜਨਤਾ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਕਮਰਸ਼ੀਅਲ ਵਹੀਕਲਾਂ ਦੇ ਟੈਕਸਾਂ ਦਾ ਸਮਾਂ ਕੁਝ ਦਿਨ ਹੀ ਬਚਿਆ ਹੈ ਇਸ ਤੋਂ ਬਾਅਦ ਅਵੇਦਕਾਂ ਨੂੰ ਭਾਰੀ ਜੁਰਮਾਨਾ ਭਰਨਾ ਪਵੇਗਾ। ਸੈਕਸ਼ਨ ਅਫਸਰ ਦੇ ਲਈ ਦੋ ਦਿਨਾਂ ਵਿੱਚ ਲੁਧਿਆਣਾ ਵਰਗੇ ਸ਼ਹਿਰ ਦਾ ਕੰਮ ਨਿਪਟਾਨਾ ਬਹੁਤ ਹੀ ਮੁਸ਼ਕਿਲ ਹੈ ਇਸੇ ਤਰ੍ਹਾਂ ਲੁਧਿਆਣਾ ਆਰਟੀਓ ਦਫਤਰ ਦੇ ਅਕਾਊਂਟੈਂਟ ਕੋਲ ਵੀ ਲੁਧਿਆਣਾ ਦੇ ਲਈ ਤਿੰਨ ਦਿਨ ਦਾ ਚਾਰਜ ਹੈ ਅਤੇ ਉਹਨਾਂ ਕੋਲ 2 ਦਿਨ ਦਾ ਐਡੀਸ਼ਨਲ ਚਾਰਜ ਮਲੇਰਕੋਟਲੇ ਦਾ ਹੈ। ਇੱਥੇ ਤੁਹਾਨੂੰ ਦੱਸਣਾ ਜਰੂਰੀ ਹੈ ਕਿ ਲੁਧਿਆਣਾ ਆਰ.ਟੀ.ਓ ਦਫਤਰ ਦੇ ਵਿੱਚ ਘੱਟ ਤੋਂ ਘੱਟ 10 ਤੋਂ 12 ਕਲਰਕਾਂ ਦੀ ਜਰੂਰਤ ਹੈ ਪਰ ਲੁਧਿਆਣਾ ਆਰ.ਟੀ.ਓ ਦਫਤਰ ਦੇ ਵਿੱਚ ਸਿਰਫ 4 ਕਲਰਕ 1 ਸਟੈਨੋ ਅਤੇ ਕੁਝ ਡਾਟਾ ਆਪਰੇਟਰ ਹਨ । ਮੁਲਾਜ਼ਮਾਂ ਦੀ ਭਾਰੀ ਘਾਟ ਹੋਣ ਕਾਰਨ ਸਟੈਨੋ ਕੋਲ ਸਟੈਨੋ ਤੋਂ ਇਲਾਵਾ ਪੀ.ਬੀ.10 ਦਾ ਸਾਰੇ ਤਰ੍ਹਾਂ ਦਾ, ਓ.ਡੀ ਦਾ ਸਾਰੇ ਤਰ੍ਹਾਂ ਦਾ ਅਤੇ ਪਰਮਿਟਾਂ ਦਾ ਕੰਮ ਦਿੱਤਾ ਹੋਇਆ ਹੈ। ਏ.ਟੀ.ਓ, ਸੈਕਸ਼ਨ ਅਫਸਰ, ਅਕਾਊਂਟੈਂਟ ਕੋਲ ਐਡੀਸ਼ਨਲ ਚਾਰਜ ਹੋਣ ਕਰਕੇ ਲੁਧਿਆਣਾ ਦੇ ਆਰ.ਟੀ.ਓ ਦਫਤਰ ਦਾ ਕੰਮ ਦਿਨੋ ਦਿਨ ਖਰਾਬ ਹੁੰਦਾ ਜਾ ਰਿਹਾ ਹੈ। ਕੰਮ ਕਰਵਾਉਣ ਆਏ ਹੋਏ ਕੁਝ ਅਵੇਦਕਾਂ ਨੇ ਪੱਤਰਕਾਰਾਂ ਨਾਲ ਗੱਲ ਕਰਦੀਆਂ ਦੱਸਿਆ ਕਿ ਪੰਜਾਬ ਭਰ ਦੇ ਆਰ.ਟੀ.ਓ ਦਫਤਰਾਂ ਦੇ ਵਿੱਚ ਕੁਝ ਸਮੇਂ ਤੋਂ ਵਿਜੀਲੈਂਸ ਦੀ ਰੇਡ ਹੋਣ ਕਰਕੇ ਮੁਲਾਜ਼ਮਾਂ ਦਾ ਦਫਤਰ ਵਿੱਚ ਘੱਟ ਆਉਣ ਦੇ ਕਾਰਨ ਉਹਨਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਭਾਜਪਾ ਮੰਡਲ ਦਾਖਾ ਨੇ ਮੁੱਲਾਂਪੁਰ 'ਚ ਫੂਕਿਆ ਪਾਕਿਸਤਾਨ ਦਾ ਪੁਤਲਾ

### ਪਾਕਿਸਤਾਨ ਮੁਰਦਾਬਾਦ ਦੇ ਲੱਗੇ ਨਾਅਰੇ



ਮੁੱਲਾਂਪੁਰ ਦਾਖਾ, 25 ਅਪ੍ਰੈਲ (ਦਵਿੰਦਰ ਸਿੰਘ ਲੰਮੇਂ) : ਪਿਛਲੇ ਦਿਨੀਂ ਸ਼੍ਰੀਨਗਰ ਦੇ ਪਹਿਲਗਾਮ ਇਲਾਕੇ ਅੰਦਰ ਅੱਤਵਾਦੀਆਂ ਵੱਲੋਂ ਕੀਤੇ ਗਏ ਹਮਲੇ ਦੇ ਵਿਰੋਧ ਵਿੱਚ ਪੂਰੇ ਦੇਸ਼ ਅੰਦਰ ਪਾਕਿਸਤਾਨ ਵੱਲੋਂ ਫੈਲਾਏ ਜਾ ਰਹੇ ਅੱਤਵਾਦ ਦੇ ਖਿਲਾਫ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ, ਇਸ ਹਮਲੇ ਵਿੱਚ 28 ਬੇਕਸੂਰ ਸੈਲਾਨੀ ਮਾਰੇ ਗਏ ਸਨ। ਇਸ ਹਮਲੇ ਦੇ ਵਿਰੋਧ ਅੰਦਰ ਭਾਜਪਾ ਮੰਡਲ ਦਾਖਾ ਵੱਲੋਂ ਮੰਡਲ ਪ੍ਰਧਾਨ ਬਾਲਕ੍ਰਿਸ਼ਨ ਚੌਹਾਨ ਦੀ ਅਗੁਵਾਈ ਹੇਠ ਪਾਕਿਸਤਾਨ ਦਾ ਪੁਤਲਾ ਫੂਕਿਆ ਅਤੇ ਜਬਰਦਸਤ ਨਾਅਰੇਬਾਜੀ ਕੀਤੀ ਗਈ । ਇਸ ਮੌਕੇ ਮੰਡਲ ਪ੍ਰਧਾਨ ਬਾਲਕ੍ਰਿਸ਼ਨ ਚੌਹਾਨ ਅਤੇ ਭਾਜਪਾ ਆਗੂ ਜੈ ਪ੍ਰਕਾਸ਼ ਜੈਨ ਉਰਫ ਟੀਟੂ ਬਾਣੀਆਂ ਨੇ ਕਿਹਾ ਕਿ ਸਿਰਫ ਭਾਜਪਾ ਹੀ ਨਹੀਂ ਪੂਰਾ ਦੇਸ਼ ਅੱਤਵਾਦ ਖਿਲਾਫ ਇੱਕਜੁਟ ਹੈ ਅਤੇ ਉਹਨਾਂ 28 ਪਰਿਵਾਰਾਂ ਨਾਲ ਚੱਟਾਨ ਵਾਂਗ ਖੜ੍ਹਾ ਹੈ, ਜਿਹਨਾਂ ਨੇ ਆਪਣੇ ਪਰਿਵਾਰ ਦੇ ਇੱਕ ਇੱਕ ਮੈਂਬਰ ਨੂੰ ਗਵਾਇਆ ਹੈ। ਉਹਨਾਂ ਭਾਰਤ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਅੱਤਵਾਦ ਦੀ ਘਟਨਾ ਦਾ ਮੂੰਹ ਤੋੜ ਜਵਾਬ ਦਿੱਤਾ ਜਾਣਾ ਚਾਹੀਦਾ ਹੈ। ਆਗੂਆਂ ਕਿਹਾ ਕਿ ਅੱਤਵਾਦੀਆਂ ਦਾ ਕੋਈ ਧਰਮ ਜਾਂ ਮਜ੍ਹਬ ਨਹੀਂ ਹੁੰਦਾ , ਉਹਨਾਂ ਦਾ ਇੱਕੋਂ ਮਕਸਦ ਦਹਿਸ਼ਤ ਫੈਲਾਉਣਾ ਹੁੰਦਾ ਹੈ। ਉਹਨਾਂ ਦੇਸ਼ ਦੇ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਭਾਈਚਾਰਕ ਏਕਤਾ ਦਾ ਸਬੂਤ ਦੇਣ ਅਤੇ ਸ਼ਾਂਤੀ ਬਣਾਈ ਰੱਖਣ। ਜਗਜੀਤ ਸੇਠੀ, ਰਮੇਸ਼ ਸ਼ਰਮਾਂ, ਯਸ਼ਪਾਲ ਸਿੰਗਲਾ, ਸੁਰੇਸ਼ ਸੇਠੀ, ਪਵਨ ਸੇਠੀ, ਦਲਜੀਤ ਸ਼ਰਮਾਂ, ਪਾਸਟਰ ਵਿਲਸਨ ਮਸੀਹ, ਮਹਿੰਦਰ ਦੇਵ, ਰਕੇਸ਼ ਸਿੰਗਲਾ, ਤਰਸੇਮ ਸ਼ਰਮਾਂ, ਮਦਨ ਸ਼ਰਮਾਂ , ਏਲਨ ਮਸੀਹ, ਰਾਮ ਚੰਦਰ , ਮਹਿੰਦਰ ਸਿੰਘ, ਕਿਰਨ ਜਾਂਗਪਰ, ਗੇਲਾ ਰਾਮ, ਸੁਰੇਸ਼ ਸ਼ਰਮਾਂ, ਮਾ. ਸੁਰਜੀਤ ਸਿੰਘ ਅਤੇ ਰਵਿੰਦਰ ਪਾਲ ਆਦਿ ਹਾਜ਼ਰ ਸਨ।

## ਓ.ਬੀ.ਸੀ. ਨੂੰ ਹਰ ਥਾਂ ਬਣਦਾ ਕੋਟਾ ਨਾ ਦਿੱਤਾ ਤਾਂ ਸੜਕਾਂ 'ਤੇ ਆਵਾਂਗੇ : ਭੱਲਾ



ਲੁਧਿਆਣਾ, 25 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਜ਼ਿਲ੍ਹਾ ਕਾਂਗਰਸ ਓਬੀਸੀ ਸੈਲ ਦੇ ਕਾਰਜਕਾਰੀ ਚੇਅਰਮੈਨ ਵਰਿੰਦਰ ਭੱਲਾ ਦੀ ਪ੍ਰਧਾਨਗੀ ਹੇਠ ਵਾਰਡ ਨੰਬਰ 38 ਈਸ਼ਰ ਨਗਰ ਵਿਖੇ ਅਪਣੇ ਦਫਤਰ ਵਿੱਚ ਅਹੁਦੇਦਾਰਾਂ ਦੀ ਇੱਕ ਵਿਸੇਸ਼ ਮੀਟਿੰਗ ਹੋਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸ਼੍ਰੀ ਭੱਲਾ ਨੇ ਆਖਿਆ ਕਿ ਪੰਜਾਬ ਅਤੇ ਕੇਂਦਰ ਸਰਕਾਰ ਓਬੀਸੀ ਨੂੰ ਬਣਦਾ ਕੋਟਾ ਨਹੀਂ ਦੇ ਰਹੀਆਂ ਹਨ, ਜੋ ਕਿ ਬੇਹੱਦ ਮਾੜੀ, ਨਿੰਦਣਯੋਗ ਅਤੇ ਨਾ ਕਾਬਿਲੇ ਬਰਦਾਸ਼ਤ ਹੈ। ਉਹਨਾਂ ਕਿ ਕਿਹਾ ਕਿ ਹਾਲ ਹੀ ਵਿੱਚ ਹਾਈਕੋਰਟ ਵਿੱਚ ਹੋਈਆਂ ਨਿਯੁਕਤੀਆਂ ਵਿੱਚ ਵੀ ਐਸਸੀ, ਐਸਟੀ ਨੂੰ ਕੋਟਾ ਦੇ ਦਿੱਤਾ ਗਿਆ ਹੈ ਪਰੰਤੂ ਓਬੀਸੀ ਦਾ 12 ਫੀਸਦੀ ਕੋਟਾ ਮਾਰ ਲਿਆ ਗਿਆ ਹੈ ਜੋ ਕਿ ਬਹੁਤ ਹੀ ਸ਼ਰਮਨਾਕ ਗੱਲ ਹੈ। ਉਹਨਾਂ ਕਿਹਾ ਕਿ ਸਾਡੀ ਸਰਕਾਰਾਂ ਨੂੰ ਚੇਤਾਵਨੀ ਹੈ ਕਿ ਓਬੀਸੀ ਨੂੰ ਬਣਦਾ ਕੋਟਾ ਦਿੱਤਾ ਜਾਵੇ ਨਹੀਂ ਤਾਂ ਸਾਨੂੰ ਸੜਕਾਂ ਤੇ ਆ ਕੇ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ। ਇਸ ਮੌਕੇ ਕੁਲਵੰਤ ਰਾਏ, ਸਰਬਜੀਤ ਵਰਮਾ, ਸ਼ੇਰ ਸਿੰਘ, ਹਰਪਾਲ ਸਿੰਘ ਸੈਣੀ ਆਦਿ ਵੀ ਮੌਜੂਦ ਸਨ।

### ਪਹਿਲਗਾਮ ਹਮਲਾ ਪੂਰੇ ਦੇਸ਼ ਦੀ ਏਕਤਾ ਅਤੇ ਅਖੰਡਤਾ 'ਤੇ ਹਮਲਾ ਹੈ : ਡਾ ਓਂਕਾਰ ਚੰਦ

ਲੁਧਿਆਣਾ, 25 ਅਪ੍ਰੈਲ (ਰਵਿੰਦਰ ਸਿੰਘ ਨਿੱਝਰ) : ਸੀਨੀਅਰ ਕਾਂਗਰਸੀ ਨੇਤਾ ਡਾ ਓਂਕਾਰ ਚੰਦ ਸ਼ਰਮਾ ਨੇ ਆਖਿਆ ਹੈ ਕਿ ਜੰਮੂ ਕਸ਼ਮੀਰ ਦੇ ਪਹਿਲਗਾਮ ਜ਼ਿਲ੍ਹੇ ਵਿੱਚ ਅੱਤਵਾਦੀਆਂ ਵੱਲੋਂ ਸੈਲਾਨੀਆਂ ਤੇ ਕੀਤਾ ਗਿਆ ਹਮਲਾ ਉਨ੍ਹਾਂ ਦੀ ਮਨੁੱਖਤਾ ਪ੍ਰਤੀ ਘਟੀਆ ਸੋਚ ਦੀ ਇੱਕ ਵੱਡੀ ਮਿਸਾਲ ਹੈ। ਉਹਨਾਂ ਕਿਹਾ ਕਿ ਲੋਕਾਂ ਨੂੰ ਧਰਮ ਦੇ ਆਧਾਰ ਤੇ ਮਾਰਿਆ ਗਿਆ ਹੈ। ਉਹਨਾਂ ਕਿਹਾ ਕਿ ਇਸ ਹਮਲੇ ਦੇ ਨਾਲ ਜੰਮੂ ਕਸਮੀਰ ਵਿਚਲੀ ਸੁੱਖ ਸਾਂਤੀ ਤੇ ਭੈੜਾ ਅਸਰ ਤਾਂ ਪਵੇਗਾ ਹੀ ਇਸ ਤੋਂ ਇਲਾਵਾ ਉਥੋਂ ਦੇ ਸੈਰ ਸਪਾਟਾ ਉਦਯੋਗ ਨੂੰ ਵੀ ਵੱਡਾ ਨੁਕਸਾਨ ਪਹੁੰਚੇਗਾ ਅਤੇ ਕੋਈ ਵੀ ਵਿਅਕਤੀ ਸੈਰ ਕਰਨ ਦੇ ਮਕਸਦ ਨਾਲ ਅਪਣੀ ਜਾਨ ਜੋਖਿਮ ਵਿੱਚ ਪਾਉਣ ਲਈ ਰਾਜ਼ੀ ਨਹੀਂ ਹੋਵੇਗਾ।

## ਪਹਿਲਗਾਮ ਦੇ ਪਰਛਾਵੇਂ 'ਚ ਢਾਈ ਦਹਾਕੇ ਮਗਰੋਂ ਪਿੰਡ ਚਿੱਟੀਸਿੰਘਪੁਰਾ ਦੇ ਲੋਕਾਂ ਦੇ ਜ਼ਖ਼ਮ ਮੁੜ ਅੱਲੇ ਹੋਏ

ਚਿੱਟੀਸਿੰਘਪੁਰਾ/ਅਨੰਤਨਾਗ, 25 ਅਪ੍ਰੈਲ (ਚ.ਨ.ਸ): ਬੈਸਰਨ, ਜਿੱਥੇ 25 ਸੈਲਾਨੀਆਂ ਤੇ ਇਕ ਮੁਕਾਮੀ ਵਿਅਕਤੀ ਨੂੰ ਦਹਿਸ਼ਤਗਰਦਾਂ ਨੇ ਬੇਰਹਿਮੀ ਨਾਲ ਕਤਲ ਕਰ ਦਿੱਤਾ, ਤੋਂ ਕਰੀਬ 50 ਕਿਲੋਮੀਟਰ ਦੀ ਦੂਰੀ 'ਤੇ ਵੱਸੇ ਪਿੰਡ ਚਿੱਟੀਸਿੰਘਪੁਰਾ ਦੇ ਜ਼ਖ਼ਮ 25 ਸਾਲਾਂ ਬਾਅਦ ਮੁੜ ਅੱਲੇ ਹੋ ਗਏ ਹਨ। ਅਨੰਤਨਾਗ ਜ਼ਿਲ੍ਹੇ ਦੇ ਇਸ ਸਿੱਖ ਬਹੁਗਿਣਤੀ ਵਾਲੇ ਪਿੰਡ ਨੇ 20 ਮਾਰਚ 2000 ਨੂੰ ਭਿਆਨਕ ਕਤਲੇਆਮ ਦਾ ਸਾਹਮਣਾ ਕੀਤਾ ਸੀ। ਜਦੋਂ ਫੌਜੀ ਵਰਦੀ ਵਿੱਚ ਆਏ ਦਹਿਸ਼ਤਗਰਦਾਂ ਨੇ ਗੁਰਦੁਆਰੇ ਨੇੜੇ ਪਿੰਡ ਵਾਸੀਆਂ, ਨੌਜਵਾਨਾਂ ਤੇ ਬਜ਼ੁਰਗਾਂ ਨੂੰ ਘੇਰ ਕੇ ਉਨ੍ਹਾਂ 'ਤੇ ਅੰਨ੍ਹੇਵਾਹ ਗੋਲੀਬਾਰੀ ਕੀਤੀ। ਇਸ ਕਤਲੇਆਮ ਵਿਚ 35 ਵਿਅਕਤੀਆਂ ਦੀ ਜਾਨ ਜਾਂਦੀ ਰਹੀ ਸੀ। ਜੰਮੂ ਕਸ਼ਮੀਰ ਦੇ ਹਿੰਸਕ ਇਤਿਹਾਸ ਦੇ ਸਭ ਤੋਂ ਭਿਆਨਕ ਕਤਲੇਆਮ ਵਿੱਚੋਂ ਇੱਕ ਨੇ ਸਿੱਖ ਭਾਈਚਾਰੇ, ਜਿਨ੍ਹਾਂ ਨੇ ਕਸ਼ਮੀਰੀ ਪੰਡਤਾਂ ਦੀ ਹਿਜ਼ਰਤ ਦੇ ਬਾਵਜੂਦ ਵਾਦੀ ਵਿੱਚ ਰਹਿਣ ਦੀ ਚੋਣ ਕੀਤੀ, ਵਿੱਚ ਧੁਰ ਅੰਦਰ ਤੱਕ ਡਰ ਪੈਦਾ ਕੀਤਾ। ਪਹਿਲਗਾਮ ਹਮਲੇ ਨਾਲ ਕਰੀਬ 2000 ਦੀ ਵਸੋਂ ਵਾਲੇ ਇਸ ਪਿੰਡ ਜਿੱਥੇ ਬਹੁਗਿਣਤੀ ਸਿੱਖ ਪਰਿਵਾਰਾਂ ਦੀ ਹੈ, ਵਿੱਚ ਅਤੀਤ ਦਾ ਦਰਦ ਅਤੇ ਦਹਿਸ਼ਤ ਮੁੜ ਉੱਭਰ ਆਈ ਹੈ। ਸੇਵਾਮੁਕਤ ਸਰਕਾਰੀ ਕਰਮਚਾਰੀ ਨਾਨਕ ਸਿੰਘ ਨੇ ਪੱਤਰਕਾਰ ਨੂੰ ਦੱਸਿਆ, "ਜਦੋਂ ਪਹਿਲਗਾਮ ਹਮਲੇ ਦੀ ਖ਼ਬਰ ਆਈ ਤਾਂ ਅਸੀਂ ਉਸ ਰਾਤ ਖਾਣਾ ਨਹੀਂ ਖਾ ਸਕੇ। ਇੰਝ ਲੱਗਾ ਜਿਵੇਂ 20 ਮਾਰਚ, 2000 ਨੂੰ ਮੁੜ ਤੋਂ ਚਲਾਇਆ ਜਾ ਰਿਹਾ ਹੋਵੇ। ਮੇਰਾ ਪੁੱਤਰ ਵੀ ਬੇਰਬਹਿਮੀ ਨਾਲ ਮਾਰਿਆ ਗਿਆ ਸੀ। ਉਨ੍ਹਾਂ ਇਕ 17 ਸਾਲ ਦੇ ਮੁੰਡੇ ਨੂੰ ਵੀ ਨਹੀਂ ਬਖ਼ਸ਼ਿਆ।" ਮੰਗਲਵਾਰ ਦੇ ਕਤਲੇਆਮ ਤੋਂ ਬਾਅਦ ਪਿੰਡ ਸਦਮੇ ਵਿੱਚ ਹੈ। ਪਿੰਡ ਦੇ ਹੀ ਇਕ ਹੋਰ ਬਜ਼ੁਰਗ ਜੋਗਿੰਦਰ ਸਿੰਘ ਨੇ ਕਿਹਾ, "ਅਸੀਂ ਉਸ ਸ਼ਾਮ ਆਪਣੇ ਦਰਵਾਜ਼ੇ ਬੰਦ ਕਰ ਲਏ, ਬਾਹਰ ਪੈਰ ਰੱਖਣ ਤੋਂ ਡਰਦੇ ਸੀ, ਭਾਵੇਂ ਇਹ ਦਹਿਸ਼ਤੀ ਹਮਲਾ, ਕਈ ਕਿਲੋਮੀਟਰ ਦੂਰ ਹੋਇਆ ਸੀ ਪਰ ਸਾਡੇ ਜ਼ਖ਼ਮ ਮੁੜ ਅੱਲੇ ਹੋ ਗਏ ਹਨ।"

## ਦੇਸ਼ ਭਗਤ ਯੂਨੀਵਰਸਿਟੀ ਵਿਖੇ 'ਕੋਮੀਏਂਜ਼ੋ' ਮੈਨੇਜਮੈਂਟ ਫੈਸਟ 'ਤੇ ਵਿਦਾਇਗੀ ਪਾਰਟੀ ਕਰਵਾਈ




ਮੰਡੀ ਗੋਬਿੰਦਗੜ੍ਹ, 25 ਅਪ੍ਰੈਲ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਦੇ ਬਿਜ਼ਨਸ ਮੈਨੇਜਮੈਂਟ ਤੇ ਕਾਮਰਸ ਵਿਭਾਗ ਵੱਲੋਂ ਜਸ਼ਨ ਤੇ ਊਰਜਾ ਭਰੇ ਪ੍ਰੋਗਰਾਮ 'ਕੋਮੀਏਂਜ਼ੋ'-ਦ ਮੈਨੇਜਮੈਂਟ ਫੈਸਟ ਦੀ ਮੇਜ਼ਬਾਨੀ ਕੀਤੀ, ਜਿਸ ਤੋਂ ਬਾਅਦ 2025 ਦੇ ਗ੍ਰੈਜੂਏਟਸ ਲਈ ਇੱਕ ਭਾਵਨਾਤਮਕ ਵਿਦਾਇਗੀ ਪਾਰਟੀ ਦਾ ਆਯੋਜਨ ਕੀਤਾ ਗਿਆ। ਨਵੀਂ ਸ਼ੁਰੂਆਤ ਤੇ ਰਚਨਾਤਮਕ ਸਹਿਯੋਗ ਦਾ ਪ੍ਰਤੀਕ, ਕੋਮੀਏਂਜ਼ੋ-ਇੱਕ ਸਪੈਨਿਸ਼ ਸ਼ਬਦ ਜਿਸਦਾ ਅਰਥ ਹੈ 'ਸ਼ੁਰੂਆਤ'-ਵਿਦਿਆਰਥੀਆਂ ਲਈ ਆਪਣੀ ਵਪਾਰਕ ਸੂਝ ਤੇ ਲੀਡਰਸ਼ਿਪ ਸਮਰੱਥਾ ਦਾ ਪ੍ਰਦਰਸ਼ਨ ਕਰਨ ਲਈ ਇੱਕ ਗਤੀਸ਼ੀਲ ਪਲੇਟਫਾਰਮ ਵਜੋਂ ਕੰਮ ਕਰਦਾ ਹੈ। ਇਸ ਫੈਸਟ ਵਿੱਚ ਬਿਜ਼ਨਸ ਕੁਇਜ਼, ਮਾਰਕੀਟਿੰਗ ਬੈਟਲ, ਮੈਨੇਜਮੈਂਟ ਖੇਡਾਂ, ਡਿਬੇਟਸ ਤੇ ਸੱਭਿਆਚਾਰਕ ਪ੍ਰਦਰਸ਼ਨਾਂ ਸਮੇਤ ਗਤੀਵਿਧੀਆਂ ਦੀ ਇੱਕ ਜੀਵੰਤ ਲਾਈਨਅੱਪ ਸ਼ਾਮਲ ਸੀ। ਸਮਾਗਮ ਦਾ ਉਦਘਾਟਨ ਚਾਂਸਲਰ ਡਾ. ਜ਼ੋਰਾ ਸਿੰਘ ਤੇ ਪ੍ਰੋ.ਚਾਂਸਲਰ ਡਾ. ਤਜਿੰਦਰ ਕੌਰ ਨੇ ਕੀਤਾ, ਜਿਨ੍ਹਾਂ ਵਿਦਿਆਰਥੀਆਂ ਵਿੱਚ ਉੱਦਮੀ ਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਵਿਭਾਗ ਦੇ ਨਿਰੰਤਰ ਯਤਨਾਂ ਦੀ ਸ਼ਲਾਘਾ ਕੀਤੀ। ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਤੇ ਚਾਂਸਲਰ ਦੇ ਸਲਾਹਕਾਰ ਡਾ. ਵਰਿੰਦਰ ਸਿੰਘ ਨੇ ਸੰਬੋਧਨ ਕਰਦਿਆਂ ਭਵਿੱਖ ਦੇ ਕਾਰੋਬਾਰੀ ਨੇਤਾਵਾਂ ਨੂੰ ਆਕਾਰ ਦੇਣ ਵਿੱਚ ਅਜਿਹੇ ਅਨੁਭਵੀ ਸਿਖਲਾਈ ਪਲੇਟਫਾਰਮਾਂ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਬਾਅਦ ਵਿਚ ਅੰਤਿਮ ਸਾਲ ਦੇ ਵਿਦਿਆਰਥੀਆਂ ਨੂੰ ਵਿਦਾਇਗੀ ਪਾਰਟੀ ਦਿੱਤੀ ਗਈ। ਜੂਨੀਅਰ ਵਿਦਿਆਰਥੀਆਂ ਨੇ ਆਪਣੇ ਸੀਨੀਅਰ ਵਿਦਿਆਰਥੀਆਂ ਨੂੰ ਭਾਵਪੂਰਨ ਪ੍ਰਦਰਸ਼ਨਾਂ ਤੇ ਨਿੱਘੀਆਂ ਸ਼ੁਭਕਾਮਨਾਵਾਂ ਨਾਲ ਸਨਮਾਨਤ ਕੀਤਾ, ਜਦੋਂ ਕਿ ਸੀਨੀਅਰ ਵਿਦਿਆਰਥੀਆਂ ਨੇ ਆਪਣੀਆਂ ਯਾਤਰਾਵਾਂ ਨੂੰ ਯਾਦ ਕੀਤਾ ਤੇ ਭਵਿੱਖ ਲਈ ਸੁਪਨੇ ਸਾਂਝੇ ਕੀਤੇ। ਇਸ ਦੌਰਾਨ ਮਿਸਟਰ ਫੇਅਰਵੈੱਲ ਜਸ਼ਨਦੀਪ ਸਿੰਘ ਤੇ ਮਿਸ ਫੇਅਰਵੈੱਲ ਸਨੇਹਾ, ਮਿਸਟਰ ਕਾਰਪੋਰੇਟ ਲੋਇਡ ਅਸਤ ਤੇ ਮਿਸ ਕਾਰਪੋਰੇਟ ਗ੍ਰੇਸ, ਮਿਸਟਰ ਪਰਸਨੈਲਿਟੀ ਮੋਹਿਤ ਤੇ ਮਿਸ ਪਰਸਨੈਲਿਟੀ ਕਸਕ ਤੇ ਮਿਸਟਰ ਹੈਂਡਸਮ ਰਾਹੁਲ ਤੇ ਮਿਸ ਬਿਊਟੀਫੁੱਲ ਮਨੀ ਚੁਣੇ ਗਏ, ਜਿਨ੍ਹਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ। ਅੰਤ ਵਿੱਚ ਬਿਜ਼ਨਸ ਮੈਨੇਜਮੈਂਟ ਤੇ ਕਾਮਰਸ ਵਿਭਾਗ ਦੀ ਡਾਇਰੈਕਟਰ ਡਾ. ਰਜਨੀ ਸਲੂਜਾ ਨੇ ਧੰਨਵਾਦ ਕੀਤਾ।

## ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਕਸ਼ਮੀਰ ਨਾ ਜਾਣ ਲਈ ਐਡਵਾਈਜ਼ਰੀ ਜਾਰੀ ਕੀਤੀ

ਨਿਊਯਾਰਕ/ਵਾਸ਼ਿੰਗਟਨ, 25 ਅਪ੍ਰੈਲ (ਚ.ਨ.ਸ): ਅਮਰੀਕਾ ਨੇ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਆਪਣੇ ਨਾਗਰਿਕਾਂ ਲਈ ਤਾਜ਼ਾ ਐਡਵਾਈਜ਼ਰੀ ਜਾਰੀ ਕੀਤੀ ਹੈ, ਜਿਸ ਵਿੱਚ ਅਮਰੀਕੀਆਂ ਨੂੰ ਜੰਮੂ-ਕਸ਼ਮੀਰ ਅਤੇ ਭਾਰਤ-ਪਾਕਿਸਤਾਨ ਸਰਹੱਦ ਦੇ 10 ਕਿਲੋਮੀਟਰ ਦੇ ਘੇਰੇ ਵਿੱਚ ਨਾ ਜਾਣ ਲਈ ਕਿਹਾ ਗਿਆ ਹੈ। ਇਹ ਅਪਡੇਟ ਬੀਤੇ ਬੁੱਧਵਾਰ ਨੂੰ ਜਾਰੀ ਕੀਤਾ ਗਿਆ ਸੀ, ਕਿਉਂਕਿ ਇਸ ਤੋਂ ਇੱਕ ਦਿਨ ਪਹਿਲਾਂ ਮੰਗਲਵਾਰ ਨੂੰ ਅੱਤਵਾਦੀਆਂ ਨੇ ਕਸ਼ਮੀਰ ਦੇ ਪਹਿਲਗਾਮ ਵਿੱਚ ਸੈਲਾਨੀਆਂ ਉੱਤੇ ਗੋਲੀਬਾਰੀ ਕੀਤੀ ਸੀ। ਸਾਲ 2019 ਵਿੱਚ ਪੁਲਵਾਮਾ ਹਮਲੇ ਤੋਂ ਬਾਅਦ ਘਾਟੀ ਵਿੱਚ ਹੋਏ ਇਸ ਸਭ ਤੋਂ ਘਾਤਕ ਹਮਲੇ ਵਿੱਚ 26 ਵਿਅਕਤੀ ਮਾਰੇ ਗਏ ਸਨ, ਜਿਨ੍ਹਾਂ ਵਿੱਚ ਜ਼ਿਆਦਾਤਰ ਸੈਲਾਨੀ ਸ਼ਾਮਲ ਸਨ। ਅਮਰੀਕੀ ਨਾਗਰਿਕਾਂ ਲਈ ਅਮਰੀਕੀ ਵਿਦੇਸ਼ ਵਿਭਾਗ ਨੇ ਤਾਜ਼ਾ ਯਾਤਰਾ ਐਡਵਾਈਜ਼ਰੀ ਜਾਰੀ ਕਰ ਕੇ ਕਿਹਾ ਹੈ ਕਿ ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ-ਕਸ਼ਮੀਰ ਵਿੱਚ ਅੱਤਵਾਦੀ ਹਮਲੇ ਅਤੇ ਹਿੰਸਕ ਸਿਵਲ ਬਦਅਮਨੀ ਸੰਭਵ ਹੈ। ਇਸ ਰਾਜ ਦੀ ਯਾਤਰਾ ਨਾ ਕਰੋ, ਪੂਰਬੀ ਲੱਦਾਖ ਖੇਤਰ ਅਤੇ ਇਸ ਦੀ ਰਾਜਧਾਨੀ, ਲੇਹ ਦੇ ਦੌਰੇ ਨੂੰ ਛੱਡ ਕੇ, ਇਸ ਵਿਚ ਕਿਹਾ ਗਿਆ ਹੈ, "ਇਸ ਖੇਤਰ ਵਿੱਚ ਹਿੰਸਾ ਹੁੰਦੀ ਰਹਿੰਦੀ ਹੈ ਅਤੇ ਭਾਰਤ-ਪਾਕਿਸਤਾਨ ਵਿਚਾਲੇ ਕੰਟਰੋਲ ਰੇਖਾ ਦੇ ਨਾਲ ਆਮ ਹੀ ਅਜਿਹਾ ਹੁੰਦਾ ਰਹਿੰਦਾ ਹੈ। ਅਜਿਹਾ ਕਸ਼ਮੀਰ ਘਾਟੀ ਦੀਆਂ ਸੈਰ-ਸਪਾਟੇ ਵਾਲੀਆਂ ਥਾਵਾਂ ਸ੍ਰੀਨਗਰ, ਗੁਲਮਰਗ ਅਤੇ ਪਹਿਲਗਾਮ ਆਦਿ ਵਿਚ ਵੀ ਹੁੰਦਾ ਹੈ।" ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਹਥਿਆਰਬੰਦ ਟਕਰਾਅ ਦੇ ਖ਼ਦਸ਼ੇ ਕਾਰਨ' ਭਾਰਤ-ਪਾਕਿਸਤਾਨ ਸਰਹੱਦ ਦੇ 10 ਕਿਲੋਮੀਟਰ ਦੇ ਘੇਰੇ ਅੰਦਰ ਜਾਣ ਤੋਂ ਬਚਣ ਲਈ ਵੀ ਕਿਹਾ ਹੈ। ਗ਼ੌਰਤਲਬ ਹੈ ਕਿ ਭਾਰਤ ਨੇ ਬੁੱਧਵਾਰ ਨੂੰ 1960 ਦੇ ਸਿੰਧ ਜਲ ਸਮਝੌਤੇ ਨੂੰ ਮੁਅੱਤਲ ਕਰ ਦਿੱਤਾ ਸੀ।

## ਸਰਕਾਰੀ ਸਕੂਲਾਂ ਦੇ 180 ਵਿਦਿਆਰਥੀਆਂ ਨੇ ਆਈ.ਆਈ.ਟੀ. ਮੇਨਜ਼ ਟੈਸਟ ਪਾਸ ਕਰਕੇ ਇਤਿਹਾਸ ਸਿਰਜਿਆ : ਗੈਰੀ ਬੜਿੰਗ



ਮੰਡੀ ਗੋਬਿੰਦਗੜ੍ਹ, 25 ਅਪ੍ਰੈਲ (ਸੂਦ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰ ਅੰਦੇਸ਼ੀ ਸੋਚ ਸਦਕਾ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਦੇ ਸਿੱਖਿਆ ਮਿਆਰ ਨੂੰ ਉੱਚਾ ਚੁੱਕਣ ਲਈ ਕੀਤੇ ਇਤਿਹਾਸਕ ਫੈਸਲਿਆਂ ਸਦਕਾ ਪਹਿਲੀ ਵਾਰ ਰਾਜ ਦੇ ਸਰਕਾਰੀ ਸਕੂਲਾਂ ਦੇ 180 ਵਿਦਿਆਰਥੀਆਂ ਨੇ ਆਈ.ਆਈ.ਟੀ. ਮੇਨਜ਼ ਦਾ ਟੈਸਟ ਪਾਸ ਕੀਤਾ ਹੈ, ਜਿਸ ਤੋਂ ਸਪੱਸ਼ਟ ਹੈ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਨੂੰ ਬੁਲੰਦੀਆਂ 'ਤੇ ਪਹੁੰਚਾਉਣ ਲਈ ਵੇਖੇ ਗਏ ਸੁਪਨੇ ਨੂੰ ਬੂਰ ਪੈਣਾ ਸ਼ੁਰੂ ਹੋ ਗਿਆ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹਲਕੇ ਦੇ 4 ਸਕੂਲਾਂ ਵਿੱਚ 25.13 ਲੱਖ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਨੇ 250 ਸਰਕਾਰੀ ਸਕੂਲਾਂ ਵਿੱਚ ਸਕੂਲੀ ਬੱਸਾਂ ਦੀ ਸਹੂਲਤ ਅਤੇ ਸਰਕਾਰੀ ਸਕੂਲਾਂ ਵਿੱਚ ਕੈਂਪਸ ਮੈਨੇਜਰ ਤੇ ਸੁਰੱਖਿਆ ਗਾਰਡ ਤਾਇਨਾਤ ਕਰਕੇ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਹੋਰ ਮਜ਼ਬੂਤ ਕੀਤਾ ਹੈ। ਵਿਧਾਇਕ ਗੈਰੀ ਬੜਿੰਗ ਨੇ ਕਿਹਾ ਕਿ ਸਰਕਾਰੀ ਪ੍ਰਾਇਮਰੀ ਸਕੂਲ ਕੋਟਲਾ ਡਡਹੇੜੀ ਵਿਖੇ 1952 ਤੋਂ ਬਾਅਦ ਚਾਰ ਦੀਵਾਰੀ ਨਹੀਂ ਬਣਾਈ ਗਈ। ਉਨ੍ਹਾਂ ਸਰਕਾਰੀ ਪ੍ਰਾਇਮਰੀ ਸਕੂਲ ਕੋਟਲਾ ਡਡਹੇੜੀ ਵਿਖੇ 6.24 ਲੱਖ, ਸਰਕਾਰੀ ਪ੍ਰਾਇਮਰੀ ਸਕੂਲ ਡਡਹੇੜੀ ਵਿਖੇ 1.73 ਲੱਖ, ਸਰਕਾਰੀ ਹਾਈ ਸਕੂਲ ਡਡਹੇੜੀ ਵਿਖੇ 14.46 ਲੱਖ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਲੁਹਾਰ ਮਾਜਰਾ ਕਲਾਂ ਵਿਖੇ 2.70 ਲੱਖ ਦੀ ਲਾਗਤ ਨਾਲ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੌਕੇ ਮਾਰਕੀਟ ਕਮੇਟੀ ਮੰਡੀ ਗੋਬਿੰਦਗੜ੍ਹ ਦੇ ਚੇਅਰਮੈਨ ਜਗਦੀਪ ਸਿੰਘ ਚੱਠਾ, ਹਰਜੀਤ ਸਿੰਘ ਗਰੇਵਾਲ, ਬੁੱਗਾ ਕਲਾਂ ਸਕੂਲ ਦੇ ਮੁੱਖ-ਅਧਿਆਪਕ ਅਮਨਦੀਪ ਸਿੰਘ, ਬਲਾਕ ਸਿਖਿਆ ਅਫ਼ਸਰ ਹਰਵੇਲ ਸਿੰਘ, ਬਲਾਕ ਪ੍ਰਧਾਨ ਨਰੇਸ਼ ਸ਼ਰਮਾ, ਡਡਹੇੜੀ ਦੇ ਸਰਪੰਚ ਅਮਨਿੰਦਰ ਸਿੰਘ, ਸੁਖਬੀਰ ਸਿੰਘ ਗਰੇਵਾਲ, ਜਗਵਿੰਦਰ ਸਿੰਘ, ਕੋਟਲਾ ਡਡਹੇੜੀ ਦੇ ਸਰਪੰਚ ਸੁਖਵਿੰਦਰ ਸਿੰਘ, ਤਲਵਾੜਾ ਦੇ ਸਰਪੰਚ ਤੇਜਵੰਤ ਸਿੰਘ ਤੇ ਜਸਵੀਰ ਸਿੰਘ ਮਾਂਗਟ ਆਦਿ ਹਾਜ਼ਰ ਸਨ।

## ਪਹਿਲਗਾਮ ਅਤੰਕੀ ਹਮਲਾ ਦੇਸ਼ ਦੇ ਲੋਕਾਂ 'ਚ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ : ਰਣਦੀਪ ਸਿੰਘ ਨਾਭਾ



ਅਮਲੋਹ, 25 ਅਪ੍ਰੈਲ (ਜਸਵੰਤ ਸਿੰਘ): ਕਸ਼ਮੀਰ ਵਿਚ ਪਹਿਲਗਾਮ ਵਿੱਚ ਹੋਏ ਆਤੰਕਵਾਦੀ ਹਮਲੇ ਦੌਰਾਨ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਰਣਦੀਪ ਸਿੰਘ ਨੇ ਕਿਹਾ ਇਹ ਹਮਲਾ ਭਾਰਤ ਦੇ ਲੋਕਾਂ ਵਿੱਚ ਦਹਿਸ਼ਤ ਫੈਲਾਉਣ ਦੀ ਕੋਸ਼ਿਸ਼ ਸੀ ਕਿਉਂਕਿ ਭਾਰਤ ਵੱਖ-ਵੱਖ ਧਰਮਾਂ, ਸੱਭਿਆਚਾਰਾਂ ਅਤੇ ਸੰਸਕ੍ਰਿਤੀਆਂ ਦਾ ਦੇਸ਼ ਹੈ। ਸਾਡੇ ਦੇਸ਼ ਵਿੱਚ ਆਤੰਕਵਾਦੀ ਸੋਚ ਵਾਲੇ ਲੋਕਾਂ ਲਈ ਕੋਈ ਜਗ੍ਹਾ ਨਹੀਂ। ਉਨ੍ਹਾਂ ਇਸ ਘਟਨਾ ਦੀ ਸਖਤ ਸਬਦਾਂ ਵਿਚ ਨਿੰਦਾ ਕਰਦੇ ਹੋਏ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਅੱਤਵਾਦੀਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਆਉਣ ਵਾਲੇ ਸਮੇਂ ਵਿੱਚ ਦੁਬਾਰਾ ਅਜਿਹੀ ਘਟਨਾ ਨਾ ਵਾਪਰ ਸਕੇ। ਇਸ ਮੌਕੇ ਬਲਾਕ ਕਾਂਗਰਸ ਅਮਲੋਹ ਦੇ ਪ੍ਰਧਾਨ ਜਗਵੀਰ ਸਿੰਘ ਸਲਾਣਾ, ਮੰਡੀ ਗੋਬਿੰਦਗੜ੍ਹ ਦੇ ਬਲਾਕ ਪ੍ਰਧਾਨ ਸੰਜੀਵ ਦੱਤਾ, ਸੀਨੀਅਰ ਆਗੂ ਡਾ. ਜੋਗਿੰਦਰ ਸਿੰਘ ਮੈਣੀ, ਸੇਵਾ ਦਲ ਦੇ ਪ੍ਰਧਾਨ ਲਾਲ ਸਿੰਘ ਲਾਲੀ, ਹਰਚੰਦ ਸਿੰਘ ਸਮਸ਼ਪੁਰ, ਗੁਰਬਚਨ ਸਿੰਘ ਕਾਹਨਪੁਰਾ, ਬਲਾਕ ਸੰਮਤੀ ਮੈਂਬਰ ਬਲਵੀਰ ਸਿੰਘ ਮਿੰਟੂ, ਸੋਨੀ ਰਤਨਪਾਲੋ, ਸੁਖਵੀਰ ਸਿੰਘ, ਅਮਨਦੀਪ ਰਾਜਗੜ੍ਹ, ਜੱਗੀ ਵੜੈਚਾਂ ਅਤੇ ਪੀਏ ਮਨਪ੍ਰੀਤ ਸਿੰਘ ਮਿੰਟਾ ਆਦਿ ਮੌਜੂਦ ਸਨ।

## ਵਿਧਾਇਕ ਸਵਨਾ ਦੀ ਅਗਵਾਈ 'ਚ 'ਆਪ' ਆਗੂਆਂ ਨੇ ਪਹਿਲਗਾਮ ਅੱਤਵਾਦ ਪੀੜਤਾਂ ਦੀ ਯਾਦ 'ਚ ਸ੍ਰੀ ਹਨੂੰਮਾਨ ਮੰਦਰ ਵਿਖੇ ਕੀਤੀ ਪ੍ਰਾਰਥਨਾ

ਫਾਜ਼ਿਲਕਾ, 25 ਅਪ੍ਰੈਲ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਪਹਿਲਗਾਮ ਵਿੱਚ ਹਾਲ ਹੀ ਵਿੱਚ ਹੋਏ ਅੱਤਵਾਦੀ ਹਮਲੇ ਦੇ ਪੀੜਤਾਂ ਨੂੰ ਸ਼ਰਧਾਂਜਲੀ ਦਿੰਦੇ ਹੋਏ, ਆਮ ਆਦਮੀ ਪਾਰਟੀ (ਆਪ) ਆਗੂਆਂ ਨੇ ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਦੀ ਅਗਵਾਈ ਵਿੱਚ ਇੱਥੇ ਸ੍ਰੀ ਹਨੂੰਮਾਨ ਮੰਦਰ ਵਿਖੇ ਪ੍ਰਾਰਥਨਾ ਕੀਤੀ। ਇਕੱਠ ਦਾ ਉਦੇਸ਼ ਪੀੜਤ ਪਰਿਵਾਰਾਂ ਨਾਲ ਇਕਜੁੱਟਤਾ ਪ੍ਰਗਟ ਕਰਨਾ ਅਤੇ ਵਿਛੜੀਆਂ ਆਤਮਾਵਾਂ ਦੀ ਸ਼ਾਂਤੀ ਲਈ ਪ੍ਰਾਰਥਨਾ ਕਰਨਾ ਸੀ। ਪ੍ਰਾਰਥਨਾ ਸਮਾਗਮ ਤੋਂ ਬਾਅਦ ਮੀਡੀਆ ਨਾਲ ਗੱਲ ਕਰਦਿਆਂ ਨਰਿੰਦਰ ਪਾਲ ਸਿੰਘ ਸਵਨਾ ਨੇ ਹਮਲੇ ਦੀ ਨਿੰਦਾ ਕਰਦੇ ਹੋਏ ਇਸਨੂੰ 'ਮਨੁੱਖਤਾ ਵਿਰੁੱਧ ਸਭ ਤੋਂ ਮਾੜਾ ਅਪਰਾਧ' ਦੱਸਿਆ। ਉਨ੍ਹਾਂ ਨੇ ਅਜਿਹੇ ਅੱਤਵਾਦੀ ਕੰਮਾਂ ਪਿੱਛੇ ਨਾਪਾਕ ਤਾਕਤਾਂ ਦੀ ਪਛਾਣ ਕਰਨ ਅਤੇ ਸਜ਼ਾ ਦੇਣ ਦੀ ਤੁਰੰਤ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਨਿਰਦੋਸ਼ ਸੈਲਾਨੀਆਂ 'ਤੇ ਘਿਨਾਉਣੇ ਹਮਲੇ ਨੇ ਸਪੱਸ਼ਟ ਤੌਰ 'ਤੇ ਘਾਟੀ ਵਿੱਚ ਸ਼ਾਂਤੀ ਅਤੇ ਸਥਿਰਤਾ ਦੇ ਵਿਰੋਧੀ ਤੱਤਾਂ ਦੀ ਸ਼ਮੂਲੀਅਤ ਨੂੰ ਦਰਸਾਇਆ ਹੈ ਉਨ੍ਹਾਂ ਕਿਹਾ ਕਿ ਇਹ ਘਟਨਾ ਉਕਤ ਸਥਾਨ 'ਤੇ ਸੁਰੱਖਿਆ ਪ੍ਰਬੰਧਾਂ ਵਿੱਚ ਕਮੀਆਂ ਨੂੰ ਵੀ ਉਜਾਗਰ ਕਰਦੀ ਹੈ ਤੇ ਨਾਗਰਿਕਾਂ ਤੇ ਸੈਲਾਨੀਆਂ ਲਈ ਮਜ਼ਬੂਤ ਸੁਰੱਖਿਆ ਪ੍ਰਬੰਧਾਂ ਦੀ ਜ਼ਰੂਰਤ ਨੂੰ ਉਜਾਗਰ ਕਰਦੀ ਹੈ। ਕਿਸੇ ਵੀ ਤਰ੍ਹਾਂ ਦੇ ਦੋਸ਼ ਲਗਾਉਣ ਤੋਂ ਪਰਹੇਜ਼ ਕਰਦੇ ਹੋਏ, ਵਿਧਾਇਕ ਨੇ ਕੇਂਦਰ ਸਰਕਾਰ ਨੂੰ ਉਨ੍ਹਾਂ ਖਾਮੀਆਂ ਦੀ ਡੂੰਘਾਈ ਨਾਲ ਜਾਂਚ ਕਰਨ ਦੀ ਅਪੀਲ ਕੀਤੀ, ਜਿਨ੍ਹਾਂ ਨੇ ਅੱਤਵਾਦੀਆਂ ਨੂੰ ਅਜਿਹੀ ਜ਼ਾਲਮ ਕਾਰਵਾਈ ਕਰਨ ਦੀ ਆਗਿਆ ਦਿੱਤੀ। ਭਾਰਤ ਕੋਲ ਇੱਕ ਮਜ਼ਬੂਤ ਫੌਜੀ ਤਾਕਤ ਹੈ, ਫਿਰ ਵੀ ਅਜਿਹੇ ਵਾਰ-ਵਾਰ ਕਤਲੇਆਮ ਇੱਕ ਸਖ਼ਤ ਅਤੇ ਫੈਸਲਾਕੁੰਨ ਬਦਲਾ ਲੈਣ ਦੀ ਮੰਗ ਕਰਦੇ ਹਨ, ਅਬੋਹਰ ਦੇ ਸਾਬਕਾ ਵਿਧਾਇਕ



ਸ੍ਰੀ ਅਰੁਣ ਨਾਰੰਗ ਨੇ ਇਸ ਮੌਕੇ ਕਿਹਾ ਕਿ ਜਨਤਾ ਦੇ ਵਿਸ਼ਵਾਸ ਨੂੰ ਬਹਾਲ ਕਰਨ ਤੇ ਇਹ ਯਕੀਨੀ ਬਣਾਉਣ ਲਈ ਕਿ ਅਜਿਹੀਆਂ ਘਟਨਾਵਾਂ ਦੁਹਰਾਈਆਂ ਨਾ ਜਾਣ ਲਈ ਕੇਂਦਰ ਸਰਕਾਰ ਤੋਂ ਵਧੇਰੇ ਵਿਆਪਕ ਉਪਾਵਾਂ ਦੀ ਤਵੱਕੋ ਹੈ। ਉਨ੍ਹਾਂ ਕਿਹਾ ਕਿ ਸਮਾਂ ਆ ਗਿਆ ਹੈ ਕਿ ਦੇਸ਼ ਦਾ ਇੱਕਮੁੱਠ ਚਿਹਰਾ ਅਤੇ ਰੁਖ਼ ਪੇਸ਼ ਕੀਤਾ ਜਾਵੇ ਅਤੇ ਸ਼ਾਂਤੀ ਦੇ ਦੁਸ਼ਮਣਾਂ ਨੂੰ ਰੋਕਣ ਲਈ ਇੱਕ ਸੰਯੁਕਤ ਭਾਰਤ ਦੀ ਤਾਕਤ ਦਾ ਪ੍ਰਦਰਸ਼ਨ ਕੀਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਰਕਿਟ ਕਮੇਟੀ ਫਾਜ਼ਿਲਕਾ ਦੇ ਚੇਅਰਮੈਨ ਪਰਮਜੀਤ ਸਿੰਘ ਨੂਰਸ਼ਾਹ, ਬੱਬੂ ਚੇਤੀਵਾਲ, ਸੁਨੀਲ ਮੈਣੀ, ਅਲਕਾ ਜੁਨੇਜਾ, ਅਤੁਲ ਨਾਗਪਾਲ, ਬਲਵਿੰਦਰ ਸਿੰਘ, ਰਾਜ ਅਹੂਜਾ, ਸੁਰਿੰਦਰ ਕਾਲੜਾ, ਬੰਸੀ ਸ਼ਾਮਾ, ਅਮਨ ਦੁਰੇਜਾ, ਬੰਟੀ ਸ਼ਰਮਾ ਆਦਿ ਵੀ ਹਾਜ਼ਰ ਸਨ।

## ਨਰਕ ਭਰੀ ਜ਼ਿੰਦਗੀ ਜੀਅ ਰਹੇ ਨੇ ਲੋਕ



ਭੋਗਪੁਰ, 25 ਅਪ੍ਰੈਲ (ਜੰਡੀਰ ਸੈਣੀ): ਆਦਮਪੁਰ ਹਲਕੇ ਦਾ ਸ਼ਹਿਰ ਹੈ ਭੋਗਪੁਰ ਤੇ ਇਸ ਭੋਗਪੁਰ ਸ਼ਹਿਰ ਦੇ ਲੋਕ ਨਰਕਾਂ ਭਰੀ ਜ਼ਿੰਦਗੀ ਬਤੀਤ ਕਰ ਰਹੇ ਹਨ। ਰੋਜ਼ਾਨਾ ਹੀ ਕਿਸੇ ਨਾ ਕਿਸੇ ਵਾਰਡ ਦੀਆਂ ਖ਼ਬਰਾਂ ਲੱਗਦੀਆਂ ਰਹਿੰਦੀਆਂ ਹਨ। ਭੋਗਪੁਰ ਦੇ ਲੋਕ ਨਰਕ ਭਰੀ ਜ਼ਿੰਦਗੀ ਜੀ ਰਹੇ ਹਨ। ਲੋਕਾਂ ਦੇ ਘਰਾਂ ਦੇ ਬਾਹਰ ਗੰਦੇ ਪਾਣੀ ਦੇ ਛੱਪੜ ਲੱਗੇ ਰਹਿੰਦੇ ਹਨ। ਪਰ ਪ੍ਰਸ਼ਾਸਨ ਕੁੰਭਕਰਨ ਦੀ ਨੀਂਦ ਸੁੱਤਾ ਹੋਇਆ ਹੈ। ਕੁਝ ਦਿਨ ਪਹਿਲੇ ਗੁਰੂ ਰਾਮਦਾਸ ਨਗਰ ਵਾਰਡ ਨੰਬਰ 9 ਭੋਗਪੁਰ ਦੀ ਖ਼ਬਰ ਲੱਗੀ ਸੀ ਤੇ ਅੱਜ ਆਦਰਸ਼ ਨਗਰ ਵਾਰਡ ਨੰਬਰ 8 ਦੇ ਲੋਕਾਂ ਨੇ ਚੜ੍ਹਦੀਕਲਾ ਟਾਈਮ ਟੀਵੀ ਦੇ ਪੱਤਰਕਾਰ ਅਮਰਜੀਤ ਸਿੰਘ ਜੰਡੀਰ ਸੈਣੀ ਨੂੰ ਬੁਲਾਇਆ ਤੇ ਮਹੱਲੇ ਦੇ ਨਰਕ ਭਰੇ ਹਾਲਾਤ ਦਿਖਾਏ। ਅਦਰਸ਼ ਨਗਰ ਵਿੱਚ ਲੋਕਾਂ ਦੇ ਘਰ ਤਕਰੀਬਨ 4.5 ਫੁੱਟ ਡੂੰਘੇ ਨੀਵੇਂ ਕਰ ਦਿੱਤੇ ਗਏ ਹਨ ਤੇ ਨਾਲੇ ਦਾ ਗੰਦਾ ਪਾਣੀ ਲੋਕਾਂ ਦੇ ਘਰਾਂ ਵਿੱਚ ਜਾਣ ਲੱਗਾ ਹੈ ਤੇ ਮਹੱਲੇ ਦੇ ਲੋਕਾਂ ਨੂੰ ਭਿਆਨਕ ਬਿਮਾਰੀਆਂ ਲੱਗ ਰਹੀਆਂ ਹਨ। ਮੁਹੱਲੇ ਦੇ ਲੋਕਾਂ ਨੇ ਪ੍ਰਸ਼ਾਸਨ ਕੋਲੋਂ ਮੰਗ ਕੀਤੀ ਹੈ ਕਿ ਅਦਰਸ਼ ਨਗਰ ਵਾਰਡ ਨੰਬਰ 8 ਵੱਲ ਜਲਦ ਧਿਆਨ ਦਿੱਤਾ ਜਾਵੇ। ਇਸ ਦੇ ਸਬੰਧ ਵਿੱਚ ਨਗਰ ਕੌਂਸਲ ਭੋਗਪੁਰ ਅਧਿਕਾਰੀਆਂ ਨਾਲ ਗੱਲਬਾਤ ਕੀਤੀ ਗਈ ਤਾਂ ਉਥੇ ਦੀ [illegible] ਮੈਡਮ ਨੇ ਕਿਹਾ ਕਿ ਈਓ ਸਾਹਿਬ ਬਾਹਰ ਗਏ ਹੋਏ ਹਨ ਤੇ ਈਓ ਸਾਹਿਬ ਦੇ ਆਉਣ 'ਤੇ ਸਾਰੀ ਗੱਲਬਾਤ ਕਰਕੇ ਮਸਲੇ ਦਾ ਹੱਲ ਕੀਤਾ ਜਾਵੇਗਾ। ਇਸ ਮੌਕੇ 'ਤੇ ਮਹੱਲਾ ਨਿਵਾਸੀ ਤੇ ਦੁਕਾਨਦਾਰ ਵੀ ਹਾਜ਼ਰ ਸਨ।

## ਪਹਿਲਗਾਮ 'ਚ ਸੈਲਾਨੀਆਂ ਦੇ ਹੋਏ ਕਤਲੇਆਮ ਦੇ ਰੋਸ ਵਜੋਂ ਸ਼ਹਿਰ 'ਚ ਕੀਤਾ ਰੋਸ ਪ੍ਰਦਰਸ਼ਨ

ਅਮਲੋਹ, 25 ਅਪ੍ਰੈਲ (ਜਸਵੰਤ ਸਿੰਘ): ਭਾਰਤੀ ਜਨਤਾ ਪਾਰਟੀ ਦੇ ਸੂਬਾਈ ਕਾਰਜਕਾਰੀ ਸਕੱਤਰ ਤੇ ਪ੍ਰਭਾਰੀ ਲੋਕ ਸਭਾ ਹਲਕਾ ਫਤਿਹਗੜ੍ਹ ਸਾਹਿਬ ਪ੍ਰਦੀਪ ਗਰਗ ਦੀ ਅਗਵਾਈ ਵਿੱਚ ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਹਿੰਦੂ ਭਾਈਚਾਰੇ ਨਾਲ ਸਬੰਧਤ ਸੈਲਾਨੀਆਂ ਦੇ ਕਤਲੇਆਮ ਦੇ ਰੋਸ ਵਜੋਂ ਅਮਲੋਹ ਵਿੱਚ ਵੱਖ-ਵੱਖ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਪਾਰਟੀਆਂ ਦੇ ਅਹੁਦੇਦਾਰਾਂ ਦੀ ਰਾਮ ਮੰਦਰ ਅਮਲੋਹ ਵਿਚ ਇਕ ਪ੍ਰਭਾਵਸ਼ਾਲੀ ਮੀਟਿੰਗ ਹੋਈ। ਇਸ ਉਪਰੰਤ ਸ਼ਹਿਰ ਦੇ ਮੁੱਖ ਬਜ਼ਾਰਾਂ ਵਿਚ ਵਿਸ਼ਾਲ ਰੋਸ ਮਾਰਚ ਕੱਢਿਆ ਗਿਆ ਜਿਸ ਦੌਰਾਨ ਪਾਕਿਸਤਾਨ ਤੇ ਇਸਲਾਮਿਕ ਅੱਤਵਾਦ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਵਿਭਾਗ ਸੰਘ ਚਾਲਕ ਰਾਜਪਾਲ ਗਰਗ, ਨਰਿੰਦਰ ਬੇਦੀ, ਐਡਵੋਕੇਟ ਮੰਜਿਕ ਸ਼ਰਮਾ, ਐਡਵੋਕੇਟ ਸਾਬਰੀ ਬੂਟਾ ਸਾਬਰੀ, ਗਊ ਸੇਵਾ ਸੰਮਿਤੀ ਦੇ ਪ੍ਰਧਾਨ ਭਸ਼ਨ ਸੂਦ, ਸ੍ਰੀ ਰਾਮ ਮੰਦਰ ਕਮੇਟੀ ਦੇ ਪ੍ਰਧਾਨ ਸੋਹਨ ਲਾਲ ਅਬਰੋਲ,



ਖ਼ਜ਼ਾਨਚੀ ਸ਼ਿਵ ਕੁਮਾਰ ਗੋਇਲ, ਮਾਸਟਰ ਸੁਭਾਸ਼ ਚੰਦ, ਵੈਦਿਕ ਸਨਾਤਨ ਭਵਨ ਦੇ ਸੰਚਾਲਕ ਸ਼ਾਸਤਰੀ ਗੁਰੂ ਦੱਤ ਸ਼ਰਮਾ, ਅਨਿਲ ਕੁਮਾਰ, ਬਲਵੀਰ ਸਿੰਘ, ਸੁਨੀਲ ਕੁਮਾਰ, ਕ੍ਰਿਸ਼ਨ ਧੰਮੀ, ਐਡਵੋਕੇਟ ਸੁਭਾਸ਼ ਲੁਟਾਵਾ, ਜਿੰਦਰ ਮੋਹਨ ਪੁਰੀ, ਸੁਰਿੰਦਰ ਜਿੰਦਲ, ਸ੍ਰੀ ਸੰਗਮੇਸ਼ਵਰ ਗਊਸ਼ਾਲਾ ਅਮਲੋਹ ਦੇ ਪ੍ਰਧਾਨ ਸ਼ਿਵ ਕੁਮਾਰ ਗਰਗ, ਪ੍ਰਦੀਪ ਮਹਿਨ, ਸ੍ਰੀ ਸੀਤਲਾ ਮਾਤਾ ਮੰਦਰ ਕਮੇਟੀ ਦੇ ਚੇਅਰਮੈਨ ਵਿਨੈ ਪੁਰੀ, ਅਨਿਲ ਗੋਇਲ, ਮਦਨ ਮੋਹਨ ਅਬਰੋਲ, ਕੁਲਦੀਪ ਡੰਗ, ਸ੍ਰੀ ਖਾਟੂ ਸ਼ਾਮ ਕਮੇਟੀ ਦੇ ਦਿਨੇਸ਼ ਗੋਇਲ, ਸਾਈਂ ਮੰਦਰ ਕਮੇਟੀ ਦੇ ਬੱਬੂ ਰਾਣਾ, ਆੜ੍ਹਤੀ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਵਿੱਕੀ ਅਬਰੋਲ, ਸ਼੍ਰੋਮਣੀ ਅਕਾਲੀ ਦਲ ਦੇ ਸੁਖਵਿੰਦਰ ਸਿੰਘ ਕਾਲਾ, ਡਾ. ਜਸਵੰਤ ਸਿੰਘ ਅਲਾਦਾਦਪੁਰਾ, ਰਿਟਾ. ਮੈਨੇਜਰ ਭੂਸ਼ਨ ਸ਼ਰਮਾ, ਭਾਰਤ ਵਿਕਾਸ ਪ੍ਰੀਸ਼ਦ ਦੇ ਪ੍ਰਧਾਨ ਬ੍ਰਿਜ ਭੂਸ਼ਨ ਗਰਗ, ਪੰਡਤ ਦੀਪਕ ਕੁਮਾਰ ਸ਼ਰਮਾ, ਸ੍ਰੀ ਪਰਸ਼ੂ ਰਾਮ ਕਮੇਟੀ ਦੇ ਪੰਡਤ ਸੁਨੀਲ ਕੁਮਾਰ, ਪੰਡਤ ਰਾਜੇਸ਼ ਕੁਮਾਰ ਸ਼ਰਮਾ, ਸੈਲਰ ਐਸੋਸੀਏਸ਼ਨ ਅਮਲੋਹ ਦੇ ਪ੍ਰਧਾਨ ਰਾਕੇਸ਼ ਕੁਮਾਰ ਗਰਗ, ਮਹਿੰਦਰ ਲੁਟਾਵਾ ਅਤੇ ਬੂਟੇ ਸ਼ਾਹ ਸਾਂਬਰੀ ਆਦਿ ਨੇ ਸ਼ਿਰਕਤ ਕੀਤੀ ਤੇ ਇਸ ਘਟਨਾ ਦੀ ਸਖਤ ਸ਼ਬਦਾਂ ਵਿਚ ਨਿੰਦਾ ਕੀਤੀ।

## ਜਸਜੀਤ ਸਿੰਘ ਮੁੱਖ ਮੰਤਰੀ ਫੀਲਡ ਅਫ਼ਸਰ ਨੇ ਮੰਡੀ ਅਗੰਮਪੁਰ ਵਿਖੇ ਕਣਕ ਦੇ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

ਸ੍ਰੀ ਅਨੰਦਪੁਰ ਸਾਹਿਬ, 25 ਅਪ੍ਰੈਲ (ਤਰਲੋਚਨ ਸਿੰਘ): ਪੰਜਾਬ ਸਰਕਾਰ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਜਸਜੀਤ ਸਿੰਘ, ਪੀ.ਸੀ.ਐਸ, ਮੁੱਖ ਮੰਤਰੀ ਫੀਲਡ ਅਫ਼ਸਰ ਰੂਪਨਗਰ ਨੇ ਅੱਜ ਹਾੜੀ ਦੇ ਮੰਡੀਕਰਨ ਸੀਜ਼ਨ 2025-26 ਤਹਿਤ ਚੱਲ ਰਹੀ ਕਣਕ ਦੀ ਖਰੀਦ ਦਾ ਨਿਰੀਖਣ ਕਰਨ ਲਈ ਮੰਡੀ ਅਗੰਮਪੁਰ ਦਾ ਦੌਰਾ ਕੀਤਾ। ਇਸ ਦੌਰੇ ਦਾ ਉਦੇਸ਼ ਕਿਸਾਨ ਭਾਈਚਾਰੇ ਦੇ ਫਾਇਦੇ ਲਈ ਨਿਰਵਿਘਨ ਖਰੀਦ, ਲਿਫਟਿੰਗ ਅਤੇ ਭੁਗਤਾਨ ਪ੍ਰਕਿਰਿਆਵਾਂ ਨੂੰ ਯਕੀਨੀ ਬਣਾਉਣਾ ਸੀ। ਉਨ੍ਹਾਂ ਨੇ ਦੱਸਿਆ ਕਿ 24 ਅਪ੍ਰੈਲ ਤੱਕ ਪਨਗ੍ਰੇਨ ਵੱਲੋਂ 1168.5 ਮੀਟ੍ਰਿਕ ਟਨ ਦੀ ਖਰੀਦ, 525 ਮੀਟਰਿਕ ਟਨ ਦੀ ਲਿਫਟਿੰਗ ਅਤੇ ਮਾਰਕਫੈੱਡ ਨੇ 546.6 ਮੀਟ੍ਰਿਕ ਟਨ ਦੀ ਖਰੀਦ, 200 ਮੀਟ੍ਰਿਕ ਟਨ ਦੀ ਲਿਫਟਿੰਗ ਕਰਵਾਈ ਗਈ। ਉਨ੍ਹਾਂ ਨੇ ਦੱਸਿਆ ਕਿ ਕਿਸਾਨਾਂ ਨੂੰ ਅਦਾਇਗੀਆਂ ਨਿਰਵਿਘਨ ਅਤੇ ਸਮੇਂ ਸਿਰ ਹੋਣ ਬਾਰੇ ਦੱਸਿਆ। ਜਸਜੀਤ ਸਿੰਘ ਨੇ ਜ਼ਮੀਨੀ ਹਕੀਕਤ ਨੂੰ ਸਮਝਣ ਅਤੇ ਕਿਸੇ ਵੀ ਚਿੰਤਾ ਦਾ ਹੱਲ ਕਰਨ ਲਈ ਖਰੀਦ ਅਧਿਕਾਰੀਆਂ, ਆੜ੍ਹਤੀਆਂ ਅਤੇ ਕਿਸਾਨਾਂ ਨਾਲ ਗੱਲਬਾਤ ਕੀਤੀ। ਇਸ ਮੌਕੇ ਰੋਹਿਤ ਸ਼ਰਮਾ, ਇੰਸਪੈਕਟਰ ਪਨਗ੍ਰੇਨ, ਮੁਕੇਸ਼ ਨੱਡਾ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ, ਰਾਮ ਗੋਪਾਲ ਆੜ੍ਹਤੀਆ, ਭੁਪਿੰਦਰ ਕੁਮਾਰ ਸ਼ਰਮਾ ਆੜ੍ਹਤੀਆ, ਮਨਮੋਹਨ ਕੁਮਾਰ ਆੜ੍ਹਤੀਆ ਨੂੰ ਖਰੀਦ ਏਜੰਸੀ ਦੇ ਇੰਸਪੈਕਟਰਾਂ ਅਤੇ ਮਾਰਕਿਟ ਕਮੇਟੀ ਦੇ ਅਧਿਕਾਰੀਆਂ ਨੂੰ ਸਖ਼ਤ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ। ਉਨ੍ਹਾਂ ਨੇ ਦੱਸਿਆ ਕਿ ਕਿਸਾਨਾਂ ਤੋਂ ਕਣਕ ਦੀ ਤੁਰੰਤ ਅਤੇ ਮੁਸ਼ਕਲ ਰਹਿਤ ਖਰੀਦ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਸਟੋਰੇਜ ਅਤੇ ਟਰਾਂਸਪੋਰਟ ਏਜੰਸੀਆਂ ਨਾਲ ਤਾਲਮੇਲ ਕਰਕੇ ਲਿਫਟਿੰਗ ਪ੍ਰਕਿਰਿਆ ਨੂੰ ਤੇਜ਼ ਕੀਤਾ ਗਿਆ ਹੈ ਅਤੇ ਸਾਰੇ ਕਿਸਾਨਾਂ ਨੂੰ ਸਮੇਂ ਸਿਰ ਅਤੇ ਪਾਰਦਰਸ਼ੀ ਭੁਗਤਾਨ ਯਕੀਨੀ ਬਣਾਇਆ ਗਿਆ ਹੈ ਤੇ ਕਿਸਾਨਾਂ ਨੂੰ ਦਰਪੇਸ਼ ਕਿਸੇ ਵੀ ਮੁੱਦੇ ਨੂੰ ਬਿਨਾਂ ਦੇਰੀ ਦੇ ਹੱਲ ਕਰਨ ਲਈ ਜ਼ਮੀਨ ਪੱਧਰ 'ਤੇ ਉਪਲੱਬਧ ਸਹੂਲਤਾਂ 'ਤੇ ਨਜ਼ਰ ਰੱਖੀ ਜਾ ਰਹੀ ਹੈ। ਜਸਜੀਤ ਸਿੰਘ ਨੇ ਕਿਸਾਨ ਭਲਾਈ ਲਈ ਮੁੱਖ ਮੰਤਰੀ ਦੀ ਵਚਨਬੱਧਤਾ 'ਤੇ ਜ਼ੋਰ ਦਿੱਤਾ ਅਤੇ ਖਰੀਦ ਸੀਜ਼ਨ ਨੂੰ ਸੁਚਾਰੂ ਅਤੇ ਪ੍ਰਭਾਵੀ ਬਣਾਉਣ ਲਈ ਸਾਰੇ ਹਿੱਸੇਦਾਰਾਂ ਨੂੰ ਪੂਰੇ ਤਾਲਮੇਲ ਨਾਲ ਕੰਮ ਕਰਨ ਦੇ ਨਿਰਦੇਸ਼ ਦਿੱਤੇ।

## ਭੋਗਪੁਰ 'ਚ ਬੱਸਾਂ, ਬੱਸ ਅੱਡੇ 'ਚ ਖੜ੍ਹਨ ਤਾਂ ਨਹੀਂ ਲੱਗਣਗੇ ਜਾਮ : ਚੇਅਰਮੈਨ/ਕੋਆਰਡੀਨੇਟਰ



ਭੋਗਪੁਰ, 25 ਅਪ੍ਰੈਲ (ਸੈਣੀ ਜੰਡੀਰ): ਆਮ ਆਦਮੀ ਪਾਰਟੀ ਦੇ ਚੇਅਰਮੈਨ ਬਰਕਤ ਰਾਮ ਤੇ ਕੋਆਰਡੀਨੇਟਰ ਬੂਟਾ ਸਿੰਘ ਟੀਟੂ ਅਤੇ ਉਹਨਾਂ ਦੀ ਟੀਮ ਨੇ ਗੁਰਪਾਲ ਸਿੰਘ ਪਾਲਾ ਚੇਅਰਮੈਨ ਆਮ ਆਦਮੀ ਪਾਰਟੀ ਜੋ ਕਿ ਕੈਬਨਿਟ ਮੰਤਰੀ ਬਲਕਾਰ ਸਿੰਘ ਦੇ ਨਜ਼ਦੀਕੀ ਹਨ, ਨਾਲ ਇੱਕ ਖਾਸ ਮੀਟਿੰਗ ਕੀਤੀ ਗਈ। ਭੋਗਪੁਰ ਦੇ ਗੰਭੀਰ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਭੋਗਪੁਰ ਸ਼ਹਿਰ ਵਿੱਚ ਰਹਿਣ ਵਾਲੇ ਲੋਕਾਂ ਦੀਆਂ ਜੋ ਕੇ ਪਿਛਲੇ 20 ਸਾਲਾਂ ਤੋਂ ਸਿਰਫ ਦੋ ਮੰਗਾਂ ਚੱਲੀਆਂ ਆਉਂਦੀਆਂ ਹਨ। ਜਦ ਕਿ ਦੋਨੋਂ ਮੰਗਾਂ ਕੋਈ ਵੀ ਮਾਇਨਾ ਨਹੀਂ ਰੱਖਦੀਆਂ, ਇੱਕ ਗੰਦੇ ਪਾਣੀ ਦਾ ਨਿਕਾਸ ਕੀਤਾ ਜਾਵੇ ਅਤੇ ਦੂਸਰੀ ਮੰਗ ਭੋਗਪੁਰ ਦੀ ਟਰੈਫਿਕ ਵੱਲ ਧਿਆਨ ਦਿੱਤਾ ਜਾਵੇ। ਦੋਨੋਂ ਮੰਗਾਂ ਦੀ ਜ਼ਰੂਰਤ ਨਹੀਂ ਬਣਦੀ ਪ੍ਰਸ਼ਾਸਨ ਦਾ ਖ਼ੁਦ ਆਪਣਾ ਫਰਜ਼ ਬਣਦਾ ਹੈ। ਅਧਿਕਾਰੀ ਇੱਕ ਪਾਸੇ ਤਾਂ ਆਖ ਰਹੇ ਹਨ ਕਿ ਸਾਨੂੰ 73 ਕਰੋੜ ਰੁਪਈਆ ਭੋਗਪੁਰ ਦੇ ਗੰਦੇ ਪਾਣੀ ਦੇ ਨਿਕਾਸ ਵਾਸਤੇ ਮਿਲਿਆ ਹੈ ਤੇ ਦੂਸਰੇ ਪਾਸੇ ਲੋਕੀ 20 ਸਾਲ ਤੋਂ ਗੰਦੇ ਪਾਣੀ ਰੋਕਣ ਦੀ ਮੰਗ ਕਰਦੇ ਕੁਝ ਤਾਂ ਮਰ ਮੁੱਕ ਗਏ ਹਨ ਕੁਝ ਮਕਾਨ ਛੱਡ ਕੇ ਕਿਤੇ ਹੋਰ ਚਲੇ ਗਏ ਹਨ ਪਰ ਗੰਦੇ ਪਾਣੀ ਦੇ ਨਿਕਾਸ ਨਹੀਂ ਹੋਏ। ਸੀਵਰੇਜ ਪਾਉਣ ਦੇ ਕੰਮ ਸ਼ੁਰੂ ਕਰਕੇ ਲੋਕਾਂ ਨੂੰ ਲਾਲੀਪੋਪ ਦੇ ਦਿੱਤੇ ਜਾਂਦੇ ਹਨ। ਜੇ ਕੰਮ ਸ਼ੁਰੂ ਕੀਤੇ ਹੋਏ ਪੂਰੇ ਨਹੀਂ ਹੁੰਦੇ ਤੇ ਲੋਕਾਂ ਦੀਆਂ ਆਸਾਂ ਸੁਪਨੇ ਬਣ ਕੇ ਰਹਿ ਜਾਂਦੀਆਂ ਹਨ। ਭੋਗਪੁਰ ਦੇ ਬੱਸ ਅੱਡੇ ਦੇ ਸਬੰਧ ਵਿੱਚ ਗੱਲਬਾਤ ਕੀਤੀ ਗਈ ਚੇਅਰਮੈਨ ਤੇ ਕੋਆਰਡੀਨੇਟਰ ਬੂਟਾ ਸਿੰਘ ਨੇ ਕਿਹਾ ਕਿ ਕਰੋੜਾਂ ਰੁਪਏ ਖਰਚ ਕਰਕੇ ਭੋਗਪੁਰ ਦਾ ਬੱਸ ਅੱਡਾ ਬਣਾਇਆ ਗਿਆ ਸੀ। ਕੁਝ ਲੋਕਾਂ ਨੇ ਆਪਣੇ ਸਵਾਰਥ ਲਈ ਬੱਸ ਅੱਡਾ ਸ਼ੁਰੂ ਨਹੀਂ ਹੋਣ ਦਿੱਤਾ। ਅਗਰ ਬੱਸਾਂ ਬੱਸ ਅੱਡੇ ਵਿਚ ਰੁਕਿਆ ਕਰਨ ਤਾਂ ਮੇਨ ਹਾਈਵੇ 'ਤੇ ਕਦੀ ਜਾਮ ਨਹੀਂ ਲੱਗਣਗੇ। ਜੀਟੀ ਰੋਡ 'ਤੇ ਬੱਸਾਂ ਖਲੌਂਦੀਆਂ ਹਨ ਇਸੇ ਕਰਕੇ ਮੇਨ ਹਾਈਵੇ 'ਤੇ ਦੋ ਦੋ ਘੰਟੇ ਜਾਮ ਲੱਗੇ ਰਹਿੰਦੇ ਹਨ। ਚੇਅਰਮੈਨ ਪਾਲਾ ਨੇ ਵਿਸ਼ਵਾਸ਼ ਦਿਵਾਇਆ ਕਿ ਉਹ ਮੰਤਰੀ ਸਾਹਿਬ ਨਾਲ ਗੱਲਬਾਤ ਕਰਕੇ ਭੋਗਪੁਰ ਦੇ ਗੰਭੀਰ ਮਸਲੇ ਜਲਦ ਹੱਲ ਕਰਨਗੇ। ਇਸ ਮੌਕੇ 'ਤੇ ਗੁਰਪਾਲ ਸਿੰਘ ਪਾਲਾ ਚੇਅਰਮੈਨ ਆਮ ਆਦਮੀ ਪਾਰਟੀ, ਬਰਕਤ ਰਾਮ ਚੇਅਰਮੈਨ, ਬੂਟਾ ਸਿੰਘ ਟੀਟੂ ਕੋਆਰਡੀਨੇਟਰ, ਸੁਨੀਲ ਸ਼ਰਮਾ, ਅਮਰਜੀਤ ਸਿੰਘ ਸੈਣੀ ਸੈਕਟਰੀ ਆਦਿ ਹਾਜ਼ਰ ਸਨ।

## ਪਹਿਲਗਾਮ 'ਚ ਹੋਏ ਆਤੰਕਵਾਦੀ ਹਮਲੇ ਦੀ ਸ਼ਿਵ ਸੈਨਾ ਜ਼ਿਲ੍ਹਾ ਪ੍ਰਧਾਨ ਸੰਦੀਪ ਲੂੰਬਾ ਨੇ ਕੀਤੀ ਸਖਤ ਸ਼ਬਦਾਂ 'ਚ ਨਿੰਦਾ




ਜੈਤੋ, 25 ਅਪ੍ਰੈਲ (ਸੰਜੀਵ ਗੋਇਲ/ ਵਿਪਨਗੋਇਲ): ਸ਼ਿਵ ਸੈਨਾ ਊਧਵ ਬਾਲਾ ਸਾਹਿਬ ਠਾਕਰੇ ਗਰੁੱਪ ਦੇ ਜ਼ਿਲ੍ਹਾ ਪ੍ਰਧਾਨ ਸੰਦੀਪ ਲੂੰਬਾ ਨੇ ਬੀਤੇ ਦਿਨੀਂ ਜੰਮੂ ਕਸ਼ਮੀਰ ਦੇ ਪਹਿਲਗਾਮ ਇਲਾਕੇ ਵਿੱਚ 28 ਦੇ ਕਰੀਬ ਹਿੰਦੂਆਂ ਨੂੰ ਚੁਣ ਚੁਣ ਕੇ ਆਤੰਕਵਾਦੀਆਂ ਵੱਲੋਂ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਨਿਹੱਥੇ ਬੇਕਸੂਰ ਲੋਕ ਜਿਹੜੇ ਕੁਝ ਦਿਨਾਂ ਲਈ ਕਸ਼ਮੀਰ ਘੁੰਮਣ ਗਏ ਸੀ, ਉਹਨਾਂ ਦੇ ਘਰਾਂ ਵਿੱਚ ਕੀਰਨੇ ਪਵਾ ਦਿੱਤੇ। ਸੰਦੀਪ ਲੂੰਬਾ ਤੇ ਸਾਥੀਆਂ ਵੱਲੋਂ ਪੰਜਾਬ ਸਰਕਾਰ ਅਤੇ ਸੈਂਟਰ ਸਰਕਾਰ ਨੂੰ ਇਹ ਬੇਨਤੀ ਅਤੇ ਅਪੀਲ ਕੀਤੀ ਕਿ ਇਹਨਾਂ ਆਤੰਕਵਾਦੀਆਂ ਦਰਿੰਦਿਆਂ ਨੂੰ ਜਲਦ ਤੋਂ ਜਲਦ ਧਰ ਪਕੜ ਕਰਕੇ ਫਾਂਸੀ ਦੀ ਸਜ਼ਾ ਦਿੱਤੀ ਜਾਵੇ ਅਤੇ ਜਿਹੜੇ ਵਿਚਾਰੇ ਨਿਹੱਥੇ ਲੋਕ ਬੇ ਮਤਲਬ ਹੀ ਮਾਰੇ ਗਏ ਉਹਨਾਂ ਦੇ ਪਰਿਵਾਰਾਂ ਦੇ ਵਿੱਚੋਂ ਇੱਕ ਇੱਕ ਪਰਿਵਾਰ ਨੂੰ ਸਰਕਾਰ ਦੇਵੇ ਨੌਕਰੀ ਜਾਂ ਇੱਕ ਇੱਕ ਕਰੋੜ ਰੁਪਏ ਦੀ ਮਾਲੀ ਸਹਾਇਤਾ ਦੇਵੇ ਸਰਕਾਰ ਇਹ ਪਹਿਲਗਾਮ ਕਤਲ ਕਾਂਡ ਭੁੱਲਣ ਯੋਗ ਨਹੀਂ ਹੈ। ਇਹ ਪਾਕਿਸਤਾਨ ਦੇ ਇੱਕ ਹਿੱਸੇ ਵਿੱਚ ਬੈਠ ਕੇ ਸੋਚੀ ਸਮਝੀ ਸਾਜਿਸ਼ ਤਹਿਤ ਪਲੈਨ ਕਰਕੇ ਕਤਲੇਆਮ ਕੀਤਾ ਗਿਆ ਹੈ, ਠੀਕ ਹੈ ਫੌਜ ਨੇ ਇਕ ਆਤੰਕਵਾਦੀ ਦੇ ਘਰ ਨੂੰ ਬੰਬ ਨਾਲ ਉਡਾ ਦਿੱਤਾ ਤੇ ਦੂਸਰੇ ਦੇ ਘਰ ਉੱਪਰ ਬੁਲਡੋਜ਼ਰ ਚੱਲਿਆ ਹੈ ਲੇਕਿਨ ਇਹ ਕਾਫੀ ਨਹੀਂ ਜਲਦ ਤੋਂ ਜਲਦ ਇਨ੍ਹਾਂ ਖੂੰਖਾਰ ਆਤੰਕਵਾਦੀਆਂ ਨੂੰ ਫੜ ਕੇ ਫਾਂਸੀ ਦੀ ਸਜ਼ਾ ਦੇਵੇ ਸਰਕਾਰ। ਸੰਦੀਪ ਲੂੰਬਾ ਅਤੇ ਜੈਤੋ ਸ਼ਹਿਰ ਦੇ ਅਲੱਗ ਅਲੱਗ ਧਾਰਮਿਕ ਅਤੇ ਰਾਜਨੀਤਿਕ ਪਾਰਟੀਆਂ ਦੇ ਲੋਕਾਂ ਨੇ ਪੂਰੇ ਸ਼ਹਿਰ ਵਿੱਚ ਰੋਸ ਪ੍ਰਦਰਸ਼ਨ ਕੀਤਾ। ਜਿਸ ਵਿੱਚ ਸੰਦੀਪ ਟੋਨੀ ਸ਼ਰਮਾ, ਵਿਜੇ ਕ੍ਰਿਸ਼ਨ ਸੂਰੀ, ਸ਼ਾਮ ਲਾਲ ਗੋਇਲ, ਸੁਨੀਲ ਕੁਮਾਰ ਮਹੇਸ਼ ਕੁਮਾਰ, ਸਤੀਸ਼ ਕੁਮਾਰ ਭੀਰੀ ਨਿੰਦੀ ਸ਼ਰਮਾ , ਮਾਨਕ ਸ਼ਾਹ ਮਨ ਮੰਨੂ ਗੋਇਲ, ਭੂਸ਼ਣ ਰੋਮਾਣਾ ਆਦੀ ਹਾਜ਼ਰ ਰਹੇ । ਜੈਤੋ ਦੇ ਵਿਧਾਇਕ ਅਮੋਲਕ ਸਿੰਘ ਵੀ ਇੱਥੇ ਆਪਣੀ ਪਾਰਟੀ ਦੇ ਅਹੁਦੇਦਾਰਾਂ ਨਾਲ ਪਹੁੰਚੇ ਤੇ ਇਸ ਗੈਰ ਨਾਲ ਆਤੰਕਵਾਦੀ ਹਮਲੇ ਦੇ ਖਿਲਾਫ ਪੂਰੇ ਬਾਜ਼ਾਰ ਵਿੱਚ ਰੋਸ ਪ੍ਰਦਰਸ਼ਨ ਵਿੱਚ ਵੀ ਨਾਲ ਸਾਥ ਦਿੱਤਾ।

## ਪਹਿਲਗਾਮ 'ਚ ਅੱਤਵਾਦੀ ਹਮਲੇ ਨਾਲ ਬੇ-ਗੁਨਾਹਾਂ ਨੂੰ ਮੌਤ ਦੇ ਘਾਟ ਉਤਾਰਨਾ ਮੰਦਭਾਗਾ : ਭਾਕਿਯੂ ਬਹਿਰਾਮਕੇ



ਕੋਟ ਈਸੇ ਖਾਂ, 25 ਅਪ੍ਰੈਲ (ਗਾਂਧੀ/ ਗੁਰਦੇਵ ਖੁਰਾਣਾ): ਕਿਸਾਨ ਮਜ਼ਦੂਰ ਮੋਰਚੇ ਦੇ ਆਗੂ ਬਲਵੰਤ ਸਿੰਘ ਬਹਿਰਾਮਕੇ ਸੂਬਾ ਪ੍ਰਧਾਨ ਬੀਕੇਯੂ ਬਹਿਰਾਮਕੇ ਨੇ ਇੱਕ ਪ੍ਰੈਸ ਬਿਆਨ ਰਾਹੀਂ ਕਿਹਾ ਕਿ ਪਿਛਲੇ ਦਿਨੀਂ ਕਸ਼ਮੀਰ ਦੇ ਪਹਿਲਗਾਮ 'ਚ ਘੁੰਮਣ ਫਿਰਨ ਗਏ ਲੋਕਾਂ ਦੇ ਉਪਰ ਖੂੰਖਾਰ ਅੱਤਵਾਦੀਆਂ ਵਲੋਂ ਗੋਲੀਆਂ ਚਲਾ ਕੇ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦੇਣਾ ਬਹੁਤ ਹੀ ਮੰਦਭਾਗਾ ਤੇ ਨਿੰਦਣਯੋਗ ਹੈ। ਉਹਨਾਂ ਕਿਹਾ ਕਿ ਕੋਈ ਵਿਅਕਤੀ ਨੇ ਕਿਸੇ ਵੀ ਤਰ੍ਹਾਂ ਦਾ ਗੁਨਾਹ ਕੀਤਾ ਹੋਵੇ ਤਾਂ ਦੇਸ਼ 'ਚ ਨਿਆਂ ਪ੍ਰਣਾਲੀ ਤੋਂ ਉਸ ਵਿਅਕਤੀ ਨੂੰ ਸਜ਼ਾ ਦਿੱਤੀ ਜਾਂਦੀ ਹੈ। ਪਰ ਜਦੋਂ ਕਿਸੇ ਬੇਗੁਨਾਹ ਲੋਕਾਂ ਦੇ ਉਪਰ ਅੰਨੇਵਾਹ ਗੋਲੀਆਂ ਚਲਾ ਕੇ ਮੌਤ ਦੇ ਘਾਟ ਉਤਾਰ ਦੇਣਾ ਕੋਈ ਬਹਾਦਰੀ ਨਹੀਂ। ਬਹੁਤ ਸਾਰੀਆਂ ਮਾਵਾਂ ਦੇ ਪੁੱਤਰ, ਪਤਨੀਆਂ ਦੇ ਸੁਹਾਗ, ਧੀਆਂ, ਪੁੱਤਰਾਂ ਦੇ ਬਾਪ ਪ੍ਰੀਵਾਰਾਂ ਤੋਂ ਹਮੇਸ਼ਾ ਲਈ ਦੂਰ ਕਰ ਦਿੱਤੇ ਗਏ। ਸਾਡੇ ਦੇਸ਼ ਦੇ ਗ੍ਰਹਿ ਵਿਭਾਗ ਵੱਲੋਂ ਠੋਸ ਕਦਮ ਚੁੱਕੇ ਜਾਣ ਤਾਂ ਜੋ ਮਰਨ ਵਾਲੇ ਵਿਅਕਤੀਆਂ ਦੇ ਪ੍ਰੀਵਾਰਾਂ ਨੂੰ ਇਨਸਾਫ ਮਿਲ ਸਕੇ। ਅੰਤ ਵਿੱਚ ਬਹਿਰਾਮਕੇ ਤੇ ਉਹਨਾਂ ਦੇ ਸਾਥੀਆਂ ਨੇ ਮਰਨ ਵਾਲੇ ਵਿਅਕਤੀਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਮੌਕੇ ਬਾਜ ਸਿੰਘ ਸੰਗਲਾ, ਗੁਰਮੇਲ ਸਿੰਘ ਗਿੱਲ ਸਹਿਰੀ ਪ੍ਰਧਾਨ, ਬਲਵੀਰ ਸਿੰਘ ਮਾਨ ਸੰਗਲਾ, ਜੀਤ ਸਿੰਘ ਅਮੀਵਾਲਾ, ਜਗਤਾਰ ਸਿੰਘ ਭੋਇਪੁਰ, ਜਸਬੀਰ ਸਿੰਘ, ਨਿਰਮਲ ਸਿੰਘ, ਬਲਦੇਵ ਸਿੰਘ ਭੋਇੰਪੁਰ, ਮਹਿੰਦਰ ਸਿੰਘ ਜਥੇਦਾਰ, ਰਾਜੂ ਕਲੇਰ, ਸੁਖਵਿੰਦਰ ਸਿੰਘ ਮਸੀਤਾ ਆਦਿ ਕਿਸਾਨ ਆਗੂ ਤੇ ਵਰਕਰ ਹਾਜ਼ਰ ਸਨ।

## ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਮਿਸ਼ਨ ਆਗਾਜ਼ ਤਹਿਤ ਮੁਫ਼ਤ ਕੰਪਿਊਟਰ ਸਿਖਲਾਈ ਦੇ ਨੌਵੇਂ ਬੈਚ ਲਈ ਰਜਿਸਟ੍ਰੇਸ਼ਨ ਸ਼ੁਰੂ

ਫ਼ਿਰੋਜ਼ਪੁਰ, 25 ਅਪ੍ਰੈਲ (ਤਿਵਾੜੀ): ਜ਼ਿਲ੍ਹਾ ਬਿਊਰੋ ਆਫ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ, ਫ਼ਿਰੋਜ਼ਪੁਰ ਮਿਸ਼ਨ ਅਗਾਜ਼ ਅਧੀਨ ਦਫ਼ਤਰ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਖੇ ਮੌਜੂਦ ਕੰਪਿਊਟਰ ਲੈਬ ਵਿੱਚ ਜ਼ਿਲ੍ਹੇ ਦੇ ਲੋੜਵੰਦ ਤੇ ਇਛੁੱਕ ਲੜਕੇ-ਲੜਕੀਆਂ ਲਈ ਬਿਲਕੁਲ ਮੁਫ਼ਤ ਕੰਪਿਊਟਰ ਕੋਰਸ ਦਾ ਨੌਵਾਂ ਬੈਚ ਜਲਦ ਸ਼ੁਰੂ ਕੀਤਾ ਜਾਣਾ ਹੈ। ਇਸ ਬੈਚ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ ਅਤੇ ਜੋ ਪ੍ਰਾਰਥੀ ਰਜਿਸਟ੍ਰੇਸ਼ਨ ਤੋਂ ਰਹਿ ਗਏ ਹਨ ਅਤੇ ਮੁਫ਼ਤ ਕੰਪਿਊਟਰ ਕੋਰਸ ਲਈ ਚਾਹਵਾਨ ਹਨ, ਉਹ 30 ਅਪ੍ਰੈਲ 2025 ਤੱਕ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਫ਼ਿਰੋਜ਼ਪੁਰ ਵਿਖੇ ਪਹੁੰਚ ਕੇ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਇਸ ਸਬੰਧੀ ਜ਼ਿਲ੍ਹਾ ਰੋਜ਼ਗਾਰ ਉਤਪਤੀ ਹੁਨਰ ਵਿਕਾਸ ਅਤੇ ਸਿਖਲਾਈ ਅਫਸਰ ਦਿਲਬਾਗ ਸਿੰਘ ਨੇ ਵਧੇਰੇ ਜਾਣਕਾਰੀ ਦਿੰਦੇ ਦੱਸਿਆ ਕਿ ਇਹ ਕੋਰਸ 2 ਮਹੀਨਿਆਂ ਲਈ ਚਲਾਇਆ ਜਾਵੇਗਾ। ਜਿਸ ਦਾ ਮੁੱਖ ਮੰਤਵ ਨੌਜਵਾਨਾਂ ਨੂੰ ਕੰਪਿਊਟਰ ਦੀ ਮੁੱਢਲੀ ਜਾਣਕਾਰੀ ਦੇਣ ਦੇ ਨਾਲ-ਨਾਲ ਭਵਿੱਖ ਵਿੱਚ ਆਉਣ ਵਾਲੀ ਭਰਤੀ ਦੇ ਕਾਬਲ ਬਣਾਉਣਾ ਹੈ। ਕੋਰਸ ਦੌਰਾਨ ਪ੍ਰਾਰਥੀਆਂ ਨੂੰ ਬੇਸਿਕ ਕੰਪਿਊਟਰ, ਡਿਜੀਟਲ ਲਿਟਰੇਸੀ, ਪਰਸਨੈਲਟੀ ਡਿਵੈਲਪਮੈਂਟ, ਇੰਟਰਵਿਊ ਸਕਿੱਲਜ਼ ਅਤੇ ਹੁਨਰ ਨੂੰ ਨਿਖਾਰਣ ਲਈ ਲੋੜੀਂਦੀ ਸਿੱਖਿਆ ਦਿੱਤੀ ਜਾਵੇਗੀ। ਟ੍ਰੇਨਿੰਗ ਉਪਰੰਤ ਪ੍ਰਾਰਥੀਆਂ ਨੂੰ ਭਾਗ ਲੈਣ ਸਬੰਧੀ ਸਰਟੀਫਿਕੇਟ ਦਿੱਤਾ ਜਾਵੇਗਾ। ਇਸ ਟ੍ਰੇਨਿੰਗ ਲਈ ਘੱਟੋ-ਘੱਟ ਬਾਰਵ੍ਹੀਂ ਪਾਸ 18 ਤੋਂ 35 ਸਾਲ ਦੇ ਪ੍ਰਾਰਥੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ, ਜਿਨ੍ਹਾਂ ਵਿੱਚੋਂ ਪੜ੍ਹਾਈ ਦੀ ਪ੍ਰਤੀਸ਼ਤ ਅਤੇ ਉਮਰ ਦੀ ਸੀਨੀਆਰਤਾ ਦੇ ਆਧਾਰ 'ਤੇ ਪਹਿਲੇ 30 ਉਮੀਦਵਾਰਾਂ ਨੂੰ ਚੁਣ ਲਿਆ ਜਾਵੇਗਾ। ਰਜਿਸ਼ਟ੍ਰੇਸ਼ਨ ਲਈ ਆਉਂਦੇ ਸਮੇਂ ਉਮੀਦਵਾਰ ਯੋਗਤਾ ਸਰਟੀਫਿਕੇਟ (ਦਸਵੀਂ/ਬਾਰਵ੍ਹੀਂ ਆਦਿ), ਆਧਾਰ ਕਾਰਡ ਆਦਿ ਸੰਪੂਰਨ ਦਸਤਾਵੇਜ਼ ਅਤੇ ਉਹਨਾਂ ਦੀਆਂ ਫੋਟੋ ਕਾਪੀਆਂ ਨਾਲ ਲੈ ਕੇ ਆਉਣ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਫ਼ਿਰੋਜ਼ਪੁਰ ਵੱਲੋਂ ਇਹ ਨਿਵੇਕਲਾ ਉਪਰਾਲਾ ਕੀਤਾ ਗਿਆ ਤਾਂ ਜੋ ਸਰਕਾਰ ਵੱਲੋਂ ਸਥਾਪਿਤ ਬੁਨਿਆਦੀ ਢਾਂਚੇ ਅਤੇ ਸਹੂਲਤਾਂ ਨੂੰ ਲੋੜਵੰਦ ਪ੍ਰਾਰਥੀਆਂ ਦੀ ਭਲਾਈ ਲਈ ਲਾਹੇਵੰਦ ਬਣਾਇਆ ਜਾ ਸਕੇ। ਬਿਊਰੋ ਵਿੱਚ ਸਥਾਪਤ ਕੰਪਿਊਟਰ ਲੈਬ/ਲਾਇਬ੍ਰੇਰੀ ਵਿੱਚ ਇਹ ਬੈਚ ਚਲਾਇਆ ਜਾਵੇਗਾ।

## ਸ਼ਹਿਰਾਂ/ਕਸਬਿਆਂ ਤੇ ਪਿੰਡਾਂ ਦੀਆਂ ਸੜਕਾਂ ਦੇ ਕਿਨਾਰੇ ਗਾਵਾਂ/ਮੱਝਾਂ/ਭੇਡਾਂ/ਬੱਕਰੀਆਂ ਚਰਾਉਣ 'ਤੇ ਪੂਰਨ ਪਾਬੰਦੀ

ਫਤਹਿਗੜ੍ਹ ਸਾਹਿਬ, 25 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ): ਜ਼ਿਲ੍ਹਾ ਮੈਜਿਸਟਰੇਟ ਡਾ: ਸੋਨਾ ਥਿੰਦ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਗੁੱਜਰ/ਚਰਵਾਹੇ/ ਆਮ ਵਿਅਕਤੀਆਂ ਵੱਲੋਂ ਭਾਰੀ ਮਾਤਰਾਂ ਵਿੱਚ ਗਾਵਾਂ/ਮੱਝਾਂ/ ਭੇਡਾਂ/ਬੱਕਰੀਆਂ ਆਦਿ ਨੂੰ



ਜ਼ਿਲ੍ਹਾ ਫਤਹਿਗੜ੍ਹ ਸਾਹਿਬ ਦੇ ਸ਼ਹਿਰਾਂ/ ਕਸਬਿਆਂ ਤੇ ਪਿੰਡਾਂ ਦੀਆਂ ਸੜਕਾਂ ਦੇ ਕਿਨਾਰੇ ਚਰਾਉਣ 'ਤੇ ਪੂਰਨ ਪਾਬੰਦੀ ਲਗਾਉਣ ਦਾ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਕਿਹਾ ਕਿ ਗੁੱਜਰ/ਚਰਵਾਹੇ ਭਾਰੀ ਮਾਤਰਾ ਵਿੱਚ ਗਾਵਾਂ/ਮੱਝਾਂ/ਭੇਡਾਂ/ ਬੱਕਰੀਆਂ ਆਦਿ ਲੈ ਕੇ ਸ਼ਹਿਰਾਂ/ ਕਸਬਿਆਂ ਤੇ ਪਿੰਡਾਂ ਵਿੱਚ ਘੁੰਮਦੇ/ਫਿਰਦੇ ਹਨ, ਜੋ ਕਿ ਲੋਕਾਂ ਦੀਆਂ ਫਸਲਾਂ ਅਤੇ ਸੜਕ ਕਿਨਾਰੇ ਲਗਾਏ ਗਏ ਬੂਟਿਆਂ ਨੂੰ ਨੁਕਸਾਨ ਪਹੁੰਚਾਉਂਦੇ ਹਨ। ਇਹ ਬੂਟੇ ਸਰਕਾਰ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਵੱਖ ਵੱਖ ਯੋਜਨਾਵਾਂ ਤਹਿਤ ਲਗਾਏ ਜਾਂਦੇ ਹਨ, ਜੋ ਸ਼ਹਿਰਾਂ ਅਤੇ ਪਿੰਡਾਂ ਦੀ ਆਲੇ ਦੁਆਲੇ ਦੀ ਦਿੱਖ ਨੂੰ ਸਾਫ ਸੁਥਰਾ ਤੇ ਸੁੰਦਰ ਬਣਾਉਂਦੇ ਹਨ ਅਤੇ ਵਾਤਾਵਰਣ ਨੂੰ ਵੀ ਹਰਾ ਭਰਾ ਬਣਾਈ ਰੱਖਦੇ ਹਨ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਹੁਕਮਾਂ ਵਿੱਚ ਕਿਹਾ ਗਿਆ ਹੈ ਕਿ ਇਹਨਾਂ ਪਸ਼ੂਆਂ ਨੂੰ ਸੜਕਾਂ 'ਤੇ ਚਰਾਉਣ ਸਮੇਂ ਜਿੱਥੇ ਸ਼ਹਿਰਾਂ/ਪਿੰਡਾਂ ਦੀ ਸੁੰਦਰਤਾ ਖਰਾਬ ਹੁੰਦੀ ਹੈ, ਉਥੇ ਆਮ ਜਨਤਾ ਨੂੰ ਵੀ ਕਾਫੀ ਮੁਸ਼ਕਲਾਂ ਪੇਸ਼ ਆਉਂਦੀਆਂ ਹਨ ਕਿਉਂ ਜੋ ਇਹਨਾਂ ਪਸ਼ੂਆਂ ਦੇ ਸੜਕਾਂ ਉਤੇ ਘੁੰਮਣ ਨਾਲ ਕਈ ਤਰ੍ਹਾਂ ਦੀਆਂ ਦੁਰਘਟਨਾਵਾਂ ਵਾਪਰਦੀਆਂ ਹਨ, ਜਿਸ ਨਾਲ ਕਈ ਵਾਰ ਜਾਨੀ ਅਤੇ ਮਾਲੀ ਨੁਕਸਾਨ ਵੀ ਹੁੰਦਾ ਹੈ।

## ਖ਼ਾਲਸਾ ਕਾਲਜ ਦੇ ਸਟਾਫ਼ ਨੇ ਪਹਿਲਗਾਮ ਅੱਤਵਾਦੀ ਹਮਲੇ ਦੇ ਮ੍ਰਿਤਕਾਂ ਨੂੰ ਦਿੱਤੀ ਸ਼ਰਧਾਂਜਲੀ



ਸ੍ਰੀ ਅਨੰਦਪੁਰ ਸਾਹਿਬ, 25 ਅਪ੍ਰੈਲ (ਤਰਲੋਚਨ ਸਿੰਘ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਸਥਾਨਕ ਸ਼੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਦੇ ਸਮੁੱਚੇ ਸਟਾਫ ਨੇ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਖੇ ਅੱਤਵਾਦੀ ਹਮਲੇ ਦੌਰਾਨ ਮਾਰੇ ਗਏ ਸੈਲਾਨੀਆਂ ਨੂੰ ਸ਼ਰਧਾਂਜਲੀ ਦੇਣ ਲਈ ਮੋਨ ਰੱਖਿਆ ਤੇ ਇਸ ਮੰਦਭਾਗੀ ਘਟਨਾ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਕਾਲਜ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਕਿਹਾ ਕਿ ਦੇਸ਼ ਅੰਦਰ ਵਾਪਰੀ ਮੰਦਭਾਗੀ ਘਟਨਾ ਨੇ ਸਮੁੱਚੇ ਦੇਸ਼ ਵਾਸੀਆਂ ਦੇ ਮਨਾਂ 'ਤੇ ਗਹਿਰੀ ਸੱਟ ਮਾਰੀ ਹੈ। ਉਨ੍ਹਾਂ ਕਿਹਾ ਕਿ ਸਮੁੱਚਾ ਦੇਸ਼ ਇਸ ਅੱਤਵਾਦੀ ਹਮਲੇ 'ਚ ਮਾਰੇ ਗਏ ਨਿਰਦੋਸ਼ ਲੋਕਾਂ ਦੇ ਪਰਿਵਾਰਾਂ ਨਾਲ ਖੜ੍ਹਾ ਹੈ। ਉਨ੍ਹਾਂ ਆਖਿਆ ਕਿ ਮਾਨਵਤਾ 'ਚ ਯਕੀਨ ਰੱਖਣ ਵਾਲੇ ਹਰ ਇਨਸਾਨ ਵੱਲੋਂ ਇਸ ਘਟਨਾ ਦੀ ਨਿਖੇਧੀ ਕੀਤੀ ਜਾ ਰਹੀ ਹੈ। ਉਨ੍ਹਾਂ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਮੰਗ ਕੀਤੀ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਭੰਗ ਕਰਨ ਵਾਲੀਆਂ, ਆਮ ਨਿਰਦੋਸ਼ ਨਾਗਰਿਕਾਂ ਨੂੰ ਸ਼ਿਕਾਰ ਬਣਾਉਣ ਵਾਲੀਆਂ ਵਿਨਾਸ਼ਕਾਰੀ ਤਾਕਤਾਂ ਖਿਲਾਫ ਸਰਕਾਰਾਂ ਸਖਤ ਕਾਰਵਾਈ ਕਰਕੇ ਪੂਰੀ ਦੁਨੀਆਂ ਨੂੰ ਜਲਦ ਇੱਕ ਸਖਤ ਸੁਨੇਹਾ ਦੇਵੇ ਤਾਂ ਜੋ ਕੋਈ ਵੀ ਸਾਡੇ ਦੇਸ਼ ਤੇ ਦੇਸ਼ ਦੇ ਨਾਗਰਿਕਾਂ ਵੱਲ ਬੁਰੀ ਨਜ਼ਰ ਨਾਲ ਨਾ ਦੇਖ ਸਕੇ। ਇਸ ਮੌਕੇ ਕਾਲਜ ਦਾ ਸਮੁੱਚਾ ਸਟਾਫ ਤੇ ਵਿਦਿਆਰਥੀ ਮੌਜੂਦ ਸਨ।

# ਅਫਗਾਨਿਸਤਾਨ ਤੋਂ ਆਉਣ ਵਾਲੇ ਮੇਵੇ ਤੇ ਡਰਾਈ ਫਰੂਟ 'ਤੇ ਵਪਾਰ ਪ੍ਰਭਾਵਿਤ ਕਰੇਗੀ ਅਟਾਰੀ ਚੈੱਕ ਪੋਸਟ

ਅੰਮ੍ਰਿਤਸਰ, 25 ਅਪ੍ਰੈਲ (ਚ.ਨ.ਸ): ਪਹਿਲਗਾਮ ਘਟਨਾ ਤੋਂ ਬਾਅਦ ਭਾਰਤ ਵੱਲੋਂ ਅਟਾਰੀ ਸਰਹੱਦ 'ਤੇ ਚੈੱਕ ਪੋਸਟ ਨੂੰ ਬੰਦ ਕਰਨ ਦੇ ਐਲਾਨ ਤੋਂ ਬਾਅਦ ਅਫਗਾਨਿਸਤਾਨ ਤੋਂ ਆਉਣ ਵਾਲੇ ਮੇਵੇ ਤੇ ਡਰਾਈ ਫਰੂਟ 'ਤੇ ਵੱਡਾ ਅਸਰ ਦੇਖਣ ਨੂੰ ਮਿਲੇਗਾ। ਜਿਥੇ ਪਾਕਿਸਤਾਨ ਰਸਤਿਓਂ ਭਾਰਤ-ਅਫਗਾਨਿਸਤਾਨ ਨਾਲ ਹੋਣ ਵਾਲਾ ਵਪਾਰ ਪ੍ਰਭਾਵਿਤ ਹੋਵੇਗਾ, ਉਸ ਨੂੰ ਸੋਚ ਕੇ ਵਪਾਰੀ ਭਾਈਚਾਰਾ ਵੀ ਦੁਖੀ ਹੈ। ਬੀਤੇ ਬੁੱਧਵਾਰ ਰਾਤ ਨੂੰ ਅਟਾਰੀ ਚੈੱਕ ਪੋਸਟ ਬੰਦ ਦੇ ਐਲਾਨ ਤੋਂ ਬਾਅਦ ਵੀਰਵਾਰ ਸਵੇਰੇ ਅਫਗਾਨਿਸਤਾਨ ਤੋਂ ਆਉਣ ਵਾਲੇ ਸਮਾਨ ਦੇ ਰੇਟਾਂ ਵਿੱਚ 10 ਪ੍ਰਤੀਸ਼ਤ ਦਾ ਮਾਰਕੀਟ ਵਿੱਚ ਵਾਧੇ ਨਾਲ ਫਰਕ ਵੀ ਦੇਖਣ ਨੂੰ ਮਿਲ ਗਿਆ। ਦੱਸਣਯੋਗ ਹੈ ਕਿ ਪੁਲਵਾਮਾ ਹਮਲੇ ਤੋਂ ਬਾਅਦ ਭਾਰਤ-ਪਾਕਿਸਤਾਨ ਦੋਵਾਂ ਦੇਸ਼ਾਂ ਵਿਚਕਾਰ ਤਣਾਅ ਵੱਧ ਗਿਆ, ਜਿਸ ਦਾ ਵਪਾਰ 'ਤੇ ਅਸਰ ਪਿਆ। ਜਿੱਥੇ 2017-18 ਅਤੇ 2018-19 ਵਿੱਚ ਲਗਪਗ 4000 ਕਰੋੜ ਰੁਪਏ ਦਾ ਵਪਾਰ ਹੋਇਆ ਸੀ, 2019-20 ਵਿੱਚ ਇਹ ਘੱਟ ਕੇ 2772 ਕਰੋੜ ਰੁਪਏ ਰਹਿ ਗਿਆ। 2020-21 ਵਿੱਚ ਇਹ ਘੱਟ ਕੇ 2639 ਕਰੋੜ ਰੁਪਏ ਰਹਿ ਗਿਆ। ਅਟਾਰੀ ਸਰਹੱਦ ਦੇਸ਼ ਦੀ ਪਹਿਲੀ ਜ਼ਮੀਨੀ ਬੰਦਰਗਾਹ ਹੈ ਜੋ ਪਾਕਿਸਤਾਨ ਤੇ ਅਫਗਾਨਿਸਤਾਨ ਨਾਲ ਵਪਾਰ ਲਈ ਅਨੁਕੂਲ ਰਸਤਾ ਹੈ। ਇਸ ਰਸਤੇ ਰਾਹੀਂ ਭਾਰਤ ਤੋਂ ਸਬਜ਼ੀਆਂ, ਮਿਰਚਾਂ, ਟਮਾਟਰ, ਪਲਾਸਟਿਕ ਦਾ ਧਾਗਾ ਆਯਾਤ ਕੀਤਾ ਜਾਂਦਾ ਸੀ, ਜਦਕਿ ਸੁੱਕੇ ਮੇਵੇ, ਡਰਾਈ ਫਰੂਟ, ਜਿਪਸਮ, ਕੱਚ, ਸੇਂਧਾ ਨਮਕ, ਜੜ੍ਹੀਆਂ-ਬੂਟੀਆਂ ਤੇ ਸੀਮਿੰਟ ਪਾਕਿਸਤਾਨ ਤੇ ਅਫਗਾਨਿਸਤਾਨ ਤੋਂ ਭਾਰਤ ਭੇਜਿਆ ਜਾਂਦਾ ਸੀ। ਸਰਹੱਦ ਬੰਦ ਹੋਣ ਕਾਰਨ ਅਟਾਰੀ-ਵਾਹਗਾ ਰੂਟ ਰਾਹੀਂ ਅਫਗਾਨਿਸਤਾਨ ਤੋਂ ਭਾਰਤ ਨੂੰ ਨਿਰਯਾਤ ਵੀ ਸੰਭਵ ਨਹੀਂ ਹੋਵੇਗਾ।

## ਖੇਤਾਂ 'ਚ ਅਚਾਨਕ ਅੱਗ ਲੱਗਣ ਕਾਰਨ ਸੈਂਕੜੇ ਏਕੜ ਨਾੜ ਸੜਿਆ

### ☛ਕੁੜੀ-ਮੁੰਡਾ ਝੁਲਸੇ, ਕੁੜੀ ਦੀ ਮੌਤ

ਫਿਰੋਜ਼ਪੁਰ, 25 ਅਪ੍ਰੈਲ (ਚ.ਨ.ਸ): ਫਿਰੋਜ਼ਪੁਰ-ਮੁਕਤਸਰ ਸਾਹਿਬ ਸੜਕ ਲਾਗੇ ਪਿੰਡ ਝੋਕ ਹਰੀਹਰ ਦੇ ਖੇਤਾਂ 'ਚ ਅਚਾਨਕ ਅੱਗ ਲੱਗਣ ਕਾਰਨ ਸੈਂਕੜੇ ਏਕੜ ਨਾੜ ਸੜ ਗਿਆ। ਪਿੰਡ ਝੋਕ ਹਰੀਹਰ ਦੇ ਖੇਤਾਂ 'ਚ ਲੱਗੀ ਅੱਗ ਥੋੜ੍ਹੇ ਸਮੇਂ 'ਚ ਹੀ ਪਿੰਡ ਨੂਰਪੁਰ ਸੇਠਾਂ ਦੇ ਖੇਤਾਂ ਤੋਂ ਪਿੰਡ ਬਜੀਦਪੁਰ ਦੇ ਰਕਬੇ 'ਚ ਦਾਖ਼ਲ ਹੋ ਗਈ। ਅੱਗ ਨੇ ਇੰਨਾ ਭਿਆਨਕ ਰੂਪ ਧਾਰਨ ਕੀਤਾ ਕਿ ਆਸ-ਪਾਸ ਕੁਝ ਦਿਖਾਈ ਨਹੀਂ ਦੇ ਰਿਹਾ ਸੀ। ਜਦੋਂ ਅੱਗ ਨੂਰਪੁਰ ਸੇਠਾਂ ਨਜ਼ਦੀਕ ਫਿਰੋਜ਼ਪੁਰ-ਫ਼ਰੀਦਕੋਟ ਸੜਕ ਦੇ ਨੇੜੇ ਪਹੁੰਚੀ ਤਾਂ ਫਿਰੋਜ਼ਪੁਰ ਤੋਂ ਫਰੀਦਕੋਟ ਵੱਲ ਜਾ ਰਹੇ ਮੋਟਰਸਾਈਕਲ ਸਵਾਰ ਲੜਕਾ ਤੇ ਲੜਕੀ ਇਸ ਭਿਆਨਕ ਅੱਗ ਦੀ ਲਪੇਟ 'ਚ ਆ ਗਏ। ਲੜਕਾ ਕਾਫੀ ਝੁਲਸ ਜਾਣ ਤੋਂ ਬਾਅਦ ਅੱਗ ਦੀ ਲਪੇਟ ਤੋਂ ਬਚਣ 'ਚ ਕਾਮਯਾਬ ਹੋ ਗਿਆ ਤੇ ਉਸ ਨੇ ਮਦਦ ਲਈ ਰੌਲਾ ਪਾਇਆ ਪਰ ਲੋਕਾਂ ਦੇ ਪਹੁੰਚਣ ਤੱਕ ਉਕਤ ਲੜਕੀ ਦੀ ਮੌਤ ਹੋ ਚੁੱਕੀ ਸੀ ਤੇ ਮੋਟਰਸਾਈਕਲ ਸੜ ਕੇ ਸੁਆਹ ਹੋ ਗਿਆ ਸੀ। ਫਾਇਰ ਬ੍ਰਿਗੇਡ ਨੂੰ ਕਈ ਵਾਰ ਸੂਚਿਤ ਕੀਤਾ ਗਿਆ ਪਰ ਕੋਈ ਨਹੀਂ ਬਹੁੜਿਆ।

# 'ਅੱਲ੍ਹਾ ਹੂ ਅਕਬਰ' ਦਾ ਨਾਅਰਾ ਲਗਾਉਣਾ ਵੀ ਕੰਮ ਨਾ ਆ ਸਕਿਆ, ਅੱਖਾਂ ਸਾਹਮਣੇ ਹੀ ਉਨ੍ਹਾਂ ਦੇ ਪਤੀਆਂ ਨੂੰ ਗੋਲ਼ੀ ਮਾਰੀ

ਨਵੀਂ ਦਿੱਲੀ, 25 ਅਪ੍ਰੈਲ (ਚ.ਨ.ਸ): ਜੰਮੂ-ਕਸ਼ਮੀਰ ਦੇ ਪਹਿਲਗਾਮ 'ਚ ਪਾਕਿਸਤਾਨ ਸਮਰਥਿਤ ਖ਼ੂਨ ਦੇ ਪਿਆਸੇ ਅੱਤਵਾਦੀਆਂ ਨੇ ਜਿਸ ਤਰ੍ਹਾਂ ਬੇਕਸੂਰ ਲੋਕਾਂ ਦਾ ਖ਼ੂਨ ਵਹਾਇਆ ਹੈ, ਉਸ ਦਾ ਹਿਸਾਬ-ਕਿਤਾਬ ਤਾਂ ਕਦੇ ਵੀ ਹੋ ਸਕਦਾ ਹੈ ਪਰ ਉਨ੍ਹਾਂ ਔਰਤਾਂ ਦਾ ਖਾਲੀ ਜੀਵਨ ਕਿਵੇਂ ਭਰੇਗਾ ਜਿਨ੍ਹਾਂ ਦੀ ਜ਼ਿੰਦਗੀ ਹੁਣ ਪੂਰੀ ਤਰ੍ਹਾਂ ਹਨੇਰੇ ਵਾਲੀ ਹੋ ਗਈ ਹੈ। ਉਨ੍ਹਾਂ ਮਾਵਾਂ ਦਾ ਕੀ ਹੋਵੇਗਾ, ਜਿਨ੍ਹਾਂ ਦੇ ਬੁਢਾਪੇ ਦੀ ਲਾਠੀ ਹੀ ਟੁੱਟ ਗਈ। ਉਨ੍ਹਾਂ ਬੱਚਿਆਂ ਦਾ ਕੀ ਹੋਵੇਗਾ, ਜਿਹੜੇ ਅਨਾਥ ਹੋ ਗਏ। ਖੌਫ਼ ਤੇ ਤਬਾਹੀ ਦਾ ਉਹ ਅਜਿਹਾ ਮੰਜ਼ਰ ਸੀ ਕਿ ਹਤਾਸ਼ਾ 'ਚ ਔਰਤਾਂ ਵੱਲੋਂ 'ਅੱਲ੍ਹਾ ਹੂ ਅਕਬਰ' ਦਾ ਨਾਅਰਾ ਲਗਾਉਣਾ ਵੀ ਕੰਮ ਨਾ ਆਇਆ। ਉਨ੍ਹਾਂ ਦੀਆਂ ਅੱਖਾਂ ਸਾਹਮਣੇ ਹੀ ਪਤੀਆਂ ਨੂੰ ਗੋਲ਼ੀਆਂ ਮਾਰ ਦਿੱਤੀਆਂ ਗਈਆਂ। ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ 'ਚ ਮਹਾਰਾਸ਼ਟਰ ਦੇ ਵੀ ਕਈ ਲੋਕ ਮਾਰੇ ਗਏ ਹਨ। ਭਾਜਪਾ ਯੁਵਾ ਮੋਰਚਾ ਦੇ ਰਾਸ਼ਟਰੀ ਪ੍ਰਧਾਨ ਤੇ ਸੰਸਦ ਮੈਂਬਰ ਤੇਜਸਵੀ ਸੂਰਿਆ ਨੇ ਪਹਿਲਗਾਮ ਅੱਤਵਾਦੀ ਹਮਲੇ 'ਚ ਪ੍ਰਭਾਵਿਤ ਪਰਿਵਾਰਾਂ ਦੀਆਂ ਦਿਲ ਨੂੰ ਛੂਹ ਲੈਣ ਵਾਲੀਆਂ ਗੱਲਾਂ ਕੀਤੀਆਂ ਹਨ। ਸੂਰਿਆ ਨੇ ਕਿਹਾ ਕਿ ਕਿਵੇਂ ਮੰਜੂਨਾਥ ਰਾਓ ਦੀ ਪਤਨੀ ਪੱਲਵੀ ਦੇ ਸਾਹਮਣੇ ਅੱਤਵਾਦੀਆਂ ਨੇ ਉਨ੍ਹਾਂ ਦੀ ਗੋਲ਼ੀ ਮਾਰ ਕੇ ਹੱਤਿਆ ਕਰ ਦਿੱਤੀ। ਆਪਣੇ ਪਤੀ ਦੀਆਂ ਯਾਦਾਂ ਨੂੰ 'ਸਾਂਭਣ ਲਈ ਉਨ੍ਹਾਂ ਦੀ ਖ਼ੂਨ ਨਾਲ ਲਥਪਥ ਜੈਕੇਟ ਨੂੰ ਪੱਲਵੀ ਨੇ ਆਪਣੇ ਕੋਲ ਰੱਖ ਲਿਆ ਹੈ। ਇਸੇ ਤਰ੍ਹਾਂ ਉਨ੍ਹਾਂ ਨੇ ਇਕ ਹੋਰ ਪੀੜਤ ਭਾਰਤ ਭੂਸ਼ਨ ਦੇ ਤਿੰਨ ਸਾਲਾ ਬੇਟੇ ਨਾਲ ਜੁੜੀਆਂ ਭਾਵਨਾਤਮਕ ਗੱਲਾਂ ਵੀ ਸਾਂਝੀਆਂ ਕੀਤੀਆਂ। ਆਪਣੇ ਪਿਤਾ ਦੀ ਮੌਤ ਤੋਂ ਅਣਜਾਣ ਭਾਰਤ ਭੂਸ਼ਨ ਦਾ ਤਿੰਨ ਸਾਲਾ ਬੇਟਾ ਮੌਤ ਨੂੰ ਸਮਝਣ ਲਈ ਬਹੁਤ ਛੋਟਾ ਹੈ। ਉਹ ਉਸੇ ਫਲਾਈਟ 'ਚ ਸੀ, ਜਿਸ ਵਿਚ ਉਸ ਦੇ ਪਿਤਾ ਦੀ ਲਾਸ਼ ਲਿਆਂਦੀ ਗਈ।

# ਕੈਬਨਿਟ ਮੰਤਰੀ ਬੈਂਸ ਦੇ ਯਤਨਾਂ ਨਾਲ ਕੀਰਤਪੁਰ ਸਾਹਿਬ ਦੇ ਵਾਸੀਆਂ ਨੂੰ ਮਿਲਣਗੀਆਂ ਮਿਆਰੀ ਸਿਹਤ ਸਹੂਲਤਾਂ

### ☛ਏ.ਡੀ.ਸੀ. ਸਿਆਲ ਨੇ ਲਿਆ ਸਿਹਤ ਕੇਂਦਰਾਂ ਦੇ ਚੱਲ ਰਹੇ ਨਿਰਮਾਣ ਕਾਰਜਾਂ ਦਾ ਜਾਇਜ਼ਾ

ਕੀਰਤਪੁਰ ਸਾਹਿਬ, 25 ਅਪ੍ਰੈਲ (ਬੀ.ਐਸ. ਰਾਣਾ): ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਦੇਣ ਦੇ ਵਾਅਦੇ ਪੂਰੇ ਕਰਨ ਲਈ ਕਰੋੜਾਂ ਰੁਪਏ ਦੀ ਲਾਗਤ ਨਾਲ ਸਿਹਤ ਕੇਂਦਰਾਂ ਦਾ ਨਿਰਮਾਣ ਕਰਵਾਇਆ ਜਾ ਰਿਹਾ ਹੈ। ਕੀਰਤਪੁਰ ਸਾਹਿਬ ਦੇ ਵਾਸੀਆਂ ਦੀ ਚਿਰਕੋਣੀ ਮੰਗ ਪੂਰੀ ਕਰਨ ਲਈ ਸਿੱਖਿਆ ਤੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਆਪਣੇ ਵਿਧਾਨ ਸਭਾ ਹਲਕੇ ਦੇ ਮੁੱਢਲੇ ਸਿਹਤ ਕੇਂਦਰ ਦੀ ਇਮਾਰਤ ਨੂੰ 1.67 ਕਰੋੜ ਦੀ ਲਾਗਤ ਨਾਲ ਤਿਆਰ ਕਰਕੇ ਉਥੇ ਲੋੜੀਂਦੀਆਂ ਸਾਰੀਆਂ ਆਧੁਨਿਕ ਸਿਹਤ ਸਹੂਲਤਾਂ ਉਪਲੱਬਧ ਕਰਵਾਉਣ ਦਾ ਉਪਰਾਲਾ ਕੀਤਾ ਹੈ। ਕੀਰਤਪੁਰ ਸਾਹਿਬ ਵਿੱਚ ਸਿਹਤ ਕੇਂਦਰ ਦੀ ਇਹ ਇਮਾਰਤ ਜਲਦੀ ਮਿਆਰੀ ਸਿਹਤ ਸਹੂਲਤ ਦੇਣ ਲਈ ਲੋਕ ਅਰਪਣ ਹੋਵੇਗੀ। ਪੂਜਾ ਸਿਆਲ ਗਰੇਵਾਲ ਵਧੀਕ ਡਿਪਟੀ ਕਮਿਸ਼ਨਰ ਰੂਪਨਗਰ ਨੇ ਅੱਜ ਸਿਵਲ ਸਰਜਨ ਡਾ.ਤਰਸੇਮ ਸਿੰਘ ਦੀ ਮੌਜੂਦਗੀ ਵਿੱਚ ਕੀਰਤਪੁਰ ਸਾਹਿਬ ਦੇ ਮੁੱਢਲੇ ਸਿਹਤ



ਕੇਂਦਰ ਦੀ ਨਵੀਂ ਇਮਾਰਤ ਦੀ ਉਸਾਰੀ ਲਈ ਚੱਲ ਰਹੇ ਨਿਰਮਾਣ ਕਾਰਜਾਂ ਦਾ ਜਾਇਜ਼ਾ ਲਿਆ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਨੇ ਨਿਰਮਾਣ ਕਾਰਜਾਂ ਦੀ ਪ੍ਰਗਤੀ ਬਾਰੇ ਸਿਵਲ ਸਰਜਨ ਨਾਲ ਵਿਸਥਾਰ ਨਾਲ ਚਰਚਾ ਕੀਤੀ। ਉਨ੍ਹਾਂ ਹਦਾਇਤ ਦਿੰਦਿਆਂ ਕਿਹਾ ਕਿ ਮੁੱਢਲਾ ਸਿਹਤ ਕੇਂਦਰ ਦੀ ਉਸਾਰੀ ਦੇ ਬਾਕੀ ਰਹਿੰਦੇ ਕੰਮਾਂ ਨੂੰ ਸਿਹਤ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਤਾਲਮੇਲ ਕਰਕੇ ਜਲਦੀ ਪੂਰਾ ਕਰਨਾ ਯਕੀਨੀ ਬਣਾਇਆ ਜਾਵੇ ਤਾਂ ਜੋ ਲੋਕਾਂ ਨੂੰ ਜਲਦ ਤੋਂ ਜਲਦ ਚੰਗੀਆਂ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ। ਉਨ੍ਹਾਂ ਪ੍ਰੋਜੈਕਟ ਨੂੰ ਨਿਰਧਾਰਿਤ ਸਮੇਂ ਵਿੱਚ ਮੁਕੰਮਲ ਕਰਨ ਲਈ ਨਿਰਮਾਣ ਕਾਰਜਾਂ ਦੀ ਰਫ਼ਤਾਰ ਵਿੱਚ ਤੇਜ਼ੀ ਲਿਆਉਣ ਦੀ ਹਦਾਇਤ ਵੀ ਦਿੱਤੀ। ਸਿਵਲ ਸਰਜਨ ਨੇ ਵਧੀਕ ਡਿਪਟੀ ਕਮਿਸ਼ਨਰ ਨੂੰ ਭਰੋਸਾ ਦਿਵਾਇਆ ਕਿ ਮੁੱਢਲਾ ਸਿਹਤ ਕੇਂਦਰ ਦੀ ਉਸਾਰੀ ਦਾ ਕੰਮ ਜਲਦ ਪੂਰਾ ਕਰਵਾ ਕੇ ਇਲਾਕਾ ਵਾਸੀਆਂ ਨੂੰ ਬਿਹਤਰ ਸਿਹਤ ਸੇਵਾਵਾਂ ਉਪਲੱਬਧ ਕਰਵਾਈਆਂ ਜਾਣਗੀਆਂ। ਇਸ ਮੌਕੇ ਉਨ੍ਹਾਂ ਨਾਲ ਮੁੱਢਲਾ ਸਿਹਤ ਕੇਂਦਰ ਦੇ ਅਧਿਕਾਰੀ ਤੇ ਕਰਮਚਾਰੀ ਵੀ ਮੌਜੂਦ ਸਨ।

# ਬ੍ਰਹਮ ਸਰੂਪ ਧਾਮ ਪੋਜੇਵਾਲ ਵਿਖੇ ਤਿੰਨ ਰੋਜ਼ਾ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਪਹੁੰਚੇ ਪ੍ਰਸ਼ਾਸਨਿਕ ਅਧਿਕਾਰੀ



ਬਲਾਚੌਰ/ਪੋਜੇਵਾਲ ਸਰਾਂ, 25 ਅਪ੍ਰੈਲ (ਸੁਖਜੀਤ ਭਾਟੀਆ): ਮਹਾਰਾਜ ਬ੍ਰਹਮਸਾਗਰ ਭੂਰੀਵਾਲੇ ਗੁਰਗੱਦੀ ਪ੍ਰੰਪਰਾ ਦੇ ਤੀਜੇ ਗੱਦੀਨਸ਼ੀਨ ਬ੍ਰਹਮਲੀਨ ਸਤਿਗੁਰੂ ਬ੍ਰਹਮਾ ਨੰਦ ਜੀ ਭੂਰੀਵਾਲਿਆਂ ਦੇ 23ਵੇਂ ਨਿਰਵਾਣ ਦਿਵਸ ਸਬੰਧੀ ਤਿੰਨ ਰੋਜ਼ਾ ਸੰਤ ਸਮਾਗਮ ਮੌਜੂਦਾ ਗੱਦੀਨਸ਼ੀਨ ਸ੍ਰੀ ਸਤਿਗੁਰੂ ਵੇਦਾਂਤ ਆਚਾਰੀਆ ਸਵਾਮੀ ਚੇਤਨਾ ਨੰਦ ਜੀ ਮਹਾਰਾਜ ਭੂਰੀਵਾਲਿਆਂ ਦੀ ਸਰਪ੍ਰਸਤੀ ਹੇਠ ਮਿਤੀ 29, 30 ਅਪ੍ਰੈਲ ਤੇ 1 ਮਈ ਨੂੰ ਬ੍ਰਹਮ ਸਰੂਪ ਧਾਮ ਪੋਜੇਵਾਲ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਤਿੰਨ ਰੋਜ਼ਾ ਸਮਾਗਮ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਿਵਲ ਤੇ ਪੁਲਿਸ ਪ੍ਰਸ਼ਾਸਨ ਦੇ ਸਮੁੱਚੇ ਅਧਿਕਾਰੀ ਬ੍ਰਹਮ ਸਰੂਪ ਧਾਮ ਪੋਜੇਵਾਲ ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਮਹਾਰਾਜ ਭੂਰੀਵਾਲੇ ਗਰੀਬਦਾਸੀ ਐਜੂਕੇਸ਼ਨ ਟਰੱਸਟ ਦੇ ਮੈਂਬਰਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ 29 ਅਪ੍ਰੈਲ ਨੂੰ ਮੌਜੂਦਾ ਗੱਦੀਨਸ਼ੀਨ ਵੇਦਾਂਤ ਆਚਾਰੀਆ ਸਵਾਮੀ ਚੇਤਨਾ ਨੰਦ ਜੀ ਮਹਾਰਾਜ ਭੂਰੀਵਾਲੇ ਜਗਤ ਗੁਰੂ ਬਾਬਾ ਗਰੀਬਦਾਸ ਜੀ ਦੀ ਰਚਿਤ ਬਾਣੀ ਦੇ ਪਾਠ ਪ੍ਰਕਾਸ਼ ਆਰੰਭ ਕਰਨਗੇ। 30 ਅਪ੍ਰੈਲ ਨੂੰ ਮੱਧ ਦੀ ਬਾਣੀ ਦੇ ਪਾਠ ਦੇ ਭੋਗ ਪਾਏ ਜਾਣਗੇ, ਉਪਰੰਤ ਸਤਿਗੁਰੂ ਮਹਾਰਾਜ ਬ੍ਰਹਮਾ ਨੰਦ ਜੀ ਭੂਰੀਵਾਲਿਆਂ ਦੀ ਯਾਦ ਨੂੰ ਸਮਰਪਿਤ ਪੀ.ਜੀ.ਆਈ. ਚੰਡੀਗੜ੍ਹ ਦੇ ਮਾਹਿਰ ਡਾਕਟਰਾਂ ਦੀ ਬਲੱਡ ਬੈਂਕ ਟੀਮ ਦੇ ਵੱਲੋਂ ਖ਼ੂਨਦਾਨ ਕੈਂਪ ਤੇ ਨਾਲ ਹੋਮਿਓਪੈਥਿਕ, ਐਲੋਪੈਥਿਕ ਕੈਂਪ ਲਗਾਇਆ ਜਾਵੇਗਾ। ਸਮਾਗਮ ਦੇ ਅੰਤਿਮ ਦਿਨ 1 ਮਈ ਨੂੰ ਚੱਲ ਰਹੀ ਬਾਣੀ ਦੇ ਸੰਪੂਰਨ ਪਾਠ ਦੇ ਭੋਗ ਮੌਜੂਦਾ ਗੱਦੀਨਸ਼ੀਨ ਵੇਦਾਂਤ ਆਚਾਰੀਆ ਸਵਾਮੀ ਚੇਤਨਾ ਨੰਦ ਜੀ ਮਹਾਰਾਜ ਭੂਰੀਵਾਲਿਆਂ ਵੱਲੋਂ ਪਾਏ ਜਾਣਗੇ। ਉਪਰੰਤ ਸਮਾਗਮ ਦੇ ਦੌਰਾਨ ਰੋਜ਼ਾਨਾ ਰਾਤ ਸਮੇਂ ਸੰਧਿਆ ਆਰਤੀ ਤੇ ਹੋਰ ਸੰਪਰਦਾਇ ਤੋਂ ਪਹੁੰਚ ਰਹੇ ਸੰਤ ਮਹਾਂਪੁਰਸ਼ ਦੇਸ਼-ਵਿਦੇਸ਼ ਤੋਂ ਪਹੁੰਚ ਰਹੀਆਂ ਸੰਗਤਾਂ ਤੇ ਸਤਿਸੰਗ ਦੇ ਜ਼ਰੀਏ ਸੰਗਤ 'ਤੇ ਅੰਮ੍ਰਿਤ ਵਰਖਾ ਕਰਨਗੇ। ਇਸ ਮੌਕੇ ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ, ਡੀ.ਸੀ. ਅੰਕੁਰਜੀਤ ਸਿੰਘ, ਜ਼ਿਲ੍ਹਾ ਪੁਲਿਸ ਮੁਖੀ ਡਾ. ਮਹਿਤਾਬ ਸਿੰਘ, ਅਸ਼ੋਕ ਕਟਾਰੀਆ, ਏ.ਡੀ.ਸੀ. ਰਾਜੀਵ ਵਰਮਾ, ਡੀ.ਐਸ.ਪੀ. ਬਲਾਚੌਰ ਸ਼ਾਮ ਸੁੰਦਰ, ਥਾਣਾ ਮੁਖੀ ਸਤਨਾਮ ਸਿੰਘ ਪੋਜੇਵਾਲ, ਐਕਸੀਅਨ ਬਿਜਲੀ ਵਿਭਾਗ ਆਦਿ ਵੱਖ-ਵੱਖ ਅਧਿਕਾਰੀ ਹਾਜ਼ਰ ਸਨ।

# ਪੰਜਾਬ ਸਰਕਾਰ ਵੱਲੋਂ ਸਿਹਤ ਕ੍ਰਾਂਤੀ ਤਹਿਤ 1000 ਮੈਡੀਕਲ ਅਫ਼ਸਰਾਂ ਦੀ ਭਰਤੀ ਕੀਤੀ ਜਾਵੇਗੀ : ਰਮਨ ਬਹਿਲ

ਗੁਰਦਾਸਪੁਰ, 25 ਅਪ੍ਰੈਲ (ਜਗੀਰ ਸਿੰਘ ਮੰਡ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸਿਹਤ ਕ੍ਰਾਂਤੀ ਤਹਿਤ ਵੱਡਾ ਉਪਰਾਲਾ ਕਰਦਿਆਂ ਸਰਕਾਰੀ ਹਸਪਤਾਲਾਂ ਵਿਚ ਬਿਹਤਰ ਸਿਹਤ ਸਹੂਲਤਾਂ ਦੇਣ ਲਈ 1000 ਨਵੇਂ ਮੈਡੀਕਲ ਅਫ਼ਸਰਾਂ ਦੀ ਭਰਤੀ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਰਾਜ ਸਰਕਾਰ ਵੱਲੋਂ ਇਹ ਭਰਤੀ ਪ੍ਰਕਿਰਿਆ ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈਲਥ ਸਾਇੰਸਿਜ਼ ਜ਼ਰੀਏ ਕੀਤੀ ਜਾਵੇਗੀ ਤੇ ਭਰਤੀ ਲਈ ਅਰਜ਼ੀਆਂ ਆਨਲਾਈਨ ਹੋਣਗੀਆਂ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਐਮ.ਬੀ.ਬੀ.ਐਸ. ਡਾਕਟਰਾਂ ਦੀ ਭਰਤੀ ਲਈ ਆਨਲਾਈਨ ਅਰਜ਼ੀਆਂ ਦੇਣ ਦੀ ਪ੍ਰਕਿਰਿਆ ਅੱਜ 25 ਅਪ੍ਰੈਲ ਤੋਂ ਸ਼ੁਰੂ ਹੋ ਗਈ ਹੈ ਜੋ 15 ਮਈ 2025 ਤੱਕ ਚੱਲੇਗੀ। ਉਨ੍ਹਾਂ ਕਿਹਾ ਕਿ ਇਸ ਦੇ ਬਾਅਦ ਪ੍ਰੀਖਿਆ ਤੇ ਹੋਰ ਪ੍ਰਕਿਰਿਆਵਾਂ ਆਯੋਜਿਤ ਕੀਤੀਆਂ ਜਾਣਗੀਆਂ। ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ



ਰਾਜ ਸਰਕਾਰ ਦੀ ਕੋਸ਼ਿਸ਼ ਹੈ ਕਿ ਸੂਬੇ ਦੇ ਲੋਕਾਂ ਨੂੰ ਸਰਕਾਰੀ ਹਸਪਤਾਲਾਂ ਵਿੱਚ ਬਿਹਤਰ ਸਿਹਤ ਸਹੂਲਤਾਂ ਮਿਲਣ। ਉਨ੍ਹਾਂ ਕਿਹਾ ਕਿ ਸਿੱਖਿਆ ਖੇਤਰ ਵਾਂਗ ਰਾਜ ਸਰਕਾਰ ਵੱਲੋਂ ਸਿਹਤ ਖੇਤਰ ਵਿਚ ਵੀ ਵੱਡੇ ਸੁਧਾਰ ਕੀਤੇ ਗਏ ਹਨ ਤੇ ਬਹੁਤ ਸਾਲਾਂ ਬਾਅਦ ਇੰਨੇ ਅਹੁਦਿਆਂ 'ਤੇ ਭਰਤੀ ਪ੍ਰਕਿਰਿਆ ਸ਼ੁਰੂ ਹੋਈ ਹੈ। ਸਰਕਾਰੀ ਹਸਪਤਾਲਾਂ ਵਿੱਚ ਡਾਕਟਰਾਂ ਦੀ ਘਾਟ ਪੂਰੀ ਹੋ ਗਈ ਹੈ। ਚੇਅਰਮੈਨ ਬਹਿਲ ਨੇ ਸਿਹਤ ਵਿਭਾਗ ਵਿੱਚ ਡਾਕਟਰਾਂ ਦੀ ਨਵੀਂ ਭਰਤੀ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦਾ ਧੰਨਵਾਦ ਕੀਤਾ।

# ਰਾਜੀਵ ਸ਼ਰਮਾ ਵੱਲੋਂ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ

ਫਤਿਹਗੜ੍ਹ ਚੂੜੀਆਂ, 25 ਅਪ੍ਰੈਲ (ਰਾਜਨ ਸ਼ਰਮਾ): ਸ੍ਰੀਨਗਰ ਦੇ ਪਹਿਲਗਾਮ ਵਿਚ ਹੋਏ ਅੱਤਵਾਦੀ ਹਮਲੇ ਦੀ ਕੜਕੇ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਫਤਿਹਗੜ੍ਹ ਚੂੜੀਆਂ ਦੇ ਵਸਨੀਕ ਗੁਰਦਾਸਪੁਰ ਲੋਕ ਸਭਾ ਇੰਚਾਰਜ ਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਰਾਜੀਵ ਸ਼ਰਮਾ ਨੇ ਸਖ਼ਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ



ਇਹ ਹਮਲਾ ਬਹੁਤ ਹੀ ਕਾਇਰਤਾ ਪੂਰਨ ਹੈ। ਅੱਤਵਾਦੀਆਂ ਨੇ ਮਾਸੂਮ ਤੇ ਬੇਦੋਸ਼ੇ ਲੋਕਾਂ ਦੀ ਜਿਸ ਬੇਰਹਿਮੀ ਨਾਲ ਹੱਤਿਆ ਕੀਤੀ ਹੈ, ਉਸ ਦੀ ਪੰਜਾਬ ਸਰਕਾਰ ਤੇ ਆਮ ਆਦਮੀ ਪਾਰਟੀ ਸਖਤ ਸ਼ਬਦਾਂ ਵਿਚ ਨਿੰਦਾ ਕਰਦੀ ਹੈ। ਰਾਜੀਵ ਸ਼ਰਮਾ ਨੇ ਕਿਹਾ ਕਿ ਕੇਂਦਰ ਤੇ ਜੰਮੂ-ਕਸ਼ਮੀਰ ਦੀ ਸਰਕਾਰ ਬੇਦੋਸ਼ੇ ਲੋਕਾਂ ਦੀ ਹੱਤਿਆ ਕਰਨ ਵਾਲੇ ਅੱਤਵਾਦੀਆਂ ਵਿਰੁੱਧ ਸਖ਼ਤ ਕਾਰਵਾਈ ਕਰੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੇ ਆਮ ਆਦਮੀ ਪਾਰਟੀ ਦੀ ਹਮਲੇ ਵਿਚ ਮਾਰੇ ਗਏ ਪੀੜਤ ਪਰਿਵਾਰਾਂ ਨਾਲ ਪੂਰੀ ਹਮਦਰਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਇਸ ਹਮਲੇ ਦਾ ਮੂੰਹ ਤੋੜਵਾਂ ਜਵਾਬ ਦੇਵੇ ਤੇ ਇਸ ਹਮਲੇ ਦੀ ਸਾਜਿਸ਼ ਰਚਣ ਵਾਲੇ ਲੋਕਾਂ ਨੂੰ ਬੇਨਕਾਬ ਕੀਤਾ ਜਾਵੇ। ਚੇਅਰਮੈਨ ਰਾਜੀਵ ਸ਼ਰਮਾ ਨੇ ਕਿਹਾ ਕਿ ਮੇਰੀ ਪੀੜਤ ਪਰਿਵਾਰਾਂ ਨਾਲ ਪੂਰੀ ਹਮਦਰਦੀ ਹੈ ਤੇ ਅਕਾਲ ਪੁਰਖ ਦੇ ਚਰਨਾਂ ਵਿਚ ਅਰਦਾਸ ਕਰਦਾ ਹਾਂ ਕਿ ਹਮਲੇ ਦਾ ਸ਼ਿਕਾਰ ਹੋਈਆਂ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ।

# ਏ.ਡੀ.ਸੀ. ਵਰਮਾ ਵੱਲੋਂ ਮੈਰਾਥਨ ਦੀਆਂ ਤਿਆਰੀਆਂ ਦਾ ਜਾਇਜ਼ਾ

ਨਵਾਂਸ਼ਹਿਰ, 25 ਅਪ੍ਰੈਲ (ਸੁਖਦੇਵ ਸਿੰਘ ਉੜਾਪੜ): ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਲੋਕਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ



ਜ਼ਿਲ੍ਹਾ ਪ੍ਰਸ਼ਾਸਨ, ਸ਼ਹੀਦ ਭਗਤ ਸਿੰਘ ਨਗਰ ਵੱਲੋਂ 26 ਅਪ੍ਰੈਲ ਦਿਨ ਸ਼ਨੀਵਾਰ ਨੂੰ ਕਰਵਾਈ ਜਾ ਰਹੀ ਵਿਸ਼ਾਲ ਮੈਰਾਥਨ ਦੀਆਂ ਤਿਆਰੀਆਂ ਦਾ ਵਧੀਕ ਡਿਪਟੀ ਕਮਿਸ਼ਨਰ ਜਨਰਲ ਰਾਜੀਵ ਵਰਮਾ ਵੱਲੋਂ ਜਾਇਜ਼ਾ ਲਿਆ ਗਿਆ। ਇਸ ਸਬੰਧੀ ਅਧਿਕਾਰੀਆਂ ਨਾਲ ਕੀਤੀ ਮੀਟਿੰਗ ਦੌਰਾਨ ਉਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀ ਅਗਵਾਈ ਹੇਠ ਆਈ.ਟੀ.ਆਈ. ਗਰਾਊਂਡ ਨਵਾਂਸ਼ਹਿਰ ਤੋਂ ਕਰਵਾਈ ਜਾ ਰਹੀ ਇਸ ਮੈਰਾਥਨ ਵਿਚ ਜ਼ਿਲ੍ਹੇ ਦੀਆਂ ਉੱਘੀਆਂ ਸ਼ਖਸੀਅਤਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ, ਕਰਮਚਾਰੀ, ਵਿਦਿਆਰਥੀ, ਅਧਿਆਪਕ, ਖਿਡਾਰੀ, ਪਿੰਡਾਂ ਦੇ ਪੰਚ-ਸਰਪੰਚ, ਯੂਥ ਕਲੱਬਾਂ ਦੇ ਮੈਂਬਰ, ਵਲੰਟੀਅਰ ਤੇ ਜ਼ਿਲ੍ਹਾ ਵਾਸੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕਰਕੇ ਨਸ਼ਿਆਂ ਦੇ ਖਿਲਾਫ਼ ਲੜਾਈ ਵਿਚ ਮੋਹਰੀ ਭੂਮਿਕਾ ਨਿਭਾਉਣ ਦਾ ਅਹਿਦ ਲੈਣ ਦੇ ਨਾਲ-ਨਾਲ ਨਸ਼ਿਆਂ ਦੇ ਮਾੜੇ ਅਸਰ ਬਾਰੇ ਜਾਗਰੂਕ ਕਰਨ ਲਈ ਵੀ ਆਪਣਾ ਫ਼ਰਜ਼ ਨਿਭਾਉਣਗੇ। ਇਸ ਦੌਰਾਨ ਉਨ੍ਹਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣ ਦੀ ਤਾਕੀਦ ਕੀਤੀ ਤਾਂ ਜੋ ਇਸ ਮੈਰਾਥਨ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਇਹ ਮੈਰਾਥਨ ਆਈ.ਟੀ.ਆਈ. ਗਰਾਊਂਡ ਨਵਾਂਸ਼ਹਿਰ ਤੋਂ ਸਵੇਰੇ 6.30 ਵਜੇ ਸ਼ੁਰੂ ਹੋਵੇਗੀ ਤੇ ਰਾਜਾ ਹਸਪਤਾਲ, ਬਾਰਾਂਦਰੀ ਬਾਗ, ਸਰਕਾਰੀ ਮੁੜ ਵਸੇਬਾ ਕੇਂਦਰ ਤੇ ਬਾਬਾ ਸਾਹਿਬ ਡਾ. ਬੀ.ਆਰ. ਅੰਬੇਡਕਰ ਚੌਕ ਤੋਂ ਹੁੰਦੀ ਹੋਈ ਵਾਪਸ ਆਈ.ਟੀ.ਆਈ. ਗਰਾਊਂਡ ਵਿਖੇ ਸਮਾਪਤ ਹੋਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਕਸ਼ਿਤਾ ਗੁਪਤਾ, ਸਹਾਇਕ ਕਮਿਸ਼ਨਰ ਜਨਰਲ ਰੋਹਿਤ ਜਿੰਦਲ, ਸੀ.ਐਮ. ਫੀਲਡ ਅਫ਼ਸਰ ਜਗਦੀਪ ਸਿੰਘ, ਜ਼ਿਲ੍ਹਾ ਮਾਲ ਅਫ਼ਸਰ ਮਨਦੀਪ ਸਿੰਘ ਮਾਨ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਨਿਧੀ ਸਿਨਹਾ, ਡੀ.ਐਸ.ਪੀ. ਸੁਰਿੰਦਰ ਚਾਂਦ, ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਵਿਧਾਇਕ ਕਲਸੀ ਨੇ ਪਿੰਡ ਰਜ਼ਾਦਾ ਵਿਖੇ ਲਿੰਕ ਰੋਡ ਦਾ ਨੀਂਹ ਪੱਥਰ ਰੱਖਿਆ

ਬਟਾਲਾ, 25 ਅਪ੍ਰੈਲ (ਬਲਵਿੰਦਰ ਸਿੰਘ ਪੰਜਗਰਾਈਂ/ਧੰਨਪਾਲ ਕਲਸੀ): ਬਟਾਲਾ ਦੇ ਵਿਧਾਇਕ ਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵੱਲੋਂ ਹਲਕੇ ਅੰਦਰ ਕਰਵਾਏ ਜਾ ਰਹੇ ਵਿਕਾਸ ਕੰਮਾਂ ਦੀ ਲੜੀ ਤਹਿਤ ਪਿੰਡ ਰਜ਼ਾਦਾ ਵਿਖੇ ਲਿੰਕ ਸੜਕ ਬਣਾਉਣ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਕਿਹਾ ਕਿ ਸੜਕ ਨੂੰ 18 ਫੁੱਟ ਚੌੜੀ ਤੇ ਮਜ਼ਬੂਤ ਬਣਾਇਆ ਜਾਵੇਗਾ। ਇਸ ਮੌਕੇ ਪ੍ਰਧਾਨ ਮਨਦੀਪ ਸਿੰਘ ਗਿੱਲ ਤੇ ਪਿੰਡ ਵਾਸੀ ਵੱਡੀ ਗਿਣਤੀ ਵਿੱਚ ਮੌਜੂਦ ਸਨ। ਵਿਧਾਇਕ ਸ਼ੈਰੀ ਕਲਸੀ ਨੇ ਪਿੰਡ ਵਾਸੀਆਂ ਨਾਲ ਗੱਲ ਕਰਦਿਆਂ ਦੱਸਿਆ ਕਿ ਬਟਾਲਾ ਵਿਧਾਨ ਸਭਾ ਹਲਕੇ ਦੇ ਪਿੰਡਾਂ ਅੰਦਰ ਵਿਕਾਸ ਕੰਮ ਪਹਿਲ ਦੇ ਆਧਾਰ 'ਤੇ ਕਰਵਾਏ ਜਾ ਰਹੇ ਹਨ, ਜਿਸ ਦੇ ਚੱਲਦਿਆਂ ਪਿੰਡਾਂ ਅੰਦਰ ਲੋਕਾਂ ਦੀਆਂ ਸਮੱਸਿਆਵਾਂ ਹੱਲ ਕੀਤੀਆਂ ਜਾ ਰਹੀਆਂ



ਹਨ। ਉਨ੍ਹਾਂ ਦੱਸਿਆ ਕਿ ਪਿੰਡਾਂ ਅੰਦਰ ਗੰਦੇ ਪਾਣੀ ਦੇ ਨਿਕਾਸੀ ਦੇ ਲਈ ਛੱਪੜਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ, ਪਿੰਡਾਂ ਅੰਦਰ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ। ਪਿੰਡਾਂ ਅੰਦਰ ਖ਼ੂਬਸੂਰਤ ਪਾਰਕ ਬਣਾਏ ਜਾ ਰਹੇ ਹਨ, ਸਟਰੀਟ ਲਾਈਟਸ ਤੇ ਸੀ.ਸੀ.ਟੀ.ਵੀ. ਲਗਾਏ ਜਾ ਰਹੇ ਹਨ ਤੇ ਲੋਕਾਂ ਦੀਆਂ ਮੁਸ਼ਕਿਲਾਂ ਪਹਿਲ ਦੇ ਆਧਾਰ 'ਤੇ ਹੱਲ ਕਰਨ ਨੂੰ ਯਕੀਨੀ ਬਣਾਇਆ ਗਿਆ ਹੈ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ 'ਰੰਗਲਾ ਪੰਜਾਬ' ਬਣਾਉਣ ਦੇ ਸਫ਼ਲ ਯਤਨ ਕਰ ਰਹੀ ਹੈ ਤੇ ਪੰਜਾਬ ਨੂੰ ਰੰਗਲਾ ਬਣਾਉਣ ਲਈ ਹਰੇਕ ਖੇਤਰ ਵਿੱਚ ਚਹੁੰਪੱਖੀ ਵਿਕਾਸ ਕੰਮ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਆਪਣੇ ਹੁਣ ਤੱਕ ਦੇ ਕਾਰਜਕਾਲ ਦੌਰਾਨ ਰਿਕਾਰਡ ਵਿਕਾਸ ਕੰਮ ਕੀਤੇ ਹਨ ਤੇ ਲੋਕ ਹਿੱਤ ਵਿੱਚ ਵੱਡੇ ਫੈਸਲੇ ਲਏ ਗਏ ਹਨ।

# ਪਹਿਲਗਾਮ ਅੱਤਵਾਦੀ ਹਮਲੇ ਦੀ ਚੰਡੀਗੜ੍ਹ ਪੰਜਾਬ ਜਰਨਲਿਸਟ ਐਸੋਸੀਏਸ਼ਨ ਵੱਲੋਂ ਸਖ਼ਤ ਸ਼ਬਦਾਂ 'ਚ ਨਿਖੇਧੀ

ਭਿੱਖੀਵਿੰਡ, 25 ਅਪ੍ਰੈਲ (ਸਵਿੰਦਰ ਬਲੇਹਰ): ਜੰਮੂ-ਕਸ਼ਮੀਰ ਦੇ ਸ਼ਹਿਰ ਪਹਿਲਗਾਮ ਵਿੱਚ ਦਹਿਸ਼ਤਗਰਦਾਂ ਵੱਲੋਂ ਨਿਰਦੋਸ਼ ਸੈਲਾਨੀਆਂ 'ਤੇ ਕੀਤੇ ਗਏ ਘਿਨਾਉਣੇ ਹਮਲੇ ਦੀ ਚੰਡੀਗੜ੍ਹ ਪੰਜਾਬ ਜਰਨਲਿਸਟ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਜਸਬੀਰ ਸਿੰਘ ਪੱਟੀ, ਵਾਈਸ ਪੰਜਾਬ ਪ੍ਰਧਾਨ ਸਵਿੰਦਰ ਸਿੰਘ ਬਲੇਹਰ ਤੇ ਆਜ਼ਾਦ ਪ੍ਰੈੱਸ ਕਲੱਬ ਭਿੱਖੀਵਿੰਡ ਦੇ ਜ਼ਿਲ੍ਹਾ ਪ੍ਰਧਾਨ ਚਾਨਣ ਸਿੰਘ ਸੰਧੂ, ਸੀਨੀਅਰ ਮੀਤ ਪ੍ਰਧਾਨ ਸਰਬਜੀਤ ਸਿੰਘ ਛੀਨਾ ਤੇ ਬਲਾਕ ਭਿੱਖੀਵਿੰਡ ਦੇ ਪ੍ਰਧਾਨ ਸੁਰਜੀਤ ਕੁਮਾਰ ਬੌਬੀ ਆਦਿ ਨੇ ਸਖ਼ਤ ਸ਼ਬਦਾਂ ਵਿੱਚ ਆਲੋਚਨਾ ਕੀਤੀ ਹੈ ਤੇ ਜੰਮੂ-ਕਸ਼ਮੀਰ ਦੇ ਪੁਲਵਾਮਾ ਵਿੱਚ ਮਾਰੇ ਗਏ ਤੇ ਜ਼ਖ਼ਮੀ ਹੋਏ ਸਾਰੇ ਸੈਲਾਨੀਆਂ ਦੇ ਪਰਿਵਾਰਾਂ ਨਾਲ ਗਹਿਰਾ ਦੁੱਖ ਪ੍ਰਗਟ ਕਰਦਿਆਂ ਭਾਰਤ ਸਰਕਾਰ ਨੂੰ ਜੰਮੂ-ਕਸ਼ਮੀਰ ਵਿੱਚ ਸੁਰੱਖਿਆ ਪ੍ਰਬੰਧਾਂ ਦੀ ਪਰਖ ਪੜਚੋਲ ਕਰਕੇ ਇਨ੍ਹਾਂ ਨੂੰ ਹੋਰ ਪ੍ਰਭਾਵੀ



ਬਣਾਉਣ ਤੇ ਦਹਿਸ਼ਤਗਰਦਾਂ ਵਿਰੁੱਧ ਢੁਕਵੀਂ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਪੱਤਰਕਾਰ ਭਾਈਚਾਰੇ ਨੇ ਕੇਂਦਰ ਸਰਕਾਰ ਤੋਂ ਪੁਰਜ਼ੋਰ ਮੰਗ ਕੀਤੀ ਹੈ ਕਿ ਮਾਰੇ ਗਏ ਸੈਲਾਨੀਆਂ ਦੇ ਪਰਿਵਾਰਾਂ ਨੂੰ ਇੱਕ-ਇੱਕ ਕਰੋੜ ਰੁਪਏ ਦੀ ਰਾਸ਼ੀ ਪ੍ਰਦਾਨ ਕੀਤੀ ਜਾਵੇ। ਇਸ ਮੌਕੇ ਜਗਦੇਵ ਸਿੰਘ ਸਮਰਾ, ਗੁਰਪ੍ਰੀਤ ਸਿੰਘ ਸੈਂਡੀ, ਜੰਡ ਖਾਲੜਾ, ਮਨਜੀਤ ਸਿੰਘ ਬਲਾਕ ਪ੍ਰਧਾਨ ਝਬਾਲ, ਗੁਰਪਾਲ ਸਿੰਘ ਹੈਪੀ ਦਿੱਲੀ, ਮਨਜੀਤ ਸਿੰਘ ਪੱਟੀ, ਹੈਪੀ ਸਭਰਾ ਬਲਾਕ ਪ੍ਰਧਾਨ ਪੱਟੀ, ਸੁਰਿੰਦਰ ਕੁਮਾਰ ਨੀਟੂ, ਜਗਤਾਰ ਸਿੰਘ ਖਾਲੜਾ, ਸੰਦੀਪ ਉਪਲ, ਵਿੱਕੀ ਮਹਿਤਾ, ਸੁਖਬੀਰ ਸਿੰਘ ਦਿਆਲਪੁਰਾ, ਬਲਵੀਰ ਸਿੰਘ ਖ਼ਾਲਸਾ ਦਿਆਲਪੁਰਾ, ਹਰਮੀਤ ਸਿੰਘ ਭਿੱਖੀਵਿੰਡ, ਜਗਜੀਤ ਸਿੰਘ ਡੱਲ ਬਲਾਕ ਪ੍ਰਧਾਨ ਵਲਟੋਹਾ, ਰਾਜੇਸ਼ ਸ਼ਰਮਾ ਖਾਲੜਾ, ਅਮਨ ਸ਼ਰਮਾ ਖਾਲੜਾ, ਦਾਰਾ ਡੱਲ, ਕਪਿਲ ਗਿੱਲ ਪੱਟੀ, ਲਾਡਾ ਕੰਡਾਂ ਬਲਾਕ ਪ੍ਰਧਾਨ ਖੇਮਕਰਨ, ਸੁਖਦੇਵ ਸਿੰਘ ਆਸਲ, ਨਰਿੰਦਰ ਸਿੰਘ ਪੀਟੀਸੀ, ਗੁਰਬੀਰ ਸਿੰਘ ਗੰਡੀਵਿੰਡ, ਬੱਬਣ ਸਭਰਾ, ਜਸਬੀਰ ਸਿੰਘ ਪੱਟੀ, ਅਮਰਗੌਰ ਸਿੰਘ, ਰਣਜੀਤ ਕੁਮਾਰ ਬੱਬੂ, ਮਨਪ੍ਰੀਤ ਸਿੰਘ ਖਾਲੜਾ, ਸਾਜਨ ਸ਼ਰਮਾ ਖਾਲੜਾ, ਰਣਜੀਤ ਸਿੰਘ ਮਾਹਲਾ ਪੱਟੀ, ਰਣਯੋਧ ਸਿੰਘ ਚੇਲਾ, ਰਣਜੀਤ ਸਿੰਘ ਨਾਰਲੀ ਤੋਂ ਇਲਾਵਾ ਹੋਰ ਪੱਤਰਕਾਰ ਵੀਰ ਹਾਜ਼ਰ ਸਨ।

# ਚੇਅਰਮੈਨ ਬਹਿਲ ਵੱਲੋਂ 5 ਸਕੂਲਾਂ 'ਚ ਸਿੱਖਿਆ ਕ੍ਰਾਂਤੀ ਤਹਿਤ ਹੋਏ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ





ਗੁਰਦਾਸਪੁਰ, 25 ਅਪ੍ਰੈਲ (ਜਸਵਿੰਦਰ ਸਿੰਘ): ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਅੱਜ 'ਪੰਜਾਬ ਸਿੱਖਿਆ ਕ੍ਰਾਂਤੀ' ਮੁਹਿੰਮ ਤਹਿਤ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ 5 ਸਰਕਾਰੀ ਪ੍ਰਾਇਮਰੀ ਸਕੂਲਾਂ ਵਿਚ ਹੋਏ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ। ਇਸ ਮੁਹਿੰਮ ਦਾ ਉਦੇਸ਼ ਸ਼ਹਿਰੀ ਤੇ ਪੇਂਡੂ ਹਲਕੇ ਵਿਚ ਸਮਾਨ ਰੂਪ ਨਾਲ ਗੁਣਵੱਤਾ ਸਿੱਖਿਆ ਪ੍ਰਦਾਨ ਕਰਨਾ ਹੈ। ਸਰਕਾਰੀ ਪ੍ਰਾਇਮਰੀ ਸਕੂਲ ਬਹਿਰਾਮਪੁਰ ਰੋਡ ਗੁਰਦਾਸਪੁਰ, ਸਰਕਾਰੀ ਪ੍ਰਾਇਮਰੀ ਸਕੂਲ ਕਚਹਿਰੀ ਰੋਡ, ਸਰਕਾਰੀ ਪ੍ਰਾਇਮਰੀ ਸਕੂਲ ਹਰਦੋਬਥਵਾਲਾ, ਸਰਕਾਰੀ ਪ੍ਰਾਇਮਰੀ ਸਕੂਲ ਹਰਦੋਬਥਵਾਲਾ ਕਲੋਨੀ ਤੇ ਸਰਕਾਰੀ ਪ੍ਰਾਇਮਰੀ ਸਕੂਲ ਹੱਲਾ ਵਿਖੇ ਸਮਾਰਟ ਕਲਾਸ ਰੂਮ, ਸਕੂਲਾਂ ਦੀ ਚਾਰਦੀਵਾਰੀ, ਗੇਟ, ਲਾਇਬ੍ਰੇਰੀਆਂ ਤੇ ਹੋਰ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ 'ਪੰਜਾਬ ਸਿੱਖਿਆ ਕ੍ਰਾਂਤੀ' ਹੁਣ ਕੇਵਲ ਇਕ ਮੁਹਿੰਮ ਨਹੀਂ, ਬਲਕਿ ਇਕ ਪਰਿਵਰਤਨ ਦੀ ਲਹਿਰ ਹੈ ਜੋ ਹਰ ਪਿੰਡ, ਹਰ ਸਕੂਲ ਤੇ ਹਰ ਬੱਚੇ ਤੱਕ ਪਹੁੰਚ ਰਹੀ ਹੈ। ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਸਾਡਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਸਰਕਾਰੀ ਸਕੂਲਾਂ ਵਿਚ ਪੜ੍ਹਨ ਵਾਲੇ ਜ਼ਰੂਰਤਮੰਦ ਤੇ ਮੱਧ ਵਰਗ ਦੇ ਬੱਚਿਆਂ ਨੂੰ ਵੀ ਇਹੀ ਆਧੁਨਿਕ ਸੁਵਿਧਾਵਾਂ ਤੇ ਗੁਣਵੱਤਾ ਪ੍ਰਾਪਤ ਹੋਵੇ ਜੋ ਨਿੱਜੀ ਸਕੂਲਾਂ ਵਿਚ ਮਿਲਦੀਆਂ ਹਨ। ਉਨ੍ਹਾਂ ਕਿਹਾ ਕਿ ਸਿੱਖਿਆ ਹੀ ਕਿਸੇ ਰਾਸ਼ਟਰ ਦੀ ਅਸਲੀ ਤਾਕਤ ਹੁੰਦੀ ਹੈ ਤੇ ਸਰਕਾਰ ਦਾ ਇਹ ਕਰਤੱਵ ਹੈ ਕਿ ਉਹ ਹਰ ਬੱਚੇ ਨੂੰ ਸਮਾਨ ਮੌਕੇ ਪ੍ਰਦਾਨ ਕਰੇ। ਚੇਅਰਮੈਨ ਰਮਨ ਬਹਿਲ ਨੇ ਕਿਹਾ ਕਿ ਨਵ-ਨਿਰਮਾਣ ਕਮਰੇ ਸਮਾਰਟ ਕਲਾਸ ਸੁਵਿਧਾਵਾਂ ਤੇ ਆਧੁਨਿਕ ਵਿੱਦਿਅਕ ਤਕਨੀਕਾਂ ਨਾਲ ਲੈਸ ਹਨ ਜਿਸ ਨਾਲ ਬੱਚਿਆਂ ਦਾ ਸਿੱਖਿਆ ਪੱਧਰ ਵਿਚ ਮਹੱਤਵਪੂਰਨ ਸੁਧਾਰ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਸਿੱਖਿਆ ਵਿਵਸਥਾ ਨੂੰ ਮਜ਼ਬੂਤੀ ਦੇਵੇਗਾ।

# ਤਿੰਨ ਸਾਲਾਂ 'ਚ ਬਦਲਿਆ ਸਰਕਾਰੀ ਸਕੂਲਾਂ ਦਾ ਮੁਹਾਂਦਰਾ, ਬਲੈਕ ਬੋਰਡ ਤੋਂ ਡਿਜੀਟਲ ਸਕਰੀਨਾਂ ਵਾਲੇ ਹੋਏ : ਸ਼ੈਰੀ ਕਲਸੀ



ਬਟਾਲਾ, 25 ਅਪ੍ਰੈਲ (ਬਲਵਿੰਦਰ ਸਿੰਘ ਪੰਜਗਰਾਈਂ/ ਡਾ. ਸਤਨਾਮ ਸਿੰਘ ਸੰਧੂ): ਬਟਾਲਾ ਦੇ ਵਿਧਾਇਕ ਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਕਿਹਾ ਕਿ ਪਿਛਲੇ ਤਿੰਨ ਸਾਲਾਂ 'ਚ ਸਰਕਾਰੀ ਸਕੂਲਾਂ 'ਚ ਹੋਏ ਕ੍ਰਾਂਤੀਕਾਰੀ ਬਦਲਾਅ ਸਦਕਾ ਹੁਣ ਸਰਕਾਰੀ ਸਕੂਲ ਮਾਪਿਆਂ ਦੀ ਪਹਿਲੀ ਪਸੰਦ ਬਣ ਗਏ ਹਨ। ਇਹ ਪ੍ਰਗਟਾਵਾ ਉਨ੍ਹਾਂ ਅੱਜ ਬਟਾਲਾ ਹਲਕੇ ਦੇ ਵੱਖ-ਵੱਖ 'ਚ ਹੋਏ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ ਕਰਦਿਆਂ ਕੀਤਾ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਦੂਰਅੰਦੇਸ਼ੀ ਸੋਚ ਸਦਕਾ ਸਰਕਾਰੀ ਸਕੂਲਾਂ ਦੇ ਅਧਿਆਪਕ ਸਿੰਗਾਪੁਰ ਤੇ ਫਿਨਲੈਂਡ ਵਰਗੇ ਦੇਸ਼ਾਂ ਤੋਂ ਸਿਖਲਾਈ ਲੈ ਰਹੇ ਹਨ ਤਾਂ ਜੋ ਸਾਡੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੀ ਕੌਮਾਂਤਰੀ ਪੱਧਰ ਦੀਆਂ ਤਕਨੀਕਾਂ ਨਾਲ ਸਿੱਖਿਅਤ ਕੀਤਾ ਜਾ ਸਕੇ ਤੇ ਨਾਲ ਹੀ ਵਿਦਿਆਰਥੀਆਂ ਨੂੰ ਵੀ ਵੱਡੇ ਵਿੱਦਿਅਕ ਅਦਾਰਿਆਂ ਦੇ ਟੂਰ ਕਰਵਾਏ ਜਾ ਰਹੇ ਹਨ ਤਾਂ ਜੋ ਇਨ੍ਹਾਂ ਅਦਾਰਿਆਂ ਨੂੰ ਦੇਖ ਕੇ ਵਿਦਿਆਰਥੀ ਆਪਣੇ ਭਵਿੱਖ ਦੇ ਟੀਚੇ ਨਿਰਧਾਰਤ ਕਰ ਸਕਣ। ਉਨ੍ਹਾਂ ਕਿਹਾ ਕਿ ਪਿਛਲੇ ਤਿੰਨ ਸਾਲਾਂ 'ਚ ਸਰਕਾਰੀ ਸਕੂਲਾਂ ਦਾ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਗਿਆ ਹੈ ਹੁਣ ਵਿਦਿਆਰਥੀ ਬਲੈਕ ਬੋਰਡ ਤੋਂ ਡਿਜੀਟਲ ਸਕਰੀਨਾਂ ਵਾਲੇ ਹੋ ਗਏ ਹਨ, ਜੋ ਵਿਦਿਆਰਥੀਆਂ 'ਚ ਆਤਮ ਵਿਸ਼ਵਾਸ ਪੈਦਾ ਕਰ ਰਿਹਾ ਹੈ। ਉਨ੍ਹਾਂ ਅੱਜ ਸਰਕਾਰੀ ਪ੍ਰਾਇਮਰੀ ਸਕੂਲ ਰਸੂਲਪੁਰ, ਮਨੋਹਰਪੁਰ ਤੇ ਦੁਨੀਆ ਸੰਧੂ ਵਿੱਚ ਨਵੇਂ ਕਮਰੇ, ਮਿਡ-ਡੇ-ਮੀਲ ਕਮਰਾ, ਸ਼ੈੱਡ, ਚਾਰਦੀਵਾਰੀ ਤੇ ਹੋਰ ਵੱਡੇ ਕੰਮ ਬੱਚਿਆਂ ਨੂੰ ਸਮਰਪਿਤ ਕੀਤੇ। ਇਸ ਮੌਕੇ ਪ੍ਰਧਾਨ ਮਨਦੀਪ ਸਿੰਘ ਗਿੱਲ, ਨਵਦੀਪ ਸਿੰਘ ਪਨੇਸਰ, ਸਰਪੰਚ ਜਸਬੀਰ ਸਿੰਘ ਸੰਧੂ, ਹਰਪਾਲ ਸਿੰਘ ਲਾਡੀ, ਦਰਬਾਰਾ ਸਿੰਘ ਭਾਗੋਵਾਲ, ਸਰਪੰਚ ਗੁਰਦੀਪ ਸਿੰਘ, ਸਰਪੰਚ ਮਿੱਤਰਪਾਲ ਸਿੰਘ, ਗਿਆਨ ਸਿੰਘ ਫੌਜੀ, ਸਾਬਕਾ ਸਰਪੰਚ ਜਤਿੰਦਰ ਸਿੰਘ, ਗਗਨਦੀਪ ਸਿੰਘ, ਮਨਦੀਪ ਸਿੰਘ ਆਦਿ ਹਾਜ਼ਰ ਸਨ।

# ਪਹਿਲਗਾਮ 'ਚ ਸੈਲਾਨੀਆਂ 'ਤੇ ਹੋਏ ਅੱਤਵਾਦੀ ਹਮਲੇ ਦਾ ਭਾਰਤ ਸਰਕਾਰ ਮੂੰਹ ਤੋੜ ਜਵਾਬ ਦੇਵੇ

ਗੁਰਦਾਸਪੁਰ, 25 ਅਪ੍ਰੈਲ (ਜਗਮੋਹਣ ਸਿੰਘ ਬਾਂਗੋਵਾਨੀ): ਬੀਤੇ ਦਿਨੀਂ ਕਸ਼ਮੀਰ ਦੇ ਪਹਿਲਗਾਮ ਵਿਚ ਨਿਰਦੋਸ਼ ਸੈਲਾਨੀਆਂ ਉੱਪਰ ਬੇਰਹਿਮੀ ਨਾਲ ਕੀਤੇ ਗਏ ਅੱਤਵਾਦੀ ਹਮਲੇ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਇਹ ਵਿਚਾਰ ਸਰਹੱਦੀ ਇਲਾਕੇ ਡੇਰਾ ਬਾਬਾ ਨਾਨਕ 'ਚ ਚੰਗਾ ਅਸਰ ਰਸੂਖ ਰੱਖਣ ਵਾਲੇ ਸਰਪੰਚ ਬਲਜੀਤ ਸਿੰਘ ਬਾਂਗੋਵਾਨੀ ਨੇ ਗੱਲਬਾਤ ਕਰਦਿਆਂ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਪਹਿਲਗਾਮ ਵਿੱਚ



ਹੋਏ ਅੱਤਵਾਦੀ ਹਮਲੇ ਦੀ ਜਿੰਨੀ ਨਿੰਦਾ ਕੀਤੀ ਜਾਵੇ ਉਹ ਘੱਟ ਹੈ। ਉਨ੍ਹਾਂ ਕਿਹਾ ਕਿ ਇਹ ਕਾਇਰਤਾਪੂਰਨ ਅੱਤਵਾਦੀ ਹਮਲਾ ਬਹੁਤ ਹੀ ਸ਼ਰਮਨਾਕ ਹੈ ਤੇ ਅੱਤਵਾਦ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਬਲਜੀਤ ਸਿੰਘ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਅਜਿਹੇ ਅੱਤਵਾਦੀ ਹਮਲਿਆਂ ਦਾ ਮੂੰਹ ਤੋੜ ਜਵਾਬ ਦੇਣਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਦੁਸ਼ਮਣ ਅਜਿਹਾ ਦੁਰ-ਸਾਹਸ ਕਰਨ ਬਾਰੇ ਕਦੇ ਸੋਚੇ ਵੀ ਨਾ। ਉਨ੍ਹਾਂ ਕਿਹਾ ਕਿ ਪਹਿਲਗਾਮ 'ਚ ਜਿਸ ਥਾਂ ਅੱਤਵਾਦੀ ਹਮਲਾ ਹੋਇਆ, ਉਥੇ ਕੋਈ ਸੁਰੱਖਿਆ ਦਸਤਾ ਮੌਜੂਦ ਨਾ ਹੋਣਾ, ਇਹ ਸੁਰੱਖਿਆ ਪ੍ਰਬੰਧਾਂ ਵਿੱਚ ਹੋਈ ਕੁਤਾਹੀ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਦੇਸ਼ ਦੀਆਂ ਸਰਹੱਦਾਂ ਦੀ ਏ ਦੇਸ਼ ਦੀ ਅੰਦਰੂਨੀ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨਾ ਚਾਹੀਦਾ ਹੈ।

# ਸੈਲਾਨੀਆਂ 'ਤੇ ਹਮਲਾ ਕਰਕੇ ਅੱਤਵਾਦੀਆਂ ਨੇ ਆਪਣੀ ਕਾਇਰਤਾ ਦਾ ਸਬੂਤ ਦਿੱਤਾ : ਬੱਬਾ ਗਿੱਲ

ਧਾਰੀਵਾਲ, 25 ਅਪ੍ਰੈਲ (ਅਸ਼ੋਕ ਕੁਮਾਰ): ਕਸ਼ਮੀਰ ਦੇ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕਰਦੇ ਹੋਏ ਕ੍ਰਿਸ਼ਚਨ ਨੈਸ਼ਨਲ ਫਰੰਟ ਪੰਜਾਬ ਦੇ ਯੂਥ ਪ੍ਰਧਾਨ ਬੱਬਾ ਗਿੱਲ ਨੇ ਕਿਹਾ ਕਿ ਸੈਲਾਨੀਆਂ 'ਤੇ ਹਮਲਾ ਕਰਕੇ ਅੱਤਵਾਦੀਆਂ ਨੇ ਆਪਣੀ ਕਾਇਰਤਾ



ਦਾ ਸਬੂਤ ਦਿੱਤਾ ਹੈ। ਉਨ੍ਹਾਂ ਅੱਗੇ ਕਿਹਾ ਕਿ ਦੇਸ਼ ਵਾਸੀ ਅੱਤਵਾਦ ਦੇ ਮੁੱਦੇ 'ਤੇ ਇਕਜੁੱਟ ਹਨ ਤੇ ਇਸ ਪ੍ਰਤੀ ਪ੍ਰਧਾਨ ਮੰਤਰੀ ਮੋਦੀ ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਜਲਦੀ ਤੋਂ ਜਲਦੀ ਕੋਈ ਠੋਸ ਨੀਤੀ ਅਪਣਾਉਣ ਦੀ ਲੋੜ ਹੈ।

# ਹਾਕੀ ਦਾ ਮੈਚ ਕਰਵਾਇਆ, ਪਿੰਡ ਘੁੰਮਣ ਕਲਾਂ ਦੀ ਟੀਮ ਜੇਤੂ ਰਹੀ



ਨੌਸ਼ਹਿਰਾ ਮੱਝਾ ਸਿੰਘ, 25 ਅਪ੍ਰੈਲ (ਡਾ.ਸਰਵਣ ਸਿੰਘ): ਡੀ.ਸੀ. ਗੁਰਦਾਸਪੁਰ ਦਲਵਿੰਦਰਜੀਤ ਸਿੰਘ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਲੋਕਾਂ ਨੂੰ ਨਸ਼ਿਆਂ ਤੋਂ ਬਚਣ ਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਵਿਰੁੱਧ ਜਾਗਰੂਕ ਕਰਨ ਲਈ ਮੁਹਿੰਮ ਵਿੱਢੀ ਗਈ, ਜਿਸਦੇ ਚੱਲਦਿਆਂ ਖੇਡ ਵਿਭਾਗ ਵੱਲੋਂ ਹਾਕੀ ਸੈਂਟਰ ਘੁੰਮਣ ਕਲਾਂ ਵਿੱਚ ਅੰਡਰ-19 ਮੈਚ ਕਰਵਾਇਆ ਗਿਆ। ਪਿੰਡ ਘੁੰਮਣ ਕਲਾਂ ਤੇ ਜੋਹਲ ਨੰਗਲ ਦੀਆਂ ਟੀਮਾਂ ਵਿੱਚ ਮੈਚ ਕਰਵਾਇਆ ਗਿਆ, ਜਿਸ ਵਿੱਚ ਘੁੰਮਣ ਕਲਾਂ ਦੀ ਟੀਮ ਜੇਤੂ ਰਹੀ। ਜ਼ਿਲ੍ਹਾ ਖੇਡ ਅਫਸਰ ਸਿਮਰਨਜੀਤ ਸਿੰਘ ਨੇ ਦੱਸਿਆ ਕਿ ਖੇਡ ਵਿਭਾਗ ਵੱਲੋਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਸਬੰਧੀ ਜਾਗਰੂਕ ਕਰਨ ਲਈ ਹਾਕੀ ਦਾ ਮੈਚ ਕਰਵਾਇਆ ਗਿਆ। ਇਸ ਮੌਕੇ ਮੁੱਖ ਅਧਿਆਪਕ ਦਲਜੀਤ ਸਿੰਘ ਤੇ ਹਾਕੀ ਕੋਚ ਕੁਲਵਿੰਦਰ ਸਿੰਘ ਵੀ ਮੌਜੂਦ ਸਨ। ਜ਼ਿਲ੍ਹਾ ਖੇਡ ਅਫਸਰ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡਾਂ ਤੇ ਸ਼ਹਿਰਾਂ ਵਿੱਚ ਲੋਕਾਂ ਨੂੰ ਨਸ਼ਿਆਂ ਦੀ ਬੁਰਾਈ ਬਾਰੇ ਜਾਗਰੂਕ ਕਰਨ ਲਈ ਵਿਸ਼ੇਸ਼ ਮੁਹਿੰਮ ਵਿੱਢੀ ਗਈ ਹੈ ਤੇ ਜ਼ਿਲ੍ਹਾ ਵਾਸੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੇ ਇਸ ਤੋਂ ਬਚਾਅ ਲਈ ਦੱਸਿਆ ਜਾ ਰਿਹਾ ਹੈ। ਦੱਸਣਯੋਗ ਹੈ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਜੇਕਰ ਉਨ੍ਹਾਂ ਦੇ ਆਸ-ਪਾਸ ਕੋਈ ਵਿਅਕਤੀ ਨਸ਼ਾ ਕਰਦਾ ਹੈ ਤਾਂ ਉਸਦੇ ਇਲਾਜ ਲਈ ਆਪਣੇ ਨੇੜੇ ਦੇ ਓਟ ਕੇਂਦਰ ਜਾਂ ਬਟਾਲਾ ਦੇ ਨਸ਼ਾ ਛੁਡਾਊ ਕੇਂਦਰ ਦੇ ਕੌਂਸਲਰ ਡੇਵਿਡ ਗਿੱਲ ਦੇ ਨੰਬਰ 98760-73836 ਉੱਪਰ ਜਾਂ ਸਿਵਲ ਹਸਪਤਾਲ ਗੁਰਦਾਸਪੁਰ ਦੇ ਨਸ਼ਾ ਛੁਡਾਊ ਕੇਂਦਰ ਦੇ ਕੌਂਸਲਰ ਰਾਹੁਲ ਦੇ ਮੋਬਾਈਲ ਨੰਬਰ 98783-64398 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਦਸਮੇਸ਼ ਪਬਲਿਕ ਸਕੂਲ 'ਚ ਸੈਮੀਨਾਰ ਕਰਵਾਇਆ



ਬਾਬਾ ਬਕਾਲਾ, 25 ਅਪ੍ਰੈਲ (ਬਲਰਾਜ ਸਿੰਘ ਰਾਜਾ): ਦਸਮੇਸ਼ ਪਬਲਿਕ ਸੀਨੀਅਰ ਸਕੂਲ ਬਾਬਾ ਬਕਾਲਾ ਸਾਹਿਬ ਵਿਖੇ ਵਿਦਿਆਰਥੀਆਂ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣ ਲਈ ਅੱਜ ਯੁੱਧ ਨਸ਼ਿਆਂ ਵਿਰੁੱਧ ਸੈਮੀਨਾਰ ਕਰਵਾਇਆ ਗਿਆ। ਜੋ ਕਿ ਪੰਜਾਬ ਸਰਕਾਰ ਦਾ ਸੂਬਾ ਪੱਧਰੀ ਇਕ ਸ਼ਲਾਘਾਯੋਗ ਉਪਰਾਲਾ ਹੈ। ਇਸ ਸੈਮੀਨਾਰ ਦੇ ਮੁੱਖ ਮਹਿਮਾਨ ਐਸ.ਡੀ.ਐਮ. ਅਮਨਪ੍ਰੀਤ ਸਿੰਘ ਬਾਬਾ ਬਕਾਲਾ ਸਾਹਿਬ ਉਚੇਚੇ ਤੌਰ 'ਤੇ ਸਕੂਲ ਪਹੁੰਚੇ, ਨਾਲ ਹੀ ਡੀ.ਐਸ.ਪੀ. ਅਰੁਣ ਕੁਮਾਰ, ਪ੍ਰੈਜ਼ੀਡੈਂਟ ਆਫ ਪੰਚਾਇਤ ਨਗਰ ਪੰਚਾਇਤ ਬਾਬਾ ਬਕਾਲਾ ਤੇ ਚੇਅਰਮੈਨ ਆਮ ਆਦਮੀ ਪਾਰਟੀ ਸੁਰਜੀਤ ਸਿੰਘ ਕੰਗ, ਈ.ਓ. ਵਿਜੇ ਕੁਮਾਰ ਡੋਗਰਾ, ਹਰਸ਼ਦੀਪ ਸਿੰਘ ਰੰਧਾਵਾ ਡਾਇਰੈਕਟਰ ਦਸਮੇਸ਼ ਐਜੂਕੇਸ਼ਨਲ ਸੁਸਾਇਟੀ, ਸਮਾਜ ਸੇਵੀ ਸੰਸਥਾ ਲਾਇਨਜ਼ ਇੰਟਰਨੈਸ਼ਨਲ ਤੋਂ ਲਾਇਨ ਪ੍ਰਸ਼ਾਂਤ ਸੈਕਰਟਰੀ ਲਾਇਨ ਨਵਦੀਪ ਸਿੰਘ ਵਿਦੇਸ਼ਾਂ ਪੀ.ਆਰ.ਓ. ਇਸ ਸੈਮੀਨਾਰ ਵਿੱਚ ਸ਼ਾਮਲ ਹੋਏ। ਸਕੂਲ ਦੇ ਵਿਦਿਆਰਥੀਆਂ ਵਿੱਚ ਨਸ਼ਿਆਂ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਬੱਚਿਆਂ ਦਾ ਪੋਸਟਰ ਮੇਕਿੰਗ ਮੁਕਾਬਲਾ ਤੇ ਚਾਰਟ ਮੇਕਿੰਗ ਮੁਕਾਬਲਾ ਕਰਵਾਇਆ ਗਿਆ। ਇਸ ਦੇ ਨਾਲ ਹੀ ਸਕੂਲ ਦੇ ਬੱਚਿਆਂ ਨੇ ਨਸ਼ਿਆਂ ਵਿਰੁੱਧ ਰੈਲੀ, ਨਸ਼ਿਆਂ ਵਿਰੁੱਧ ਸਪੀਚ ਤੇ ਭਾਸ਼ਣ ਵਿੱਚ ਹਿੱਸਾ ਲਿਆ। ਬੱਚਿਆਂ ਵੱਲੋਂ ਨਸ਼ਿਆਂ ਵਿਰੁੱਧ ਨੁੱਕੜ ਨਾਟਕ ਪੇਸ਼ ਕੀਤਾ ਗਿਆ। ਬੱਚਿਆਂ ਵਿੱਚ ਉਤਸ਼ਾਹ ਦੀ ਭਾਵਨਾ ਨੂੰ ਹੋਰ ਵਧਾਉਣ ਲਈ ਹਰ ਜਮਾਤ ਵਿੱਚੋਂ ਭਾਗ ਲੈਣ ਵਾਲੇ ਸਾਰੇ ਹੀ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ। ਇਸ ਮੌਕੇ ਅਮਨਦੀਪ ਸਿੰਘ ਮਾਨ ਨੇ ਵਿਦਿਆਰਥੀਆਂ ਵਿੱਚ ਨਸ਼ਿਆਂ ਪ੍ਰਤੀ ਜਾਗਰੂਕਤਾ ਲਿਆਉਣ ਲਈ ਬੱਚਿਆਂ ਨਾਲ ਸਵਾਲ-ਜਵਾਬ ਕਰਦਿਆਂ ਹੋਇਆਂ ਉਨ੍ਹਾਂ ਨੂੰ ਨਸ਼ਿਆਂ ਦੇ ਨੁਕਸਾਨ ਦੱਸੇ।

# ਮੁਸਲਿਮ ਜਮਾਤ ਅਹਿਮਦੀਆ ਵੱਲੋਂ ਪਹਿਲਗਾਮ ਅੱਤਵਾਦੀ ਹਮਲੇ ਦੀ ਨਿੰਦਾ

ਕਾਦੀਆਂ, 25 ਅਪ੍ਰੈਲ (ਸਲਾਮ ਤਾਰੀ/ਸਿਕੰਦਰ ਸੰਧੂ): ਜੰਮੂ-ਕਸ਼ਮੀਰ ਪਹਿਲਗਾਮ ਦੇ ਇਲਾਕੇ ਵਿੱਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਸ਼ਬਦਾਂ ਵਿੱਚ ਮੁਸਲਿਮ ਜਮਾਤ ਅਹਿਮਦੀਆ ਭਾਰਤ ਨਿੰਦਾ ਕਰਦੀ ਹੈ, ਜਿਸ ਵਿੱਚ ਦਰਜਨਾਂ ਕੀਮਤੀ ਜਾਨਾਂ ਜਾਇਆਂ ਹੋਈਆਂ ਤੇ ਬਹੁਤ ਸਾਰੇ ਮਾਸੂਮ ਲੋਕ ਜ਼ਖਮੀ ਹੋਏ। ਮੁਸਲਿਮ ਜਮਾਤ ਅਹਿਮਦੀਆ ਦੇ ਬੁਲਾਰੇ ਕੇ ਤਾਰਿਕ ਅਹਿਮਦ ਨੇ ਜਾਰੀ ਪ੍ਰੈੱਸ ਰਿਲੀਜ਼ ਰਾਹੀਂ ਕਿਹਾ ਕਿ ਇਹ ਹਮਲਾ ਨਾ ਕੇਵਲ ਇਨਸਾਨੀ ਹੱਕਾਂ ਦੇ ਵਿਰੁੱਧ ਹੈ ਬਲਕਿ ਧਰਮ, ਇਖਲਾਕੀ ਤੇ ਇਨਸਾਨੀਅਤ ਦੇ ਵੀ ਖਿਲਾਫ਼ ਹੈ। ਮੁਸਲਿਮ ਜਮਾਤ ਅਹਿਮਦੀਆ ਇਸ ਹਮਲੇ 'ਤੇ ਜਿੱਥੇ ਦੁੱਖ ਤੇ ਗਮ ਪ੍ਰਗਟ ਕਰਦੀ ਹੈ, ਉੱਥੇ ਸ਼ਹੀਦ ਹੋਣ ਵਾਲੇ ਲੋਕਾਂ ਦੇ ਪਰਿਵਾਰਾਂ ਨਾਲ ਦਿਲੀ ਹਮਦਰਦੀ ਪ੍ਰਗਟ ਕਰਦਿਆਂ ਉਨ੍ਹਾਂ ਦੇ ਸਬਰ ਦੀ ਦੁਆ ਕਰਦੀ ਹੈ ਤੇ ਜ਼ਖਮੀਆਂ ਦੀ ਜਲਦ ਸਿਹਤਯਾਬੀ ਲਈ ਵੀ ਦੁਆ ਕਰਦੀ ਹੈ। ਮੁਸਲਿਮ ਜਮਾਤ ਅਹਿਮਦੀਆ ਹਰ ਤਰ੍ਹਾਂ ਦੇ ਅੱਤਵਾਦ ਦੇ ਵਿਰੁੱਧ ਹੈ ਤੇ ਹਮੇਸ਼ਾ ਅਮਨ ਦੀ ਸਥਾਪਨਾ ਲਈ ਤੇ ਇਨਸਾਨੀਅਤ ਦੇ ਹਿਫਾਜ਼ਤ ਦੇ ਲਈ ਤੇ ਭਾਈਚਾਰਕ ਸਾਂਝ ਨੂੰ ਵਧਾਉਣ ਲਈ ਆਵਾਜ਼ ਬੁਲੰਦ ਕਰਦੀ ਰਹੀ ਹੈ। ਮੁਸਲਿਮ ਜਮਾਤ ਅਹਿਮਦੀਆ ਦਾ ਹਮੇਸ਼ਾ ਇਹ ਮੌਕਫ਼ ਦਾਅਵਾ ਰਿਹਾ ਹੈ ਕਿ ਅੱਤਵਾਦ ਦਾ ਇਸਲਾਮ ਦੇ ਨਾਲ ਕੋਈ ਸੰਬੰਧ ਨਹੀਂ ਹੈ। ਕਿਉਂਕਿ ਪਵਿੱਤਰ ਕੁਰਾਨ ਦੀ ਸਿੱਖਿਆ ਹੈ ਕਿ ਜਿਸ ਨੇ ਇੱਕ ਇਨਸਾਨ ਨੂੰ ਕਤਲ ਕੀਤਾ ਬਿਨਾਂ ਇਸ ਗੱਲ ਦੇ ਕਿ ਉਸਨੇ ਕਿਸੇ ਨੂੰ ਕਤਲ ਕੀਤਾ ਹੋਵੇ ਜਾਂ ਉਸਨੇ ਜ਼ਮੀਨ 'ਤੇ ਫਸਾਦ ਪੈਦਾ ਕੀਤਾ ਹੋਵੇ ਤਾਂ ਸਮਝੋ ਕਿ ਉਸ ਨੇ ਸਾਰੇ ਇਨਸਾਨਾਂ ਨੂੰ ਕਤਲ ਕਰ ਦਿੱਤਾ।

# ਸਿਰਲੇਖਵਾਰ ਇਸ਼ਤਿਹਾਰ/Classified Advertisements

**(U/o 5 Rule 20 CPC)**
**In the Court of**
**Ms. Amita Singh**
**Additional District and Sessions Judge, Sri Muktsar Sahib**
CNR No:- PBSM01-001195-2023
Next Date:- 04-08-2025
Sarban Singh
Versus
Sito Etc.
Notice to: 1. (C) Shinder Kaur D/o Sito D/o Bishan Singh (Baljinder Singh alias Pappi) S/o Lal Singh, resident of House No.10/23, Guru Gobind Singh, Bathinda, District Bathinda. 1.(D) Bhajan Kaur alias Sunita Rani (deceased) daughter of Bishan Singh, wife of Mangat Rai through Lrs: Lrs No.(1) Sunny Verma s/o Mangat Rai S/o Bishan Dass (II) Babli Kumar son (III) Dimple alias Deepu daughter of Mangat Rai son of Bishan Dass, all residents of St. No.1, Janta Nagar, Bathinda, District Bathinda.
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **04.**08.2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 21.04.2025
**Sd/- Additional District and Sessions Judge, Sri Muktsar Sahib**

---

**(U/o 5 Rule 20 CPC)**
**In the Court of**
**Ms. Tarandeep Kaur**
**Civil Judge (Junior Division), SBS Nagar**
CNR No. PBSB02-001171-2023
Next Date: 20.05.2025
Central Bank of India
Versus
Gurwinder Singh
Suit for recovery
Notice to: 2) Jaswant Singh S/o Mahinder Singh since died through his legal heirs : i) Hardeep kaur D/o Jaswant Singh ii) Amarjit Kaur @ Amrit Kaur D/o Jaswant Singh iii) Rupinder Kaur @ Ravinder Kaur D/o Jaswant Singh iv) Kamaljit Kaur Wd/o Satnam Singh S/o Jaswant Singli v) Parbhnoor Kaur D/o Satnam Singh S/o Jaswant Singh since minor through her natural guardian, next friend & mother-Kamaljit Kaur W/o Satnam singh vi) Nihalpreet Singh S/o Satnam Singh S/o Jaswant singh since minor through his natural guardian, next friend & mother-Kamaljit Kaur W/o Satnam singh All Residents of Village Balon, Tehsil Banga, Distt SBS Nagar.
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **20.**05.2025 at 10:00 A.M.
For details logon to https://highcourtchd.gov.in/?mod=district_notice&district=sbsnagar
Dated, this day of 18-04-2025
**Sd/- Civil Judge (Junior Division), Shaheed Bhagat Singh Nagar**

---

**(U/o 5 Rule 20 CPC)**
**In the Court of**
**Permanent Lok Adalat (Public Utility Services), Pathankot**
Next Date: 27.05.2025
Case NO. 290/2025
Seelwanti Shawis Industry
Versus
M/s Gurfateh Water Solutions, Ludhiana (Punjab)
Application under Section 22-C of Legal Services Authority Act 1987 as amended upto date.
Notice to: M/S Gurfateh Water Solutions, Guruteg, \Bhadhur Agar, Bhamian Kalan, Near D.S Property Linker, Ludhiana (Punjab) Through Its Proprietor Nitin Malhotra
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **27.**05.2025 at 10:00 A.M.
Dated, this day of 27-03-2025
**Sd/- Charanjiv Singh (Member) Permanent Lok Adalat (Public Utility Services), Pathankot**

---

**(U/o 5 Rule 20 CPC)**
**In the Court of**
**Ms. Neelam Arora**
**Principal Judge, Family Court, Samrala**
CNR No. PBLDF4-000308-2023
Next Date: 28.05.2025
Bakshinder Kaur
Versus
Baljinder Singh
Notice to: Baljinder singh s/o::-Mohinder singh Village rajewal rajputtan, tehsil samrala, district Ludhiana
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **28.**05.2025 at 10:00 A.M.
For details logon to https://highcourtchd.gov.in/?mod=district_notice&district=Ludhiana
Dated, this day of 23-04-2025
**Sd/- Principal Judge, Family Court, Samrala**

---

**In the Court of**
**Ms. Simran Chalana,**
**JMIC, Nawanshahr (Shaheed Bhagat Singh Nagar)**
**CNR-PBS003-001131-2023**
Next Date-22.05.2025 at 10.00 AM
Raj Kumari D/o Kishan Chand wife of Jiwan Kumar R/o Village Rasulpur, Tehsil Nawanshahr, Distt SBS Nagar.
versus
....Complainant...
Jiwan Kumar son of Janak Raj R/o Village Passiwal, Tehsil Nangal, District Ropar & others.
..........Respondents..
Complaint u/s 12 PWDV Act read with section 17,18,19,20,21 and 23.
Notice to: 1. Jiwan Kumar son of Janak Raj R/o Village Passiwal, Tehsil Nangal, District Ropar. 6. Lata wife of Balwinder D/o Janak Raj R/o Village Passiwal, Tehsil Nangal, District Ropar. 9. Rajnish Bhalan C/o Janak Raj R/o Village Passiwal, Tehsil Nangal, District Ropar. 10. Shannu son of Vijay Kumar R/o Village Passiwal, Tehsil Nangal, District Ropar.
In above title petition the respondent (s) could not be served. It is order that respondent (s) should appear in person or through counsel dated 22.05.2025 at 10.00 AM. the detail logon to Next Date, Purpose of case, Orders and Judgments as well as other case Information is available on https://highcourtchd.gov.in/? trs-district notice&district=sbsnagar
Given under my hand and Seal of this Court on 23.04.2025.
**Sd/- JMIC, Nawanshahr (Shaheed Bhagat Singh Nagar)**

---

**Before State Transport Appellate Tribunal, Punjab, Room No. 106-112, First Floor, Old Food & Drug Testing Laboratory (Red Building), Sector-11-D, Chandigarh. Presided Over By Ms. Jatinder Kaur, District And Sessions Judge**
No. Po/Stat/ 124
Date. 1-4-25.
**Publication Notice Under Order 5 Rule 20 Cpc**
Mantej Singh
Versus
Regional Transport Authority, Jalandhar Through Its Secretary & Ors. Appeal No. 07 Of 2024 Under Section 89 Of The Motor Vehicles Act, 1988 Against The Order Of Meeting Dated 14.12.2021.
Notice to: Respondent No. 3: Smt. Parveen Kaur W/O Sh. Nirvair Singh, C/O Mohali Bus Service Regd. Amritsar Near Main Bus Stand, Amritsar. Respondent No. 4:- Sh. Jaswinder Singh S/O Sh. Joginder Singh, C/o Mohali Bus Service Regd. Amritsar Near Main Bus Stand, Amritsar,
Whereas It Has been Proved To The Satisfaction Of This Tribunal That Respondents Named Above Cannot Be Served In Any ordinary Way of Service. Hence, Publication Under order 5 Rule 20 Cpc Is Hereby issued Against Respondents No. 3 & 4 to Appear Personally or through Counsel On 12.05.2025 At 10.00 Am Before this Tribunal.
Take Notice That, In Default Of Your Appearance On The Day Above Mentioned, The Appeal Will Be Heard And Determined Exparte.
Given Under My Hand And The Seal Of The Court, This 1st April 2025.
**Sd/- Presiding Officer State Transport Appellate Tribunal, Punjab, Room No. 106-112, First Floor, Old Food & Drug Testing Laboratory (Red Building) Sector-11-D Chandigarh**

---

**In the Court of**
**Ms. Karandeep Kaur**
**Sub Divisional Judicial Magistrate Jagraon**
CNR No:- PBLDB1-003875-2023
Next Date:- 09-06-2025
M/s Baba Jiwan Singh Finance CO.
Versus
Gurmeet Kaur
Notice to: Gurmeet Kaur Spouse::Jasvir Singh Son Of Jora Singh R/O Nava Nirja Patti Near Deep Karyana Store Bhinder Kalan Moga
In above titled Petition the accused could not be served. It is ordered that accused should appear in person or through counsel on **09.**06.2025 at 10:00 A.M.
For details logon to https://highcourtchd.gov.in/?mod=district_notice&district=jagraoncourt
Dated this day of 17.04.2025
**Sd/- Sub Divisional Judicial Magistrate Jagraon**

---

**(U/o 5 Rule 20 CPC)**
**In the Court of**
**Ms. Shikha Goel**
**Principal Judge Family Court, Moga**
CNR No:- PBMO01-001938-2024
Next Date:- 16-05-2025
Karamveer Kaur
Versus
Sewak Singh
The Plaintiff Prays For Divorce On The Ground Of Cruelty And Desertion.
Notice to: Sewak Singh Father::-Nahar Singh Village Dalla Teh. Jagraon Distt. Ludhiana.
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **16.**05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 22.04.2025
**Sd/- Principal Judge Family Court, Moga**

---

**Sessions Court, Amritsar**
**In the Court of**
**Sh. Shatin Goyal**
**Additional District & Sessions Judge, Amritsar**
CNR No:- PBAS01-004989-2025
Next Date:- 16-05-2025
Balhar Singh
........Petitioner
Versus
General Public
.........Respondent
Notice to: Respondent 1.General Public
If any Person has any objection to grant of Permission then He/She Should appear before this court in person of through counsel on 16-05-2025 at 10:00 AM failing which further Proceedings for the grant of Permission to the Petitioner Shall Be Taken.
For details logon to https://highcourtchd.gov.in/?trs=district_notice&district=amritsar
Given under my hand and the seal of the court this 07.04.2025
**Sd/- Additional District & Sessions Judge, Amritsar**

---

**(U/o 5 Rule 20 CPC)**
**In the Court of**
**Sh. Ajay**
**Civil Judge Jr. Div., Chandigarh**
CNR No. CHCH02-001154-2023
Next Date: 13.05.2025
State Bank of India
Versus
Partap Singh
Notice to: Partap Singh Son;- Puran Nath HNo. 1620 Janta Colony Naya Gaon SAS Nagar Mohali 160103
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **13.**05.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 24-02-2025
**Sd/- Civil Judge Jr. Div., Chandigarh**

---

**Change of Name**
I, Harmeet Singh S/o Balwinder Singh Village Tanuli, Distt. Hoshiarpur, have changed my name to Harmeet Singh Sangha. Concerned Note.

**Plot For Sale**
267 Sq. Yard 36ft Front. East Facing Plot in Gobind Bagh, Near New Bus Stand, Patiala for sale.
**Contact 76965-87848**

---

**(U/o 5 Rule 20 CPC)**
**In the Court of**
**Sh. Ajay**
**Civil Judge Jr. Div., Chandigarh**
CNR No. CHCH02-001166-2023
Next Date: 13.05.2025
State Bank of India
Versus
Sunita Devi
Suit for Recovery
Notice to: Sunita Devi Spouse:-Ajay HNO. 153 Khuda Lahora Sector 14, Chandigarh 160014
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **13.**05.2025 at 10:00 A.M.
For details logon to https://highcourtchd.gov.in/?trs=district_notice&district=Chandigarh
Dated, this day of 24-02-2025
**Sd/- Civil Judge Jr. Div., Chandigarh**

---

**(U/o 5 Rule 20 CPC)**
**In the Court of**
**Sh. Jagjit Singh**
**Matrimonial Cases Special Courts, Jagadhri**
CNR No. HRYN01-002620-2024
Next Date: 28.05.2025
HMA-319-2024
Krishna
Versus
Rohit Kumar Kashyap
Notice to: Rohit Kumar Kashyap Father::-Rm Lauth Vill. Sobha Pande Ka Purva, P.O. Shahgarh, Dularpur Kalan, P.S Munshiganj, Amethi (Up) 2nd Add. C/O Jang Bahadur (On Rent) Village Bisura, Tehsil And P.O Gauriganj, Amethi, (Up)
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **28.**05.2025 at 10:00 A.M.
For details logon to https://highcourtchd.gov.in/?mod=district_notice&district=Yamunanagar
Dated, this day of 24-04-2025
**Sd/- Matrimonial Cases Special Courts, Jagadhri**

---

**In the High Court of Punjab And Haryana At Chandigarh**
CR No. 112-2025
Karnail Singh (Deceased) Through Legal Representative
Versus
General Public And Others
Respondent :1. The General Public
Whereas it is proved to the satisfaction of this Court that the above named respondent cannot be served in the ordinary manner, notice is hereby issued this publication under Order 5 Rule 20 CPC against him to appear in this Court on 14.07.2025 (Actual) personally or through someone authorized by law to act for them/him or an Advocate of this Court to defend the above noted case, failing which it will be heard and decided ex-parte.
Given under my hand and the seal of this Court on 22 Apr 2025.
**Sd/- Supreintendent (Judl.) For Registrar (Judicial)**

---

**(U/o 5 Rule 20 CPC)**
**In the Court of Ms. Shikha Goel**
**Principal Judge Family Court, Nihal Singh Wala**
CNR No. PBMOF2-000003-2025
Next Date: 21.05.2025
Gurmukh Singh
Versus
Sunita Rani
Notice to: Sunita Rani Father:-Karamjit Singh Jagraon, Tehsil Jagraon, Distt. Ludhiana.
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **21.**05.2025 at 10:00 A.M.
For details logon to https://highcourtchd.gov.in/?mod=district_notice&district=mogacourt
Dated, this day of 19-03-2025
**Sd/- Principal Judge Family Court, Nihal Singh Wala**

---

**(U/o 5 Rule 20 CPC)**
**In the Court of Ms Vishavjyoti Civil Judge Jr. Division-2 Sri Anandpur Sahib**
CNR. No **PBROA0-000106-2024**
Next Date-17-05-2025
Ram Nath S/o Sh. Hans Raj S/o Kirpa R/o Village-Mawa Tehsil Sri Anandpur Sahib Distt. Rupnagar Vs. Ram Parkash S/o Hans Raj S/o Kirpa R/o Village-Mawa Tehsil Anandpur Sahib Distt. Rupnagar Petitions U/s App U/o 34 Rule 5 Read With Section 151 Cpc
Notice to: 1. Dhanraj Of Late Kamal Chand S/o Ram Kishan (7-ii)
2. Bir Kaur Wd/o Des Raj (8) 3. Satnam S/oDes Raj (9) 4. Sanjiv S/o Des Raj (10) 5. Gabbar S/o Kewal Kishan (12-11 (ii) Avtar S/o Kewal Kishan (13=11(iii)) 7. Tripta Devi Wd/o Dev Raj (14) 8. Rakesh KumarS/o Dev Raj (16) 9. Jatinder Singh S/o Dev Raj (17) 10.Prem Chand S/o Inder Ram (25) 11. Jarnail Singh Grandsons Of Late Rajo Wd/o Kartara (26(i) 12. Karnail Singh Grandsons Of Late Rajo Wd/o Kartara (26(ii) 13. Soni Lal Grandsuns of Late Rajo Wd/o Kartara (26(iii) 14. Ram Kishan S/o Late Surjito Wd/o Anant Ram (27 (1) 15. Ram Saraj S/o Late Surjito 'WD/o Anant Ram ( 27 (ii) 16. Ram Kali D/o Late Surjito Wd/o Anant Ram (27(iii) 17. Saroj Rani D/o Late Surjito Wd/o Anant Ram (27 (iv)) 18. Pankaj Kumar S/o Ram Karan (28 (i)) 19. Vipan Kumar S/O Ramkaran (28)(ii)) 20. Bholi Wd/o Parkash (34) 21. Mangal@Mangat Ram (35) 22. Balwinder S/oParkash (36) 23. Suresh Kumar S/O Late Charan Kaur (48 (iii) 24. Pinki Devi D/o Late Charan Kaur (48 (Iv)) 25 Asha Rani D/o Jeet Ram (40) 26. Babli Rani D/O Jeet Ram (41) 27. Rano Devi D/o Jeet Ram (42) 28. Santokh Devi D/O Jeet Ram (43), 29. Kuldeep Singh S/o Late Jagdish. Ram (50 (iii)) 30. Pushap Kumar S/O Late Charan Kaur (48(i)) 31. Ajaib Singh S/o Late Jagdish Ram (50ii) All R/o Village- Mawa Tehsil-Anandpur Sahib Distt. Rupnagar 32. Seema Rani @ Shammi Devi D/o Swarani (11 (iii)) Now Wd/o Gurcharan Singh R/ Dabkhera Tehsil NangaL Distt. Rupnagar
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **17.**05.2025 at 10:00 A.M.
For details logon to https://highcourtchd.gov.in/?trs=district_notice&district=Rupnagar
Dated this day of 23.04.2025
**Sd/- Civil Judge Jr. Division-2 Sri Anandpur Sahib**


**ਜ਼ਰੂਰੀ ਸੂਚਨਾ**
ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।
-ਇਸ਼ਤਿਹਾਰ ਮੈਨੇਜਰ

**ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।**


# ਸੈਸ਼ਨ 2024-25 ਦੀ ਸਮਾਪਤੀ ਨੂੰ ਮੁੱਖ ਰੱਖਦਿਆਂ ਕਰਵਾਇਆ ਸ੍ਰੀ ਜਪੁਜੀ ਸਾਹਿਬ ਦਾ ਸਮੂਹਿਕ ਪਾਠ

ਫ਼ਤਹਿਗੜ੍ਹ ਸਾਹਿਬ, 25 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ)

ਮਾਤਾ ਗੁਜਰੀ ਕਾਲਜ ਵਿਖੇ ਸੈਸ਼ਨ 2024-25 ਦੀ ਸਮਾਪਤੀ ਨੂੰ ਮੁੱਖ ਰੱਖਦਿਆਂ ਹੋਇਆਂ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਸ੍ਰੀ ਜਪੁਜੀ ਸਾਹਿਬ ਦਾ ਸਮੂਹਿਕ ਪਾਠ ਕੀਤਾ ਗਿਆ। ਇਸ ਮੌਕੇ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਵਿਦਿਆਰਥੀ ਆਪਣੇ ਮਹਾਨ ਇਤਿਹਾਸ, ਵਿਰਾਸਤ ਅਤੇ ਸੱਭਿਆਚਾਰ ਤੋਂ ਜਾਣੂ ਹੋ ਕੇ ਅਤੇ ਆਪਣੇ ਅਧਿਆਪਕਾਂ ਤੇ ਮਾਪਿਆਂ ਦਾ ਆਗਿਆਕਾਰੀ ਬਣਕੇ ਜੀਵਨ ਵਿੱਚ ਸਫ਼ਲਤਾ ਦੀ ਪੌੜੀਆਂ ਚੜ੍ਹ ਸਕਦੇ ਹਨ।

ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਵਸੂਲੀ, ਜੇਕਰ ਕੋਈ ਹੈ, ਮਨਫੀ ਕਰਕੇ ਰਕਮ ਅਤੇ ਹੋਰ ਫੀਸਾਂ, ਖਰਚਿਆਂ, ਲਾਗਤਾਂ ਦੇ ਲਈ **ਸਟੇਟ ਬੈਂਕ ਆਫ ਇੰਡੀਆ ਏਐਮਸੀਸੀ ਅਮਰੀਕ ਸਿੰਘ ਰੋਡ ਬਠਿੰਡਾ** ਦੇ ਚਾਰਜ ਨਾਲ ਸਬੰਧਤ ਹੋਵੇਗੀ।
**(ਕਰਜ਼ਦਾਰ (ਾਂ)ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।)**

| ਕਰਜ਼ਦਾਰ (ਾਂ)/ ਜ਼ਾਮਨ (ਾਂ) ਦਾ ਨਾਮ | ਚੱਲ/ਅਚੱਲ ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ਾ ਸੂਚਨਾ ਦੀ ਮਿਤੀ | ਬਕਾਇਆ ਰਕਮ |
|---|---|---|---|---|
| 1. ਮੈਸਰਜ਼ ਸ੍ਰੀ ਕ੍ਰਿਸ਼ਨਾ ਸੀਡ ਫਾਰਮ ਪਿੰਡ ਗੁਰਥਰੀ, ਰਿਫਾਇਨਰੀ ਰੋਡ, ਬਠਿੰਡਾ, ਪੰਜਾਬ-151001 ਆਪਣੇ ਭਾਈਵਾਲਾਂ ਰਾਹੀਂ (a) ਸ੍ਰੀ ਅਮਿਤ ਗੋਇਲ ਪੁੱਤਰ ਸ੍ਰੀ ਕ੍ਰਿਸ਼ਨ ਗੋਇਲ ਨਿਵਾਸੀ ਐੱਚ.ਨੰ.2993 ਨੇੜੇ ਟਿੱਕੋਨੀ, ਨਾਮਦੇਵ ਨਗਰ, ਬਠਿੰਡਾ, ਪੰਜਾਬ - 151001 ਅਤੇ (b) ਸ੍ਰੀ ਕਪਿਲ ਗੋਇਲ ਪੁੱਤਰ ਸ੍ਰੀ ਰਾਕੇਸ਼ ਕੁਮਾਰ ਨਿਵਾਸੀ ਵਾਰਡ ਨੰ. 8, ਮਕਾਨ ਨੰ. 28, ਨੇੜੇ ਰਾਮ ਬਾਗ, ਰਾਮਾ ਮੰਡੀ, ਤਹਿਸੀਲ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ, ਪੰਜਾਬ 151301 (ਕਰਜ਼ਦਾਰ) 2. ਸ੍ਰੀਮਤੀ ਸੰਤੋਸ਼ ਰਾਣੀ ਪਤਨੀ ਸ੍ਰੀ ਰਮੇਸ਼ ਕੁਮਾਰ ਨਿਵਾਸੀ ਵਾਰਡ ਨੰ. 5, ਮਕਾਨ ਨੰ 234, ਗਲੀ ਨੰ. 7/1, ਰਾਮਾ ਮੰਡੀ, ਤਹਿਸੀਲ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ, ਪੰਜਾਬ-151301 (ਜ਼ਾਮਨ) | ਖੇਵਟ ਨੰਬਰ 74 ਖਤੌਨੀ ਨੰਬਰ 315 ਖਸਰਾ ਨੰਬਰ 39//21 ਮਿਨ (7-0), 22 ਮਿੰਟ (0-9) ਪਿੰਡ ਅਮਰਪੁਰਾ ਉਰਫ਼ ਗੁਰਥਰੀ, ਤਹਿਸੀਲ ਤਲਵੰਡੀ ਸਾਬੋ, ਜ਼ਿਲ੍ਹਾ ਬਠਿੰਡਾ ਵਿੱਚ 04 ਕਨਾਲ 17 ਮਰਲੇ ਦੀ ਜਾਇਦਾਦ ਜੋ ਕਿ 07 ਕਨਾਲ 09 ਮਰਲੇ ਦੇ ਹਿੱਸੇ ਦੇ 97/149 ਹਿੱਸੇ ਦੇ ਬਰਾਬਰ ਹੈ, ਸਾਲ 2017-18 ਦੀ ਜਮ ?ਾਂਬੰਦੀ ਅਨੁਸਾਰ ਸ੍ਰੀ ਕ੍ਰਿਸ਼ਨਾ ਫਿਲਿੰਗ ਸਟੇਸ਼ਨ, ਰਿਫਾਇਨਰੀ ਰੋਡ, ਪਿੰਡ ਗੁਰਥਰੀ ਦੇ ਨਾਲ ਲੱਗਦੇ ਟਾਈਟਲ ਡੀਡ ਨੰਬਰ 3015 ਮਿਤੀ 09.12.2005 ਸ੍ਰੀਮਤੀ ਸੰਤੋਸ਼ ਕੁਮਾਰੀ ਵਾਸੀ ਸ੍ਰੀ ਰਮੇਸ਼ ਕੁਮਾਰ ਦੇ ਨਾਮ 'ਤੇ ਹੈ ਅਤੇ ਇਸ ਤਰ੍ਹਾਂ ਸੀਮਾਬੱਧ ਹੈ: ਪੂਰਬ - 136' ਰਿਫਾਇਨਰੀ ਰੋਡ, ਪੱਛਮ - 190' ਪਾਹੀ, ਉੱਤਰ - 119' ਪਾਹੀ, ਦੱਖਣ - 281' ਭਰਪੂਰ ਸਿੰਘ। | 07.02.2025 | 25.04.2025 | 07.02.2025 ਨੂੰ 7,16,388.00 ਰੁਪਏ, ਕੀਤੀ ਗਈ ਵਸੂਲੀ ਦੀ ਘੱਟ ਰਕਮ, ਜੇਕਰ ਕੋਈ ਹੈ, ਪਲੱਸ ਇੰਟਰਨੈਸ਼ਨਲ ਅਤੇ ਹੋਰ ਖਰਚੇ/ਖਰਚੇ, ਉਸ 'ਤੇ ਲਾਗਤਾਂ। |

ਮਿਤੀ : 26.04.2025 ਸਥਾਨ : ਬਠਿੰਡਾ ਅਧਿਕਾਰਤ ਅਧਿਕਾਰੀ

---

**ਯੂਨੀਅਨ ਬੈਂਕ ਆਫ ਇੰਡੀਆ** (ਭਾਰਤ ਸਰਕਾਰ ਦਾ ਅਦਾਰਾ) **Union Bank of India** A Government of India Undertaking

**ਅਸੈਟ ਰਿਕਵਰੀ ਸ਼ਾਖਾ**
**ਕਾਲਰਾਜ਼ ਬਿਲਡਿੰਗ, ਪਹਿਲੀ ਮੰਜ਼ਿਲ, ਬੀ-15-295/ਬੀ ਅਤੇ ਬੀ-15-295/ਸੀ, ਨੇੜੇ ਓਸਵਾਲ ਸਟ੍ਰੀਟ, ਮਿਲਰਗੰਜ, ਜੀ.ਟੀ. ਰੋਡ, ਲੁਧਿਆਣਾ-141003, ਮੋਬ: ਨੰ. 83760-02606**

**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 15.05.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ** — **ਈ-ਨਿਲਾਮੀ ਵਿਕਰੀ ਸੂਚਨਾ**

**ਸਰਫਾਇਸੀ ਐਕਟ, 2002 ਦੇ ਨਿਯਮ 8 (6) ਅਧੀਨ 15 ਰੋਜ਼ਾ ਵਿਕਰੀ ਸੂਚਨਾ**
**ਈ-ਨਿਲਾਮੀ ਦੀ ਮਿਤੀ ਅਤੇ ਸਮਾਂ 15.05.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਤੱਕ (10 ਮਿੰਟ ਦੇ ਅਸੀਮਿਤ ਸਵੈ ਵਾਧਿਆਂ ਸਮੇਤ)**
**ਬਿਆਨਾ ਰਕਮ ਬੋਲੀ ਰੱਖਣ ਤੋਂ ਪਹਿਲਾਂ ਨਿਲਾਮੀ ਦਾ ਸਮਾਂ ਖ਼ਤਮ ਹੋਣ ਤੋਂ ਪਹਿਲਾਂ ਸੰਪੱਤੀ ਆਈਡੀ ਦੇ ਨਾਲ ਲਿੰਕ/ਮੈਪ ਅਤੇ ਜਮ੍ਹਾਂ ਕੀਤੀ ਜਾਵੇਗੀ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 9 ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਅਸਾਸਿਆਂ ਦੀ ਵਿਕਰੀ ਦੇ ਲਈ ਈ-ਨਿਲਾਮੀ ਵਿਕਰੀ ਸੂਚਨਾ।** ਜਨਤਾ ਨੂੰ ਆਮ ਕਰਕੇ ਅਤੇ ਕਰਜ਼ਦਾਰ(ਾਂ)/ਸਹਿ ਕਰਜ਼ਦਾਰ/ਜ਼ਾਮਨ (ਾਂ) ਨੂੰ ਵਿਸ਼ੇਸ਼ ਕਰਕੇ ਇਥੇ ਸੂਚਨਾ ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਦਰਸਾਈ ਅਚੱਲ ਸੰਪੱਤੀ, ਜਿਸ ਦਾ ਉਸਾਰੂ/ਭੌਤਿਕ ਕਬਜ਼ਾ ਯੂਨੀਅਨ ਬੈਂਕ ਆਫ ਇੰਡੀਆ/ਸੁਰੱਖਿਅਤ ਕਰਜ਼ਦਾਤਾ ਦੇ ਅਧਿਕਾਰਤ ਅਧਿਕਾਰੀ ਵੱਲੋਂ ਲਿਆ ਗਿਆ ਹੈ, ਦੀ ਵਿਕਰੀ ਸਬੰਧਤ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਤੋਂ ਬੈਂਕ/ਸੁਰੱਖਿਅਤ ਕਰਜ਼ਦਾਤਾ ਵੱਲ ਬਕਾਇਆ ਰਕਮ ਦੀ ਵਸੂਲੀ ਦੇ ਲਈ 15.05.2025 ਨੂੰ **"ਜਿਵੇਂ ਹੈ ਜਿਥੇ ਹੈ", "ਜਿਵੇਂ ਹੈ ਜੋ ਹੈ"** ਅਤੇ **"ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ। **ਰਾਖਵੀਂ ਕੀਮਤ ਅਤੇ ਬਿਆਨਾ ਰਕਮ ਜਮ੍ਹਾਂ ਸਬੰਧਤ ਸੰਪੱਤੀਆਂ ਦੇ ਅਧੀਨ ਨਿਮਨ ਸਾਰਣੀ ਵਿਚ ਦਰਸਾਏ ਅਨੁਸਾਰ ਹੋਵੇਗੀ। ਆਨਲਾਈਨ ਈ-ਨਿਲਾਮੀ 10 ਮਿੰਟਾਂ ਦੇ ਅਸੀਮਿਤ ਵਾਧੇ ਸਮੇਤ ਉਕਤ ਦਰਸਾਈ ਮਿਤੀ ਅਤੇ ਸਮੇਂ 'ਤੇ ਵੈਬ ਪੋਰਟਲ/ਵੈਬਸਾਈਟ : https://baanknet.com ਰਾਹੀਂ ਆਯੋਜਿਤ ਕੀਤੀ ਜਾਵੇਗੀ।**

| ਲ. ਨੰ. | ਸ਼ਾਖਾ ਖਾਤਾ, ਕਰਜ਼ਦਾਰ/ਾਂ/ ਜ਼ਾਮਨ/ਾਂ, ਆਦਿ ਦਾ ਨਾਮ | ਬਕਾਇਆ ਰਕਮ | ਸੰਪੱਤੀ ਦੇ ਵੇਰਵੇ | ਰਾਖਵੀਂ ਕੀਮਤ<br>ਬਿਆਨਾ ਰਕਮ<br>ਬੋਲੀ ਵਾਧਾ ਰਕਮ |
|---|---|---|---|---|
| 1. | ਕਰਜ਼ਦਾਰ/ਗਿਰਵੀਕਾਰ/ਜ਼ਾਮਨ : 1.: ਮੈਸ. ਵੀ ਓ ਮੱਗੋ ਹੌਜ਼ਰੀ (ਰਾਹੀ ਪ੍ਰੋਪ. ਸ੍ਰੀ ਸੰਜੇ ਮੱਗੋ ਸਪੁੱਤਰ ਸ੍ਰੀ ਓਮ ਪ੍ਰਕਾਸ਼) ਮਕਾਨ ਨੰ. ਬੀ-9-434, ਮੁਹੱਲਾ ਬਜਾਰੀਆਂ, ਚੌੜੀ ਸੜਕ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਪਿਨ 141008, 2. ਸ੍ਰੀ ਸੰਜੇ ਮੱਗੋ ਸਪੁੱਤਰ ਸ੍ਰੀ ਓਮ ਪ੍ਰਕਾਸ਼ (ਕਰਜ਼ਦਾਰ) ਮਕਾਨ ਨੰ. ਬੀ-9-434, ਮੁਹੱਲਾ ਬਜਾਰੀਆਂ, ਚੌੜੀ ਸੜਕ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਪਿਨ 141008, 3. ਸ੍ਰੀਮਤੀ ਕਵਿਤਾ ਰਾਣੀ ਸੁਪਤਨੀ ਸ੍ਰੀ ਸੰਜੇ ਮੱਗੋ (ਜ਼ਾਮਨ/ਗਿਰਵੀਕਾਰ) ਮਕਾਨ ਨੰ. ਬੀ-9-434, ਮੁਹੱਲਾ ਬਜਾਰੀਆਂ, ਚੌੜੀ ਸੜਕ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਪਿਨ 141008 | Rs. 44,79,266.93 30.06.2023 ਦੇ ਅਨੁਸਾਰ, 01.07.2023 ਤੋਂ ਪ੍ਰਭਾਵੀ ਅਗਲੇਰੇ ਵਿਆਜ ਸਮੇਤ | 1. ਵਿਕਰੀ ਡੀਡ ਵਸੀਕਾ ਨੰਬਰ 26265 ਮਿਤੀ 11.03.1998 ਦੇ ਅਧੀਨ ਸ੍ਰੀਮਤੀ ਕਵਿਤਾ ਰਾਣੀ ਸੁਪਤਨੀ ਸ੍ਰੀ ਸੰਜੇ ਮੱਗੋ ਦੇ ਨਾਮ 'ਤੇ ਵਿਕਰੀ ਡੀਡ ਵਸੀਕਾ ਨੰਬਰ 16442 ਮਿਤੀ 16.02.2004 50 ਵਰਗ ਗਜ਼ ਦੇ ਅਧੀਨ ਸ੍ਰੀ ਸੰਜੇ ਮੱਗੋ ਸਪੁੱਤਰ ਓਮ ਪ੍ਰਕਾਸ਼ ਦੇ ਨਾਮ 'ਤੇ 50 ਵਰਗ ਗਜ਼, ਮੁਹੱਲਾ ਬਜਰੀਆਂ, ਨੇੜੇ ਗੁਲਚਮਨ ਗਲੀ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਐਮਸੀ ਨੰ. ਬੀ-9-434 ਦੇ ਅਧੀਨ ਅਚੱਲ ਸੰਪੱਤੀ ਭਾਵ ਮਕਾਨ। ਹੱਦਾਂ : ਪੂਰਬ : ਸੋਮਨਾਥ ਮਾਪ 11'-6" ਅੰਦਰੂਨੀ ਕਰਵ 17'-3" ਬਾਹਰੀ ਕਰਵ 11'-6" ਅਮਰਜੀਤ ਸਿੰਘ, ਪੱਛਮ : ਰਾਣੀ ਅਤੇ ਸੁਦੇਸ਼ ਦਾ ਮਕਾਨ ਮਾਪ 28'-6", ਉਤਰ : ਗੁਆਂਢੀ ਮਾਪ 31' ਅੰਦਰੂਨੀ ਕਰਵ 6'-9"+22'-6" ਬੰਦ ਗਲੀ, ਦੱਖਣ : ਗੁਆਂਢੀ ਮਾਪ 26' ਅੰਦਰੂਨੀ ਕਰਵ 7'-3"+5' ਬੰਦ ਗਲੀ+5'-3" ਅਮਰਜੀਤ ਸਿੰਘ। ਪੂਰਬ : ਸੋਮਨਾਥ ਮਾਪ 20'-3", **ਕਬਜ਼ੇ ਦੀ ਕਿਸਮ : ਸੰਕੇਤਕ** | Rs. 51,00,000/-<br>Rs. 5,10,000/-<br>Rs. 51,000/- |
| | | | 2. ਵਿਕਰੀ ਡੀਡ ਵਸੀਕਾ ਨੰਬਰ 24876 ਮਿਤੀ 23.02.1998 ਦੇ ਅਧੀਨ ਸ੍ਰੀਮਤੀ ਕਵਿਤਾ ਰਾਣੀ ਸੁਪਤਨੀ ਸ੍ਰੀ ਸੰਜੇ ਮੱਗੋ ਦੇ ਨਾਮ 'ਤੇ ਵਿਕਰੀ ਡੀਡ ਵਸੀਕਾ ਨੰਬਰ 16444 ਮਿਤੀ 16.02.2004 25 ਵਰਗ ਗਜ਼ ਦੇ ਅਧੀਨ ਸ੍ਰੀ ਸੰਜੇ ਮੱਗੋ ਸਪੁੱਤਰ ਓਮ ਪ੍ਰਕਾਸ਼ ਦੇ ਨਾਮ 'ਤੇ 25 ਵਰਗ ਗਜ਼, ਮੁਹੱਲਾ ਬਜਰੀਆਂ, ਨੇੜੇ ਗੁਲਚਰਨ ਗਲੀ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ ਐਮਸੀ ਨੰ. ਬੀ-9-433/3 ਦੇ ਅਧੀਨ ਅਚੱਲ ਸੰਪੱਤੀ ਭਾਵ ਮਕਾਨ। ਹੱਦਾਂ : ਪੂਰਬ : ਸੋਮਨਾਥ ਮਾਪ 11'-6" ਅੰਦਰੂਨੀ ਕਰਵ 17'-3" ਬਾਹਰੀ ਕਰਵ 11'-6" ਅਮਰਜੀਤ ਸਿੰਘ, ਪੱਛਮ : ਰਾਣੀ ਅਤੇ ਸੁਦੇਸ਼ ਦਾ ਮਕਾਨ ਮਾਪ 28'-6", ਉਤਰ : ਗੁਆਂਢੀ ਮਾਪ 31' ਅੰਦਰੂਨੀ ਕਰਵ 6'-9"+22'-6" ਬੰਦ ਗਲੀ, ਦੱਖਣ : ਗੁਆਂਢੀ ਮਾਪ 26' ਅੰਦਰੂਨੀ ਕਰਵ 7'-3"+5' ਬੰਦ ਗਲੀ+5'-3" ਅਮਰਜੀਤ ਸਿੰਘ। ਪੂਰਬ : ਸੋਮਨਾਥ ਮਾਪ 20'-3", ਪੱਛਮ : ਰਸਤਾ 07' 03"+ ਅੰਦਰੂਨੀ ਕਰਵ 5'+5'-3" ਅਤੇ ਰਾਜ ਕੌਰ ਆਦਿ, ਉਤਰ : ਰਾਜ ਕੌਰ 20'-3", ਦੱਖਣ : ਗਲੀ 20'-3"+ ਅੰਦਰੂਨੀ ਕਰਵ 5'-3" ਰੌਸ਼ਨ ਲਾਲ। **ਕਬਜ਼ੇ ਦੀ ਕਿਸਮ : ਸੰਕੇਤਕ** | |
| 2 | **ਸ੍ਰੀਮਤੀ ਰੇਨੂ ਸੁਪਤਨੀ ਸ੍ਰੀ ਦੀਪਕ ਵਰਮਾ** ਮਕਾਨ ਨੰ. 160ਏ, ਗੋਲਡਨ ਐਵੇਨਿਊ ਕਲੋਨੀ, ਪਿਛੇ ਮਜੀਦ, ਰਾਹੋਂ ਰੋਡ, ਬਸਤੀ ਯੋਧੇਵਾਲ ਲੁਧਿਆਣਾ 141007 **ਸ੍ਰੀ ਵਿਸ਼ਾਲ ਵਰਮਾ** ਸਪੁੱਤਰ ਸਵ. ਸ੍ਰੀ ਦੀਪਕ ਵਰਮਾ, ਮਕਾਨ ਨੰ. 160-ਏ, ਗੋਲਡਨ ਐਵੇਨਿਊ ਕਲੋਨੀ, ਪਿਛੇ ਮਜੀਦ, ਰਾਹੋਂ ਰੋਡ, ਬਸਤੀ ਯੋਧੇਵਾਲ ਲੁਧਿਆਣਾ 141007 | Rs. 28,95,419.40 30.04.2023 ਨੂੰ ਜਮ੍ਹਾਂ ਅਗਲੇਰਾ ਵਿਆਜ ਸਮੇਤ | ਟਾਈਟਲ ਡੀਡ ਵਸੀਕਾ ਨੰ. 14572 ਮਿਤੀ 02.11.2017 ਦੇ ਅਧੀਨ ਸ੍ਰੀਮਤੀ ਰੇਣੂ ਸੁਪਤਨੀ ਸਵ. ਸ੍ਰੀ ਦੀਪਕ ਵਰਮਾ ਦੇ ਨਾਮ 'ਤੇ ਜਮ੍ਹਾਂਬੰਦੀ ਸਾਲ 2008-2009 ਅਨੁਸਾਰ ਮਾਲੀਆ ਅਸਟੇਟ ਪਿੰਡ ਤਰਫ ਗਹਿਲੇਵਾਲ, ਅਬਾਦੀ ਗੋਲਡਨ ਐਵੇਨਿਊ, ਬਸਤੀ ਯੋਧੇਵਾਲ, ਲੁਧਿਆਣਾ ਵਿਖੇ ਖਾਤਾ 711/813, 756/857, ਖਸਰਾ ਨੰ. 322, 323, 324, 325, 326, 327, 331, 332, 333, 334, 336, 519/348, 520/348, 521/348/1, 522/348, 1013/619/349, 1014/619/349, 344/1, 345/1, 346/1, 347/1 503/350/1, 504/350/1 ਵਿਚ ਸ਼ਾਮਲ 143 ਵਰਗ ਗਜ਼ ਮਾਪ ਵਾਲੇ ਪਲਾਟ ਨੰ. 160-ਏ, ਐਮਸੀ ਨੰ.ਬੀ-31-1148-ਸੀਪੀ-160ਏ 'ਤੇ ਨਿਰਮਿਤ ਇਕ ਮਕਾਨ ਵਾਲੀ ਅਚੱਲ ਸੰਪੱਤੀ। ਹੱਦਬੰਦੀ : ਪੂਰਬ : ਗਲੀ 20' ਚੌੜੀ 20'-08", ਪੱਛਮ : ਗੁਆਂਢੀ 20', ਉੱਤਰ : ਖਾਲੀ ਪਲਾਟ 60'-06", ਦੱਖਣ : ਖਾਲੀ ਪਲਾਟ (64'-00") **ਕਬਜ਼ੇ ਦੀ ਕਿਸਮ- ਸੰਕੇਤਕ** | Rs. 28,50,000/-<br>Rs. 2,85,000/-<br>Rs. 28,500/- |
| 3. | ਕਰਜ਼ਦਾਰ: ਓ) ਮੈਸਰਜ਼ ਡ੍ਰੀਮ ਐਂਡ ਪ੍ਰੋਸਪਰਿਟੀ ਹੋਟਲ ਐਂਡ ਰੈਸਟੋਰੈਂਟ ਰਿਪ: ਪ੍ਰੋ. ਰਾਹੁਲ ਚੌਹਾਨ (ਮ੍ਰਿਤਕ) ਆਪਣੇ ਕਾਨੂੰਨੀ ਵਾਰਸਾਂ ਰਾਹੀਂ: (•) ਸ੍ਰੀ ਦਿਨੇਸ਼ ਕੁਮਾਰ (ਪਿਤਾ), (••) ਸ੍ਰੀਮਤੀ ਸੁਨੀਤਾ ਦੇਵੀ (ਮਾਂ), (•••) ਸ੍ਰੀਮਤੀ ਸਪਨਾ ਚੌਹਾਨ (ਪਤਨੀ) ਅਤੇ ਸਾਰੇ ਅਣਜਾਣ ਕਾਨੂੰਨੀ ਵਾਰਸ, ਸਾਰੇ ਵਾਸੀ ਪਿੰਡ ਭਦਵਾੜਾ ਤਹਿਸੀਲ ਫਤਿਹਪੁਰ, ਕਾਂਗੜਾ, ਹਿਮਾਚਲ ਪ੍ਰਦੇਸ਼ 176053 ਆਪਣੇ ਕਾਨੂੰਨੀ ਵਾਰਸ ਪਿੰਡ ਭਦਵਾੜਾ, ਤਹਿਸੀਲ ਫਤਿਹਪੁਰ, ਕਾਂਗੜਾ, ਹਿਮਾਚਲ ਪ੍ਰਦੇਸ਼, ਸਹਿ-ਦੇਣਦਾਰ/ਗਿਰਵੀਕਾਰ: ਸ੍ਰੀ ਦਿਨੇਸ਼ ਕੁਮਾਰ ਪੁੱਤਰ ਸਵਰਗੀ ਸ੍ਰੀ ਮੋਹਨ ਲਾਲ, ਪਿੰਡ ਭਦਵਾੜਾ, ਤਹਿਸੀਲ ਫਤਿਹਪੁਰ, ਕਾਂਗੜਾ, ਹਿਮਾਚਲ ਪ੍ਰਦੇਸ਼ 176053। ਜ਼ਾਮਨ ਜਸਬੀਰ ਸਿੰਘ ਪੁੱਤਰ ਨਰਿੰਦਰ, ਵਾਰਡ ਨੰਬਰ 5, ਪਿੰਡ ਤੇ ਡਾਕਖਾਨਾ ਥਬਲ, ਤਹਿਸੀਲ ਅੰਬ, ਜ਼ਿਲ੍ਹਾ ਊਨਾ, ਹਿਮਾਚਲ ਪ੍ਰਦੇਸ਼, 177211 | Rs. 66,03,699/- 23.06.2024 ਅਨੁਸਾਰ ਜਮ੍ਹਾਂ ਵਿਆਜ ਸਮੇਤ। | 253 ਵਰਗ ਮੀਟਰ ਦੀ ਵਪਾਰਕ ਜਾਇਦਾਦ ਦਾ ਸਾਰਾ ਟੁਕੜਾ ਅਤੇ ਪਾਰਸਲ। ਖੇਵਟ/ਖਤੂਨੀ ਨੰ. 81 ਮਿਨ/135 ਮਿਨ ਅਤੇ ਖਸਰਾ ਨੰਬਰ 684 ਕਿੱਟੇ 1 ਮਾਪ 0-01-70 ਹੈਕਟੇਅਰ ਅਤੇ ਖੇਵਟ/ਖਤੂਨੀ ਨੰ. 81 ਮਿੰਟ/135 ਮਿੰਟ ਖਸਰਾ ਨੰ: 685/2/2 ਮਾਪ 0-04-32 ਇਸ ਵਿੱਚੋਂ 0-00-83 ਹੈਕਟੇਅਰ ਪਿੰਡ ਬਧਵਾੜਾ ਮੌਜਾ ਸੁਨੇਤ, ਤਹਿਸੀਲ ਫਤਿਹਪੁਰ, ਜ਼ਿਲ੍ਹਾ। ਕਾਂਗੜਾ (ਖਸਰਾ ਨੰਬਰ 684 ਵਿੱਚ ਸ੍ਰੀ ਰਾਹੁਲ ਚੌਹਾਨ ਪੁੱਤਰ ਦਿਨੇਸ਼ ਕੁਮਾਰ ਦੇ ਨਾਮ ਅਤੇ ਖਸਰਾ ਨੰਬਰ 685/2/2 ਵਿੱਚ ਸ੍ਰੀ ਦਿਨੇਸ਼ ਕੁਮਾਰ ਪੁੱਤਰ ਮੋਹਨ ਲਾਲ ਦੇ ਨਾਮ ਦੀ ਜਾਇਦਾਦ)। ਸੀਮਾਵਾਂ ਹਨ: ਉੱਤਰ-ਸਰਕਾਰੀ ਜ਼ਮੀਨ, ਦੱਖਣੀ-ਪਿੰਡ ਸ਼ਿਵ ਰਾਮ ਚੌਧਰੀ, ਪੂਰਬ-ਪਿੰਡ ਤਾਰਾ ਸਿੰਘ, ਪੱਛਮੀ-ਨੂਰਪੁਰ ਤੋਂ ਤਲਵਾੜਾ ਰੋਡ। ਕਬਜ਼ੇ ਦੀ ਕਿਸਮ: ਸੰਕੇਤਕ | Rs. 48,00,000/-<br>Rs. 4,80,000/-<br>Rs. 48,000/- |
| 4. | ਕਰਜ਼ਦਾਰ: ਮੈਸ. ਜੇਐਸ ਕਾਲੜਾ ਰਾਈਸ ਮਿੱਲਜ਼ ਦੇ ਪ੍ਰਤੀਨਿਧੀ ਇਸਦੇ ਭਾਈਵਾਲਾਂ ਸ੍ਰੀ ਬਲਰਾਜ ਸਿੰਘ ਅਤੇ ਸ੍ਰੀ ਅਵਤਾਰ ਸਿੰਘ ਪਿੰਡ ਚੌਹਾਨ, ਬਲਾਕ ਆਦਮਪੁਰ, ਜਲੰਧਰ ਵਿਖੇ ਸਥਿਤ, ਜ਼ਾਮਨ: 1. ਸ੍ਰੀ ਬਲਰਾਜ ਸਿੰਘ ਕਾਲੜਾ ਪੁੱਤਰ ਸ੍ਰੀ ਗੁਰਦਿਆਲ ਸਿੰਘ ਪਿੰਡ ਚੌਹਾਨ, ਬਲਾਕ ਆਦਮਪੁਰ, ਜਲੰਧਰ, ਸ੍ਰੀ ਅਵਤਾਰ ਸਿੰਘ ਪੁੱਤਰ ਸ੍ਰੀ ਜਰਨੈਲ ਸਿੰਘ ਵਾਸੀ ਪਿੰਡ ਚੌਹਾਨ, ਬਲਾਕ ਆਦਮਪੁਰ, ਜਲੰਧਰ | Rs. 6,93,24,511.80 30.06.2023 ਨੂੰ ਜਮ੍ਹਾਂ ਅਗਲੇਰੇ ਵਿਆਜ ਸਮੇਤ | ਪਲਾਂਟ ਅਤੇ ਮਸ਼ੀਨਰੀ ਦੇ ਸਾਰੇ ਟੁਕੜੇ ਅਤੇ ਪਾਰਸਲ ਅਤੇ ਪਿੰਡ ਚੌਹਾਨ, ਤਹਿਸੀਲ ਜਲੰਧਰ ਵਿਖੇ ਸਥਿਤ 58 ਕਨਾਲ 10 ਮਰਲੇ ਜ਼ਮੀਨ (ਜਿਸ ਵਿੱਚ 7 ਕਨਾਲ 17ਮਰਲੇ ਦੀ ਜ਼ਮੀਨ ਵੀ ਸ਼ਾਮਲ ਹੈ ਜਿੱਥੇ ਇਮਾਰਤ ਬਣੀ ਹੋਈ ਹੈ) ਪਿੰਡ ਚੌਹਾਨ, ਪੋਸਟ ਆਦਮਪੁਰ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਵਿਖੇ ਸਥਿਤ ਹੈ, ਦੇ ਰੂਪ ਵਿੱਚ ਪੂਰੀ ਤਰ੍ਹਾਂ ਵੇਰਵੇ ਸਹਿਤ ਹੈ। ਅਧੀਨ:-<br>a) 9 ਕਨਾਲ 2 ਮਰਲੇ ਜ਼ਮੀਨ ਮਾਪਿਆ ਜਾ ਰਿਹਾ ਹੈ ਖਸਰਾ ਨੰਬਰ 11/16/2 (2-18), 16/3 (0-5), 1//17/1 (2-8), 24/2 ਵਿੱਚ ਸ਼ਾਮਲ 36 ਕਨਾਲ 6 ਮਰਲੇ ਜ਼ਮੀਨ ਦਾ 1 1/2 ਹਿੱਸਾ। (2-8), 25 (8-0), 2/20/3 (0-9), 3/13/3 (0-9), 4/4/1 (5- 12), 4/7/1 (4-16), 50 (1-1), 3/10 (8-0)।<br>b) ਖਸਰਾ ਨੰਬਰ 1/21/1 (1-4), 3//1/1 (1-4), 19 ਵਿੱਚ ਸ਼ਾਮਲ 95 ਕਨਾਲ 18 ਮਰਲੇ ਜ਼ਮੀਨ ਦੀ ਮਾਪਦੰਡ 23 ਕਨਾਲ 19 ਮਰਲੇ ਜ਼ਮੀਨ ਦਾ 1/4 ਹਿੱਸਾ ਹੈ। (8-0), 3/20 (8-0), 4//5 (8-0), 6 (8-0), 24 (8-0), 3//11 (8-0), 12 (8-0), 13/1 (0-14), 4//14/2 (4-16), 15 (8-0), 16 (8-0) , 4//17 (8-0), 25 (8-0)<br>c) ਖਸਰਾ ਨੰਬਰ 2//21/2 (6-16), 20/2 (2-9), 3//1/ ਵਿੱਚ ਸ਼ਾਮਲ ਕੀਤੀ ਜਾ ਰਹੀ 13 ਕਨਾਲ 4 ਮਰਲੇ ਜ਼ਮੀਨ ਵਿੱਚੋਂ 3 ਕਨਾਲ 6 ਮਰਲੇ ਜ਼ਮੀਨ ਦੀ ਮਾਪ ਕੀਤੀ ਜਾ ਰਹੀ ਹੈ। 2 (6-16), 3/19/2 (6-16), 2//19/1 (1-6), 22 (6-19), 23 (0-8), 3//2 (8-0), 3 (4-12), 3//7 (1-16), 8 (7-14), 9/1 (1-3), 13/5 (3-8), 14 (4-6), /26 (1-0)<br>d) ਖਸਰਾ ਨੰਬਰ 2/22/2 (6-16), 2//20/2 (2-) ਵਿੱਚ ਸ਼ਾਮਲ 63 ਕਨਾਲਾਂ 4 ਮਰਲੇ ਜ਼ਮੀਨ ਦੀ ਮਾਪਦੰਡ ਜ਼ਮੀਨ ਵਿੱਚੋਂ 6 ਕਨਾਲ 5 ਮਰਲੇ ਜ਼ਮੀਨ ਦਾਂ ਹਿੱਸਾ ਹੈ। 9), 3//1/2 (6-16), 9/2 (6-16), 2//19/1 (1-6), 22 (6-19), 23 (0-8), 3//2 (8-0), 3 (4-12), 7 (1-16), 8 (7-14) , 9/1 (1-3), 13/5 (3-8), 14 (4-6), 1/26 (1-0)<br>e) ਖਸਰਾ ਨੰਬਰ 2//21/2 (6-16), 2//20/2 (2) ਵਿੱਚ ਸ਼ਾਮਲ 63 ਕਨਾਲਾਂ 4 ਮਰਲੇ ਜ਼ਮੀਨ ਮਾਪਣ ਵਾਲੀ ਜ਼ਮੀਨ ਵਿੱਚੋਂ 6 ਕਨਾਲ 5 ਮਰਲੇ ਜ਼ਮੀਨ ਦਾਂ ਹਿੱਸਾ ਮਾਪਣਾ। -9), 3//1/2 (6-16), 9/2 (6-16), 2//19/1 (1-6), 22 (6-19), 23 (0-8), 3//2 (8-0), 3 (4-12), 7 (1-16), 8 (7-14) , 9/1 (1-3), 13/5 (3-8), 14 (4-6), 1/26 (1-0);<br>f) ਖਸਰਾ ਨੰਬਰ 2//19/2 (0-12), 20/1 (5-0), 1// ਵਿੱਚ ਸ਼ਾਮਲ 9 ਕਨਾਲ 14 ਮਰਲੇ ਜ਼ਮੀਨ ਦੀ ਮਾਪਦੰਡ 3 ਕਨਾਲ 4 ਮਰਲੇ ਜ਼ਮੀਨ ਦਾ 1/3 ਹਿੱਸਾ ਹੈ। 6 (3-9), 7 (0-6), 14/2 (4-5), 15 (3-12), 16/1 (4-17), 2//11 (3-13)।<br>g) ਖਸਰਾ ਨੰਬਰ 2//19/2 (0-12), 20/1 (5-0), 1//6 (3- 9), 7(0-6), 14/2 (4-5), 15 (7-0), 16/1 (4-17), 2//11 (3-13) **(ਕਬਜ਼ੇ ਦਾ ਸਥਾਨ: ਸੰਕੇਤਕ)** | Rs. 1,32,50,000/-<br>Rs. 13,25,000/-<br>Rs. 1,00,000/- |
| 5. | 1. ਮੈਸਰਜ਼ ਹੰਸ ਰਾਜ ਐਂਡ ਸੰਨਜ਼ ਪ੍ਰੋਪ ਸ੍ਰੀ ਹਰਦਿਆਲ ਸਿੰਘ, ਅਨਾਜ ਮੰਡੀ ਦੇ ਨੇੜੇ, ਮੰਡੀ ਬਰੀਵਾਲਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ, 2. ਸ੍ਰੀ ਹਰਦਿਆਲ ਸਿੰਘ ਪੁੱਤਰ ਸ੍ਰੀ ਹੰਸ ਰਾਜ, ਵਾਰਡ ਨੰ: 5, ਛੋਟੇ ਗੁਰਦੁਆਰਾ ਵਾਲੀ ਗਲੀ, ਮੰਡੀ ਬਰੀਵਾਲਾ, ਜ਼ਿਲ੍ਹਾ ਮੁਕਤਸਰ ਸਾਹਿਬ, ਜ਼ਾਮਨ: ਸ੍ਰੀ ਵਰੁਣ ਕੁਮਾਰ ਗਰਗ ਪੁੱਤਰ ਸ੍ਰੀ ਅਰੁਣ ਕੁਮਾਰ ਗਰਗ, ਦੁਕਾਨ ਨੰ: 146, ਨਵੀਂ ਅਨਾਜ ਮੰਡੀ, ਜ਼ਿਲ੍ਹਾ ਮੁਕਤਸਰ | Rs. 26,34,154.45 ਜਮ੍ਹਾਂ ਵਿਆਜ ਸਮੇਤ | 4160 ਵਰਗ ਫੁੱਟ ਖੇਵਟ ਨੰ.493, ਖਟੌਨੀ ਨੰ.739, ਖਸਰਾ ਨੰ.474/1(0-13) 474/3(0-2) ਦੀ ਰਿਹਾਇਸ਼ੀ ਇਮਾਰਤ ਦਾ ਸਾਰਾ ਹਿੱਸਾ, ਜਮ੍ਹਾਂਬੰਦੀ 1984-85 ਦੇ ਅਨੁਸਾਰ, ਵਾਰਡ ਨੰ. 5, ਪਿਛਲੇ ਪਾਸੇ ਅਨਾਜ ਮੰਡੀ, ਮੰਡੀ ਬਰੀਵਾਲਾ, ਜ਼ਿਲ੍ਹਾ ਮੁਕਤਸਰ ਸਾਹਿਬ ਵਿਖੇ ਸਥਿਤ। ਵਿਕਰੀ ਡੀਡ ਅਨੁਸਾਰ ਹੱਦਬੰਦੀ:- ਪੂਰਬ: ਗਲੀ 10'-0" ਚੌੜੀ 80'-0", ਪੱਛਮ: ਓਮ ਪ੍ਰਕਾਸ਼ 49'-0", ਉੱਤਰ: ਸੁਰਜੀਤ ਸਿੰਘ 69'-0", ਦੱਖਣ: ਮੋਹਨ ਲਾਲ 60'-0" **(ਕਬਜ਼ੇ ਦੀ ਕਿਸਮ: - ਸੰਕੇਤਕ)** | Rs. 9,50,000/-<br>Rs. 95,000/-<br>Rs. 9,500/- |
| 6. | **ਸ੍ਰੀ. ਤਲਵਿੰਦਰ ਸਿੰਘ ਪੁੱਤਰ ਸ੍ਰੀ ਮਨਜਿੰਦਰ ਸਿੰਘ**, ਗਲੀ ਨੰ- 12ਏ, ਮੁਹੱਲਾ-ਦਸ਼ਮੇਸ਼ ਨਗਰ (ਖਵਾਸਪੁਰ), ਹੁਸ਼ਿਆਰਪੁਰ ਪੰਜਾਬ, (2) ਸ੍ਰੀ ਪਰਮਿੰਦਰ ਸਿੰਘ ਪੁੱਤਰ ਸ੍ਰੀ ਮਨਜਿੰਦਰ ਸਿੰਘ, ਗਲੀ ਨੰ- 12ਏ, ਮੁਹੱਲਾ-ਦਸ਼ਮੇਸ਼ ਨਗਰ (ਖਵਾਸਪੁਰ), ਪੰਜਾਬ। | Rs. 20,70,596.70 ਜਮ੍ਹਾਂ ਵਿਆਜ ਸਮੇਤ | ਖੇਵਟ ਨੰ: 333/387, ਖਸਰਾ ਨੰ: 13//20/2 (6-6), ਖਵਾਸਪੁਰ, ਹੁਸ਼ਿਆਰਪੁਰ ਵਿਖੇ ਸਥਿਤ 2 ਮਰਲੇ 266 ਵਰਗ ਫੁੱਟ ਦੀ ਜਾਇਦਾਦ ਦੇ ਸਾਰੇ ਭਾਗ ਅਤੇ ਹਿੱਸੇ। ਇਸਦੀ ਹੱਦਬੰਦੀ: ਉੱਤਰ ਵੱਲ: ਮੋਹਿਨੀ (45'), ਦੱਖਣ ਵੱਲ: ਪ੍ਰੇਮ ਪ੍ਰਕਾਸ਼ (45'), ਪੂਰਬ ਵੱਲ: ਰਸਤਾ (18'), ਪੱਛਮ ਵੱਲ: ਕੁਲਵਿੰਦਰ ਸਿੰਘ (18') **(ਕਬਜ਼ੇ ਦੀ ਕਿਸਮ: ਸੰਕੇਤਕ)** | Rs. 17,50,000/-<br>Rs. 1,75,000/-<br>Rs. 17,500/- |
| 7. | **ਕਰਜ਼ਦਾਰ: ਮੈਸਰਜ਼ ਮੰਗਲ ਸਿੰਘ ਐਂਡ ਸੰਨਜ਼** ਪ੍ਰੋਪ. ਗੁਰਪ੍ਰੀਤ ਸਿੰਘ, ਪਿੰਡ ਵੜਿੰਗ, ਡਾਕਖਾਨਾ ਬਰੀਵਾਲਾ, ਤਹਿਸੀਲ ਅਤੇ ਜ਼ਿਲ੍ਹਾ ਮੁਕਤਸਰ, ਪੰਜਾਬ 152025, ਜ਼ਾਮਨ: ਸ੍ਰੀ ਜਗਜੀਤ ਸਿੰਘ ਪੁੱਤਰ ਗੁਰਨਾਮ ਸਿੰਘ, ਨਿਵਾਸੀ ਪਿੰਡ ਅਤੇ ਡਾਕਖਾਨਾ ਡੋਡਾ, ਤਹਿਸੀਲ ਗਿੱਦੜਬਾਹਾ, ਜ਼ਿਲ੍ਹਾ ਮੁਕਤਸਰ, ਪੰਜਾਬ-152031 | Rs. 58,21,088.76 ਜਮ੍ਹਾਂ ਵਿਆਜ ਸਮੇਤ | ਲਾਟ 1- ਦੁਕਾਨ ਅਤੇ ਰਿਹਾਇਸ਼ੀ ਇਮਾਰਤ ਦਾ ਸਾਰਾ ਹਿੱਸਾ ਅਤੇ ਪਾਰਸਲ ਜਿਸਦੀ ਮਾਪ 6900 ਵਰਗ ਮੀਟਰ ਹੈ। ਫੁੱਟ ਕੋਟਕਪੂਰਾ ਰੋਡ, ਪਿੰਡ ਵੜਿੰਗ, ਜ਼ਿਲ੍ਹਾ ਮੁਕਤਸਰ ਸਾਹਿਬ ਵਿਖੇ ਸਥਿਤ ਹੈ ਜਿਸ ਦੀਆਂ ਹੱਦਾਂ ਇਸ ਪ੍ਰਕਾਰ ਹਨ:- ਵਿਕਰੀ ਡੀਡ ਅਨੁਸਾਰ ਹੱਦਬੰਦੀ:- ਉੱਤਰ: ਸੜਕ 40'-0", ਦੱਖਣ: ਦਰਸ਼ਨ ਸਿੰਘ 80'-0", ਪੂਰਬ: ਹਰਚੰਦ ਸਿੰਘ 115'-0", ਪੱਛਮ: ਗਲੀ 115'-0" **(ਕਬਜ਼ਾ ਕਿਸਮ: - ਸੰਕੇਤਕ)** | LOT : 1<br>Rs. 34,00,000/-<br>Rs. 3,40,000/-<br>Rs. 34,000/- |
| | | | ਲਾਟ 2- ਜ਼ਿਲ੍ਹਾ ਮੁਕਤਸਰ ਸਾਹਿਬ ਦੇ ਪਿੰਡ ਵੜਿੰਗ, ਕੋਟਕਪੂਰਾ ਰੋਡ ਵਿਖੇ ਸਥਿਤ 5445 ਵਰਗ ਫੁੱਟ ਦੀ ਰਿਹਾਇਸ਼ੀ ਇਮਾਰਤ ਦਾ ਸਾਰਾ ਹਿੱਸਾ ਅਤੇ ਪਾਰਸਲ ਜਿਸ ਦੀਆਂ ਹੱਦਾਂ ਇਸ ਪ੍ਰਕਾਰ ਹਨ:- ਵਿਕਰੀ ਡੀਡ ਅਨੁਸਾਰ ਸੀਮਾਵਾਂ:- ਉੱਤਰ: ਹਰਚੰਦ ਸਿੰਘ ਦੀ ਜ਼ਮੀਨ 27'-6", ਦੱਖਣ: ਕੇ.ਕੇ. ਮੁਕਤਸਰ ਰੋਡ 27'-6", ਪੂਰਬ: ਸੁਖਜਿੰਦਰ ਸਿੰਘ 198'-0", ਪੱਛਮ: ਡਾ. ਰੁਮਾਨਾ ਦੇ ਸਾਹਮਣੇ 198'-0" **(ਕਬਜ਼ਾ ਕਿਸਮ: - ਸੰਕੇਤਕ)** | LOT : 2<br>Rs. 13,00,000/-<br>Rs. 1,30,000/-<br>Rs. 13,000/- |
| 8. | ਕਰਜ਼ਦਾਰ/ਾਂ:- ਮੈਸ. ਨੈਨਾ ਦੇਵੀ ਸਟੀਲਜ਼ ਰਾਹੀਂ ਇਸਦੇ ਹਿੱਸੇਦਾਰਾਂ 1. ਸ੍ਰੀਮਤੀ ਸ਼ਸ਼ੀ ਬਾਲਾ ਸੁਪਤਨੀ ਰਾਮ ਸ਼ਰਨ, 2. ਸ੍ਰੀਮਤੀ ਸ਼ਿਵਾਨੀ ਗਰਗ ਸੁਪਤਨੀ ਰਮਿਤ ਗਰਗ, ਨੇੜੇ ਮਨਸਾ ਦੇਵੀ ਮੰਦਿਰ, ਪਿੰਡ ਕੱਕੜਵਾਲ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ-148024, (ਜ਼ਾਮਨ) ਓ. ਸ੍ਰੀ ਰਮਿਤ ਗਰਗ ਸਪੁੱਤਰ ਰਾਮ ਸ਼ਰਨ, ਨੇੜੇ ਮਨਸਾ ਦੇਵੀ ਮੰਦਿਰ, ਪਿੰਡ ਕੱਕੜਵਾਲ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ-148024, ਅ. ਸ੍ਰੀਮਤੀ ਸ਼ਿਵਾਨੀ ਗਰਗ ਸੁਪਤਨੀ ਰਮਿਤ ਗਰਗ, ਨੇੜੇ ਮਨਸਾ ਦੇਵੀ ਮੰਦਿਰ, ਪਿੰਡ ਕੱਕੜਵਾਲ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ-148024 ਨਾਲ ਹੀ: ਮਕਾਨ ਨੰ. 1070, ਸੈਕਟਰ 29ਬੀ, ਚੰਡੀਗੜ੍ਹ-160030, ਏ. ਸ੍ਰੀਮਤੀ ਸ਼ਸ਼ੀ ਬਾਲਾ ਸੁਪਤਨੀ ਰਾਮ ਸ਼ਰਨ, ਨੇੜੇ ਮਨਸਾ ਦੇਵੀ ਮੰਦਿਰ, ਪਿੰਡ ਕੱਕੜਵਾਲ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ-148024 | Rs. 49,47,150/- ਜਮ੍ਹਾਂ ਵਿਆਜ ਸਮੇਤ। | **ਸੰਪੱਤੀ 1: ਨੇੜੇ ਮਨਸਾ ਦੇਵੀ ਮੰਦਿਰ, ਪਿੰਡ ਕੱਕੜਵਾਲ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਵਿਖੇ ਸਥਿਤ 800 ਵਰਗ ਗਜ਼ ਮਾਪ ਵਾਲੇ ਰਿਹਾਇਸ਼ੀ ਖਾਲੀ ਪਲਾਟ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ: ਉੱਤਰ: ਅਸ਼ਵਨੀ ਕੁਮਾਰ, ਦੱਖਣ: ਅਸ਼ਵਨੀ ਕੁਮਾਰ ਅਤੇ ਗਲੀ, ਪੂਰਬ: ਪ੍ਰਿਥੀ ਚੰਦ, ਪੱਛਮ: ਸੀਨਮ। ਕਬਜ਼ੇ ਦੀ ਕਿਸਮ: ਸੰਕੇਤਕ।** | LOT : 1<br>Rs. 12,00,000/-<br>Rs. 1,20,000/-<br>Rs. 12,000/- |
| | | | **ਸੰਪੱਤੀ 2: ਮੰਗਲਾ ਫਾਰਮ ਹਾਉਸ ਦੇ ਸਾਹਮਣੇ, ਨੇੜੇ ਮਨਸਾ ਦੇਵੀ ਮੰਦਿਰ, ਪਿੰਡ ਕੱਕੜਵਾਲ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ ਵਿਖੇ ਸਥਿਤ 378.33 ਵਰਗ ਗਜ਼ ਮਾਪ ਵਾਲੇ ਰਿਹਾਇਸ਼ੀ ਖਾਲੀ ਪਲਾਟ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ: ਉੱਤਰ: ਗਲੀ ਅਤੇ ਮੰਗਲਾ ਫਾਰਮਹਾਊਸ ਦਾ ਪਲਾਟ, ਦੱਖਣ: ਸੁਭਾਸ਼ ਦੀ ਖੇਤੀਬਾੜੀ ਜ਼ਮੀਨ, ਪੂਰਬ: ਸੁਭਾਸ਼ ਦੀ ਖੇਤੀਬਾੜੀ ਜ਼ਮੀਨ, ਪੱਛਮ: ਅਤਰ ਚੰਦ ਦਾ ਪਲਾਟ। ਕਬਜ਼ੇ ਦੀ ਕਿਸਮ: ਸੰਕੇਤਕ।** | LOT : 2<br>Rs. 5,00,000/-<br>Rs. 50,000/-<br>Rs. 5,000/- |
| 9. | 1. ਮੈਸ. ਐਸ. ਏ.. ਇੰਟਰਪ੍ਰਾਈਜਿਜ਼ ਇਸਦੇ ਮਾਲਕ ਸ਼. ਸੌਰਭ ਗੁਪਤਾ, ਵਾਸੀ 82-ਐਫ ਮੁਹੱਲਾ ਨਰਾਇਣਾ, ਕੱਚੀ ਚਵਾਨੀ, ਜੰਮੂ, ਜ਼ਿਲ੍ਹਾ ਜੰਮੂ। 2. ਸ਼. ਸੌਰਭ ਗੁਪਤਾ ਵਾਸੀ ਮਕਾਨ ਨੰ. 228, ਮੁਹੱਲਾ ਨਰੈਆਣਾ, ਕੱਚੀ ਚਵਾਨੀ, ਜੰਮੂ, ਜ਼ਿਲ੍ਹਾ ਜੰਮੂ। | Rs. 42,32,468.98 ਜਮ੍ਹਾਂ ਵਿਆਜ ਸਮੇਤ। | ਜ਼ਮੀਨ ਦਾ ਮਾਪ 02 ਕਨਾਲ ਜਿਸ ਵਿੱਚ ਖਸਰਾ ਨੰਬਰ 369 ਮਿੰਟ ਖੱਟਾ ਨੰਬਰ 300 ਅਤੇ ਖੇਵਟ ਨੰਬਰ 71 ਮਿਨ, ਪਿੰਡ ਲਟੋਰੀ, ਕਟੜਾ ਵਿਖੇ ਸ੍ਰੀ ਸੌਰਭ ਗੁਪਤਾ ਪੁੱਤਰ ਸ਼ੁਕੀਲ ਕੁਮਾਰ ਗੁਪਤਾ ਦੇ ਨਾਮ 'ਤੇ ਸਥਿਤ ਹੈ, ਜਿਸਦੀ ਹੱਦ: ਉੱਤਰ: ਅਭਿਸ਼ੇਕ ਗੁਪਤਾ ਦੀ ਖੁੱਲ੍ਹੀ ਜ਼ਮੀਨ, ਦੱਖਣ: ਖੁੱਲ੍ਹੀ ਜ਼ਮੀਨ, ਪੂਰਬ: ਪਹਾੜੀ ਢਲਾਣ, ਪੱਛਮ: ਸਾਹਮਣੇ ਵਾਲੀ ਸੜਕ, ਕਬਜ਼ੇ ਦੀ ਕਿਸਮ-ਪ੍ਰਤੀਕ। | Rs. 42,50,000/-<br>Rs. 4,25,000/-<br>Rs. 42,500/- |
| 10. | ਕਰਜ਼ਦਾਰ/ਜ਼ਾਮਨ: 1. ਮੈਸਰਜ਼ ਸ਼ੁਕੀਲ ਕੁਮਾਰ ਐਂਡ ਬ੍ਰਦਰਜ਼ ਇਸ ਦੇ ਪ੍ਰੋ. ਸ਼ੁਕੀਲ ਕੁਮਾਰ ਗੁਪਤਾ, ਆਰ/ਓ 82-ਐਫ, ਮੁਹੱਲਾ ਨਰੈਆਣਾ ਕੱਚੀ ਚਵਾਨੀ, ਜੰਮੂ। 2. ਸ਼. ਸ਼ੁਕੀਲ ਕੁਮਾਰ ਗੁਪਤਾ, ਮਕਾਨ ਨੰ: 228, ਮੁਹੱਲਾ ਨਰੈਆਣਾ ਕੱਚੀ ਚਵਾਨੀ। 3. ਸ਼. ਨਰਦੀਪ ਸਿੰਘ ਜਾਮਵਾਲ ਪੁੱਤਰ ਸ. ਕੇ.ਐਸ. ਜਾਮਵਾਲ, ਵਾਰਡ ਨੰ. 7, ਹਰੀ ਨਗਰ, ਨੇੜੇ ਫੂਡ ਐਂਡ ਸਪਲਾਈ ਸਟੋਰ, ਊਧਮਪੁਰ। 4. ਸ਼. ਸੁਮਿਤ ਕੁਮਾਰ ਗੁਪਤਾ ਪੁੱਤਰ ਕੁਲਦੀਪ ਕੁਮਾਰ ਗੁਪਤਾ, ਮਕਾਨ ਨੰ. 228 ਮੁਹੱਲਾ ਨਰੈਆਣਾ ਕੱਚੀ ਚਵਾਨੀ, ਜੰਮੂ। 5. ਸ਼. ਸੁਨੀਲ ਕੁਮਾਰ ਪੁੱਤਰ ਕੁਲਦੀਪ ਕੁਮਾਰ ਗੁਪਤਾ, ਮਕਾਨ ਨੰ: 228, ਮੁਹੱਲਾ ਨਰੈਆਣਾ ਕੱਚੀ ਛਾਉਣੀ, ਜੰਮੂ। 6. ਸ਼. ਲਵ ਕੁਮਾਰ ਗੁਪਤਾ ਪੁੱਤਰ ਕੁਲਦੀਪ ਕੁਮਾਰ ਗੁਪਤਾ, ਮਕਾਨ ਨੰ. 228 ਮੁਹੱਲਾ ਨਰੈਆਣਾ ਕੱਚੀ ਚਵਾਨੀ, ਜੰਮੂ। 7. ਸ਼. ਕੁਸ਼ ਕੁਮਾਰ ਗੁਪਤਾ ਪੁੱਤਰ ਕੁਲਦੀਪ ਕੁਮਾਰ ਗੁਪਤਾ, ਮਕਾਨ ਨੰ. 228 ਮੁਹੱਲਾ ਨਰੈਆਣਾ ਕੱਚੀ ਚਵਾਨੀ, ਜੰਮੂ। | Rs. 1,09,18,421.19 ਜਮ੍ਹਾਂ ਵਿਆਜ ਸਮੇਤ। | ਲਾਟ-1: ਖਸਰਾ ਨੰਬਰ 240 ਮਿੰਟ (01 ਕਨਾਲ 02 ਮਰਲੇ) ਅਤੇ ਖਸਰਾ ਨੰਬਰ 245 ਮਿੰਟ (01 ਕਨਾਲ 15 ਮਰਲੇ), ਖਾਤਾ ਨੰਬਰ 471, ਖੇਵਟ ਨੰਬਰ 85/12 ਮਿੰਟ, ਬਟਾਲ, ਤਹਿਸੀਲ ਊਧਮਪੁਰ ਵਿਖੇ ਸ੍ਰੀ ਨਰਦੀਪ ਸਿੰਘ ਦੇ ਨਾਮ 'ਤੇ, ਮੇਨ ਨੈਸ਼ਨਲ ਹਾਈਵੇ 'ਤੇ ਭੀਮ ਸਿੰਘ ਕਾਲਜ ਆਫ਼ ਐਜੂਕੇਸ਼ਨ ਦੇ ਨੇੜੇ, ਮੇਨ ਨੈਸ਼ਨਲ ਹਾਈਵੇ 'ਤੇ ਸਥਿਤ, 2 ਕਨਾਲ 17 ਮਰਲੇ ਪਲਾਟ ਜ਼ਮੀਨ। ਕਬਜ਼ਾ ਕਿਸਮ-ਸੰਕੇਤਕ। | LOT : 1<br>Rs. 73,00,000/-<br>Rs. 7,30,000/-<br>Rs. 73,000/- |
| | | | ਲਾਟ: 2. ਤਿੰਨ ਮੰਜ਼ਿਲਾ ਵਪਾਰਕ ਇਮਾਰਤ ਜਿਸਦੀ ਗਰਾਊਂਡ ਫਲੋਰ 'ਤੇ 2 ਦੁਕਾਨਾਂ ਹਨ ਜਿਨ੍ਹਾਂ ਦੀ ਕੁੱਲ ਲੰਬਾਈ 17 ਅਤੇ 1/2 ਹੈ, ਜਿਸ ਵਿੱਚ ਖਸਰਾ ਨੰਬਰ 178 ਮਿੰਟ (13-1/2 ਮਰਲੇ) ਖਾਤਾ ਨੰਬਰ 123/185 ਮਿਨ ਅਤੇ ਖੇਵਟ ਨੰਬਰ 18 ਹੈ, ਜੋ ਕਿ ਸੈਰ, ਤਹਿਸੀਲ ਕਾਲਾਕੋਟ ਵਿਖੇ ਸਥਿਤ ਹੈ ਅਤੇ ਖਸਰਾ ਨੰਬਰ 178 ਮਿੰਟ (ਮਰਲੇ), ਖਾਤਾ ਨੰਬਰ 123/125 ਅਤੇ ਖੇਵਟ ਨੰਬਰ 18 ਹੈ, ਜੋ ਕਿ ਸੈਰ, ਤਹਿਸੀਲ ਕਾਲਾਕੋਟ, ਰਾਜੌਰੀ ਵਿਖੇ ਸ੍ਰੀ ਸੁਮਿਤ ਗੁਪਤਾ, ਸ੍ਰੀ ਲਵ ਗੁਪਤਾ, ਸ੍ਰੀ ਸੁਨੀਲ ਗੁਪਤਾ ਅਤੇ ਸ੍ਰੀ ਕੁਸ਼ ਗੁਪਤਾ ਦੇ ਨਾਮ 'ਤੇ ਸਥਿਤ ਹੈ। ਕਬਜ਼ਾ ਕਿਸਮ-ਸੰਕੇਤਕ। | LOT : 2<br>Rs. 67,00,000/-<br>Rs. 6,70,000/-<br>Rs. 67,000/- |

**ਨਿਯਮ ਅਤੇ ਸ਼ਰਤਾਂ :- ਵਿਕਰੀ ਸਰਫਾਇਸੀ ਐਕਟ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਵਿਚ ਪ੍ਰਸਤਾਵਿਤ ਨਿਯਮ ਅਤੇ ਸ਼ਰਤਾਂ ਅਤੇ ਨਿਮਨਲਿਖਤ ਹੋਰ ਸ਼ਰਤਾਂ ਨਾਲ ਸੰਬਧਤ ਹੋਵੇਗੀ :** 1. ਉਕਤ ਦਰਸਾਈ ਸੂਚੀ ਵਿਚ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੇ ਵੇਰਵੇ ਅਧਿਕਾਰਤ ਅਧਿਕਾਰੀ ਦੀ ਸਰਵੋਤਮ ਜਾਣਕਾਰੀ ਲਈ ਦਰਸਾਏ ਗਏ ਹਨ, ਪ੍ਰੰਤੂ ਅਧਿਕਾਰਤ ਅਧਿਕਾਰੀ ਇਸ ਐਲਾਨਨਾਮੇ ਵਿਚ ਕਿਸੇ ਵੀ ਤਰੁੱਟੀ, ਗਲਤ ਬਿਆਨੀ ਜਾਂ ਕਟੌਤੀ ਲਈ ਜੁਆਬਦੇਹ ਨਹੀਂ ਹੋਵੇਗਾ। 2. ਵਿਕਰੀ ਵੈਬਸਾਈਟ **https://baanknet.com** 'ਤੇ ਵਿਵਸਥਿਤ ਈ-ਨਿਲਾਮੀ ਪਲੇਟਫਾਰਮ ਰਾਹੀਂ 15.0✥.2025 ਨੂੰ ਦੁਪਹਿਰ 12.00 ਵਜੇ ਤੋਂ ਸ਼ਾਮ 05.00 ਵਜੇ ਤੱਕ ਨਿਮਨ ਹਸਤਾਖ਼ਰੀ ਵੱਲੋਂ ਕੀਤੀ ਜਾਵੇਗੀ। ਉਕਤ ਦਰਸਾਈਆਂ ਸੰਪੱਤੀਆਂ ਸੰਬਧੀ ਕਿਸੇ ਵੀ ਜਾਣਕਾਰੀ ਦੇ ਲਈ, ਕਿਰਪਾ ਕਰਕੇ ਸੰਬਧਤ ਮੈਨੇਜਰ ਨੂੰ ਸੰਪਰਕ ਕਰੋ। 3. ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਦੇ ਲਈ ਕਿਰਪਾ ਕਰਕੇ **https://baanknet.com, https://www.unionbankofindia.co.in** ਦਾ ਹਵਾਲਾ ਲਓ। 4. ਪੰਜੀਕਰਨ ਅਤੇ ਲਾਗਇਨ ਅਤੇ ਬੋਲੀ ਨਿਯਮਾਂ ਦੇ ਲਈ **"Buyer Guide for Login and Registration"** ਵਿਚ **https://baanknet.com** ਦੇਖੋ। 5. ਬੈਂਕ, ਸੁਰੱਖਿਅਤ ਕਰਜ਼ਦਾਤਾ ਕੋਲ ਬਿਨਾਂ ਕੋਈ ਵੀ ਕਾਰਨ ਦੱਸੇ ਸਭ ਤੋਂ ਉੱਚੀ ਬੋਲੀ ਨੂੰ ਪ੍ਰਵਾਨ ਜਾਂ ਰੱਦ ਕਰਨ ਜਾਂ ਵਿਕਰੀ ਨੂੰ ਬਰਖਾਸਤ ਕਰਨ ਦਾ ਹੱਕ ਰਾਖਵਾਂ ਹੈ।

**ਇਸ ਨੂੰ ਉਕਤ ਦਰਸਾਈ ਮਿਤੀ ਨੂੰ ਈ-ਨਿਲਾਮੀ ਵਿਕਰੀ ਨੂੰ ਰੋਕਣ ਸੰਬਧੀ ਉਕਤ ਦਰਸਾਏ ਕਰਜ਼ੇ ਦੇ ਕਰਜ਼ਦਾਰ/ਾਂ/ਜ਼ਾਮਨ/ਾਂ ਅਤੇ ਗਿਰਵੀਕਾਰ/ਾਂ ਦੇ ਲਈ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6), ਨਿਯਮ 9 (1) ਦੇ ਅਧੀਨ 15 ਰੋਜ਼ਾ ਸੂਚਨਾ ਵਜੋਂ ਵੀ ਮੰਨਿਆ ਜਾਵੇ।**

ਮਿਤੀ : 26.02.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ, ਯੂਨੀਅਨ ਬੈਂਕ ਆਫ ਇੰਡੀਆ



ਰੋਜ਼ਾਨਾ ਚੜ੍ਹਦੀਕਲਾ

# ਸਿਹਤ ਖ਼ਬਰਨਾਮਾ



## ਗਰਮੀਆਂ 'ਚ ਕਿਉਂ ਪੀਣਾ ਚਾਹੀਦੈ ਸੌਂਫ ਦਾ ਜੂਸ

ਦਰਅਸਲ ਗਰਮੀਆਂ 'ਚ ਡੀਹਾਈਡ੍ਰੇਸ਼ਨ, ਹੀਟ ਸਟ੍ਰੋਕ, ਡਾਇਰੀਆ, ਟਾਈਫਾਈਡ ਵਰਗੀਆਂ ਸਮੱਸਿਆਵਾਂ ਦਾ ਖਤਰਾ ਵੱਧ ਜਾਂਦਾ ਹੈ। ਇਨ੍ਹਾਂ ਦੇ ਸਰੀਰ 'ਤੇ ਬਹੁਤ ਗੰਭੀਰ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੇ ਪ੍ਰਭਾਵ ਹੁੰਦੇ ਹਨ। ਇਸ ਲਈ ਗਰਮੀਆਂ ਦੇ ਦਿਨਾਂ ਵਿੱਚ ਵਧੇਰੇ ਸਾਵਧਾਨੀ ਵਰਤਣ ਦੀ ਸਲਾਹ ਦਿੱਤੀ ਜਾਂਦੀ ਹੈ। ਸਾਡੀ ਰਸੋਈ ਵਿੱਚ ਕਈ ਅਜਿਹੇ ਮਸਾਲੇ ਹੁੰਦੇ ਹਨ ਜੋ ਸਿਹਤ ਲਈ ਬਹੁਤ ਫਾਇਦੇਮੰਦ ਹੁੰਦੇ ਹਨ। ਉਨ੍ਹਾਂ ਵਿੱਚੋਂ ਇੱਕ ਸੌਂਫ ਹੈ। ਅੱਜ ਅਸੀਂ ਤੁਹਾਨੂੰ ਗਰਮੀਆਂ ਵਿੱਚ ਸੌਂਫ ਦਾ ਜੂਸ ਪੀਣ ਦੇ ਫਾਇਦਿਆਂ ਬਾਰੇ ਦੱਸਣ ਜਾ ਰਹੇ ਹਾਂ।




**ਸਰੀਰ ਨੂੰ ਠੰਢਕ ਪ੍ਰਦਾਨ ਕਰਦੈ :** ਸੌਂਫ ਦਾ ਕੂਲਿੰਗ ਪ੍ਰਭਾਵ ਹੁੰਦਾ ਹੈ। ਇਸ ਦਾ ਸ਼ਰਬਤ ਪੀਣ ਨਾਲ ਸਰੀਰ ਦਾ ਤਾਪਮਾਨ ਨਾਰਮਲ ਰਹਿੰਦਾ ਹੈ। ਇਸ ਨੂੰ ਪੀਣ ਨਾਲ ਅੱਤ ਦੀ ਗਰਮੀ ਵਿੱਚ ਸਰੀਰ ਅੰਦਰੋਂ ਠੰਢਾ ਹੋ ਜਾਂਦਾ ਹੈ। ਤੁਹਾਨੂੰ ਇਹ ਯਕੀਨੀ ਤੌਰ 'ਤੇ ਪੀਣਾ ਚਾਹੀਦਾ ਹੈ ਜਦੋਂ ਗਰਮੀ ਤੁਹਾਨੂੰ ਪਰੇਸ਼ਾਨ ਕਰ ਰਹੀ ਹੋਵੇ ਜਾਂ ਤੁਹਾਨੂੰ ਧੁੱਪ ਵਿੱਚ ਬਾਹਰ ਜਾਣਾ ਪਵੇ। ਅਜਿਹੀ ਸਥਿਤੀ ਵਿੱਚ, ਸੌਂਫ ਸ਼ਰਬਤ ਇੱਕ ਸੁਰੱਖਿਆ ਢਾਲ ਦਾ ਕੰਮ ਕਰਦਾ ਹੈ।

**ਪਾਚਨ ਵਿੱਚ ਸੁਧਾਰ:** ਗਰਮੀਆਂ ਵਿੱਚ ਸੌਂਫ ਦਾ ਜੂਸ ਪੀਣ ਨਾਲ ਪਾਚਨ ਕਿਰਿਆ ਠੀਕ ਹੁੰਦੀ ਹੈ। ਇਸ ਵਿੱਚ ਫਾਈਬਰ ਅਤੇ ਐਂਟੀਆਕਸੀਡੈਂਟਸ ਦੀ ਚੰਗੀ ਮਾਤਰਾ ਹੁੰਦੀ ਹੈ। ਇਹ ਪਾਚਨ ਕਿਰਿਆ ਨੂੰ ਸੁਧਾਰਨ ਵਿੱਚ ਮਦਦ ਕਰਦੇ ਹਨ। ਜੇਕਰ ਤੁਸੀਂ ਰੋਜ਼ਾਨਾ ਇਸ ਸ਼ਰਬਤ ਨੂੰ ਪੀਂਦੇ ਹੋ ਤਾਂ ਇਸ ਨਾਲ ਗੈਸ, ਬਦਹਜ਼ਮੀ, ਕਬਜ਼ ਅਤੇ ਐਸੀਡਿਟੀ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਮਿਲਦੀ ਹੈ।

**ਡੀਟੌਕਸ ਦਾ ਕੰਮ ਕਰਦਾ ਹੈ ;** ਸੌਂਫ ਦਾ ਜੂਸ ਪੀਣ ਨਾਲ ਸਰੀਰ ਵਿੱਚੋਂ ਜ਼ਹਿਰੀਲੇ ਪਦਾਰਥਾਂ ਨੂੰ ਬਾਹਰ ਕੱਢਣ ਵਿੱਚ ਮਦਦ ਮਿਲਦੀ ਹੈ। ਇਸ ਨਾਲ ਲਿਵਰ ਸਾਫ਼ ਹੋ ਜਾਂਦਾ ਹੈ। ਇਹ ਸਰੀਰ ਨੂੰ ਅੰਦਰੋਂ ਡੀਟੌਕਸ ਕਰਦਾ ਹੈ। ਹਰ ਰੋਜ਼ ਸਵੇਰੇ ਖਾਲੀ ਪੇਟ ਇੱਕ ਗਲਾਸ ਸੌਂਫ ਜੂਸ ਪੀਣਾ ਚਾਹੀਦਾ ਹੈ।

**ਇਮਿਊਨਿਟੀ ਮਜ਼ਬੂਤ ਹੁੰਦੀ ਹੈ ;** ਗਰਮੀਆਂ ਵਿੱਚ, ਸੌਂਫ ਦਾ ਜੂਸ ਇਮਿਊਨ ਸਿਸਟਮ ਲਈ ਵਰਦਾਨ ਮੰਨਿਆ ਜਾਂਦਾ ਹੈ। ਇਸ ਵਿੱਚ ਮੌਜੂਦ ਵਿਟਾਮਿਨ ਸੀ ਅਤੇ ਐਂਟੀਆਕਸੀਡੈਂਟ ਸਰੀਰ ਦੀ ਰੋਗ ਪ੍ਰਤੀਰੋਧਕ ਸਮਰੱਥਾ ਨੂੰ ਵਧਾਉਣ ਵਿੱਚ ਮਦਦ ਕਰਦੇ ਹਨ। ਇਹ ਜ਼ੁਕਾਮ ਅਤੇ ਹੋਰ ਵਾਇਰਲ ਲਾਗਾਂ ਨੂੰ ਰੋਕਣ ਵਿੱਚ ਮਦਦ ਕਰ ਸਕਦਾ ਹੈ।

**ਚਮੜੀ ਨੂੰ ਚਮਕਦਾਰ ਰੱਖਦਾ ਹੈ ;** ਗਰਮੀਆਂ ਵਿੱਚ ਚਮੜੀ ਖੁਸ਼ਕ ਅਤੇ ਬੇਜਾਨ ਹੋ ਜਾਂਦੀ ਹੈ। ਅਜਿਹੇ 'ਚ ਸੌਂਫ ਦਾ ਰਸ ਕਿਸੇ ਰਾਮਬਾਣ ਤੋਂ ਘੱਟ ਨਹੀਂ ਹੈ। ਸੌਂਫ ਵਿੱਚ ਮੌਜੂਦ ਐਂਟੀਆਕਸੀਡੈਂਟ ਅਤੇ ਵਿਟਾਮਿਨ ਚਮੜੀ ਨੂੰ ਸਿਹਤਮੰਦ ਅਤੇ ਚਮਕਦਾਰ ਬਣਾਉਣ ਵਿੱਚ ਮਦਦ ਕਰਦੇ ਹਨ। ਇਹ ਸਰੀਰ ਨੂੰ ਅੰਦਰੋਂ ਠੰਢਾ ਕਰਕੇ ਚਮੜੀ ਤੇ ਮੁਹਾਸੇ ਅਤੇ ਧੱਫੜ ਨੂੰ ਵੀ ਘਟਾਉਂਦਾ ਹੈ।

**ਭਾਰ ਘਟਾਉਣ ਵਿੱਚ ਮਦਦਗਾਰ:** ਸੌਂਫ ਮੈਟਾਬੋਲਿਜ਼ਮ ਨੂੰ ਤੇਜ਼ ਕਰਨ ਵਿੱਚ ਮਦਦ ਕਰਦੀ ਹੈ। ਇਸ ਦਾ ਜੂਸ ਪੀਣ ਨਾਲ ਪੇਟ ਲੰਬੇ ਸਮੇਂ ਤੱਕ ਭਰਿਆ ਮਹਿਸੂਸ ਹੁੰਦਾ ਹੈ। ਇਸ ਸਥਿਤੀ ਵਿੱਚ ਤੁਸੀਂ ਜ਼ਿਆਦਾ ਖਾਣ ਤੋਂ ਬਚ ਸਕਦੇ ਹੋ। ਜੇਕਰ ਤੁਸੀਂ ਭਾਰ ਘਟਾਉਣ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਸ਼ੂਗਰ-ਫ੍ਰੀ ਸੌਂਫ ਸ਼ਰਬਤ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

### ਫ਼ੈਡਰਲ ਚੋਣਾਂ 'ਚ ਐਨ.ਡੀ.ਪੀ. ਦਾ ਭਵਿੱਖ ਦਾਅ 'ਤੇ

# ਜਨਸੰਖਿਆ ਤਬਦੀਲੀਆਂ ਅਤੇ ਵੋਟਰ ਚਿੰਤਾਵਾਂ ਚੋਣ ਨਤੀਜੇ ਬਦਲਣ ਦੀ ਤਿਆਰੀ ਵਿੱਚ

ਟੋਰਾਂਟੋ, 25 ਅਪ੍ਰੈਲ (ਚ.ਨ.ਸ.) : ਚੋਣਾਂ ਤੋਂ ਪਹਿਲਾਂ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਨੇਤਾ ਜਗਮੀਤ ਸਿੰਘ ਨੂੰ ਵੱਡਾ ਝਟਕਾ ਲੱਗਾ ਹੈ। ਅੰਕੜਿਆਂ ਮੁਤਾਬਕ ਬ੍ਰਿਟਿਸ਼ ਕੋਲੰਬੀਆ ਦਾ ਚੋਣ ਦ੍ਰਿਸ਼ ਤਬਦੀਲ ਹੋ ਰਿਹਾ ਹੈ ਜੋ ਦਰਸਾਉਂਦਾ ਹੈ ਕਿ ਜਗਮੀਤ ਸਿੰਘ ਸਮੇਤ ਪ੍ਰਮੁੱਖ ਪਾਰਟੀ ਨੇਤਾਵਾਂ ਨੂੰ ਸੱਤਾ ਤੋਂ ਬਾਹਰ ਹੋਣਾ ਪੈ ਸਕਦਾ ਹੈ। ਜਨਸੰਖਿਆ ਤਬਦੀਲੀਆਂ ਅਤੇ ਵੋਟਰ ਚਿੰਤਾਵਾਂ ਚੋਣ ਨਤੀਜੇ ਬਦਲਣ ਦੀ ਤਿਆਰੀ ਵਿਚ ਹਨ। ਐਨ.ਡੀ.ਪੀ ਨੇਤਾ ਜਗਮੀਤ ਸਿੰਘ ਅਤੇ ਗ੍ਰੀਨ ਪਾਰਟੀ ਨੇਤਾ ਐਲਿਜ਼ਾਬੈਥ ਮੇਅ ਦੇ ਇੱਕ ਸਮੇਂ ਦੀ ਮਜ਼ਬੂਤ ਪਕੜ ਹੁਣ ਜੰਗ ਦਾ ਮੈਦਾਨ ਬਣ ਗਈ ਹੈ, ਜੋ ਰਾਜਨੀਤਿਕ ਅਸਥਿਰਤਾ ਦੇ ਇੱਕ ਵਿਸ਼ਾਲ ਰੁਝਾਨ ਨੂੰ ਦਰਸਾਉਂਦੇ ਹਨ।ਬਰਨਬੀ ਸੈਂਟਰਲ ਵਿੱਚ ਅੰਕੜੇ ਇੱਕ ਸਪੱਸ਼ਟ ਤਸਵੀਰ ਪੇਸ਼ ਕਰਦੇ ਹਨ। ਲਿਬਰਲ ਉਮੀਦਵਾਰ ਵੇਡ ਵੇਈ ਲਿਨ ਚਾਂਗ ਦੇ 38% ਵੋਟਾਂ ਨਾਲ ਜਿੱਤਣ ਦਾ ਅਨੁਮਾਨ ਹੈ, ਜਦੋਂ ਕਿ ਸਿੰਘ 29% ਨਾਲ ਪਿੱਛੇ ਹਨ। 338 ਕੈਨੇਡਾ ਦੁਆਰਾ ਕੀਤੇ ਗਏ ਇੱਕ ਪੋਲ ਅਨੁਸਾਰ ਐਨ.ਡੀ.ਪੀ ਨੇਤਾ ਕੰਜ਼ਰਵੇਟਿਵ ਦੇ ਜੇਮਸ ਯਾਨ ਤੋਂ 32% ਨਾਲ ਤੀਜੇ ਸਥਾਨ 'ਤੇ ਰਹਿਣ ਦੀ ਸੰਭਾਵਨਾ ਹੈ।ਹਰੇਕ ਅਨੁਮਾਨ ਵਿੱਚ ਗਲਤੀ ਦਾ 8% ਫਰਕ ਹੈ। ਇਹ ਅੰਕੜੇ ਐਨ.ਡੀ.ਪੀ ਨੂੰ ਇਸਦੇ ਸ਼ਹਿਰੀ ਅਧਾਰ ਨੂੰ ਬਣਾਈ ਰੱਖਣ ਵਿੱਚ ਦਰਪੇਸ਼ ਚੁਣੌਤੀਆਂ ਨੂੰ ਉਜਾਗਰ ਕਰਦੇ ਹਨ।



ਐਨ.ਡੀ.ਪੀ ਦੇ ਸਾਬਕਾ ਨੇਤਾ ਥਾਮਸ ਮਲਕੇਅਰ ਦੀ ਸਿੰਘ ਦੀ ਲੀਡਰਸ਼ਿਪ ਬਾਰੇ ਚੇਤਾਵਨੀ, ਪਾਰਟੀ ਦੇ ਅਧਿਕਾਰਤ ਰੁਤਬੇ ਤੋਂ ਹੇਠਾਂ ਡਿੱਗਣ ਦੇ ਅਨੁਮਾਨਾਂ ਦੇ ਨਾਲ ਉੱਚ ਦਾਅ ਨੂੰ ਉਜਾਗਰ ਕਰਦੀ ਹੈ।ਸਿੰਘ ਅਤੇ ਮੇਅ ਦੇ ਸੰਭਾਵੀ ਨੁਕਸਾਨ ਸਿਰਫ਼ ਵਿਅਕਤੀਗਤ ਨੇਤਾਵਾਂ ਬਾਰੇ ਨਹੀਂ ਹਨ। ਇਹ ਜਨਸੰਖਿਆ ਤਬਦੀਲੀਆਂ ਅਤੇ ਵੋਟਰਾਂ ਦੀ ਬੇਚੈਨੀ ਦੇ ਇੱਕ ਵਿਆਪਕ ਰੁਝਾਨ ਨੂੰ ਦਰਸਾਉਂਦੇ ਹਨ, ਖਾਸ ਕਰਕੇ ਨੌਜਵਾਨ ਅਤੇ ਉਪਨਗਰੀਏ ਵੋਟਰਾਂ ਵਿੱਚ। ਬਰਨਬੀ ਸੈਂਟਰਲ ਵਿੱਚ ਲਿਬਰਲ ਦੇ ਜਿੱਤ ਦੀਆਂ ਸੰਭਾਵਨਾਵਾਂ ਹੈਰਾਨ ਕਰਨ ਵਾਲੀਆਂ ਹਨ, ਜਿਸ ਵਿਚ ਚਾਂਗ ਦੇ ਜਿੱਤਣ ਦੀ ਸੰਭਾਵਨਾ 82% ਹੈ ਜਦਕਿ ਸਿੰਘ ਦੇ ਜਿੱਤਣ ਦੀ ਸੰਭਾਵਨਾ ਸਿਰਫ਼ 4% ਹੈ। ਇਸੇ ਤਰ੍ਹਾਂ ਸਾਨਿਚ-ਗਲਫ ਆਈਲੈਂਡਜ਼ ਵਿੱਚ ਔਨਸਟੇਡ ਕੋਲ ਜਿੱਤਣ ਦੀ 52% ਸੰਭਾਵਨਾ ਹੈ, ਜਦੋਂ ਕਿ ਮੇਅ 48% ਤੇ ਹੈ। ਬਰਨਬੀ ਸੈਂਟਰਲ ਵਿੱਚ ਹਾਲ ਹੀ ਦੇ ਚੋਣ ਇਤਿਹਾਸ ਵਿੱਚ ਇੱਕ ਮਹੱਤਵਪੂਰਨ ਤਬਦੀਲੀ ਦਾ ਖੁਲਾਸਾ ਹੋਇਆ ਹੈ, ਜਿਸ ਮੁਤਾਬਕ ਲਿਬਰਲ 2019 ਵਿੱਚ 25.3% ਤੋਂ ਵੱਧ ਕੇ ਅਨੁਮਾਨਿਤ 38% ਤੇ ਪਹੁੰਚ ਗਏ ਹਨ, ਜਦੋਂ ਕਿ ਐਨ.ਡੀ.ਪੀ, 2019 ਵਿੱਚ 37.5% ਅਤੇ 2021 ਵਿੱਚ 39.8% ਨਾਲ ਜਿੱਤਣ ਦੇ ਬਾਵਜੂਦ, ਹੁਣ 28% ਤੱਕ ਡਿੱਗਣ ਦਾ ਅਨੁਮਾਨ ਹੈ। ਇਸ ਦੌਰਾਨ ਕੰਜ਼ਰਵੇਟਿਵਾਂ ਨੇ 2019 ਵਿੱਚ 28.7% ਤੋਂ 2021 ਵਿੱਚ 22.2% ਤੱਕ ਗਿਰਾਵਟ ਦੇਖੀ ਹੈ ਅਤੇ ਹੁਣ 32% ਤੇ ਅਨੁਮਾਨਿਤ ਹਨ, ਜੋ ਕਿ ਇੱਕ ਸੰਭਾਵੀ ਪੁਨਰ ਉਭਾਰ ਦਾ ਸੰਕੇਤ ਹੈ। ਇਹਨਾਂ ਹਲਕਿਆਂ ਦੇ ਨਤੀਜੇ ਐਨ.ਡੀ.ਪੀ ਅਤੇ ਗ੍ਰੀਨ ਪਾਰਟੀ ਦੇ ਭਵਿੱਖ ਲਈ ਅਤੇ ਬ੍ਰਿਟਿਸ਼ ਕੋਲੰਬੀਆ ਦੀ ਸਮੁੱਚੀ ਰਾਜਨੀਤਿਕ ਦਿਸ਼ਾ ਲਈ ਮਹੱਤਵਪੂਰਨ ਪ੍ਰਭਾਵ ਪਾਉਣਗੇ।

## ਆਸਟ੍ਰੇਲੀਆ 'ਚ ਐਨਜੈਕ ਡੇਅ ਮੌਕੇ ਫੌਜੀ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ

ਬ੍ਰਿਸਬੇਨ 25 ਅਪ੍ਰੈਲ (ਚ.ਨ.ਸ.) : ਆਸਟ੍ਰੇਲੀਆ ਭਰ 'ਚ ਹਜ਼ਾਰਾਂ ਲੋਕਾਂ ਨੇ ਐਨਜੈਕ ਡੇਅ ਸ਼ਰਧਾਂਜਲੀ ਸਮਾਰੋਹ ਦੌਰਾਨ ਆਸਟ੍ਰੇਲੀਆ-ਨਿਊਜ਼ੀਲੈਂਡ ਦੀਆਂ ਫੌਜਾਂ ਦੇ ਪਹਿਲੇ ਅਤੇ ਦੂਸਰੇ ਵਿਸ਼ਵ ਯੁੱਧਾਂ 'ਚ ਸ਼ਹੀਦ ਹੋਏ ਆਪਣੇ ਫੌਜ਼ੀਆਂ ਦੀਆਂ ਸ਼ਹਾਦਤਾਂ ਨੂੰ ਯਾਦ ਕਰਦਿਆਂ ਮੈਲਬੌਰਨ, ਸਿਡਨੀ, ਪਰਥ, ਐਡੀਲੇਡ, ਬ੍ਰਿਸਬੇਨ ਆਦਿ ਸ਼ਹਿਰਾਂ ਵਿਖੇ ਸਮਾਗਮਾਂ ਵਿੱਚ ਨਮਨ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਕੈਨਬਰਾ ਵਿਖੇ ਪ੍ਰਧਾਨ ਮੰਤਰੀ ਨੇ ਸ਼ਹੀਦ ਹੋਏ ਸੈਨਿਕਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆ ਕਿਹਾ,ਅਸੀਂ ਇਕੱਠੇ ਮਿਲ ਕੇ ਆਪਣੇ ਗੌਰਵਮਈ ਇਤਿਹਾਸ ਨੂੰ ਯਾਦ ਕਰ ਰਹੇ ਹਨ।ਇਸ ਮੌਕੇ ਬ੍ਰਿਸਬੇਨ ਸ਼ਹਿਰ ਵਿੱਚ ਪਰੇਡ ਵਿੱਚ ਭਾਗ ਲੈਣ ਲਈ ਹਜ਼ਾਰਾਂ ਫੌਜੀਆਂ ਤੇ ਆਮ ਲੋਕਾਂ ਨੇ ਸ਼ਮੂਲੀਅਤ ਕੀਤੀ ਤੇ ਜਿਸ ਵਿੱਚ ਕਈ ਆਸਟ੍ਰੇਲੀਆਈ ਫੌਜ ਦੇ ਸਾਬਕਾ ਅਫਸਰ ਵੀ ਸ਼ਾਮਲ ਸਨ।ਫੌਜ ਦੇ ਬੈਂਡਾਂ, ਯੁਵਾ ਸੰਗਠਨਾਂ ਸਮੇਤ ਕਈ ਐਸੋਸੀਏਸ਼ਨਾਂ ਨੇ ਹਿੱਸਾ ਲਿਆ। ਦੇਸ਼ ਦੇ ਵੱਖ-ਵੱਖ ਸ਼ਹਿਰਾਂ ਵਿੱਚ ਭਾਰਤੀ ਭਾਈਚਾਰੇ ਵੱਲੋ ਵੀ ਐਨਜੈਕ ਡੇਅ ਪਰੇਡ ਵਿਚ ਹਿੱਸਾ ਲਿਆ ਗਿਆ। ਪੰਜਾਬੀ ਤੇ ਭਾਰਤੀ ਭਾਈਚਾਰੇ ਵੱਲੋ ਸੰਨੀਬੈਕ (ਬ੍ਰਿਸਬੇਨ) ਆਰ.ਐਸ.ਐਲ ਕਲੱਬ ਵਿਖੇ ਵਿਸ਼ਵ ਜੰਗ ਦੌਰਾਨ ਸ਼ਹੀਦ ਹੋਏ ਆਸਟ੍ਰੇਲੀਅਨ ਤੇ ਭਾਰਤੀ ਫ਼ੌਜੀਆਂ ਵੱਲੋਂ ਦਿੱਤੀਆਂ ਗਈਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ ਗਈ। ਪ੍ਰਣਾਮ ਸਿੰਘ ਹੇਅਰ ਚੇਅਰਮੈਨ ਆਸਟ੍ਰੇਲੀਅਨ ਇੰਡੀਅਨ ਹੈਰੀਟੇਜ ਵਾਰ ਮੈਮੋਰੀਅਲ ਕਮੇਟੀ ਨੇ ਦੱਸਿਆ ਕਿ ਪਰੇਡ ਦੌਰਾਨ ਪੰਜਾਬੀ ਭਾਈਚਾਰੇ ਦਾ ਸਥਾਨਕ ਲੋਕਾਂ ਵੱਲੋਂ ਬਹੁਤ ਹੀ ਗਰਮਜੋਸ਼ੀ ਨਾਲ ਸਵਾਗਤ ਕੀਤਾ ਗਿਆ। ਇਥੇ ਵਰਨਣਯੋਗ ਹੈ ਕਿ ਪਹਿਲੇ ਤੇ ਦੂਸਰੇ ਵਿਸ਼ਵ ਯੁੱਧ ਵਿੱਚ ਕਰੀਬ 13 ਲੱਖ ਭਾਰਤੀ ਫੌਜੀਆਂ ਨੇ ਹਿੱਸਾ ਲਿਆ ਜਿਨ੍ਹਾਂ 'ਚੋ 74 ਹਜ਼ਾਰ ਦੇ ਕਰੀਬ ਸ਼ਹੀਦ ਹੋਏ ਅਤੇ ਦੂਜੀ ਵਿਸ਼ਵ ਜੰਗ ਵਿੱਚ ਤਕਰੀਬਨ 25 ਲੱਖ ਦੇ ਕਰੀਬ ਫੌਜੀਆਂ ਨੇ ਹਿੱਸਾ ਲਿਆ ਸੀ ਜਿਨ੍ਹਾਂ 'ਚੋਂ 87 ਹਜ਼ਾਰ ਨੇ ਸ਼ਹੀਦੀਆਂ ਦਿੱਤੀਆਂ।



## ਐਮ.ਬੀ.ਡੀ. ਗਰੁੱਪ ਦੇ ਆਸੋਕਾ ਨੇ ਕੀਤਾ 100 ਕਰੋੜ ਦਾ ਅੰਕੜਾ ਪਾਰ



ਨਵੀਂ ਦਿੱਲੀ, 25 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਐਮਬੀਡੀ ਗਰੁੱਪ ਦੇ ਮੋਹਰੀ ਐਡਟੈਕ ਪਲੇਟਫਾਰਮ ਆਸੋਕਾ 100 ਕਰੋੜ ਦੇ ਅੰਕੜੇ ਨੂੰ ਪਾਰ ਕਰ ਗਿਆ ਹੈ, ਜੋ ਕੇ-12 ਸਿੱਖਿਆ ਵਿੱਚ ਆਪਣੀ ਮਜ਼ਬੂਤ ਮੌਜੂਦਗੀ ਨੂੰ ਦਰਸਾਉਂਦਾ ਹੈ। ਇਸ ਇਤਿਹਾਸਕ ਪ੍ਰਾਪਤੀ ਦਾ ਐਲਾਨ ਨੋਇਡਾ ਦੇ ਰੈਡੀਸਨ ਬਲੂ ਐਮਬੀਡੀ ਹੋਟਲ ਵਿਖੇ ਆਯੋਜਿਤ ਇੱਕ ਮੀਡੀਆ ਰਾਉਂਡਟੇਬਲ ਕਾਨਫਰੰਸ ਦੌਰਾਨ ਕੀਤਾ ਗਿਆ। ਜਿਸ ਵਿੱਚ ਐਮਬੀਡੀ ਗਰੁੱਪ ਦੀ ਚੇਅਰਪਰਸਨ ਸ਼੍ਰੀਮਤੀ ਸਤੀਸ਼ ਬਾਲਾ ਮਲਹੋਤਰਾ, ਮੈਨੇਜਿੰਗ ਡਾਇਰੈਕਟਰ ਸ਼੍ਰੀਮਤੀ ਮੋਨਿਕਾ ਮਲਹੋਤਰਾ ਕੰਧਾਰੀ, ਸੰਯੁਕਤ ਮੈਨੇਜਿੰਗ ਡਾਇਰੈਕਟਰ ਸ਼੍ਰੀਮਤੀ ਸੋਨਿਕਾ ਮਲਹੋਤਰਾ ਕੰਧਾਰੀ ਅਤੇ ਆਸੋਕਾ ਦੇ ਸੀਈਓ ਸ਼੍ਰੀ ਪ੍ਰਵੀਨ ਸਿੰਘ ਮੌਜੂਦ ਸਨ। ਇਸ ਮੌਕੇ 'ਤੇ ਆਸੋਕਾ ਦੇ ਪ੍ਰੇਰਨਾਦਾਇਕ ਸਫ਼ਰ ਨੂੰ ਸਾਂਝਾ ਕੀਤਾ ਗਿਆ। 2022 ਵਿੱਚ 300 ਸਕੂਲਾਂ ਅਤੇ 10 ਕਰੋੜ ਦੇ ਇਨਕਮ ਨਾਲ ਸ਼ੁਰੂ ਹੋਇਆ, ਹੁਣ 4,000 ਤੋਂ ਵੱਧ ਸਕੂਲਾਂ ਨਾਲ ਸਾਂਝੇਦਾਰੀ, 9.5 ਲੱਖ ਵਿਦਿਆਰਥੀਆਂ ਅਤੇ 80,000 ਅਧਿਆਪਕਾਂ ਨੂੰ ਸਸ਼ਕਤ ਬਣਾਉਣ ਅਤੇ ਸਿਰਫ਼ ਚਾਰ ਸਾਲਾਂ ਵਿੱਚ 100 ਕਰੋੜ ਤੱਕ ਪਹੁੰਚਣ ਤੱਕ, ਇਸ ਪਹਿਲਕਦਮੀ ਦੀ ਗੰਭੀਰਤਾ ਅਤੇ ਜ਼ਰੂਰਤਾਂ ਨੂੰ ਦਰਸਾਉਂਦਾ ਹੈ। ਇਹ ਮੁਹਿੰਮ ਜੋ ਇੱਕ ਮਿਸ਼ਨ ਵਜੋਂ ਸ਼ੁਰੂ ਹੋਈ ਸੀ, ਹੁਣ ਇੱਕ ਲਹਿਰ ਬਣ ਗਈ ਹੈ। ਆਸੋਕਾ ਹੁਣ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਅਤੇ ਕੱਛ ਤੋਂ ਅਰੁਣਾਚਲ ਤੱਕ ਭਾਰਤ ਦੇ ਹਰ ਕੋਨੇ ਵਿੱਚ ਪਹੁੰਚ ਗਿਆ ਹੈ। ਇਹ ਆਪਣੇ ਪਾਠਕ੍ਰਮ ਦੇ ਅਨੁਸਾਰ ਵਿਹਾਰਕ ਕਿੱਟਾਂ ਰਾਹੀਂ ਬੱਚਿਆਂ ਵਿੱਚ ਖੋਜ ਅਤੇ ਰਚਨਾਤਮਕ ਹੁਨਰਾਂ ਨੂੰ ਵੀ ਉਤਸ਼ਾਹਿਤ ਕਰਦਾ ਹੈ। ਚੇਅਰਪਰਸਨ, ਸ਼੍ਰੀਮਤੀ ਸਤੀਸ਼ ਬਾਲਾ ਮਲਹੋਤਰਾ ਨੇ ਕਿਹਾ,ਆਸੋਕਾ ਸਾਡੇ ਸੰਸਥਾਪਕ, ਸ਼੍ਰੀ ਅਸ਼ੋਕ ਕੁਮਾਰ ਮਲਹੋਤਰਾ ਦੀ ਸੋਚ ਦੇ ਦ੍ਰਿਸ਼ਟੀਕੋਣ ਨੂੰ ਸਮਰਪਿਤ ਹੈ, ਜੋ ਵਿਸ਼ਵਾਸ ਕਰਦੇ ਸਨ ਕਿ ਸਿੱਖਿਆ ਵਿੱਚ ਤਬਦੀਲੀ ਲਿਆਉਣ ਦੀ ਸ਼ਕਤੀ ਹੈ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਗੁਣਵੱਤਾ ਵਾਲੀ ਸਿੱਖਿਆ ਨੂੰ ਸਾਰਿਆਂ ਲਈ ਪਹੁੰਚਯੋਗ ਬਣਾਉਣ ਲਈ ਕੰਮ ਕੀਤਾ ਅਤੇ ਉਹੀ ਪ੍ਰੇਰਨਾ ਸਾਡੇ ਹਰ ਕਦਮ ਵਿੱਚ ਝਲਕਦੀ ਹੈ।

## ਐਮਸਟਰਡਮ ਦੇ ਮੇਅਰ ਫੇਮਕੇ ਹਾਲਸੇਮਾ ਨੇ ਕਤਲੇਆਮ 'ਚ ਸ਼ਹਿਰ ਦੀ ਭੂਮਿਕਾ ਲਈ ਮੰਗੀ ਮੁਆਫ਼ੀ

ਐਮਸਟਰਡਮ, 25 ਅਪ੍ਰੈਲ (ਚ.ਨ.ਸ.) : ਐਮਸਟਰਡਮ ਦੇ ਮੇਅਰ ਫੇਮਕੇ ਹਾਲਸੇਮਾ ਨੇ ਦੂਜੇ ਵਿਸ਼ਵ ਯੁੱਧ ਦੌਰਾਨ ਯਹੂਦੀ ਨਾਗਰਿਕਾਂ ਦੇ ਦਮਨ ਵਿੱਚ ਸ਼ਹਿਰ ਦੀ ਭੂਮਿਕਾ ਲਈ ਵੀਰਵਾਰ ਨੂੰ ਰਸਮੀ ਤੌਰ ਤੇ ਮੁਆਫ਼ੀ ਮੰਗੀ। ਉਸਨੇ ਕਿਹਾ ਕਿ ਉਸ ਸਮੇਂ ਦੀ ਸਰਕਾਰ ਨੇ ਆਪਣੇ ਯਹੂਦੀ ਨਾਗਰਿਕਾਂ ਨੂੰ ਬਹੁਤ ਨਿਰਾਸ਼ ਕੀਤਾ ਸੀ। ਇਜ਼ਰਾਈਲ ਦੇ ਹੋਲੋਕਾਸਟ ਮੈਮੋਰੀਅਲ ਡੇਅ ਦੇ ਮੌਕੇ 'ਤੇ ਇੱਕ ਸਮਾਗਮ ਵਿੱਚ ਬੋਲਦਿਆਂ ਹਲਸੇਮਾ ਨੇ ਸਵੀਕਾਰ ਕੀਤਾ ਕਿ ਸ਼ਹਿਰ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਹਜ਼ਾਰਾਂ ਯਹੂਦੀ ਨਾਗਰਿਕਾਂ ਦੇ ਕਤਲ ਵਿੱਚ ਸਰਗਰਮ ਭੂਮਿਕਾ ਨਿਭਾਈ। ਦੂਜੇ ਵਿਸ਼ਵ ਯੁੱਧ ਦੀ ਸ਼ੁਰੂਆਤ ਵਿੱਚ ਐਮਸਟਰਡਮ ਵਿੱਚ ਲਗਭਗ 80,000 ਯਹੂਦੀ ਰਹਿੰਦੇ ਸਨ, ਜਿਨ੍ਹਾਂ ਵਿੱਚੋਂ ਸਿਰਫ਼ 20,000 ਹੀ ਬਚੇ ਸਨ। ਮਸ਼ਹੂਰ ਕਿਸ਼ੋਰ ਡਾਇਰੀ ਲੇਖਕ ਐਨ ਫਰੈਂਕ ਇਨ੍ਹਾਂ ਵਿੱਚੋਂ ਇੱਕ ਸੀ। ਇਸ ਕਤਲੇਆਮ ਵਿੱਚ ਸਿਰਫ਼ ਉਸਦਾ ਪਿਤਾ ਔਟੋ ਹੀ ਬਚਿਆ ਸੀ ਅਤੇ ਬਾਅਦ ਵਿੱਚ ਉਸਨੇ ਆਪਣੀ ਧੀ ਦੀਆਂ ਡਾਇਰੀਆਂ ਪ੍ਰਕਾਸ਼ਿਤ ਕਰਵਾਈਆਂ। ਹਲਸੇਮਾ ਨੇ ਆਪਣੇ ਭਾਸ਼ਣ ਵਿੱਚ ਕਿਹਾ,ਸ਼ਹਿਰ ਪ੍ਰਸ਼ਾਸਨ ਨਾ ਤਾਂ ਬਹਾਦਰ ਸੀ, ਨਾ ਦ੍ਰਿੜ ਸੀ, ਨਾ ਹੀ ਹਮਦਰਦ ਸੀ। ਇਸਦਾ ਆਪਣੇ ਯਹੂਦੀ ਨਾਗਰਿਕਾਂ ਨਾਲ ਸਲੂਕ ਬਹੁਤ ਮਾੜਾ ਸੀ। ਉਨ੍ਹਾਂ ਇਹ ਵੀ ਕਿਹਾ ਕਿ ਮਿਊਂਸੀਪਲ ਬਾਡੀ ਨੇ ਯਹੂਦੀ ਨਾਗਰਿਕਾਂ ਦੇ ਨਿਵਾਸ ਸਥਾਨਾਂ ਦੀ ਪਛਾਣ, ਰਜਿਸਟਰੇਸ਼ਨ ਅਤੇ ਨਿਸ਼ਾਨਦੇਹੀ ਵਿੱਚ ਭੂਮਿਕਾ ਨਿਭਾਈ। ਇਹ ਮੁਆਫ਼ੀ ਨੀਦਰਲੈਂਡਜ਼ ਦੀ ਨਾਜ਼ੀਆਂ ਤੋਂ ਮੁਕਤੀ ਦੀ 80ਵੀਂ ਵਰ੍ਹੇਗੰਢ ਨੇੜੇ ਆਉਣ ਤੇ ਆ ਈ ਹੈ।



## ਡਾ. ਮਹਿੰਦਰ ਸਿੰਘ ਬਾਸੂ ਦੀ ਦਵਾਈ ਨੇ ਮੇਰੀ ਜ਼ਿੰਦਗੀ 'ਚ ਨਵੇ ਰੰਗ ਭਰ ਦਿੱਤੇ: ਸੁਰੇਸ਼ ਯਾਦਵ

ਪੂਣੇ, 25 ਅਪ੍ਰੈਲ (ਚ.ਨ.ਸ.) : ਡਾ.ਮਹਿੰਦਰ ਸਿੰਘ ਬਾਸੂ ਨੇ ਆਪਣੇ ਦਾਇਰੇ ਤੋਂ ਅੱਗੇ ਜਾ ਕੇ ਆਪਣੀ ਖੋਜ ਕਰਕੇ ਜੋ ਦਵਾਈ ਦਾ ਨਿਰਮਾਣ ਕੀਤਾ ਹੈ,ਉਸ ਦੇ ਲਈ ਸੰਪੂਰਨ ਮਾਨਵਤਾ ਸਦੀਆਂ ਤੱਕ ਉਸਦੀ ਰਿਣੀ ਰਹੇਗੀ। ਇਸ ਸਬੰਧੀ ਮਹਾਂਰਾਸ਼ਟਰ ਦੇ ਪੂਣੇ ਦੇ ਰਹਿਣ ਵਾਲੇ ਸੁਰੇਸ਼ ਜਾਧਵ ਨੇ ਦੱਸਿਆ ਕਿ ਉਸਨੂੰ ਬਚਪਨ ਤੋਂ ਹੀ ਰਾਤ ਨੂੰ ਘੱਟ ਦਿੱਸਣ ਦੀ ਸਮੱਸਿਆ ਸੀ। 15 ਸਾਲ ਪਹਿਲਾਂ ਜਦੋਂ ਉਸਨੇ ਅੱਖਾਂ ਦੀ ਜਾਂਚ ਕਰਵਾਈ ਸੀ ਤਾਂ ਡਾਕਟਰਾਂ ਨੇ ਉਸਨੂੰ ਰੇਟੀਨਾ ਦੇ ਲੱਛਣ ਦੱਸੇ ਸਨ,ਜਿਸਦਾ ਕਿਤੇ ਵੀ ਕੋਈ ਇਲਾਜ ਨਹੀਂ ਹੈ। ਉਸਨੇ ਦੱਸਿਆ ਕਿ ਇਸ ਬਿਮਾਰੀ ਨਾਲ ਉਸਦੇ ਕੈਰੀਅਰ 'ਤੇ ਮਾੜਾ ਅਸਰ ਪਿਆ। ਉਸਨੇ ਦੱਸਿਆ ਕਿ ਇਕ ਮਹੀਨਾ ਪਹਿਲਾਂ ਉਸਦੀ ਮੁਲਾਕਾਤ ਫਿਲਮ ਅਭਿਨੇਤਾ ਗੋਵਿੰਦਾ ਦੇ ਨਾਲ ਹੋਈ। ਉਸਨੇ ਦੱਸਿਆ ਕਿ ਅਸੀਂ ਰੇਟੀਨਾਪਿਗਮੇਂਟੋਸਾ ਯਾਨੀ ਨਾਈਟ ਬਲਾਂਈਡਨੈਸ ਸਮੇਤ ਰੇਟੀਨਾ ਦੀਆਂ ਸਾਰੀਆਂ ਬਿਮਾਰੀਆਂ ਠੀਕ ਕਰਨ ਬਾਰੇ ਜਾਣਕਾਰੀ ਦਿੱਤੀ। ਮੈਨੇ ਬਿਨ੍ਹਾਂ ਦੇਰ ਕੀਤੇ ਇਸਦਾ ਇਲਾਜ ਸ਼ੁਰੂ ਕਰ ਦਿੱਤਾ। ਜਦੋਂ ਪਹਿਲੀ ਵਾਰ ਡਾਕਟਰ ਵਲੋਂ ਮੇਰੀਆਂ ਅੱਖਾਂ ਵਿੱਚ ਦਵਾਈ ਪਾਈ ਗਈ ਤਾਂ ਕੁਝ ਦੇਰ ਬਾਅਦ ਮੇਰੀਆਂ ਅੱਖਾਂ ਦੀ ਰੋਸ਼ਨੀ ਵਿੱਚ ਚਮਤਕਾਰੀ ਲੱਛਣ ਦਿਖਾਈ ਦਿੱਤੇ,ਜਿਸਨੂੰ ਮੈਂ ਸ਼ਬਦਾਂ ਵਿੱਚ ਬਿਆਨ ਨਹੀਂ ਕਰ ਸਕਦਾ। ਮੈਨੂੰ ਸਭ ਕੁਝ ਸਾਫ ਦਿਖਾਈ ਦੇਣ ਲੱਗਾ। ਮੇਰਾ ਪੈਰੀਫੇਰਲ ਵਿਜ਼ਨ 'ਚ ਬਹੁਤ ਚੰਗਾ ਸੁਧਾਰ ਆਇਆ ਪਹਿਲਾਂ ਮੇਰਾ ਮਕੂਲਾ ਡਿਜਨਰੇਟ ਹੋਣ ਲੱਗਿਆ ਸੀ ਜਿਸਦੇ ਕਾਰਨ ਅੱਖਾਂ ਵਿੱਚ ਹਮੇਸ਼ਾ ਧੁੰਦਲਾਪਣ ਰਹਿੰਦਾ ਸੀ ਪਰ ਦਵਾਈ ਪਾਉਣ ਤੋਂ ਬਾਅਦ ਅੱਖਾਂ ਦਾ ਧੁੰਦਲਾਪਣ ਖਤਮ ਹੋ ਗਿਆ ਇਹ ਇੱਕੋ ਵਾਰੀ ਦਵਾਈ ਪਾਉਣ ਦਾ ਨਤੀਜਾ ਹੈ। ਡਾਕਟਰ ਇਕ ਗੱਲ ਹਮੇਸ਼ਾਂ ਬੋਲਦੇ ਸਨ ਕਿ ਰੇਟੀਨਾ ਕਦੇ ਠੀਕ ਨਹੀਂ ਹੋ ਸਕਦਾ,ਕਿਉਂਕਿ ਸਾਡਾ ਦਿਮਾਗ ਅਜਿਹਾ ਹੈ ਜੋ ਕਦੇ ਵੀਂ ਰਿਜਨਰੇਟ ਨਹੀਂ ਹੁੰਦਾ। ਜਾਧਵ ਨੇ ਦੱਸਿਆ ਕਿ ਹੁਣ ਉਹ ਦਿਨ ਦੂਰ ਨਹੀਂ ਜਦੋਂ ਇਸ ਦੁਨੀਆਂ ਤੋਂ ਅੰਨ੍ਹਾਪਨ ਪੂਰੀ ਤਰ੍ਹਾਂ ਖਤਮ ਹੋ ਜਾਵੇਗਾ।



## ਪੰਜਾਬ ਦੀਆਂ ਧੀਆਂ ਨੇ ਵੱਖ-ਵੱਖ ਵਿੱਦਿਆਦਕ ਖੇਤਰਾਂ ਕਾਮਯਾਬੀ ਦੇ ਗੱਡੇ ਝੰਡੇ

ਰੋਮ (ਇਟਲੀ), 25 ਅਪ੍ਰੈਲ (ਗੁਰਸ਼ਰਨ ਸਿੰਘ ਸੋਨੀ) ਸਾਰੀ ਦੁਨੀਆਂ ਨੇ ਅਪ੍ਰੈਲ ਮਹੀਨੇ ਵਿੱਚ ਭਾਰਤੀ ਸੰਵਿਧਾਨ ਦੇ ਪਿਤਾਮਾ ਭਾਰਤ ਰਤਨ ਡਾਕਟਰ ਭੀਮ ਰਾਓ ਅੰਬੇਦਕਰ ਸਾਹਿਬ ਜੀ ਦਾ 134ਵਾਂ ਜਨਮ ਦਿਨ ਬਹੁਤ ਹੀ ਸਤਿਕਾਰ ਨਾਲ ਮਨਾਇਆ ਤੇ ਇਟਲੀ ਵਿੱਚ ਇੱਕ ਪੰਜਾਬ ਦੀ ਧੀ ਰਣਧੀਰ ਕੌਰ ਕਟਾਰੀਆ(26) ਅਜਿਹੀ ਵੀ ਹੈ ਜਿਹੜੀ ਕਿ ਬਾਬਾ ਸਾਹਿਬ ਦੀ ਪੈਰੋਕਾਰ ਹੈ ਤੇ ਉਹਨਾਂ ਨੂੰ ਆਪਣੀ ਜ਼ਿੰਦਗੀ ਦਾ ਆਦਰਸ਼ ਮੰਨਦੀ ਹੈ।ਇਹ ਧੀ ਰਾਣੀ ਜਿਹੜੀ ਕਿ ਦਵਿੰਦਰ ਪਾਲ ਤੇ ਕੁਲਦੀਪ ਕੌਰ ਮਾਪਿਆ ਨਾਲ ਸੰਨ 2011 ਨੂੰ ਪੰਜਾਬ ਦੇ ਪਿੰਡ ਕੋਟਲਾ ਨੇੜੇ ਸ਼ਾਮ ਚੁਰਾਸੀ(ਹੁਸਿਆਰਪੁਰ)ਤੋਂ ਇਟਲੀ ਦੇ ਅਰੇਜੋ ਇਲਾਕੇ ਵਿੱਚ ਆਈ।ਰਣਧੀਰ ਕੌਰ ਕਟਾਰੀਆ ਨੇ ਇਹ ਸੁਪਨਾ ਦੇਖਿਆ ਸੀ ਕਿ ਉਹ ਬਾਬਾ ਸਾਹਿਬ ਜੀ ਵਾਂਗਰ ਚੰਗੀ ਪੜ੍ਹਾਈ ਕਰ ਲੋਕਾਂ ਲਈ ਮਾਰਗ ਦਰਸ਼ਕ ਬਣੇਗੀ ਤੇ ਇਸ ਸੁਪਨੇ ਨੂੰ ਸਾਕਾਰ ਕਰਨ ਵਿੱਚ ਭਰਪੂਰ ਸਾਥ ਦਿੱਤਾ ਉਸ ਦੇ ਮਾਪਿਆਂ ਨੇ ਜਿਹਨਾਂ ਧੀ ਰਾਣੀ ਨੂੰ ਇਟਲੀ ਲਿਆਂਦਾ ਤੇ ਇੱਥੇ ਪੜ੍ਹਾਈ ਕਰਵਾ ਅੱਜ ਬਣਾ ਦਿੱਤਾ। ਰਣਧੀਰ ਕੌਰ ਕਟਾਰੀਆ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਸਾਹਿਬ ਜੀ ਦੇ 134ਵੇਂ ਜਨਮ ਦਿਨ ਮੌਕੇ ਇਟਲੀ ਦੀ ਯੂਨੀਵਰਸਿਟੀ ਸੀਏਨਾ ਤੋਂ ਸਿੱਖਿਆ ਅਤੇ ਸਿੱਖਲਾਈ ਵਿਗਿਆਨ ਵਿੱਚ ਡਿਗਰੀ ਹਾਸਲ ਕਰਕੇ ਜਿੱਥੇ ਆਪਣਾ ਸੁਪਨਾ ਸੱਚ ਕੀਤਾ ਉਥੇ ਇਸ ਮੁਕਾਮ ਤੇ ਪਹੁੰਚ ਕੇ ਮਾਪਿਆਂ ਸਮੇਤ ਭਾਰਤ ਦਾ ਨਾਮ ਰੁਸ਼ਨਾਇਆ ਹੈ।ਪ੍ਰੈਸ ਨਾਲ ਇਸ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਰਣਧੀਰ ਕੌਰ ਕਟਾਰੀਆ ਨੇ ਕਿਹਾ ਕਿ ਉਹ ਉਹਨਾਂ ਸਾਰੇ ਭਾਰਤੀ ਬੱਚਿਆਂ ਨੂੰ ਇਹ ਸੁਨੇਹਾ ਦੇਣਾ ਚਾਹੁੰਦੀ ਹੈ ਜਿਹੜੇ ਬੱਚੇ ਮਾਪਿਆਂ ਨਾਲ ਇਟਲੀ ਆਏ ਜਾਂ ਆਉਣ ਵਾਲੇ ਹਨ ਤੇ ਉਹ ਬੱਚੇ ਜੇਕਰ ਆਪਣਾ ਆਉਣ ਵਾਲਾ ਕਲ ਬਿਹਤਰ ਤੇ ਮਿਸਾਲੀ ਬਣਾਉਣਾ ਚਾਹੁੰਦੇ ਹਨ ਤਾਂ ਬਾਬਾ ਸਾਹਿਬ ਦੇ ਪਾਏ ਪੂਰਨਿਆਂ ਉਪੱਰ ਚੱਲਦਿਆਂ ਵਿੱਦਿਆਦਕ ਖੇਤਰਾਂ ਵਿੱਚ ਨਵੀਆਂ ਪੈੜਾ ਪਾਉਣ ਤੱਦ ਹੀ ਉਹ ਆਪਣੇ ਸਮੇਤ ਮਾਪਿਆਂ ਦਾ ਲਈ ਖੁਸ਼ੀਆਂ ਦੇ ਖਜ਼ਾਨੇ ਭਰ ਸਕਦੇ ਹਨ।ਇੱਥੇ ਮਾਪਿਆਂ ਨੇ ਧੀ ਰਾਣੀ ਨੂੰ ਵਿੱਦਿਆਦਕ ਖੇਤਰ ਵੱਲ ਪ੍ਰੇਰਿਤ ਕਰਦਿਆਂ ਉਸ ਦਾ ਪੂਰਨ ਸਹਿਯੋਗ ਤੇ ਹੱਲਾਸ਼ੇਰੀ ਦਿੱਤੀ, ਜਿਸ ਦੀ ਬਦੌਲਤ ਅੱਜ ਇਹ ਧੀ ਰਾਣੀ ਨੇ ਵੀ ਮਚੇਰੇਤਾ ਯੂਨੀਵਰਸਿਟੀ ਤੋਂ ਮੈਨੇਜਮੈਂਟ ਐਂਡ ਮਾਰਕਟਿੰਗ ਇੰਟਰਨੈਸ਼ਨਲ ਦੀ ਮਾਸਟਰ ਡਿਗਰੀ ਕਰਕੇ ਮਾਪਿਆਂ ਸਮੇਤ ਭਾਰਤ ਦੇਸ਼ ਦਾ ਨਾਮ ਚਮਕਾ ਦਿੱਤਾ ਹੈ।ਦਪਿੰਦਰ ਕੌਰ ਜਿਸ ਨੇ ਮਾਸਟਰ ਡਿਗਰੀ ਵਿੱਚ 110/110 ਅੰਕ ਹਾਸਿਲ ਕੀਤੇ ਹਨ ਭੱਵਿਖ ਵਿੱਚ ਇਸੇ ਖੇਤਰ ਵਿੱਚ ਇਮਪੋਰਟ ਤੇ ਐਕਸਪੋਰਟ ਦਾ ਕਾਰੋਬਾਰ ਕਰਨ ਦੀ ਇੱਛੁਕ ਹੈ।ਇਹ ਦੋਨੋ ਪੰਜਾਬ ਦੀਆਂ ਧੀਆਂ ਨੇ ਆਪਣੀ ਸਖ਼ਤ ਮਿਹਨਤ ਤੇ ਦ੍ਰਿੜ ਇਰਾਦਿਆਂ ਨਾਲ ਇਟਲੀ ਵਿੱਚ ਮਾਪਿਆਂ ਦਾ ਨਾਮ ਹੀ ਨਹੀਂ ਚਮਕਾਇਆ ਸਗੋਂ ਹੋਰ ਦੇਸ਼ਾਂ ਦੇ ਬੱਚਿਆਂ ਲਈ ਇੱਕ ਮਿਸਾਲ ਵੀ ਬਣੀਆਂ ਹਨ।



## ਜਨਮ ਦਿਨ ਮੁਬਾਰਕ



ਅਗਮਵੀਰ ਸਿੰਘ



ਅਸ਼ਮੀਤ ਕੁਮਾਰ ਦਾ ਵਿਆਹ ਖੁਸ਼ੀ ਸਿੰਗਲਾ ਕੈਲਗਿਰੀ ਨਾਲ ਹੋਇਆ



ਯਸ਼ਪਾਲ ਸੱਚਦੇਵਾ ਅਤੇ ਮੀਨੂੰ ਨੂੰ ਵਿਆਹ ਦੀ ਵਰ੍ਹੇਗੰਢ ਮੁਬਾਰਕ

## ਪਹਿਲਗਾਮ 'ਚ ਮਾਰੇ ਗਏ ਨਿਰਦੋਸ਼ ਲੋਕਾਂ ਲਈ ਤਖ਼ਤ ਸੱਚਖੰਡ ਸਾਹਿਬ ਵਿਖੇ ਅਰਦਾਸ ਕੀਤੀ: ਡਾ. ਵਿਜੇ ਸਤਬੀਰ ਸਿੰਘ

ਹਜ਼ੂਰ ਸਾਹਿਬ (ਨਾਂਦੇੜ), 25 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਪਿਛਲੇ ਦਿਨੀਂ ਜੰਮੂ-ਕਸ਼ਮੀਰ ਦੇ ਪਾਕਿਸਤਾਨ ਨਾਲ ਲੱਗਦੇ ਬਾਰਡਰ ਤੇ ਪੈਂਦੇ ਸਰਹੱਦੀ ਇਲਾਕੇ ਇਲਾਕੇ ਪਹਿਲਗਾਮ ਦਹਿਸ਼ਤਗਰਦਾਂ ਵੱਲੋਂ ਸੈਲਾਨੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਅੱਤਵਾਦੀਆਂ ਦੀ ਇਸ ਕਾਇਰਾਨਾ ਹਰਕਤ ਨੇ ਜਿਥੇ ਕਈ ਘਰਾਂ ਦੇ ਚਿਰਾਗ ਬੁਝਾ ਦਿੱਤੇ, ਉਥੇ ਧਰਤੀ ਦੇ ਸਵਰਗ ਕਹੇ ਜਾਣ ਵਾਲੇ ਜੰਮੂ ਕਸ਼ਮੀਰ ਸ੍ਰੀਨਗਰ ਵਿੱਚ ਟੂਰਿਜ਼ਮ ਉਦਯੋਗ ਨੂੰ ਵੱਡਾ ਘਾਟਾ ਪਿਆ ਹੈ। ਗੁਰਦੁਆਰਾ ਸੱਚਖੰਡ ਬੋਰਡ ਦੇ ਮੁੱਖ ਪ੍ਰਬੰਧਕ ਡਾਕਟਰ ਵਿਜੇ ਸਤਬੀਰ ਸਿੰਘ ਸਾਬਕਾ ਆਈ.ਏ.ਐਸ. ਨੇ ਇਸ ਦੁਖਦਾਈ ਘਟਨਾ 'ਤੇ ਗਹਿਰਾ ਦੁਖ ਪ੍ਰਗਟ ਕੀਤਾ ਤੇ ਪਾਕਿਸਤਾਨ ਸਮਰਥਨ ਪ੍ਰਾਪਤ ਅੱਤਵਾਦੀਆਂ ਵੱਲੋਂ ਕੀਤੀ ਗਈ ਇਸ ਕਾਇਰਾਨਾ ਹਰਕਤ ਦੀ ਭਰਪੂਰ ਨਿੰਦਾ ਵੀ ਕੀਤੀ। ਉਨ੍ਹਾਂ ਨੇ ਪ੍ਰੈਸ ਨੂੰ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਅਜਿਹੀਆਂ ਨਾਪਾਕ ਕਾਰਵਾਈਆਂ ਦਾ ਭਾਰਤੀ ਫੌਜ ਮੂੰਹ ਤੋੜਵਾਂ ਜਵਾਬ ਦੇਵੇਗੀ। ਇਸ ਦੁਖਦਾਈ ਘਟਨਾ ਵਿਚ ਮਾਰੇ ਗਏ ਨਿਰਦੋਸ਼ ਲੋਕਾਂ ਦੇ ਪਰਿਵਾਰਾਂ ਨਾਲ ਉਨ੍ਹਾਂ ਨੇ ਗਹਿਰੀ ਸੰਵੇਦਨਾ ਪ੍ਰਗਟ ਕੀਤੀ ਤੇ ਘਾਇਲ ਲੋਕਾਂ ਦੇ ਜਲਦ ਸਿਹਤਮੰਦ ਹੋਣ ਦੀ ਕਾਮਨਾ ਵੀ ਕੀਤੀ। ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲ ਨਗਰ ਸਾਹਿਬ ਨਾਂਦੇੜ ਵੱਲੋਂ ਪਿਛੜੀਆਂ ਆਤਮਾਵਾਂ ਦੀ ਆਤਮਿਕ ਸ਼ਾਂਤੀ ਤੇ ਘਾਇਲ ਲੋਕਾਂ ਦੀ ਸਿਹਤਯਾਬੀ ਲਈ ਅਰਦਾਸ ਬੇਨਤੀ ਕੀਤੀ ਗਈ।



## ਸੀ.ਐਸ.ਆਈ.ਆਰ ਨੇ 78ਵਾਂ ਸਥਾਪਨਾ ਦਿਵਸ ਮਨਾਇਆ

ਚੰਡੀਗੜ੍ਹ, 25 ਅਪ੍ਰੈਲ (ਚ.ਨ.ਸ.) : ਸੀਐਸਆਈਆਰ-ਸੈਂਟਰਲ ਲੈਦਰ ਰਿਸਰਚ ਇੰਸਟੀਚਿਊਟ (ਸੀਐਲਆਰਆਈ) ਰੀਜਨਲ ਸੈਂਟਰ, ਜਲੰਧਰ ਵੱਲੋਂ ਆਪਣਾ 78ਵਾਂ ਸਥਾਪਨਾ ਦਿਹਾੜਾ ਮਨਾਇਆ ਗਿਆ। ਸਕੂਲ ਆਫ਼ ਐਮੀਨੈਂਸ ਭਾਰਗੋ ਕੈਂਪ ਜਲੰਧਰ ਦੇ ਵਿਦਿਆਰਥੀਆਂ, ਫੈਕਲਟੀ ਮੈਂਬਰਾਂ, ਚਮੜਾ ਉਦਯੋਗ ਦੇ ਟੈਨਰਾਂ ਅਤੇ ਤਕਨੀਕੀ ਸਟਾਫ਼ ਨੇ ਇਸ ਸਮਾਗਮ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਮੁੱਖ ਮਹਿਮਾਨ, ਪੰਜਾਬ ਲੈਦਰ ਫੈਡਰੇਸ਼ਨ (ਪੀ.ਐਲ.ਐਫ.) ਦੇ ਪ੍ਰਧਾਨ ਅਮਨਦੀਪ ਸਿੰਘ ਸੰਧੂ ਨੇ ਚਮੜਾ ਉਦਯੋਗ ਅਤੇ ਸਾਡੇ ਦੇਸ਼ ਦੀ ਆਰਥਿਕਤਾ ਵਿੱਚ ਇਸ ਦੇ ਯੋਗਦਾਨ 'ਤੇ ਚਾਨਣਾ ਪਾਉਂਦਿਆਂ ਪ੍ਰਧਾਨਗੀ ਭਾਸ਼ਣ ਦਿੱਤਾ। ਡਾ. ਐਸ.ਵੀ. ਸ਼੍ਰੀਨਿਵਾਸਨ, ਸਾਇੰਟਿਸਟ ਇੰਚਾਰਜ CSIR-CLRI ਦੇ ਆਦੇਸ਼ ਦੀ ਸੰਖੇਪ ਜਾਣਕਾਰੀ ਦਿੱਤੀ ਅਤੇ CSIR ਵਿੱਚ ਖੋਜ ਖੇਤਰਾਂ ਨੂੰ ਲੈ ਕੇ ਵਿਦਿਆਰਥੀਆਂ ਲਈ ਸੰਭਾਵੀ ਮੌਕਿਆਂ ਬਾਰੇ ਚਾਨਣਾ ਪਾਇਆ। ਉੱਥੇ ਹੀ ਡਾ. ਪੀ. ਸੁਧਾਕਰ, ਪ੍ਰਿੰਸੀਪਲ ਸਾਇੰਟਿਸਟ ਨੇ ਚਮੜੇ ਅਤੇ ਚਮੜੇ ਦੇ ਉਤਪਾਦਾਂ ਦੀ ਜਾਂਚ ਲਈ ਲੋੜੀਂਦੇ ਮਿਆਰੀ ਪ੍ਰੋਟੋਕੋਲ ਬਾਰੇ ਵਿਸਥਾਰਤ ਜਾਣਕਾਰੀ ਦਿੱਤੀ ਗਈ। ਡਾ. ਮੋਲੀਆਰਾਸੀ ਵੀ, ਵਿਗਿਆਨੀ ਅਤੇ ਸ੍ਰੀ ਅਰੁਲਮਨੀ, ਸੀਨੀਅਰ ਤਕਨੀਕੀ ਅਧਿਕਾਰੀ, ਨੇ ਚਮੜਾ ਅਤੇ ਇਸਦਾ ਰਹਿੰਦ-ਖੂੰਹਦ ਪ੍ਰਬੰਧਨ, ਅਤੇ ਟਿਕਾਊ ਵਿਕਾਸ ਟੀਚਿਆਂ ਦੇ ਵਿਸ਼ੇ 'ਤੇ ਲੋਕਾਂ ਨੂੰ ਜਾਗਰੂਕ ਕੀਤਾ। ਹੋਰ ਤਕਨੀਕੀ ਸਹਿਯੋਗੀਆਂ ਰਜਨੀਸ਼ ਕੁਮਾਰ, ਕੁਮਾਰੀ ਆਸ਼ਿਮਾ ਪਾਲ ਅਤੇ ਸ੍ਰੀ ਅਜੀਤ ਕੁਮਾਰ ਵੱਲੋਂ ਚਮੜੇ ਦੀ ਭੌਤਿਕ ਅਤੇ ਰਸਾਇਣਕ ਜਾਂਚ ਦੇ ਵਿਸ਼ੇ ਨੂੰ ਕੇਂਦਰ ਵਿੱਚ ਰੱਖਦਿਆਂ ਵਿਚਾਰ ਸਾਂਝੇ ਕੀਤੇ ਗਏ। ਇਸ ਤੋਂ ਇਲਾਵਾ ਚਮੜੇ ਦੇ ਵੱਖੋ-ਵੱਖ ਉਤਪਾਦਾਂ ਦਾ ਪ੍ਰਦਰਸ਼ਨ ਵੀ ਕੀਤਾ ਗਿਆ।




GOVT. OF PUNJAB

## ਸਮੈਮ ਸਕੀਮ ਤਹਿਤ ਖੇਤੀ ਮਸ਼ੀਨਾਂ 'ਤੇ ਸਬਸਿਡੀ ਲਈ ਬਿਨੈ ਪੱਤਰਾਂ ਦੀ ਮੰਗ

ਪੰਜਾਬ ਸਰਕਾਰ ਵੱਲੋਂ ਰਾਜ ਵਿੱਚ ਖੇਤੀ ਮਸ਼ੀਨੀਕਰਨ ਨੂੰ ਉਤਸ਼ਾਹਿਤ ਕਰਨ ਹਿੱਤ ਸਮੈਮ ਸਕੀਮ ਤਹਿਤ ਮਸ਼ੀਨਾਂ 'ਤੇ ਸਬਸਿਡੀ ਲਈ ਆਨਲਾਈਨ ਪੋਰਟਲ **agrimachinerypb.com** ਰਾਹੀਂ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ

**ਸਕੀਮ ਅਧੀਨ ਸਬਸਿਡੀ 'ਤੇ ਮੁਹੱਈਆ ਕਰਵਾਈਆਂ ਜਾਣ ਵਾਲੀਆਂ ਮੁੱਖ ਮਸ਼ੀਨਾਂ ਹੇਠ ਲਿਖੇ ਅਨੁਸਾਰ ਹਨ:-**

- ਨੂਮੈਟਿਕ ਪਲਾਂਟਰ
- ਰੇਜ਼ਡ ਬੈੱਡ ਪਲਾਂਟਰ
- ਪੀ.ਟੀ.ਓ. ਆਪਰੇਟਿਡ ਬੰਡ ਫੋਰਮਰ
- ਹਾਈ ਕਲੀਅਰੈਂਸ ਬੂਮ ਸਪਰੇਅਰ
- ਨਰਸਰੀ ਸੀਡਰ
- ਡੀ.ਐਸ.ਆਰ. ਡਰਿੱਲ
- ਪੈਡੀ ਟਰਾਂਸਪਲਾਂਟਰਜ਼
- ਟਰੈਕਟਰ ਆਪਰੇਟਿਡ ਬੂਮ ਸਪਰੇਅਰ
- ਲੱਕੀ ਸੀਡ ਡਰਿੱਲ
- ਮੈਨੂਅਲ/ਪਾਵਰ ਸਪਰੇਅਰ

ਸਬਸਿਡੀ 'ਤੇ ਮੁਹੱਈਆਂ ਕਰਵਾਈਆਂ ਜਾ ਰਹੀਆਂ ਸਮੂਹ ਮਸ਼ੀਨਾਂ ਦੀ ਸੂਚੀ ਪੋਰਟਲ ਤੇ ਉਪਲਬਧ ਹੈ

ਕਸਟਮ ਹਾਈਰਿੰਗ ਸੈਂਟਰ ਸਥਾਪਿਤ ਕਰਨ ਲਈ ਵੀ ਪ੍ਰਤੀਬੇਨਤੀਆਂ ਪੋਰਟਲ ਰਾਹੀਂ ਦਿੱਤੀਆਂ ਜਾ ਸਕਦੀਆਂ ਹਨ

**ਸਬਸਿਡੀ ਦੀ ਦਰ ਸਕੀਮ ਦੀਆਂ ਗਾਈਡਲਾਈਨਜ ਅਨੁਸਾਰ ਹੋਵੇਗੀ**
ਸਬਸਿਡੀ ਲੈਣ ਦੇ ਚਾਹਵਾਨ ਮਿਤੀ: **28.04.2025 ਤੋਂ 12.05.2025**
**ਸ਼ਾਮ 5 ਵਜੇ** ਤੱਕ ਆਪਣੀਆਂ ਅਰਜੀਆਂ ਆਨਲਾਈਨ
agrimachinerypb.com ਪੋਰਟਲ ਰਾਹੀਂ ਦੇ ਸਕਦੇ ਹਨ

**ਵਧੇਰੇ ਜਾਣਕਾਰੀ ਲਈ ਵਿਭਾਗ ਦੀ ਵੈਬਸਾਇਟ ਜਾਂ ਆਪਣੇ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਧਿਕਾਰੀ ਨਾਲ ਸੰਪਰਕ ਕਰੋ ਜੀ**



ਉੱਨਤ ਮਸ਼ੀਨਾਂ ਅਪਣਾਉ, ਖੇਤੀ ਖਰਚੇ ਘਟਾਉ

**ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਪੰਜਾਬ**

**ਸ. ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ

# ਮਾਝਾ-ਦੁਆਬਾ

ਆਸ ਪਾਸ

## ਕਸਟਮਜ਼ ਹੈਰੀਟੇਜ ਗੈਲਰੀ ਅਟਾਰੀ ਨੂੰ ਦਰਸਾਉਂਦੀ ਕਲਾਕ੍ਰਿਤੀ ਕਮਿਸ਼ਨਰ ਕਸਟਮਜ਼ ਵੱਲੋਂ ਰਿਲੀਜ਼

ਅੰਮ੍ਰਿਤਸਰ, 25 ਅਪ੍ਰੈਲ, (ਬਬਲੂ ਮਹਾਜਨ) : ਲੈਂਡ ਕਸਟਮ ਸਟੇਸ਼ਨ ਅਟਾਰੀ ਵਿਖੇ ਕਸਟਮਜ਼ ਹੈਰੀਟੇਜ ਗੈਲਰੀ ਦੀ ਵਿਜ਼ੂਅਲ ਸ਼ਾਨ ਅਤੇ ਇਤਿਹਾਸਕ ਡੂੰਘਾਈ ਨੂੰ ਦਰਸਾਉਂਦੀ ਇੱਕ ਮਹੱਤਵਪੂਰਨ ਚਿੱਤਰਕਾਰੀ ਨੂੰ ਅੱਜ ਕਮਿਸ਼ਨਰ ਕਸਟਮਜ਼ ਅੰਮ੍ਰਿਤਸਰ ਸ੍ਰੀ ਆਲੋਕ ਸ਼੍ਰੀਵਾਸਤਵ ਦੁਆਰਾ ਰਿਲੀਜ਼ ਕੀਤਾ ਗਿਆ। ਇਹ ਵਿਲੱਖਣ ਚਿੱਤਰਕਾਰੀ ਭਾਰਤ ਦੀ ਪਹਿਲੀ ਕਸਟਮਜ਼ ਹੈਰੀਟੇਜ ਗੈਲਰੀ ਨੂੰ ਉਜਾਗਰ ਕਰਦੀ ਹੈ, ਜੋ ਕਿ ਅਟਾਰੀ ਵਿਖੇ ਸਥਾਪਿਤ ਕੀਤੀ ਗਈ ਹੈ।




ਦੱਸਣਯੋਗ ਹੈ ਕਿ ਅਟਾਰੀ ਵਿੱਚ ਕਸਟਮਜ਼ ਹੈਰੀਟੇਜ ਗੈਲਰੀ ਵਿੱਚ 2,000 ਸਾਲਾਂ ਤੋਂ ਵੱਧ ਚੱਲ ਰਹੇ ਵਪਾਰ, ਲੋਕਾਂ ਦੇ ਸੰਪਰਕ ਦੇ ਮਾਣਮੱਤੇ ਇਤਿਹਾਸ, ਸੱਭਿਆਚਾਰ ਦੇ ਵਿਕਾਸ ਅਤੇ ਭਾਰਤੀ ਕਸਟਮਜ਼ ਦੀ ਅਮੀਰ ਵਿਰਾਸਤ ਨੂੰ ਦਰਸਾਉਂਦੀ ਹੈ।

ਅੱਜ ਜਾਰੀ ਕੀਤੀ ਗਈ ਤਸਵੀਰ ਹਰਪ੍ਰੀਤ ਸੰਧੂ, ਰਾਜ ਸੂਚਨਾ ਕਮਿਸ਼ਨਰ ਪੰਜਾਬ ਦੁਆਰਾ ਗੈਲਰੀ ਵਿੱਚ ਰੱਖੀਆਂ ਗਈਆਂ ਇਤਿਹਾਸਕ ਕਲਾਕ੍ਰਿਤੀਆਂ, ਫੋਟੋਆਂ, ਦਸਤਾਵੇਜ਼ਾਂ ਅਤੇ ਆਰਕੀਟੈਕਚਰਲ ਤੱਤਾਂ ਨੂੰ ਬਾਖੂਬੀ ਦਰਸਾਉਂਦੀ ਹੈ।

ਆਲੋਕ ਸ਼੍ਰੀਵਾਸਤਵ, ਆਈਆਰਐਸ ਕਮਿਸ਼ਨਰ ਕਸਟਮਜ਼, ਪੁਨੀਤ ਗੁਣਾਵਤ, ਆਈਆਰਐਸ ਐਡੀਸ਼ਨਲ ਕਮਿਸ਼ਨਰ ਕਸਟਮਜ਼ ਅਤੇ ਉਮੇਸ਼ ਮੀਨਾ, ਆਈਆਰਐਸ, ਸਹਾਇਕ ਕਮਿਸ਼ਨਰ ਕਸਟਮਜ਼, ਅੰਮ੍ਰਿਤਸਰ ਦੁਆਰਾ ਹਰਪ੍ਰੀਤ ਸੰਧੂ, ਰਾਜ ਸੂਚਨਾ ਕਮਿਸ਼ਨਰ ਪੰਜਾਬ ਨੂੰ ਇਸ ਵੱਡਮੁੱਲੇ ਯੋਗਦਾਨ ਲਈ ਵਿਸ਼ੇਸ਼ ਤੌਰ ਤੇ ਸਨਮਾਨ ਦਿੱਤਾ ਗਿਆ।

ਵਰਣਨਯੋਗ ਹੈ ਕਿ ਵਿਰਾਸਤ ਦੇ ਇੱਕ ਜੋਸ਼ੀਲੇ ਪ੍ਰਮੋਟਰ, ਹਰਪ੍ਰੀਤ ਸੰਧੂ ਨੇ ਲਗਾਤਾਰ ਪੰਜਾਬ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਅਤੇ ਉਤਸ਼ਾਹਿਤ ਕਰਨ ਦੇ ਕਾਰਨ ਨੂੰ ਅੱਗੇ ਵਧਾਇਆ ਹੈ ਅਤੇ ਉਨ੍ਹਾਂ ਦੇ ਯੋਗਦਾਨਾਂ ਨੇ ਨਾ ਸਿਰਫ਼ ਰਾਜ ਦੇ ਅੰਦਰ ਸਗੋਂ ਅੰਤਰਰਾਸ਼ਟਰੀ ਭਾਈਚਾਰਿਆਂ ਵਿੱਚ ਵੀ ਪੰਜਾਬ ਦੀ ਵਿਰਾਸਤ ਪ੍ਰਤੀ ਜਾਗਰੂਕਤਾ ਵਿੱਚ ਵਾਧਾ ਕੀਤਾ ਹੈ।

ਹਰਪ੍ਰੀਤ ਸੰਧੂ, ਰਾਜ ਸੂਚਨਾ ਕਮਿਸ਼ਨਰ ਪੰਜਾਬ ਨੂੰ ਲੈਂਡ ਕਸਟਮਜ਼ ਅਟਾਰੀ ਵਿਖੇ ਕਲਾ, ਸੱਭਿਆਚਾਰ, ਵਿਰਾਸਤ ਦੇ ਖੇਤਰ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ, ਜਿਸ ਵਿੱਚ ਸਰਹੱਦੀ ਵਿਰਾਸਤੀ ਸਮਾਰਕਾਂ ਆਦਿ ਨੂੰ ਉਜਾਗਰ ਕੀਤਾ ਗਿਆ। ਬਾਰਡਰ ਕਸਟਮ ਵਿਖੇ ਮਾਂ ਬੋਲੀ ਪੰਜਾਬੀ ਨੂੰ ਉਤਸ਼ਾਹਿਤ ਕਰਨ ਲਈ ਕਿਤਾਬਚਾ ਵੀ ਵੰਡੇ ਗਏ।

## ਚੇਤਨਪੁਰਾ ਵਿਖੇ ਡੇਂਗੂ ਮਲੇਰੀਆ ਜਾਗਰੂਕਤਾ ਕੈਂਪ ਲਗਾਇਆ



ਅਜਨਾਲਾ/ਚੇਤਨਪੁਰਾ, 25 ਅਪ੍ਰੈਲ, (ਸੁਖਦੇਵ ਸਿੰਘ ਖਾਲਸਾ) : ਸਿਵਲ ਸਰਜਨ ਅੰਮ੍ਰਿਤਸਰ ਡਾ ਕਿਰਨਦੀਪ ਕੌਰ ਅਤੇ ਮਲੇਰੀਆ ਅਫਸਰ ਡਾ ਹਰਜੋਤ ਕੌਰ,ਸੀਨੀਅਰ ਮੈਡੀਕਲ ਅਫਸਰ ਰਾਮਦਾਸ ਡਾ ਰਾਮ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚੇਤਨਪੁਰਾ ਵਿਖੇ ਡੇਂਗੂ ਜਾਗਰੂਕਤਾ ਕੈਂਪ ਲਗਾਇਆ ਗਿਆ ਜਿਸ ਵਿਚ ਲੋਕਾ ਨੂੰ ਡੇਂਗੂ ਅਤੇ ਮਲੇਰੀਆ ਸਬੰਧੀ ਐਸ ਆਈ ਹਰਪਾਲ ਸਿੰਘ ਅਤੇ ਸਰਬਜੀਤ ਸਿੰਘ ਨੇ ਜਾਣਕਾਰੀ ਦਿੱਤੀ ਅਤੇ ਦਸਿਆ ਕਿ ਡੇਂਗੂ ਬੁਖਾਰ ਏਡੀਜ ਨਾ ਦੇ ਮੱਛਰ ਦੇ ਕੱਟਣ ਨਾਲ ਫੈਲਦਾ ਹੈ ਤੇਜ਼ ਬੁਖਾਰ ਤੇ ਸਿਰ ਦਰਦ ਡੇਂਗੂ ਬੁਖਾਰ ਦੇ ਲੱਛਣ ਹਨ ਇਹ ਮੱਛਰ ਖੜੇ ਪਾਣੀ ਵਿੱਚ ਪੈਦਾ ਹੁੰਦਾ ਹੈ ਅਤੇ ਇਹ ਮੱਛਰ ਦਿਨ ਵੇਲੇ ਕੱਟਦਾ ਹੈ ਇਸਦੇ ਬਚਣ ਲਈ ਘਰਾਂ ਦੇ ਆਲੇ ਦੁਵਾਲੇ ਪਾਣੀ ਜਮਾਂ ਨਾ ਹੋਣ ਦਿਓ ਕੂਲਰਾਂ ਅਤੇ ਗਮਲਿਆਂ ਵਿੱਚ ਪਾਣੀ ਜਮਾਂ ਨਾ ਹੋਣ ਦਿਓ ਹੈ ਅਤੇ ਛੱਤਾ ਤੇ ਪਏ ਸਮਾਨ, ਫਰਿਜ ਦੀ ਵੇਸਟ ਪਾਣੀ ਵਾਲੀ ਟਰੇ ਵਿੱਚ ਪਾਣੀ ਜਮਾਂ ਨਾਂ ਹੋਣ ਦਿਓ ਸੌਂਦੇ ਸਮੇਂ ਮੱਛਰਦਾਨੀ ਤੇ ਮੱਛਰ ਭੱਜਉਣ ਵਾਲੀਆਂ ਕ੍ਰਾਈਮਾ ਦੀ ਵਰਤੋਂ ਕਰਨੀ ਚਾਹੀਦੀ ਹੈ। ਜੇਕਰ ਫਿਰ ਵੀ ਕਿਸੇ ਨੂੰ ਮਲੇਰੀਆ ਬੁਖਾਰ ਸੰਬੰਧੀ ਮੁਸ਼ਕਲ ਆਉਂਦੀ ਹੈ ਤਾ ਆਪਣੇ ਨੇੜੇ ਦੇ ਸਿਹਤ ਕੇਂਦਰ ਜਾ ਕਿ ਜਾਂਚ ਕਰਵਾ ਸਕਦਾ ਹੈ ਅਤੇ ਇਸ ਦਾ ਇਲਾਜ ਸਰਕਾਰ ਵਲੋਂ ਬਿਲਕੁਲ ਫ੍ਰੀ ਹੈ ਇਸ ਕੈਂਪ ਮੌਕੇ ਪਿੰਡ ਦੇ ਲੋਕਾਂ ਤੋਂ ਇਲਾਵਾ ਰਸ਼ਪਾਲ ਸਿੰਘ ਮਲਟੀਪਰਪਜ਼ ਹੈਲਥ ਵਰਕਰ,ਜਗਜੀਤ ਸਿੰਘ,ਬਲਜਿੰਦਰ ਸਿੰਘ, ਸੁਪਿੰਦਰ ਸਿੰਘ, ਰਣਜੀਤ ਸਿੰਘ ਪੰਧੇਰ, ਦਲਬੀਰ ਕੌਰ ਦਰਜਾ ਚਾਰ ਅਤੇ ਸ਼ਮੂਹ ਆਸ਼ਾ ਵਰਕਰ ਤੇ ਸਟਾਫ ਹਾਜ਼ਰ ਸਨ।

## ਐਡਵੋਕੇਟ ਧਾਮੀ ਵੱਲੋਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਮੇਜਰ ਸਿੰਘ ਸਵੱਦੀ ਦੇ ਅਕਾਲ ਚਲਾਣੇ 'ਤੇ ਦੁੱਖ ਪ੍ਰਗਟ

ਅੰਮ੍ਰਿਤਸਰ, 25 ਅਪ੍ਰੈਲ, (ਗੁਰਦਿਆਲ ਸਿੰਘ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਮੇਜਰ ਸਿੰਘ ਸਵੱਦੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਦੁੱਖ ਪ੍ਰਗਟ ਕੀਤਾ ਹੈ। ਧਾਮੀ ਨੇ ਕਿਹਾ ਕਿ ਮੇਜਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਮੈਂਬਰ ਵਜੋਂ ਲੰਮਾਂ ਸਮਾਂ ਸੇਵਾ ਨਿਭਾਈ ਅਤੇ ਉਹ ਅਕਾਲੀ ਮੋਰਚਿਆਂ ਵਿੱਚ ਵੀ ਹਮੇਸ਼ਾਂ ਮੋਹਰੀ ਹੋ ਕੇ ਲੜੇ। ਉਨ੍ਹਾਂ ਵੱਲੋਂ ਨਿਭਾਈਆਂ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਮੇਜਰ ਸਿੰਘ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਕਰਤਾ ਪੁਰਖ ਅੱਗੇ ਅਰਦਾਸ ਕੀਤੀ ਕਿ ਵਿੱਛੜੀ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

## ਨਾਇਬ ਤਹਿਸੀਲਦਾਰ ਨੇ ਚਾਰਜ ਸੰਭਾਲਿਆ



ਤਰਸਿੱਕਾ, 25 ਅਪ੍ਰੈਲ, (ਦਵਿੰਦਰ ਸਿੰਘ ਤਰਸਿੱਕਾ) : ਸਬ ਤਹਿਸੀਲ ਤਰਸਿੱਕਾ ਜਿਸ ਵਿੱਚ ਪਿਛਲੇ ਕਾਫੀ ਸਮੇਂ ਤੋਂ ਇੰਤਕਾਲਾਂ ਦਾ ਅਤੇ ਰਜਿਸਟਰੀਆਂ ਦਾ ਕੰਮ ਬੰਦ ਪਿਆ ਸੀ ਲੋਕਾਂ ਨੂੰ ਹੁੰਦੀ ਖੱਜਲ ਖਵਾਰੀ ਨੂੰ ਦੇਖਦੇ ਹੋਏ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਵੱਲੋਂ ਬਾਬਾ ਬਕਾਲਾ ਸਾਹਿਬ ਦੇ ਨਾਇਬ ਤਹਸੀਲਦਾਰ ਨੂੰ ਤਾਂ ਸਿੱਕਾ ਅਤੇ ਬਿਆਸ ਸਭ ਤਹਸੀਲਾਂ ਦਾ ਵਾਧੂ ਚਾਰਜ ਸੌਂਪ ਦਿੱਤਾ। ਜਿਸ ਤਹਿਤ ਅੱਜ ਬਾਬਾ ਬਕਾਲਾ ਸਾਹਿਬ ਤੋਂ ਨਾਇਬ ਤਹਿਸੀਲਦਾਰ ਅਮਿਤ ਕੁਮਾਰ ਵੱਲੋਂ ਸਬ ਤਹਿਸੀਲ ਤਰਸਿੱਕਾ ਦਾ ਵਾਧੂ ਚਾਰਜ ਸੰਭਾਲਿਆ ਗਿਆ। ਇਸ ਮੌਕੇ ਉਹਨਾਂ ਨਾਲ ਰਜਿਸਟਰੀ ਕਲਰਕ ਧਿਆਨ ਚੰਦ , ਮੈਡਮ ਰੁਪਿੰਦਰ ਕੌਰ, ਸਕੱਤਰ ਸਿੰਘ, ਫੂਲ ਰਾਜ ਆਦਿ ਵੀ ਹਾਜਰ ਸਨ।

## ਪਾਕਿਸਤਾਨ ਤੋਂ ਕਾਰ ਸੇਵਾ ਬੰਦ ਕਰਕੇ ਅਟਾਰੀ ਵਿਖੇ ਪਹੁੰਚੇ ਬਾਬਾ ਮਹਿਲ ਸਿੰਘ ਕਾਰ ਸੇਵਾ

ਅੰਮ੍ਰਿਤਸਰ, 25 ਅਪ੍ਰੈਲ, (ਬਬਲੂ ਮਹਾਜਨ) : ਭਾਰਤ ਤੇ ਪਾਕਿਸਤਾਨ ਵਿਚਕਾਰ ਵਧਦੇ ਤਣਾਅ ਦਾ ਅਸਰ ਹੁਣ ਧਾਰਮਿਕ ਗਤੀਵਿਧੀਆਂ ਤੇ ਵੀ ਦਿਖਾਈ ਦੇ ਰਿਹਾ ਹੈ। ਪਾਕਿਸਤਾਨ ਦੇ ਇਤਿਹਾਸਕ ਗੁਰਦੁਆਰੇ ਨਨਕਾਣਾ ਸਾਹਿਬ, ਬਾਲ ਲੀਲਾ ਸਾਹਿਬ, ਗੁਰਦੁਆਰਾ ਤੰਬੂ ਸਾਹਿਬ ਆਦਿ ਅਸਥਾਨਾਂ ਤੇ ਚੱਲ ਰਹੀ ਕਾਰ ਸੇਵਾ ਨੂੰ ਫਿਲਹਾਲ ਰੋਕ ਦਿੱਤਾ ਗਿਆ ਹੈ। ਇਹ ਫੈਸਲਾ ਬਾਬਾ ਲੱਖਾ ਸਿੰਘ ਗੁਰੂ ਕੇ ਬਾਗ ਕਾਰ ਸੇਵਾ ਸੰਪਰਦਾ ਦੇ ਬਾਬਾ ਮਹਿਲ ਸਿੰਘ ਦੇ ਭਾਰਤ ਵਾਪਸ ਆਉਂਣ ਤੋਂ ਬਾਅਦ ਲਿਆ ਗਿਆ ਹੈ। ਬਾਬਾ ਮਹਿਲ ਸਿੰਘ ਕਾਰ ਸੇਵਾ ਲਈ ਪਾਕਿਸਤਾਨ ਗਏ ਸਨ, ਪਰ ਪਹਿਲਗਾਮ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਸਰਕਾਰ ਵੱਲੋਂ ਲਏ ਗਏ ਸਖ਼ਤ ਫੈਂਸਲਿਆਂ ਕਾਰਨ ਉਨ੍ਹਾਂ ਨੂੰ ਆਪਣੀ ਸੇਵਾ ਅਧੂਰੀ ਛੱਡਣੀ ਪਈ। ਬਾਬਾ ਮਹਿਲ ਸਿੰਘ ਸ਼ੁੱਕਰਵਾਰ ਨੂੰ ਅਟਾਰੀ ਸਰਹੱਦ ਰਾਹੀਂ ਭਾਰਤ ਵਾਪਸ ਪਰਤੇ। ਅਟਾਰੀ ਪਹੁੰਚਣ ਤੇ ਮੀਡੀਆ ਨਾਲ ਗੱਲਬਾਤ ਕਰਦੇ ਉਨ੍ਹਾਂ ਕਿਹਾ ਕਿ ਪਹਿਲਗਾਮ ਵਿਚ ਜੋ ਵੀ ਹੋਇਆ ਉਹ ਬਹੁਤ ਹੀ ਨਿੰਦਣਯੋਗ ਹੈ। ਅਜਿਹੇ ਮਾਹੌਲ ਵਿਚ ਪਾਕਿਸਤਾਨ ਵਿਚ ਸੇਵਾ ਜਾਰੀ ਰੱਖਣਾ ਮੁਸ਼ਕਲ ਸੀ। ਉਨ੍ਹਾਂ ਕਿਹਾ ਕਿ ਸਥਿਤੀ ਨੂੰ ਦੇਖਦੇ ਹੋਏ, ਉਨ੍ਹਾਂ ਨੇ ਭਾਰਤ ਸਰਕਾਰ ਦੇ ਐਲਾਨ ਦਾ ਸਤਿਕਾਰ ਕਰਦੇ ਹੋਏ ਵਾਪਸ ਆਉਂਣ ਦਾ ਫੈਂਸਲਾ ਕੀਤਾ ਹੈ। ਇਸ ਘਟਨਾ ਨਾਲ ਨਾ ਸਿਰਫ ਦੋਵਾਂ ਦੇਸ਼ਾਂ ਦੇ ਧਾਰਮਿਕ ਸ਼ਰਧਾਲੂ ਪ੍ਰਭਾਵਿਤ ਹੋਏ ਹਨ, ਸਗੋਂ ਇਤਿਹਾਸਕ ਗੁਰਦੁਆਰਿਆਂ ਵਿਚ ਚੱਲ ਰਹੀਆਂ ਸੇਵਾਵਾਂ ਨੂੰ ਵੀ ਵੱਡਾ ਨੁਕਸਾਨ ਹੋਵੇਗਾ ਹੈ। ਸ਼ਰਧਾਲੂਆਂ ਵਿਚ ਨਿਰਾਸ਼ਾ ਦਾ ਮਾਹੌਲ ਹੈ, ਕਿਉਂਕਿ ਇਹ ਸੇਵਾ ਕਈ ਸਾਲਾਂ ਬਾਅਦ ਸ਼ੁਰੂ ਹੋਈ ਸੀ ਅਤੇ ਦੋਵਾਂ ਦੇਸ਼ਾਂ ਵਿਚ ਇਸ ਨੂੰ ਲੈ ਕੇ ਬਹੁਤ ਉਤਸ਼ਾਹ ਸੀ। ਪਾਕਿਸਤਾਨ ਵਿਚ ਗੁਰਦੁਆਰਿਆਂ ਦੀ ਦੇਖਭਾਲ ਅਤੇ ਸੇਵਾ ਨਾਲ ਜੁੜੀਆਂ ਸੰਸਥਾਵਾਂ ਨੂੰ ਉਮੀਦ ਹੈ ਕਿ ਸਥਿਤੀ ਜਲਦੀ ਹੀ ਸੁਧਰੇਗੀ ਅਤੇ ਕਾਰ ਸੇਵਾ ਦੁਬਾਰਾ ਸ਼ੁਰੂ ਕੀਤੀ ਜਾਵੇਗੀ। ਇਸ ਦੇ ਨਾਲ ਹੀ ਇੱਕ ਵਾਰ ਫਿਰ ਸਰਹੱਦ ਪਾਰ ਧਾਰਮਿਕ ਅਤੇ ਸੱਭਿਆਚਾਰਕ ਆਦਾਨ-ਪ੍ਰਦਾਨ ਬਾਰੇ ਸਵਾਲ ਖੜ੍ਹੇ ਹੋਏ ਹਨ। ਇਸ ਸਥਿਤੀ ਬਾਰੇ ਭਾਰਤ ਅਤੇ ਪਾਕਿਸਤਾਨੀ ਸਰਕਾਰਾਂ ਵਿਚਕਾਰ ਕੋਈ ਅਧਿਕਾਰਤ ਸੰਚਾਰ ਨਹੀਂ ਹੋਇਆ ਹੈ, ਪਰ ਧਾਰਮਿਕ ਸੰਗਠਨਾਂ ਨੇ ਅਪੀਲ ਕੀਤੀ ਹੈ ਕਿ ਘੱਟੋ ਘੱਟ ਧਾਰਮਿਕ ਸਥਾਨਾਂ ਨਾਲ ਸਬੰਧਤ ਗਤੀਵਿਧੀਆਂ ਨੂੰ ਰਾਜਨੀਤੀ ਤੋਂ ਵੱਖ ਰੱਖਿਆ ਜਾਣਾ ਚਾਹੀਦਾ ਹੈ।




## ਵਿਵਾਦਾ 'ਚ ਘਿਰੀ ਬੀਬੀ ਪ੍ਰਭਲੀਨ ਕੌਰ ਨੇ ਜਥੇਦਾਰ ਨਾਲ ਕੀਤੀ ਮੁਲਾਕਾਤ

ਅੰਮ੍ਰਿਤਸਰ, 25 ਅਪ੍ਰੈਲ, (ਬਬਲੂ ਮਹਾਜਨ) : ਵਿਵਾਦਾ ਵਿਚ ਘਿਰੀ ਬੀਬੀ ਪ੍ਰਭਲੀਨ ਕੌਰ ਨੇ ਸਕੱਤਰੇਤ ਵਿਖੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨਾਲ ਮੁਲਾਕਾਤ ਕੀਤੀ। ਕੀਰਤਨ ਕਰਨ ਸਮੇਂ ਸਟੇਜ ਤੋਂ ਦਿੱਤੇ ਗਏ ਗਲਤ ਬਿਆਨ ਨੂੰ ਲੈ ਕੇ ਵਿਵਾਦ ਵਿਚ ਬੀਬੀ ਪ੍ਰਭਲੀਨ ਕੌਰ ਘਿਰ ਗਈ ਸੀ। ਜਥੇਦਾਰ ਨਾਲ ਮੁਲਾਕਾਤ ਤੋਂ ਬਾਅਦ ਉਨ੍ਹਾਂ ਕਿਹਾ ਕਿ ਸਿੰਘ ਸਾਹਿਬ ਨੇ ਉਨ੍ਹਾਂ ਦਾ ਆਤਮਵਿਸ਼ਵਾਸ ਵਧਾਇਆ ਹੈ ਅਤੇ ਉਨ੍ਹਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਕਿਸੇ ਵੀ ਵਿਵਾਦ ਦੇ ਬਾਵਜੂਦ ਕੀਰਤਨ ਕਰਨ ਤੋਂ ਪਿੱਛੇ ਨਾ ਹਟੇ। ਜਥੇਦਾਰ ਨੇ ਉਨ੍ਹਾਂ ਨੂੰ ਸਟੇਜ ਤੋਂ ਕੋਈ ਵੀ ਗਲਤ ਬਿਆਨ ਦੇਣ ਤੋਂ ਗੁਰੇਜ਼ ਕਰਨ ਦੀ ਹਦਾਇਤ ਵੀ ਕੀਤੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਦਿੱਲੀ ਕਮੇਟੀ ਨੇ ਉਨ੍ਹਾਂ ਦਾ ਸਮਰਥਨ ਨਹੀਂ ਕੀਤਾ, ਪਰ ਹੁਣ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਨੇ ਸਾਰੇ ਵਿਵਾਦ ਦੇ ਬਾਵਜੂਦ ਉਨ੍ਹਾਂ ਦਾ ਸਮਰਥਨ ਕੀਤਾ ਹੈ, ਜਿਸ ਲਈ ਹੌਂਸਲਾ ਵਧਿਆ ਹੈ।




## ਸਿੱਖਿਆ ਕ੍ਰਾਂਤੀ ਨਾਲ ਸਰਕਾਰੀ ਸਕੂਲਾਂ ਚ ਸਿੱਖਿਆ ਪ੍ਰਬੰਧ ਅਤੇ ਬੁਨਿਆਦੀ ਸਹੂਲਤਾਂ 'ਚ ਸੁਧਾਰ ਹੋਇਆ : ਜੀਵਨਜੋਤ

ਅੰਮ੍ਰਿਤਸਰ, 25 ਅਪ੍ਰੈਲ, (ਬਬਲੂ ਮਹਾਜਨ) : ਸਿੱਖਿਆ ਕ੍ਰਾਂਤੀ ਨਾਲ ਸੂਬੇ ਦੇ ਸਰਕਾਰੀ ਸਕੂਲਾਂ ਚ ਸਿੱਖਿਆ ਪ੍ਰਬੰਧ ਅਤੇ ਬੁਨਿਆਦੀ ਸਹੂਲਤਾਂ 'ਚ ਸੁਧਾਰ ਹੋਇਆ ਹੈ। ਪੰਜਾਬ ਸਰਕਾਰ ਨੇ ਸੂਬੇ ਦੇ ਇਤਿਹਾਸ ਵਿਚ ਪਹਿਲੀ ਵਾਰ ਸਿੱਖਿਆ ਦੇ ਖੇਤਰ ਵਿਚ 12 ਫੀਸਦੀ ਬਜਟ ਦਾ ਵਾਧਾ ਕਰ ਕੇ ਅਤੇ ਸਕੂਲਾਂ ਵਿਚ ਸਿੱਖਿਆ ਕ੍ਰਾਂਤੀ ਤਹਿਤ ਨਵੇ ਬਦਲਾਅ ਲਿਆ ਕੇ ਆਧੁਨਿਕ ਕਲਾਸ ਰੂਮ ਬਣਾ ਕੇ ਨਵਾਂ ਇਤਿਹਾਸ ਸਿਰਜਿਆ ਹੈ।ਇਹਨਾਂ ਗੱਲਾਂ ਦਾ ਪ੍ਰਗਟਾਵਾ ਹਲਕਾ ਪੂਰਬੀ ਤੋ ਵਿਧਾਇਕਾ ਸ਼੍ਰੀਮਤੀ ਜੀਵਨਜੋਤ ਕੌਰ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹਲਕੇ ਦੇ 2 ਸਰਕਾਰੀ ਸਕੂਲਾਂ ਵਿਖ਼ੇ ਵਿਕਾਸ ਕਾਰਜਾਂ ਦੇ ਉਦਘਾਟਨੀ ਸਮਾਗਮਾਂ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵੇਰਕਾ ਅਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰਾਮ ਬਾਗ ਵਿਖੇ 14 ਲੱਖ 50 ਹ੍ਜਾਰ ਰੁਪਏ ਨਾਲ ਸਕੂਲਾਂ ਦੀ ਬਿਲਡਿੰਗਾਂ ਦੀ ਰਿਪੇਅਰ ਕੀਤੀ ਗਈ ਹੈ,ਜਿਸ ਨਾਲ ਸਕੂਲਾਂ ਦੀ ਦਿੱਖ ਵਿਚ ਕਾਫੀ ਸੁਧਾਰ ਹੋਇਆ ਹੈ।

ਵਿਧਾਇਕਾ ਨੇ ਕਿਹਾ ਕਿ ਸਰਕਾਰ ਦੇ ਇਸ ਫੈਸਲੇ ਨਾਲ ਸਰਕਾਰੀ ਸਕੂਲਾਂ ਵਿਚ ਚਹਿਲ ਪਹਿਲ ਪਰਤ ਆਈ ਹੈ। ਉਹਨਾਂ ਕਿਹਾ ਕਿ ਅਧਿਆਪਕਾਂ ਦੀ ਘਾਟ ਪੂਰੀ ਕਰਨ ਲਈ ਕਰੀਬ 20 ਹਜ਼ਾਰ ਅਧਿਆਪਕਾਂ ਦੀ ਭਰਤੀ ਕੀਤੀ ਗਈ ਹੈ ਤੇ ਸਕੂਲ ਆਫ ਐਮੀਨੈਂਸ ਦੇ ਵਿਦਿਆਰਥੀਆਂ ਨੂੰ ਆਈਏਐਸ,ਆਈਪੀਐਸ,ਪੀਸੀਐਸ ਤੇ ਆਈਆਈਟੀ ਆਦਿ ਉੱਚ ਵਿਸ਼ਿਆਂ ਸਬੰਧੀ ਸਿੱਖਿਆ ਪ੍ਰਦਾਨ ਕਰ ਕੇ ਉਨ੍ਹਾਂ ਦਾ ਭਵਿੱਖ ਉਜਵਲ ਬਣਾਇਆ ਜਾ ਰਿਹਾ ਹੈ।






# ਲਹਿਰਾਗਾਗਾ ਵਿਖੇ ਭਾਜਪਾ ਆਗੂਆਂ ਤੇ ਸਮਾਜ ਸੇਵੀ ਜਥੇਬੰਦੀਆਂ ਨੇ ਰੋਸ ਮਾਰਚ ਕੱਢਿਆ



ਲਹਿਰਾਗਾਗਾ 25 ਅਪਰੈਲ (ਗੁਰਦੀਪ ਸਿੰਘ) ਪਿਛਲੇ ਦਿਨੀ ਪਹਿਲਗਾਮ ਵਿਖੇ ਇੱਕ ਫਿਰਕੇ ਨਾਲ ਸਬੰਧਤ ਵਿਆਕਤੀਆਂ ਦੇ ਕਤਲੇਆਮ ਦੇ ਵਿਰੋਧ ਵਿੱਚ ਅੱਜ ਲਹਿਰਾਗਾਗਾ ਵਿਖੇ ਭਾਜਪਾ ਆਗੂਆਂ ਸਮੇਤ ਸਮਾਜ ਸੇਵੀ ਜਥੇਬੰਦੀਆਂ ਅਤੇ ਦੁਕਾਨਦਾਰਾਂ ਨੇ ਰੋਸ ਮਾਰਚ ਕੱਢਿਆ,ਇਸ ਸਮੇਂ ਮਾਰਚ ਵਿੱਚ ਸ਼ਾਮਲ ਲੋਕਾਂ ਵਲੋਂ ਪਾਕਿਸਤਾਨ ਵਿਰੁੱਧ ਰੋਹ ਭਰਪੂਰ ਨਾਅਰੇਬਾਜ਼ੀ ਕੀਤੀ ਗਈ।ਇੱਥੇ ਇਹ ਦੱਸਣਯੋਗ ਹੈ ਕਿ ਲੋਕਾਂ ਦਾ ਗੁੱਸਾ ਪੂਰੇ ਅਸਮਾਨ ਤੇ ਚੜਿਆ ਹੋਇਆ ਸੀ, ਭਾਜਪਾ ਦੇ ਸੂਬਾ ਕਮੇਟੀ ਮੈਂਬਰ ਅਤੇ ਲਹਿਰਾ ਵਿਧਾਨ ਸਭਾ ਹਲਕਾ ਦੇ ਇੰਚਾਰਜ ਵਿਨੋਦ ਸਿੰਗਲਾ ਨੇ ਸੰਬੋਧਨ ਕਰਦਿਆਂ ਕਿਹਾ, ਕਿ ਕਤਲਿਆਮ ਕਰਨ ਵਾਲੇ ਲੋਕ ਖਾਂਦੇ ਦੇਸ਼ ਦਾ ਹਨ ਅਤੇ ਦੇਸ਼ ਵਿਰੋਧੀ ਕਾਰਵਾਈਆਂ ਵਿੱਚ ਜੁਟੇ ਹੋਏ ਹਨ ,ਜੋ ਅਤਿ ਨਿੰਦਣਯੋਗ ਵਰਤਾਰਾ ਹੈ। ਇਸ ਸਮੇਂ ਹਾਜ਼ਰ ਆਗੂਆਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ,ਅਮਿਤ ਸ਼ਾਹ ਅਤੇ ਰਾਜਨਾਥ ਸਿੰਘ ਤੇ ਵਿਸਵਾਸ਼ ਪਰਗਟ ਕਰਦਿਆਂ ਕਿਹਾ ਕਿ ਉਹ ਇਸ ਘਿਨੌਣੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੇਸ਼ ਦੇ ਦੁਸ਼ਮਣਾਂ ਨੂੰ ਆੜੇ ਹੱਥੀ ਲੈਣਗੇ। ਉਨ੍ਹਾਂ ਉਪਰੋਕਤ ਤਿੰਨੇ ਭਾਜਪਾ ਦੇ ਉੱਚ ਚੋਟੀ ਆਗੂਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਸ ਘਨਾਉਣੀ ਕਾਰਵਾਈ ਨੂੰ ਅੰਜਾਮ ਦੇਣ ਵਾਲੇ ਦੇਸ਼ ਵਿਰੋਧੀ ਅਨਸਰਾਂ ਨਾਲ ਸਖਤੀ ਨਾਲ ਨਜਿੱਠਿਆ ਜਾਵੇ ਅਤੇ ਦੋਸ਼ੀਆਂ ਨੂੰ ਸਖਤ ਸਜਾਵਾਂ ਦਿੱਤੀਆਂ ਜਾਣ, ਤਾਂ ਜੋ ਅੱਗੇ ਤੋਂ ਕੋਈ ਵੀ ਦੇਸ਼ ਵਿਰੋਧੀ ਅਨਸਰ ਅਜਿਹੀ ਕਾਰਵਾਈ ਕਰਨ ਦੀ ਜੁਰਅਤ ਨਾਂ ਕਰ ਸਕੇ। ਇਸ ਸਮੇਂ ਸਤਪਾਲ ਸਿੰਗਲਾ, ਕੇਵਲ ਸਿੰਗਲਾ, ਮਨੋਹਰ ਲਾਲ ਮਨੋਹਰੀ ਨੇ ਦੇਸ਼ ਵਾਸੀਆਂ ਨੂੰ ਆਪਸੀ ਏਕਤਾ ਤੇ ਭਾਈਚਾਰਾ ਬਣਾਈ ਰੱਖਣ ਦੀ ਅਪੀਲ ਵੀ ਕੀਤੀ। ਇਸ ਸਮੇਂ ਰੋਸ ਮਾਰਚ ਵਿੱਚ ਸੋਹਨ ਲਾਲ ਸਿੰਗਲਾ, ਸਮਾਜ ਸੇਵੀ ਜਸ ਪੇਂਟਰ, ਸੰਜੀਵ ਕੁਮਾਰ ਰੋਡਾ, ਮੁਕੇਸ਼ ਗੁਰਨੇ, ਭਾਜਪਾ ਆਗੂ ਅਸ਼ਵਨੀ ਸਿੰਗਲਾ,ਵਿੱਕੀ ਸਿੰਗਲਾ,ਗੁਰਵਿੰਦਰ ਸਿੰਗਲਾ, ਵਿਸ਼ਾਲ ਕੁਮਾਰ, ਤਰਸੇਮ ਸਿੰਘ ਸਿੰਗਲਾ ਖੱਦਰ ਭੰਡਾਰ ਵਾਲੇ ,ਰਕੇਸ਼ ਸਿੰਗਲਾ, ਸੁਦਰਸ਼ਨ ਮਾਸਟਰ, ਸਨਾਤਨ ਮੰਦਰ ਦੇ ਪ੍ਰਧਾਨ ਜੀਵਨ ਮਿੱਤਲ, ਕਾਰਤਿਕ ਸ਼ਰਮਾ, ਸਤੀਸ਼ ਕੁਮਾਰ ਡੈਅਰੀ ਵਾਲੇ, ਸੰਦੀਪ ਦੀਪੂ ਸਮੇਤ ਹੋਰ ਵੀ ਬਹੁਤ ਸਾਰੇ ਆਗੂ ਸ਼ਾਮਿਲ ਸਨ।

# ਪਹਿਲਗਾਮ ਹਮਲੇ ਦੇ ਦੋਸ਼ੀਆਂ ਨੂੰ ਹੋਣ ਸਖ਼ਤ ਸਜ਼ਾਵਾਂ : ਹੀਰਾ ਰਾੜੀਆਂ



ਭਿੱਖੀਵਿੰਡ 25 ਅਪ੍ਰੈਲ ( ਸਵਿੰਦਰ ਬਲੇਹਰ ) ਕਾਂਗਰਸ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਹੀਰਾ ਰਾੜੀਆ ਪੱਟੀ ਨੇ ਬੀਤੇ ਦਿਨ ਪਹਿਲਗਾਮ ਵਿਖੇ ਸੈਲਾਨੀਆਂ ਤੇ ਕੀਤੇ ਗਏ ਅੱਤਵਾਦੀ ਹਮਲੇ ਦੇ ਮ੍ਰਿਤਕਾਂ ਨੂੰ ਸ਼ਰਧਾਂਜ਼ਲੀ ਭੇਂਟ ਕਰਦੇ ਹੋਏ ਅੱਤਵਾਦੀਆਂ ਦੀ ਇਸ ਘਿਨੌਣੀ ਕਾਰਵਾਈ ਦੀ ਨਿੰਦਾ ਕੀਤੀ ਅਤੇ ਸਰਕਾਰ ਨੂੰ ਅੱਤਵਾਦ ਖਿਲਾਫ ਸਖਤ ਹੋਣ ਦੀ ਗੱਲ ਵੀ ਆਖੀ।ਉਹਨਾਂ ਕਿਹਾ ਕਿ ਪਹਿਲਗਾਮ ਹਮਲਾ ਦੇਸ਼ ਦੀ ਅਖੰਡਤਾ ਤੇ ਸਿੱਧਾ ਹਮਲਾ ਹੈ ਅਤੇ ਪਹਿਲਗਾਮ ਵਿਖੇ ਗਏ ਸੈਲਾਨੀਆਂ ਨੂੰ ਅੱਤਵਾਦੀਆਂ ਵੱਲੋਂ ਨਿਸ਼ਾਨਾ ਬਣਾਉਣਾ ਮੁਆਫੀ ਯੋਗ ਨਹੀਂ ਹੈ ਅਤੇ ਨਿਹੱਥੇ ਤੇ ਨਿਰਦੋਸ਼ ਨਾਗਰਿਕਾਂ ਨੂੰ ਨਿਸ਼ਾਨਾ ਬਣਾਉਣਾ ਮਨੁੱਖਤਾ ਵਿਰੁੱਧ ਅਪਰਾਧ ਹੈ। ਇਸ ਘਟਨਾ ਨਾਲ ਦੇਸ਼ ਵਾਸੀਆਂ ਦੇ ਹਿਰਦੇ ਵਲੂੰਧਰੇ ਗਏ ਹਨ। ਰਾੜੀਆ ਨੇ ਕਿਹਾ ਕਿ ਸਰਕਾਰ ਨੂੰ ਇਸ ਘਟਨਾ ਲਈ ਜਿੰਮੇਵਾਰ ਦੋਸ਼ੀਆਂ ਨੂੰ ਤੁਰੰਤ ਫੜ ਕੇ ਸਖਤ ਸਜ਼ਾਵਾਂ ਦਿੱਤੀਆਂ ਜਾਣੀਆਂ ਚਾਹੀਦੀਆਂ ਹਨ। ਉਹਨਾਂ ਕਿਹਾ ਕਿ ਦੇਸ਼ ਵਿਰੋਧੀ ਤਾਕਤਾਂ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦੇ ਕੇ ਦਹਿਸ਼ਤ ਪਾਉਣਾ ਚਾਹੁੰਦੀਆਂ ਹਨ ਪਰ ਇਸ ਦੁੱਖ ਦੀ ਘੜੀ ਵਿੱਚ ਪੂਰਾ ਦੇਸ਼ ਇੱਕਜੁੱਟ ਹੈ। ਇਸ ਮੌਕੇ ਉਨ੍ਹਾਂ ਨਾਲ ਹੋਰ ਵੀ ਸੀਨੀਅਰ ਕਾਂਗਰਸੀ ਆਗੂ ਹਾਜ਼ਰ ਸਨ।

# ਭਾਜਪਾ ਆਗੂਆਂ ਵੱਲੋਂ ਕੈਂਡਲ ਮਾਰਚ ਕੱਢ ਕੇ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ




ਸੁਨਾਮ 25 ਅਪ੍ਰੈਲ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ)ਭਾਜਪਾ ਦੀ ਸੂਬਾ ਸਕੱਤਰ ਮੈਡਮ ਦਾਮਨ ਥਿੰਦ ਬਾਜਵਾ ਦੀ ਅਗਵਾਈ ਹੇਠ ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਸੈਲਾਨੀਆਂ 'ਤੇ ਹੋਏ ਅੱਤਵਾਦੀ ਹਮਲੇ ਤੇ ਰੋਸ ਪ੍ਰਦਰਸ਼ਨ ਕਰਦੇ ਹੋਏ ਵਿਛੜੀਆਂ ਰੂਹਾਂ ਲਈ ਦੁੱਖ ਅਤੇ ਸ਼ਰਧਾਂਜਲੀ ਦੇਣ ਲਈ ਸੁਨਾਮ ਊਧਮ ਸਿੰਘ ਵਾਲਾ ਦੇ ਮੇਨ ਬਾਜ਼ਾਰ ਵਿੱਚ ਕੈਂਡਲ ਮਾਰਚ ਕੱਢਿਆ ਗਿਆ, ਇਸ ਕੈਂਡਲ ਮਾਰਚ ਵਿੱਚ ਵੱਡੀ ਗਿਣਤੀ ਨਾਲ ਭਾਜਪਾ ਦੇ ਵਰਕਰਾਂ ਅਤੇ ਸੁਨਾਮ ਵਾਸੀਆਂ ਨੇ ਹਿੱਸਾ ਲਿਆ। ਇਸ ਮੌਕੇ ਮੈਡਮ ਦਾਮਨ ਬਾਜਵਾ ਨੇ ਕਿਹਾ ਕਿ ਅੱਜ ਹਰ ਭਾਰਤ ਵਾਸੀ ਇਸ ਘਿਨਾਉਣੇ ਘਟੀਆ ਹਮਲੇ ਦੀ ਨਿੰਦਾ ਕਰ ਰਿਹਾ ਹੈ ਅਤੇ ਇਸ ਅੱਤਵਾਦੀ ਹਮਲੇ ਦੇ ਖਿਲਾਫ ਭਾਰਤ ਇਕਜੁੱਟ ਖੜ੍ਹਾ ਹੈ। ਉਨ੍ਹਾਂ ਕਿਹਾ ਕਿ ਇਹ ਜੋ ਅੱਤਵਾਦੀ ਹਮਲਾ ਹੋਇਆ ਹੈ ਜਿੱਥੇ ਇਨਸਾਨੀਅਤ ਨੂੰ ਸ਼ਰਮਸਾਰ ਕਰਦਾ ਹੈ ਉੱਥੇ ਹੀ ਇਹਨਾਂ ਅੱਤਵਾਦੀਆਂ ਅਤੇ ਇਹਨਾਂ ਨੂੰ ਚਲਾਉਣ ਵਾਲੇ ਸਾਡੇ ਪੜੋਸੀ ਦੇਸ਼ ਦੀ ਘਟੀਆ ਮਾਨਸਿਕਤਾ ਨੂੰ ਦਰਸਾਉਂਦਾ ਹੈ। ਮੈਡਮ ਦਾਮਨ ਬਾਜਵਾ ਨੇ ਕਿਹਾ ਕਿ ਸਾਨੂੰ ਪੂਰਨ ਯਕੀਨ ਹੈ ਜਿੱਥੇ ਕਿ ਭਾਰਤ ਸਰਕਾਰ ਅਤੇ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀ ਲੀਡਰਸ਼ਿਪ ਦੁਆਰਾ ਇਹਨਾਂ ਅੱਤਵਾਦੀਆਂ ਨੂੰ ਜਲਦ ਤੋਂ ਜਲਦ ਅਤੇ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇਗੀ, ਉੱਥੇ ਹੀ ਪਾਕਿਸਤਾਨ ਨੂੰ ਵੀ ਇਸ ਘਟੀਆ ਹਮਲੇ ਦਾ ਮੂੰਹ ਤੋੜ ਜਵਾਬ ਭਾਰਤ ਵੱਲੋਂ ਦਿੱਤਾ ਜਾਵੇਗਾ ਇਹੋ ਜੇ ਹਮਲੇ ਭਾਰਤ ਨੂੰ ਕਮਜ਼ੋਰ ਨਹੀਂ ਕਰ ਸਕਦੇ, ਇਹੋ ਜਿਹੇ ਹਮਲਿਆਂ ਦਾ ਜੁਆਬ ਭਾਰਤ ਜਰੂਰ ਦੇਵੇਗਾ। ਇਸ ਮੌਕੇ ਹਰਮਨਦੇਵ ਬਾਜਵਾ, ਰਿਸ਼ੀਪਾਲ ਖੇਰਾ, ਸੰਜੇ ਗੋਇਲ, ਰੇਵਾ ਛਾਹੜੀਆ, ਸੀਮਾ ਮਹਿਲਾ ਮੋਰਚਾ, ਰਾਜੀਵ ਮੱਖਣ, ਦਰਸਨ ਸਿੰਘ ਨਮੋਲ, ਸਤਵੀਰ ਸਿੰਘ ਬਿਗੜਵਾਲ, ਅਸ਼ੋਕ ਗੋਇਲ ਗੋਇਲ, ਅਸ਼ਵਨੀ, ਸ਼ੰਕਰ ਬਾਂਸਲ, ਰਜਿੱਤ, ਬਿੱਟੂ, ਅੰਕਿਤ ਕਾਂਸਲ, ਬਚਿੱਤਰ ਚੱਠਾ

# ਚੇਅਰਮੈਨ ਰਤਨਹੇੜੀ ਨੂੰ ਸਰਪੰਚਾਂ ਅਤੇ ਦੁਕਾਨਦਾਰਾਂ ਵੱਲੋਂ ਕੀਤਾ ਗਿਆ ਸਨਮਾਨਿਤ



ਖੰਨਾਂ, 25 ਅਪ੍ਰੈਲ ( ਅਰਵਿੰਦਰ ਸਿੰਘ ਸਵੈਚ ) ਅੱਜ ਮਾਰਕੀਟ ਕਮੇਟੀ ਖੰਨਾਂ ਦੇ ਚੇਅਰਮੈਨ ਸਰਦਾਰ ਜਗਤਾਰ ਸਿੰਘ ਰਤਨ ਹੇੜੀ ਨੂੰ ਕਸਬਾ ਬੀਜਾ ਵਿੱਚ ਇਲਾਕੇ ਦੇ ਸਰਪੰਚ ਸਾਹਿਬਾਨ ਅਤੇ ਦੁਕਾਨਦਾਰਾਂ ਵੱਲੋਂ ਸਨਮਾਨਿਤ ਕੀਤਾ ਗਿਆ੍ਹ ਉਨਾਂ ਦਾ ਇਹ ਸਨਮਾਨ ਚੇਅਰਮੈਨ ਦਾ ਅਹੁਦਾ ਸੰਭਾਲਣ ਤੋਂ ਬਾਅਦ ਪਹਿਲੀ ਵਾਰ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਕੋਟਾਂ ਵਿਖੇ ਨਤਮਸਤਕ ਹੋਣ ਤੋਂ ਬਾਅਦ ਕੀਤਾ ਗਿਆ੍ਹ ਇਕੱਤਰ ਹੋਏ ਲੋਕਾਂ ਨੇ ਸਰਦਾਰ ਜਗਤਾਰ ਸਿੰਘ ਰਤਨ ਹੇੜੀ ਦੇ ਚੇਅਰਮੈਨ ਬਣਨ ਤੇ ਖੁਸ਼ੀ ਦਾ ਇਜ਼ਹਾਰ ਕੀਤਾ੍ਹ ਉਹਨਾਂ ਆਸ ਪ੍ਰਗਟ ਕੀਤੀ ਕਿ ਚੇਅਰਮੈਨ ਜਗਤਾਰ ਸਿੰਘ ਰਤਨ ਹੇੜੀ ਪਿੰਡਾਂ ਵਿੱਚ ਰਹਿਣ ਵਾਲੇ ਕਿਸਾਨਾਂ ਅਤੇ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ੍ਹ ਉਹ ਉਹਨਾਂ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਪਹਿਲ ਦੇ ਆਧਾਰ ਤੇ ਹੱਲ ਕਰਨਗੇ੍ਹ ਇਸ ਮੌਕੇ ਚੇਅਰਮੈਨ ਜਗਤਾਰ ਸਿੰਘ ਰਤਨ ਹੇੜੀ ਨੇ ਕਿਹਾ ਕਿ ਉਹਨਾਂ ਨੂੰ ਕੋਈ ਵੀ ਵਿਅਕਤੀ ਮਿਲ ਸਕਦਾ ਹੈ ਅਤੇ ਉਹ ਲੋਕਾਂ ਦੀ ਮਦਦ ਕਰਨ ਲਈ ਹਰ ਸਮੇਂ ਤਿਆਰ ਰਹਿਣਗੇ੍ਹ ਇਸ ਮੌਕੇ ਸਰਪੰਚ ਸੁਰਜੀਤ ਸਿੰਘ ਮਹਿੰਦੀ, ਰਿੰਕੂ ਸਰਪੰਚ ਬੀਜਾ,ਕਰਮਜੀਤ ਸਿੰਘ ਮੰਡਿਆਲਾ, ਮਾਸਟਰ ਅਵਤਾਰ ਸਿੰਘ ਦਹਿੜੂ, ਭੁਪਿੰਦਰ ਸਿੰਘ ਸਰਾਂ, ਮਨਦੀਪ ਸਿੰਘ ,ਸਰਪੰਚ ਅਮਰਜੀਤ ਸਿੰਘ ਰਤਨਹੇੜੀ, ਮਲਕੀਤ ਸਿੰਘ ਮੀਤਾ ਅਤੇ ਦੁਕਾਨਦਾਰ ਐਸੋਸੀਏਸ਼ਨ ਵੱਲੋਂ ਪਾਲ ਸਿੰਘ , ਰਵਿੰਦਰ ਸਿੰਘ ,ਜਸਵੰਤ ਸਿੰਘ, ਨਰਾਤਾ ਸਿੰਘ, ਜਸਪਾਲ ਸਿੰਘ, ਗਗਨ ਸਟੂਡੀਓ, ਬੱਗੂ ਬੀਜਾ ਆਦਿ ਹਾਜ਼ਰ ਸਨ੍ਹ

# ਸੌਂਦ ਦੀ ਹਾਜ਼ਰੀ ਵਿੱਚ ਚੇਅਰਮੈਨ ਚੱਠਾ ਨੇ ਅਹੁਦਾ ਸੰਭਾਲਿਆ



ਫਤਹਿਗੜ੍ਹ ਸਾਹਿਬ, 25 ਅਪ੍ਰੈਲ (ਨਰਿੰਦਰ ਸਿੰਘ) ਮਾਰਕੀਟ ਕਮੇਟੀ, ਮੰਡੀ ਗੋਬਿੰਦਗੜ੍ਹ ਦੇ ਪਹਿਲੇ ਚੇਅਰਮੈਨ ਵਜੋਂ ਜਗਦੀਪ ਸਿੰਘ ਚੱਠਾ ਵੱਲੋਂ ਆਪਣਾ ਅਹੁਦਾ ਸੰਭਾਲਣ ਮੌਕੇ ਕਰਵਾਏ ਸਮਾਗਮ ਮੌਕੇ ਮੁੱਖ ਮਹਿਮਾਨ ਵਜੋਂ ਪੁੱਜੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਚੇਅਰਮੈਨ ਚੱਠਾ ਨੂੰ ਆਪਣਾ ਅਹੁਦਾ ਸੰਭਾਲਣ 'ਤੇ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪਾਰਟੀ ਵੱਲੋਂ ਆਮ ਘਰਾਂ ਦੇ ਨੌਜਵਾਨਾਂ ਨੂੰ ਅਹਿਮ ਅਹੁਦੇ ਦੇ ਕੇ ਨਿਵਾਜਿਆ ਜਾ ਰਿਹਾ ਹੈ, ਜਿਸ ਨਾਲ ਨੌਜਵਾਨਾਂ ਨੂੰ ਰਾਜਨੀਤਿਕ ਖੇਤਰ ਵਿੱਚ ਅੱਗੇ ਆਉਣ ਦਾ ਮੌਕਾ ਮਿਲਿਆ ਹੈ।ਕੈਬਿਨਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀ ਤਰੱਕੀ ਲਈ ਦਿਨ ਰਾਤ ਇੱਕ ਕਰ ਕੇ ਕੰਮ ਕੀਤਾ ਜਾ ਰਿਹਾ ਹੈ, ਜਿਸ ਤਹਿਤ ਖੇਤੀ ਲਈ ਨਹਿਰੀ ਪਾਣੀ ਦੇਣ ਵੱਲ ਉਚੇਚਾ ਧਿਆਨ ਦਿੱਤਾ ਜਾ ਰਿਹਾ ਹੈ। ਸਰਕਾਰ ਵੱਲੋਂ ਨਹਿਰਾਂ, ਖਾਲਾਂ ਅਤੇ ਸੂਇਆਂ ਨੂੰ ਪੱਕਾ ਕਰ ਕੇ ਖੇਤਾਂ ਤੱਕ ਵੱਧ ਤੋਂ ਵੱਧ ਨਹਿਰੀ ਪਾਣੀ ਪੁੱਜਦਾ ਕੀਤਾ ਜਾ ਰਿਹਾ ਹੈ। ਇਸ ਨਾਲ ਧਰਤੀ ਹੇਠਲੇ ਪਾਣੀ ਦੀ ਬੱਚਤ ਹੋ ਰਹੀ ਹੈ।ਕੈਬਨਿਟ ਮੰਤਰੀ ਨੇ ਜੰਮੂ ਕਸ਼ਮੀਰ ਦੇ ਪਹਿਲਗਾਮ ਵਿਖੇ ਹੋਏ ਦਹਿਸ਼ਤੀ ਹਮਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਸ ਸਬੰਧੀ ਕੇਂਦਰ ਸਰਕਾਰ ਵੱਲੋਂ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ, ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਦਿਨ-ਰਾਤ ਇੱਕ ਕਰ ਕੇ ਨਸ਼ਿਆਂ ਖਿਲਾਫ ਕੰਮ ਕੀਤਾ ਹੈ, ਜਿਸ ਦੇ ਸਾਰਥਕ ਸਿੱਟੇ ਸਭ ਦੇ ਸਾਹਮਣੇ ਆਏ ਹਨ ।ਸ. ਸੌਂਦ ਨੇ ਕਿਹਾ ਕਿ ਅੱਜ ਜਦੋਂ ਸਰਕਾਰ ਦੇ ਨੁਮਾਇੰਦੇ ਸਿੱਖਿਆ ਕ੍ਰਾਂਤੀ ਤਹਿਤ ਸਕੂਲਾਂ ਦੇ ਪ੍ਰੋਜੈਕਟਾਂ ਦਾ ਉਦਘਾਟਨ ਕਰਦੇ ਹਨ ਤਾਂ ਵਿਰੋਧੀਆਂ ਵੱਲੋਂ ਆਲੋਚਨਾ ਕੀਤੀ ਜਾਂਦੀ ਹੈ। ਜਦ ਕਿ ਉਹਨਾਂ ਨੂੰ ਇਹ ਨਹੀਂ ਪਤਾ ਕਿ ਕਈ-ਕਈ ਸਾਲ ਤੱਕ ਸੱਤਾ ਦੇ ਵਿੱਚ ਰਹਿਣ ਦੇ ਬਾਵਜੂਦ, ਉਹ ਸਕੂਲਾਂ ਵਿੱਚ ਬੁਨਿਆਦੀ ਢਾਂਚਾ ਨਹੀਂ ਬਣਾ ਸਕੇ ਇਸ ਮੌਕੇ ਹਲਕਾ ਅਮਲੋਹ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਤੇ ਹਲਕਾ ਫਤਹਿਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਜਗਦੀਪ ਸਿੰਘ ਚੱਠਾ ਨੂੰ ਮੁਬਾਰਕਬਾਦ ਦਿੰਦੇ ਹੋਏ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਉਣ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਸ. ਚੱਠਾ ਨੂੰ ਇਸ ਕਮੇਟੀ ਦੇ ਪਲੇਠੇ ਚੇਅਰਮੈਨ ਦੀ ਜ਼ਿੰਮੇਵਾਰੀ ਮਿਲੀ ਹੈ। ਇਸ ਲਈ ਸ. ਚੱਠਾ ਨੂੰ ਇਸ ਗੱਲ ਦਾ ਖਿਆਲ ਰੱਖ ਕੇ ਵੀ ਕੰਮ ਕਰਨ ਦੀ ਲੋੜ ਹੈ ਕਿ ਜਿਸ ਕਿਸਮ ਦੀਆਂ ਪਿਰਤਾਂ ਉਹ ਪਾਉਣਗੇ, ਉਹ ਲੰਮੇ ਸਮੇਂ ਤਕ ਚੱਲਣਗੀਆਂ।ਚੇਅਰਮੈਨ ਜਗਦੀਪ ਸਿੰਘ ਚੱਠਾ ਵੱਲੋਂ ਆਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਨੂੰ ਜਿਹੜੀ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸ ਨੂੰ ਉਹ ਤਨਦੇਹੀ, ਮਿਹਨਤ ਤੇ ਇਮਾਨਦਾਰੀ ਨਾਲ ਨਿਭਾਉਣਗੇ।ਇਸ ਮੌਕੇ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਉਪਰੰਤ ਅਰਦਾਸ ਕੀਤੀ ਗਈ ਅਤੇ ਰਾਗੀ ਸਿੰਘਾਂ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ।ਇਸ ਮੌਕੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਅਜੈ ਸਿੰਘ ਲਿਬੜਾ, ਸਾਬਕਾ ਵਿਧਾਇਕ ਗੁਰਪ੍ਰੀਤ ਸਿੰਘ ਜੀ.ਪੀ., ਨਗਰ ਕੌਂਸਲ ਮੰਡੀ ਗੋਬਿੰਦਗੜ੍ਹ ਦੇ ਪ੍ਰਧਾਨ ਹਰਪ੍ਰੀਤ ਸਿੰਘ ਪ੍ਰਿੰਸ, ਮਾਰਕੀਟ ਕਮੇਟੀ ਅਮਲੋਹ ਦੀ ਚੇਅਰਮੈਨ ਸੁਖਵਿੰਦਰ ਕੌਰ ਗਹਿਲੋਤ ਸਮੇਤ ਵੱਡੀ ਗਿਣਤੀ ਵਿੱਚ ਇਲਾਕੇ ਦੇ ਪਤਵੰਤਿਆਂ ਵੱਲੋਂ ਸ਼ਿਰਕਤ ਕੀਤੀ ਗਈ।

# ਨਿਹੱਥੇ ਘਰ ਆਏ ਮਹਿਮਾਨਾਂ ਤੇ ਹਮਲਾ ਕਰਨਾ ਅਤਿ ਨਿੰਦਣਯੋਗ : ਸਲੂਜਾ



ਲੁਧਿਆਣਾ, 25ਅਪ੍ਰੈਲ (ਵਿਸ਼ਾਲ ਸ਼ਰਮਾਂ) ਨਿਹੱਥੇ ਘਰ ਆਏ ਮਹਿਮਾਨਾਂ ਤੇ ਹਮਲਾ ਕਰਕੇ ਗੋਲੀਆਂ ਮਾਰਦੇਣਾ ਇਕ ਅਤਿ ਨਿੰਦਣਯੋਗ ਭਰਪੂਰ ਕਾਰਵਾਈ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ਼ਹੀਦ ਕਰਤਾਰ ਸਿੰਘ ਸਰਾਭਾ ਮਾਰਕਿਟ ਐਸੋਸੀਏਸ਼ਨ ਗਿੱਲ ਰੋਡ ਵਲੋਂ ਇਕ ਹੰਗਾਮੀ ਮੀਟਿੰਗ ਦੌਰਾਨ ਐਸੋਸੀਏਸ਼ਨ ਦੇ ਪ੍ਰਧਾਨ ਸ ਜਤਿੰਦਰਪਾਲ ਸਿੰਘ ਸਲੂਜਾ ਨੇ ਕੀਤਾ,ਮੀਟਿੰਗ ਵਿੱਚ 2 ਮਿੰਟ ਦਾ ਮੌਨ ਵਰਤ ਰੱਖ ਕੇ ਵਿਛੜੀ ਰੂਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਸਲੂਜਾ ਨੇ ਕਿਹਾ ਭਾਰਤੀ ਸੱਭਿਅਤਾ ਮੁਤਾਬਿਕ ਅਪਣੇ ਘਰ ਆਏ ਕਿਸੇ ਦੁਸ਼ਮਣ ਤੇ ਵੀ ਵਾਰ ਨਹੀਂ ਕੀਤਾ ਜਾਂਦਾ ਪਰ ਕਸ਼ਮੀਰ ਘੁੰਮਣ ਗਏ ਇਕ ਫਿਰਕੇ ਦੇ ਆਦਮੀਆਂ ਨੂੰ ਗੋਲਿਆਂ ਨਾਲ ਭੁੰਨ ਦੇਣਾ ਇਸ ਤੋਂ ਵੱਧ ਸ਼ਰਮਨਾਕ ਘਟਨਾ ਕੋਈ ਹੋ ਨਹੀਂ ਸਕਦੀ ਸਲੂਜਾ ਨੇ ਕਿਹਾ ਜਿਹਨਾਂ ਨੇ ਕਦੀ ਧਰਮ ਦੇ ਬਾਰੇ ਕਦੀ ਪੜਿਆ ਨਹੀਂ ਉਹ ਧਾਰਮਿਕ ਅੱਤਵਾਦ ਦੇ ਨਾਮ ਹੇਠ ਨਿਰਦੋਸ਼ ਤੇ ਨਿਹੱਥੇ ਲੋਕਾਂ ਦਾ ਕਤਲੇਆਮ ਕਰ ਰਹੇ ਹਨ ਉਹ ਕਿਸੇ ਵੀ ਧਰਮ ਨਾਲ ਸੰਬੰਧਿਤ ਹੋਣ ਧਾਰਮਿਕ ਨਹੀਂ ਕਤਲ ਹੀ ਹੋ ਸਕਦੇ ਹਨ ਕਿਉਂਕਿ ਕੋਈ ਵੀ ਧਰਮ ਨਿਹੱਥੇ ਲੋਕਾਂ ਦੇ ਖੂਨ ਦੀ ਹੋਲੀ ਖੇਡਣ ਦੀ ਆਗਿਆ ਨਹੀਂ ਦਿੰਦਾ ਉਹਨਾਂ ਕੇਂਦਰ ਸਰਕਾਰ ਤੇ ਜੰਮੂ ਕਸ਼ਮੀਰ ਸਰਕਾਰ ਨੂੰ ਅਪੀਲ ਕੀਤੀ ਕਿ ਜਲਦੀ ਤੋਂ ਜਲਦੀ ਅਜਿਹੇ ਕਾਤਲਾਂ ਨੂੰ ਫੜ ਕੇ ਫਾਂਸੀ ਦਿੱਤੀ ਜਾਵੇ ਤਾਂ ਕਿ ਮਰਨ ਵਾਲਿਆਂ ਦੇ ਪਰਿਵਾਰਾਂ ਨੂੰ ਕੁਝ ਇਨਸਾਫ ਮਿਲ ਸਕੇ,ਇਸ ਸਮੇਂ ਹੋਰਨਾਂ ਤੋਂ ਇਲਾਵਾ ਜਤਿੰਦਰ ਸਿੰਘ ਬੌਬੀ,ਰਾਜੀਵ ਬਾਂਸਲ ਸੀ ਏ, ਇੰਦਰ ਡੰਗ,ਜਸਵਿੰਦਰ ਲੱਡੂ,ਦਮਨਦੀਪ ਸਲੂਜਾ,ਜਤਿੰਦਰ ਸਿੰਘ ਮੱਕੜ,ਐਡਵੋਕੇਟ ਹਰਕਮਲ ਸਿੰਘ,ਐਡਵੋਕੇਟ ਗੁਰਜੋਤ ਸਿੰਘ ਹਰਮੇਸ਼ ਕੁਮਾਰ ਮੇਸ਼ੀ,ਧਰਮ ਸਿੰਘ ਮਠਾਰੂ,ਗੁਰਵੀਰ ਸਿੰਘ ਗਾਬਾ,ਗੁਰਪ੍ਰੀਤ ਸਿੰਘ ਨੀਲੂ ਓਬਰਾਏ,ਵਿਕਰਮ ਸਰੀਨ,ਰਾਜੂ ਟਾਇਰ,ਗੁਰਪ੍ਰੀਤ ਸਿੰਘ ਨੱਪੀ ਆਦਿ ਹਾਜ਼ਰ ਸਨ

# ਵਿਧਾਇਕ ਬੱਗਾ ਨੇ ਸਫਾਈ ਅਤੇ ਸੁੰਦਰੀਕਰਨ ਲਈ ਮੁਹਿੰਮ ਸ਼ੁਰੂ ਕੀਤੀ



ਲੁਧਿਆਣਾ,25 ਅਪ੍ਰੈਲ (ਵਿਸ਼ਾਲ ਸ਼ਰਮਾਂ) ਵਿਧਾਇਕ ਮਦਨ ਲਾਲ ਬੱਗਾ ਨੇ ਸ਼ੁੱਕਰਵਾਰ ਨੂੰ ਲੁਧਿਆਣਾ ਉੱਤਰੀ ਹਲਕੇ ਨੂੰ ਸਾਫ਼ ਅਤੇ ਸੁੰਦਰ ਬਣਾਉਣ ਲਈ ਇੱਕ ਵੱਡੀ ਸਫਾਈ ਮੁਹਿੰਮ ਦੀ ਸ਼ੁਰੂਆਤ ਕੀਤੀ। ਇਹ ਮੁਹਿੰਮ ਜਲੰਧਰ ਬਾਈਪਾਸ ਚੌਕ ਤੋਂ ਸ਼ੁਰੂ ਹੋਈ ਅਤੇ ਚਾਂਦ ਸਿਨੇਮਾ ਪੁਲ ਤੱਕ ਦੇ ਖੇਤਰਾਂ ਨੂੰ ਕਵਰ ਕੀਤਾ। ਸ੍ਰੀ ਬੱਗਾ ਨੇ ਨਗਰ ਨਿਗਮ (ਐਮ.ਸੀ) ਦੇ ਕਰਮਚਾਰੀਆਂ ਨਾਲ ਸ਼ਾਮਲ ਹੋ ਕੇ ਸੜਕਾਂ ਦੀ ਸਫਾਈ ਕੀਤੀ ਅਤੇ ਸਫ਼ਾਈ ਕਰਮਚਾਰੀਆਂ ਤੋਂ ਫੀਡਬੈਕ ਲਈ। ਉਹ ਅਤੇ ਸੀਨੀਅਰ ਐਮ.ਸੀ ਅਧਿਕਾਰੀ ਇਸ ਕੋਸ਼ਿਸ਼ ਦੀ ਨਿਗਰਾਨੀ ਕਰਨ ਲਈ ਦੋ ਘੰਟਿਆਂ ਤੋਂ ਵੱਧ ਸਮੇਂ ਲਈ ਸਾਈਟ 'ਤੇ ਰਹੇ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਹਲਕੇ ਦੇ ਸਾਰੇ ਵਾਰਡਾਂ ਅਤੇ ਸੜਕਾਂ ਦੇ ਕਿਨਾਰਿਆਂ ਤੋਂ ਕੂੜਾ ਜੰਗਲੀ ਬੂਟੀ ਅਤੇ ਝਾੜੀਆਂ ਨੂੰ ਸਾਫ਼ ਕਰੇਗੀ। ਜਨਤਕ ਥਾਵਾਂ ਨੂੰ ਸਾਫ਼ ਅਤੇ ਆਕਰਸ਼ਕ ਰੱਖਣ ਲਈ ਐਮ.ਸੀ ਸਟਾਫ ਲਈ ਇੱਕ ਸਪਸ਼ਟ ਡਿਊਟੀ ਸ਼ਡਿਊਲ ਨਿਰਧਾਰਤ ਕੀਤਾ ਗਿਆ ਹੈ। ਬੱਗਾ ਨੇ ਮੁਹਿੰਮ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਕਿਹਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਾਰਗਦਰਸ਼ਨ ਨਾਲ ਪੰਜਾਬ ਸਰਕਾਰ ਇੱਕ ਸਾਫ਼ ਹਰਾ-ਭਰਾ ਅਤੇ ਪ੍ਰਦੂਸ਼ਣ ਮੁਕਤ ਲੁਧਿਆਣਾ ਬਣਾਉਣ ਲਈ ਅਣਥੱਕ ਮਿਹਨਤ ਕਰ ਰਹੀ ਹੈ। ਕੂੜਾ ਇਕੱਠਾ ਕਰਨਾ ਸੁਚਾਰੂ ਢੰਗ ਨਾਲ ਚਲਾਉਣ ਨੂੰ ਯਕੀਨੀ ਬਣਾਉਣ ਲਈ ਬੱਗਾ ਨੇ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਜੇਕਰ ਘਰ-ਘਰ ਕੂੜਾ ਚੁੱਕਣ ਵਾਲੇ ਗੱਡੀ ਉਨ੍ਹਾਂ ਦੇ ਘਰ ਦੇ ਏਰੀਏ ਵਿੱਚ ਨਹੀਂ ਆਉਂਦੀ ਤਾਂ ਉਹ ਮੋਬਾਇਲ ਨੰਬਰ 94172-01818 'ਤੇ ਕਾਲ ਕਰਕੇ ਇਸ ਦੀ ਸੂਚਨਾ ਜਰੂਰ ਦੇਣ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਲੁਧਿਆਣਾ ਨੂੰ ਸਾਫ਼ ਰੱਖਣਾ ਹਰ ਕਿਸੇ ਦਾ ਕੰਮ ਹੈ, ਉਨ੍ਹਾਂ ਕਿਹਾ ਹਰ ਨਿਵਾਸੀ ਖਾਸ ਕਰਕੇ ਨੌਜਵਾਨਾਂ ਨੂੰ ਸਾਡੇ ਸ਼ਹਿਰ ਨੂੰ ਸਾਫ਼ ਅਤੇ ਹਰਿਆ ਭਰਿਆ ਬਣਾਉਣ ਵਿੱਚ ਮਦਦ ਕਰਨੀ ਚਾਹੀਦੀ ਹੈ। ਇਸ ਸੰਦੇਸ਼ ਨੂੰ ਫੈਲਾਉਣ ਲਈ ਮੁਹਿੰਮ ਵਿੱਚ ਜਾਗਰੂਕਤਾ ਪ੍ਰੋਗਰਾਮ ਅਤੇ ਪਲਾਸਟਿਕ ਦੇ ਥੈਲਿਆਂ ਤੋਂ ਬਚਣ ਅਤੇ ਕੂੜੇ ਨੂੰ ਸਹੀ ਢੰਗ ਨਾਲ ਛਾਂਟਣ ਵਰਗੀਆਂ ਵਾਤਾਵਰਣ-ਅਨੁਕੂਲ ਆਦਤਾਂ ਨੂੰ ਉਤਸ਼ਾਹਿਤ ਕਰਨ ਲਈ ਸਹੁੰ ਸਮਾਗਮ ਹੋਣਗੇ। ਬੱਗਾ ਨੇ ਅਧਿਕਾਰੀਆਂ ਨੂੰ ਲੋਕਾਂ ਨੂੰ ਸਹੀ ਰਹਿੰਦ-ਖੂੰਹਦ ਪ੍ਰਬੰਧਨ ਖਾਸ ਕਰਕੇ ਗਿੱਲੇ ਰਹਿੰਦ-ਖੂੰਹਦ ਲਈ ਹਰੇ ਡੱਬਿਆਂ ਦੀ ਵਰਤੋਂ ਕਰਨ, ਰਹਿੰਦ-ਖੂੰਹਦ ਦੀ ਪ੍ਰਕਿਰਿਆ ਨੂੰ ਸੁਚਾਰੂ ਬਣਾਉਣ ਅਤੇ ਸਥਿਰਤਾ ਨੂੰ ਉਤਸ਼ਾਹਿਤ ਕਰਨ ਲਈ ਜਾਗਰੂਕ ਕਰਨ ਦੇ ਨਿਰਦੇਸ਼ ਵੀ ਦਿੱਤੇ। ਉਨ੍ਹਾਂ ਕਿਹਾ ਕਿ ਇਹ ਬਹੁਪੱਖੀ ਪਹਿਲਕਦਮੀ ਟਿਕਾਊ ਸ਼ਹਿਰੀ ਵਿਕਾਸ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਜੋ ਦੂਜੇ ਹਲਕਿਆਂ ਲਈ ਇੱਕ ਮਾਡਲ ਸਥਾਪਤ ਕਰਦੀ ਹੈ।

# ਬਲਾਕ ਪਾਇਲ ਅਧੀਨ ਵੱਖ-ਵੱਖ ਪਿੰਡਾਂ ਅਤੇ ਸਕੂਲਾਂ ਵਿਖੇ ਮਨਾਇਆ ਗਿਆ ਵਿਸ਼ਵ ਮਲੇਰੀਆ ਦਿਵਸ



ਪਾਇਲ, 25 ਅਪਰੈਲ ( ਨਰਿੰਦਰ ਸ਼ਾਹਪੁਰ) ਸਿਵਲ ਸਰਜਨ ਲੁਧਿਆਣਾ ਡਾ.ਰਮਨਦੀਪ ਕੌਰ ਜੀ ਦੇ ਦਿਸ਼ਾ-ਨਿਰਦੇਸ਼ਾਂ ਅਤੇ ਸੀ.ਐਚ.ਸੀ ਦੇ ਸੀਨੀਅਰ ਮੈਡੀਕਲ ਅਫਸਰ ਡਾ.ਹਰਵਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਸੀ.ਐਚ.ਸੀ ਪਾਇਲ ਅਤੇ ਬਲਾਕ ਦੇ ਵੱਖ-ਵੱਖ ਪਿੰਡਾਂ ਵਿਖੇ ਵਿਸ਼ਵ ਮਲੇਰੀਆ ਦਿਵਸ ਦੇ ਮੌਕੇ ਤੇ ਜਾਗਰੁਕਤਾ ਕੈਂਪ ਲਗਾਏ ਗਏ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਐਸ.ਐਮ.ਓ ਡਾ. ਹਰਵਿੰਦਰ ਸਿੰਘ ਨੇ ਦੱਸਿਆ ਕਿ ਕੋਈ ਵੀ ਬੁਖਾਰ ਮਲੇਰੀਆ ਹੋ ਸਕਦਾ ਹੈ। ਇਹ ਮਾਦਾ ਮੱਛਰ ਐਨਾਫ਼ਲੀਜ਼ ਦੇ ਕੱਟਣ ਨਾਲ ਫੈਲਦਾ ਹੈ ਜੋ ਕਿ ਖੜੇ ਪਾਣੀ ਵਿਚ ਪੈਦਾ ਹੁੰਦੇ ਹਨ ਅਤੇ ਰਾਤ ਤੇ ਸਵੇਰ ਵੇਲੇ ਕੱਟਦੇ ਹਨ। ਇਸ ਲਈ ਜਰੂਰੀ ਹੈ ਕੇ ਘਰਾਂ ਦੇ ਆਲੇ-ਦੁਆਲੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ । ਖਾਂਸਕਰ ਮੀਹਾਂ ਦੇ ਸੀਜਨ ਦੌਰਾਨ ਕੋਠਿਆ ਤੇ ਪਏ ਕਬਾੜ, ਗਮਲਿਆ, ਟੁੱਟੇ ਬਰਤਨਾਂ ਆਦਿ ਦੀ ਹਰ ਹਫਤੇ ਸਫਾਈ ਕਰਨੀ ਜਰੂਰੀ ਹੈ। ਜੇਕਰ ਹਫਤੇ ਵਿੱਚ ਇੱਕ ਵਾਰ ਖੜ੍ਹੇ ਪਾਣੀ ਦਾ ਨਿਪਟਾਰਾ ਕਰ ਦਿੱਤਾ ਜਾਵੇ ਤਾਂ ਮੱਛਰ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਮੱਛਰ ਤੋਂ ਬਚਾਉ ਲਈ ਸਰੀਰ ਨੂੰ ਪੂਰੀ ਤਰ੍ਹਾਂ ਢੱਕ ਕੇ ਰੱਖਿਆ ਜਾਵੇ ਅਤੇ ਸੌਣ ਵੇਲੇ ਮੱਛਰਦਾਨੀ , ਮੱਛਰ ਭਜਾਉਣ ਵਾਲੀਆਂ ਕਰੀਮਾਂ ਆਦਿ ਦਾ ਇਸਤਮਾਲ ਕੀਤਾ ਜਾਵੇ। ਇਸ ਮੌਕੇ ਸਵਾਤੀ ਸਚਦੇਵਾ ਬਲਾਕ ਐਕਸਟੈਨਸ਼ਨ ਐਜੂਕੇਟਰ ਪਾਇਲ ਨੇ ਦੱਸਿਆ ਕਿ ਠੰਡ ਅਤੇ ਕਾਬੇ ਨਾਲ ਤੇਜ ਬੁਖਾਰ, ਸਿਰਦਰਦ, ਬੁਖਾਰ ਉਤਰਨ ਤੋਂ ਬਾਅਦ ਥਕਾਵਟ ਆਦਿ ਮਲੇਰੀਆ ਦੇ ਲੱਛਣ ਹੁੰਦੇ ਹਨ । ਇਹ ਲੱਛਣ ਦਿਖਾਈ ਦੇਣ ਤੇ ਨੇੜਲੇ ਸਿਹਤ ਕੇਂਦਰ ਤੇ ਚੈੱਕਅੱਪ ਕਰਵਾਉਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਵਿਭਾਗ ਹਰ ਸ਼ੁੱਕਰਵਾਰ ਨੂੰ ਡਰਾਈ ਡੇ ਦੇ ਤੌਰ ਤੇ ਮਨਾਇਆ ਜਾਂਦਾ ਹੈ ਤੇ ਹਰ ਪਰਿਵਾਰ ਨੂੰ ਇਸ ਦਿਨ ਆਪਣੇ ਕੂਲਰਾਂ ਅਤੇ ਫਰਿਜਾਂ ਨੂੰ ਸਾਫ ਕਰਨਾ ਚਾਹੀਦਾ ਹੈ ਇਸ ਮੌਕੇ ਜਸਵੀਰ ਸਿੰਘ, ਜਗਮਿੰਦਰ ਸਿੰਘ, ਦਲਜਿੰਦਰ ਸਿੰਘ, ਕਮਲਜੀਤ ਸਿੰਘ ਅਤੇ ਸੁਖਮਿੰਦਰ ਸਿੰਘ ਐਮ.ਪੀ.ਐਚ.ਸ ਵੱਲੋਂ ਆਪਣੇ ਆਪਣੇ ਏਰੀਏ ਵਿੱਚ ਐਮ.ਪੀ.ਐਚ.ਡਬਲੂ (ਮੇਲ) ਦੇ ਸਹਿਯੋਗ ਨਾਲ ਮਲੇਰੀਆ ਦਿਵਸ ਸਬੰਧੀ ਜਾਗਰੂਕ ਗਤੀਵਿਧੀਆਂ ਕੀਤੀਆਂ ਗਈਆ ।

# ਵਿਧਾਇਕ ਅਮਰਪਾਲ ਸਿੰਘ ਵਲੋਂ ਸਕੂਲਾਂ ਵਿੱਚ ਨਵੇ ਬਣਾਏ ਗਏ ਕਮਰੇ ਦੇ ਵਿਕਾਸ ਕਾਰਜ ਲੋਕ ਅਰਪਨ



ਸ੍ਰੀ ਹਰਗੋਬਿੰਦਪੁਰ ਸਾਹਿਬ /ਊਧਨਵਾਲ 25 ਅਪ੍ਰੈਲ (ਡਾ ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ/ ਸੁਖਅੰਮਿ$ਤ ਸਿੰਘ ਸੋਨੂੰ ਘੁਮਾਣ) ਹਲਕਾ ਸ਼੍ਰਸੀ ਹਰਗੋਬਿੰਦਪੁਰ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਵਲੋਂ ਅੱਜ 'ਪੰਜਾਬ ਸਿੱਖਿਆ ਕ੍ਰਾਂਤੀ' ਮਹਿੰਮ ਤਹਿਤ ਸ੍ਰੀ ਹਰਗੋਬਿੰਦਪੁਰ ਦੇ ਵੱਖ ਵੱਖ ਸਕੂਲਾਂ ਵਿੱਚ ਵਿਦਆਰਥੀਆਂ ਦੀ ਸਿੱਖਿਆ ਵਿੱਚ ਵਾਧਾ ਕਰਦਿਆਂ ਉਸਾਰੀ ਗਈ ਨਵੀਂ ਚਾਰਦਿਵਾਰੀ, ਜਿਨਾਂ ਵਿੱਚ ਉਪਰ ਸ਼ਾਨਦਾਰ ਪੇਟਿੰਗਾਂ ਕੀਤੀਆਂ ਗਈਆਂ ਹਨ ਅਤੇ ਨਵੇਂ ਉਸਾਰੇ ਗਏ ਕਲਾਸ ਰੂਮਾਂ ਆਦਿ ਬਣਾਉਣ ਦੇ ਵਿਕਾਸ ਕੰਮਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਆਪਣੇ ਸੰਬੋਧਨ ਵਿੱਚ ਵਿਧਾਇਕ ਅਮਰਪਾਲ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਗਤੀਸ਼ੀਲ ਅਗਵਾਈ ਹੇਠ ਸਾਡੀ ਸਰਕਾਰ ਦਾ ਮੁੱਖ ਉਦੇਸ਼ ਪੰਜਾਬ ਨੂੰ ਖੁਸ਼ਹਾਲ ਅਤੇ ਪ੍ਰਗਤੀਸ਼ੀਲ ਸੂਬਾ ਬਣਾਉਣਾ ਹੈ,ਜੋ ਕਿ ਵਿਦਆਰਥੀਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਕੇ ਹੀ ਸਾਕਾਰ ਕੀਤਾ ਜਾ ਸਕਦਾ ਹੈ ।ਉਨਾਂ ਕਿਹਾ ਕਿ ਸਾਡੀ ਸਰਕਾਰ ਬਜਟ ਦਾ ਵੱਡਾ ਹਿੱਸਾ ਸਿੱਖਿਆ ਤੇ ਖਰਚ ਕਰਦੀ ਰਹੇਗੀ ਅਤੇ ਹੁਣ ਸਰਕਾਰੀ ਸਕੂਲਾਂ ਵਿੱਚ ਕੰਪਿਊਟਰ ਲੈਬਾਂ, ਡਿਟੀਟਲ ਬਲੈਕ ਬੋਰਡ, ਅਤਿ ਆਧੁਨਿਕ ਸਾਇੰਸ ਲੈਬਾਂ, ਬਿਹਤਰ ਬੁਨਿਆਦੀ ਢਾਂਚਾ ਆਦਿ ਵਰਗੀਆਂ ਹੋਰ ਸਹੂਲਤਾਂ ਪ੍ਰਦਾਨ ਕੀਤੀਆਂ ਜ ਰਹੀਆਂ ਹਨ ।ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਵਲੋ ਹਾਈ ਸਕੂਲ ਕੰਡੀਲਾ, ਪ੍ਰਾਇਮਰੀ, ਮਿਡਲ ਸਕੂਲ ਨੱਤ ਮੋਕਲ, ਉਧਨਵਾਲ ਸਕੂਲ, ਪ੍ਰਾਇਮਰੀ ਤੇ ਹਾਈ ਸਕੂਲ ਸੋਹੀਆਂ, ਲੀਲਕਲਾਂ ਸਰਕਾਰੀ ਸਕੂਲ ਵਿੱਚ ਲੱਖਾਂ ਰੁਪਏ ਦੀ ਗ੍ਰਾਂਟ ਨਾਲ ਨਵ ਨਿਰਮਤ ਚਾਰਦਿਵਾਰੀ ਅਤੇ ਕਮਰਿਆਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਤੇ ਸਰਪੰਚ ਨੱਤ ਸੁਖਵਿੰਦਰ ਸਿੰਘ, ਸਰਪੰਚ ਮੋਕਲਾਂ ਲੱਖਾ ਸਿੰਘ, ਪ੍ਰਿੰਸੀਪਲ ਸ਼ਸ਼ੀ ਕਿਰਣ, ਅਰਵਿੰਦਰਜੀਤ ਸਿੰਘ ਭਾਟੀਆ, ਮੁਕੇਸ਼ ਕੁਮਾਕ, ਵਿੱਪਨ ਪ੍ਰਾਸ਼ਰ , ਮਨਦੀਪ ਕੌਰ, ਲਖਵਿੰਦਰ ਕੌਰ, ਬੀ ਪੀ ਈ ਓ ਾ ਆਦਿ ਹਾਜਰ ਸਨ।

# ਸੈਸ਼ਨ 2024-25 ਦੀ ਸਮਾਪਤੀ ਨੂੰ ਮੁੱਖ ਰੱਖਦਿਆਂ ਕਰਵਾਇਆ ਗਿਆ ਸ੍ਰੀ ਜਪੁਜੀ ਸਾਹਿਬ ਦਾ ਸਮੂਹਿਕ ਪਾਠ



ਫ਼ਤਹਿਗੜ੍ਹ ਸਾਹਿਬ, 25 ਅਪ੍ਰੈਲ (ਹਰਪ੍ਰੀਤ ਕੌਰ ਟਿਵਾਣਾ)ਮਾਤਾ ਗੁਜਰੀ ਕਾਲਜ ਵਿਖੇ ਸੈਸ਼ਨ 2024-25 ਦੀ ਸਮਾਪਤੀ ਨੂੰ ਮੁੱਖ ਰੱਖਦਿਆਂ ਹੋਇਆਂ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵੱਲੋਂ ਸ੍ਰੀ ਜਪੁਜੀ ਸਾਹਿਬ ਦਾ ਸਮੂਹਿਕ ਪਾਠ ਕੀਤਾ ਗਿਆ।ਇਸ ਮੌਕੇ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਕਿਹਾ ਕਿ ਵਿਦਿਆਰਥੀ ਆਪਣੇ ਮਹਾਨ ਇਤਿਹਾਸ, ਵਿਰਾਸਤ ਅਤੇ ਸੱਭਿਆਚਾਰ ਤੋਂ ਜਾਣੂ ਹੋ ਕੇ ਅਤੇ ਆਪਣੇ ਅਧਿਆਪਕਾਂ ਤੇ ਮਾਪਿਆਂ ਦਾ ਆਗਿਆਕਾਰੀ ਬਣਕੇ ਜੀਵਨ ਵਿੱਚ ਸਫ਼ਲਤਾ ਦੀ ਪੌੜੀਆਂ ਚੜ੍ਹ ਸਕਦੇ ਹਨ। ਇਸ ਮੌਕੇ ਕਾਲਜ ਦੇ ਸੰਗੀਤ ਵਿਭਾਗ ਅਤੇ ਦੂਸਰੇ ਵਿਭਾਗਾਂ ਦੇ ਵਿਦਿਆਰਥੀਆਂ ਵੱਲੋਂ ਤੰਤੀ ਸਾਜ਼ਾਂ ਰਾਹੀਂ ਇਲਾਹੀ ਕੀਰਤਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਕੀਰਤਨ ਕਰਨ ਵਾਲੇ ਇਨ੍ਹਾਂ ਵਿਦਿਆਰਥੀਆਂ ਨੇ ਮਾਤਾ ਗੁਜਰੀ ਕਾਲਜ ਦਾ ਨਾਮ ਖੇਤਰੀ, ਅੰਤਰ ਖੇਤਰੀ ਅਤੇ ਅੰਤਰਵਰਸਿਟੀ ਯੁਵਕ ਅਤੇ ਲੋਕ ਮੇਲਿਆਂ ਅਤੇ ਰਾਸ਼ਟਰੀ ਪੱਧਰ ਵਿਚ ਸ਼ਾਨਦਾਰ ਪ੍ਰਾਪਤੀਆਂ ਕਰਕੇ ਰੋਸ਼ਨ ਕੀਤਾ ਹੈ। ਇਸ ਤੋਂ ਇਲਾਵਾ ਕਾਲਜ ਦੇ 104 ਅੰਮ੍ਰਿਤਧਾਰੀ ਵਿਦਿਆਰਥੀਆਂ ਨੂੰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਪ੍ਰਾਪਤ ਅੰਮ੍ਰਿਤਧਾਰੀ ਸਕਾਲਰਸ਼ਿਪ ਦੀ ਅੱਠ ਲੱਖ ਅਠਾਹਠ ਹਜ਼ਾਰ ਰੁਪਏ ਦੀ ਰਾਸ਼ੀ ਵੀ ਪ੍ਰਦਾਨ ਕੀਤੀ ਗਈ। ਇਸ ਤੋਂ ਇਲਾਵਾ ਗਿਆਨ ਪ੍ਰਚੰਡ ਪ੍ਰਸ਼ਨੋਤਰੀ ਮੁਕਾਬਲਿਆਂ ਵਿੱਚ ਦੂਸਰੇ ਸਥਾਨ 'ਤੇ ਰਹੀ ਮਾਤਾ ਗੁਜਰੀ ਕਾਲਜ, ਫ਼ਤਹਿਗੜ੍ਹ ਸਾਹਿਬ ਦੀ ਟੀਮ ਨੂੰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਭੇਜੇ ਗਏ 75 ਹਜਾਰ ਰੁਪਏ ਦੀ ਰਾਸ਼ੀ ਦੇ ਚੈੱਕ ਕਾਲਜ ਦੀਆਂ ਤਿੰਨ ਵਿਦਿਆਰਥਣਾਂ - ਬੀ.ਏ. ਆਨਰਜ਼ ਸੋਸ਼ਲ ਸਾਇੰਸਜ਼ ਦੀਆਂ ਵਿਦਿਆਰਥਣਾਂ ਹਰਸ਼ਪ੍ਰੀਤ ਕੌਰ ਅਤੇ ਤਾਨੀਆ ਸ਼ਰਮਾ, ਬੀ.ਐਸ.ਸੀ. ਆਨਰਜ਼ ਕੈਮਿਸਟਰੀ ਦੀ ਵਿਦਿਆਰਥਣ ਐਪੀਕਲ ਗੌਤਮ ਨੂੰ ਪ੍ਰਦਾਨ ਕੀਤੇ ਗਏ ।ਸਮਾਗਮ ਦੇ ਅਖੀਰ ਵਿੱਚ ਮਾਤਾ ਗੁਜਰੀ ਸਟੱਡੀ ਸਰਕਲ ਦੇ ਕਨਵੀਨਰ ਡਾ. ਗੁਰਬਾਜ ਸਿੰਘ ਨੇ ਮੰਚ ਸੰਚਾਲਨ ਕੀਤਾ ਅਤੇ ਸਮੂਹ ਸੰਗਤਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਇਸ ਮੌਕੇ ਕਾਲਜ ਦੇ ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ, ਡਾ. ਕੁਲਦੀਪ ਕੌਰ, ਪ੍ਰੋ. ਬੀਰਇੰਦਰ ਸਿੰਘ ਤੇ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਹਿੱਸਾ ਲਿਆ।

# ਤੰਬਾਕੂ ਦੀ ਮਾੜੀ ਤੇ ਜਾਨਲੇਵਾ ਆਦਤ ਤੋਂ ਨੌਜਵਾਨ ਪੀੜ੍ਹੀ ਨੂੰ ਬਚਾਉਣ ਦੀ ਲੋੜ : ਡਿਪਟੀ ਕਮਿਸ਼ਨਰ



ਨਵਾਂਸ਼ਹਿਰ, 25 ਅਪ੍ਰੈਲ : (ਸੁਖਦੇਵ ਸਿੰਘ ਉੜਾਪੜ) ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਨੈਸ਼ਨਲ ਤੰਬਾਕੂ ਕੰਟਰੋਲ ਪ੍ਰੋਗਰਾਮ ਅਧੀਨ ਜ਼ਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਆਯੋਜਿਤ ਕੀਤੀ ਗਈ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਤੰਬਾਕੂ ਦੀ ਮਾੜੀ ਤੇ ਜਾਨਲੇਵਾ ਆਦਤ ਤੋਂ ਆਪਣੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਜ਼ਿਲ੍ਹਾ ਟਾਸਕ ਫੋਰਸ ਦੇ ਮੈਂਬਰਾਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਨੈਸ਼ਨਲ ਤੰਬਾਕੂ ਕੰਟਰੋਲ ਪ੍ਰੋਗਰਾਮ ਤਹਿਤ ਕੋਟਪਾ ਐਕਟ ਨੂੰ ਜ਼ਿਲ੍ਹੇ ਅੰਦਰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾਵੇ। ਇਸ ਕੰਮ ਵਿਚ ਸਾਰੇ ਭਾਈਵਾਲ ਵਿਭਾਗਾਂ ਦੀ ਸਰਗਰਮ ਭਾਗੀਦਾਰੀ ਬਹੁਤ ਜ਼ਰੂਰੀ ਹੈ ।ਉਨ੍ਹਾਂ ਹਦਾਇਤ ਕੀਤੀ ਕਿ ਸਿਹਤ ਵਿਭਾਗ ਸਮੇਤ ਸਾਰੇ ਭਾਈਵਾਲ ਵਿਭਾਗਾਂ ਦੀਆਂ ਸਾਂਝੀਆਂ ਟੀਮਾਂ ਬਣਾ ਕੇ ਜਨਤਕ ਥਾਵਾਂ 'ਤੇ ਨਿਰੰਤਰ ਚੈਕਿੰਗ ਕੀਤੀ ਜਾਵੇ ਅਤੇ ਜੇਕਰ ਕੋਈ ਕੋਟਪਾ ਐਕਟ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖ਼ ?ਲਾਫ਼ ਬਣਦੀ ਕਾਰਵਾਈ ਕੀਤੀ ਜਾਵੇ।ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਵੱਲੋਂ ਸ਼ਹੀਦ ਭਗਤ ਸਿੰਘ ਨਗਰ ਨੂੰ ਤੰਬਾਕੂ ਮੁਕਤ ਜ਼ਿਲ੍ਹਾ ਬਣਾਉਣ ਲਈ ਸਾਂਝਾ ਹੰਭਲਾ ਮਾਰਿਆ ਜਾਵੇ।ਉਨ੍ਹਾਂ ਨੇ ਜ਼ਿਲ੍ਹੇ ਦੇ ਸਾਰੇ ਸਕੂਲਾਂ ਤੇ ਸਕੂਲਾਂ ਦੇ 100 ਮੀਟਰ ਦੇ ਘੇਰੇ ਨੂੰ ਤੰਬਾਕੂ ਮੁਕਤ ਰੱਖਣ ਦੇ ਹੁਕਮ ਜਾਰੀ ਕੀਤੇ ਹਨ। ਇਸ ਦੌਰਾਨ ਇਹ ਗੱਲ ਵੀ ਕਹੀ ਕਿ ਸਕੂਲ ਮੁਖੀ ਨੂੰ ਇਸ ਵਿਸ਼ੇ 'ਤੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਸਕੂਲ ਦੇ 100 ਮੀਟਰ ਦੇ ਘੇਰੇ ਅੰਦਰ ਤੰਬਾਕੂ ਦੀ ਖ਼ਰੀਦਦਾਰੀ ਨਾ ਹੋਵੇ। ਉਨ੍ਹਾਂ ਸਕੂਲਾਂ ਦੇ ਬਾਹਰ ਨੋ ਸਮੋਕਿੰਗ ਏਰੀਆ ਦਾ ਬੋਰਡ ਵੀ ਲਾਜ਼ਮੀ ਲਗਾਉਣ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਸਵੇਰ ਦੀ ਅਸੈਂਬਲੀ ਦੌਰਾਨ ਤੰਬਾਕੂ ਦੇ ਹਾਨੀਕਾਰਕ ਪ੍ਰਭਾਵਾਂ ਤੋਂ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ ਜਾਵੇ ।ਡਿਪਟੀ ਕਮਿਸ਼ਨਰ ਨੇ ਨਗਰ ਕੌਂਸਲਾਂ ਤੇ ਪੁਲਿਸ ਪ੍ਰਸ਼ਾਸਨ ਨੂੰ ਹਦਾਇਤ ਕੀਤੀ ਕਿ ਉਨ੍ਹਾਂ ਵੱਲੋਂ ਸ਼ਹਿਰੀ ਖੇਤਰਾਂ ਵਿਚ ਕੋਟਪਾ ਐਕਟ ਦੀ ਉਲੰਘਣਾ ਕਰਨ ਵਾਲਿਆਂ ਦੇ ਵੱਧ ਤੋਂ ਵੱਧ ਚਾਲਾਨ ਕੀਤੇ ਜਾਣ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਉਨ੍ਹਾਂ ਦੇ ਏਰੀਆ ਅੰਦਰ ਜਿਨ੍ਹਾਂ ਦੁਕਾਨਾਂ/ ਵੈਂਡਰਾਂ ਵੱਲੋਂ ਤੰਬਾਕੂ ਉਤਪਾਦਾਂ ਦੀ ਵਿਕਰੀ ਕੀਤੀ ਜਾਂਦੀ ਹੈ, ਉਨ੍ਹਾਂ ਦੁਕਾਨਾਂ 'ਤੇ ਇਹ ਬੋਰਡ ਲਗਵਾਇਆ ਜਾਣਾ ਯਕੀਨੀ ਬਣਾਇਆ ਜਾਵੇ ਕਿ 18 ਸਾਲ ਤੋਂ ਘੱਟ ਉਮਰ ਦੇ ਵਿਅਕਤੀ ਨੂੰ ਤੰਬਾਕੂ ਉਤਪਾਦ ਵੇਚਣਾ ਕਾਨੂੰਨੀ ਅਪਰਾਧ ਹੈ।

# ਬਟਾਲਾ ਕਾਲਜ ਆਫ਼ ਐਜੂਕੇਸ਼ਨ ਦਾ ਨਤੀਜਾ ਰਿਹਾ ਸ਼ਾਨਦਾਰ



ਬਟਾਲਾ, 25 ਅਪ੍ਰੈਲ (ਚ.ਨ.ਸ.): ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀ.ਐੱਡ. ਸਮੈਸਟਰ ਤੀਜਾ ਦੇ ਨਤੀਜੇ 'ਚ ਬਟਾਲਾ ਕਾਲਜ ਆਫ਼ ਐਜੂਕੇਸ਼ਨ, ਬੁੱਲੋਵਾਲ (ਨੇੜੇ ਅਲੀਵਾਲ) ਦਾ ਨਤੀਜਾ ਸ਼ਾਨਦਾਰ ਰਿਹਾ। ਇਸ ਮੌਕੇ ਕਾਲਜ ਚੇਅਰਮੈਨ ਬਿਕਰਮਜੀਤ ਸਿੰਘ ਬਾਠ ਨੇ ਦੱਸਿਆ ਕਿ ਕਾਲਜ ਦਾ ਨਤੀਜਾ ਸੌ ਫੀਸਦੀ ਰਿਹਾ ਤੇ ਕਾਲਜ ਦੇ 20 ਵਿਦਿਆਰਥੀਆਂ ਨੇ 90 ਫ਼ੀਸਦੀ ਤੇ 12 ਵਿਦਿਆਰਥੀਆਂ ਨੇ 88 ਫ਼ੀਸਦੀ ਅੰਕ ਪ੍ਰਾਪਕ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਅਦਿਤੀ ਹਾਂਡਾ, ਅਕਾਸ਼ਦੀਪ ਕੌਰ, ਅੰਜਲੀ, ਅੰਕਿਤ, ਅਰਫ਼ਾ ਕਮਰ, ਆਸ਼ਿਮਾ, ਅਸ਼ਮੀਤ ਕੌਰ, ਗੁਰਨੂਰ ਕੌਰ, ਗੁਰਪ੍ਰੀਤ ਕੌਰ, ਕੰਵਲਜੀਤ ਕੌਰ, ਕੋਮਲਪ੍ਰੀਤ ਕੌਰ, ਮੁਸਕਾਨ, ਰਮਿੰਦਰ ਕੌਰ, ਸਾਕਸ਼ੀ, ਸੰਦੀਪ ਸਿੰਘ, ਸ਼ਰਨਜੀਤ ਕੌਰ, ਸੁਖਮਨਪ੍ਰੀਤ ਸਿੰਘ, ਸੁਨਿਧੀ, ਸੁਰਕਸ਼ਾ ਤੇ ਤਾਨੀਆ ਬੇਦੀ ਨੇ 90 ਫ਼ੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਤੇ ਆਂਚਲ, ਅਰਵਿੰਦਰ ਕੌਰ ਸੋਹੀ, ਹਰਪ੍ਰੀਤ ਕੌਰ ਪੁੱਤਰੀ ਅਮਰਜੀਤ ਸਿੰਘ, ਜਸਲੀਨ ਕੌਰ, ਹਰਪ੍ਰੀਤ ਕੌਰ ਪੁੱਤਰੀ ਗੁਲਜ਼ਾਰ ਸਿੰਘ, ਮਨਦੀਪ ਕੌਰ, ਹਰਪ੍ਰੀਤ ਕੌਰ ਪੁੱਤਰੀ ਗੁਰਦੀਪ ਸਿੰਘ, ਮੁਸਕਾਨ, ਨਵਲਪ੍ਰੀਤ ਕੌਰ, ਨਵਨੀਤ ਕੌਰ, ਪਰਦੀਪ ਕੌਰ ਤੇ ਸਿਮਰਨਜੀਤ ਕੌਰ ਨੇ 88 ਫ਼ੀਸਦੀ ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਹਾਸਲ ਕੀਤਾ। ਇਸ ਮੌਕੇ ਚੇਅਰਮੈਨ ਬਾਠ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਸਟਾਫ ਤੇ ਵਿਦਿਆਰਥੀਆਂ ਦੀ ਮਿਹਨਤ ਸਦਕਾ ਬੀ.ਐੱਡ. ਸਮੈਸਟਰ ਤੀਜਾ ਦੇ ਨਤੀਜੇ 'ਚ ਸਾਰੇ ਵਿਦਿਆਰਥੀਆਂ ਨੇ 80 ਫ਼ੀਸਦੀ ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ, ਜੋ ਕਿ ਇੱਕ ਵਿੱਦਿਅਕ ਸੰਸਥਾ ਲਈ ਬਹੁਤ ਹੀ ਮਾਣ ਵਾਲੀ ਗੱਲ ਹੈ। ਉਨ੍ਹਾਂ ਵਿਦਿਆਰਥੀਆਂ ਦੇ ਉਜਵਲ ਭਵਿੱਖ ਦੀ ਕਾਮਨਾ ਕੀਤੀ ਤੇ ਕਿਹਾ ਕਿ ਬੀ.ਐੱਡ. ਤੋਂ ਇਲਾਵਾ ਕਾਲਜ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਮਾਨਤਾ ਪ੍ਰਾਪਤ ਕੋਰਸ ਬੀ.ਏ., ਬੀ.ਐਸ.ਸੀ. (ਇਕਨਾਮਿਕਸ), ਬੀ.ਸੀ.ਏ., ਡਿਪਲੋਮਾ ਇੰਨ ਕੰਪਿਊਟਰ ਐਪਲੀਕੇਸ਼ਨਜ਼, ਡਿਪਲੋਮਾ ਇੰਨ ਕਾਮਮੇਟੋਲੋਜੀ ਦਾ ਵੀ ਦਾਖ਼ਲਾ ਚੱਲ ਰਿਹਾ ਹੈ। ਕਾਲਜ 'ਚ ਦਾਖ਼ਲਾ ਲੈਣ ਲਈ ਵਿਦਿਆਰਥੀਆਂ ਅੰਦਰ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਲਜ ਕੈਂਪਸ 'ਚ ਵਿਦਿਆਰਥੀਆਂ ਦੀ ਸਹੂਲਤ ਲਈ ਮਲਟੀਮੀਡੀਆ ਡਿਜੀਟਲ ਲਾਇਬ੍ਰੇਰੀ, ਟੈਕਨਾਲੋਜੀ ਲੈਬ, ਮੈਥਮ ਲੈਬ, ਸਾਇੰਸ ਲੈਬਾਂ, ਸਾਇਕੋਲੋਜੀ ਲੈਬ, ਮਿਊਜ਼ਿਕ ਰੂਮ, ਆਰਟ ਰੂਮ, ਖੁੱਲੇ ਹਵਾਦਾਰ ਕਮਰੇ, ਆਧੁਨਿਕ ਕੰਪਿਊਟਰ ਲੈਬ ਤੇ ਨਾਲ ਹੀ ਵਾਈ-ਫਾਈ ਤੇ ਇੰਟਰਨੈਟ ਦੀਆਂ ਸਹੂਲਤਾਂ ਵੀ ਮੌਜੂਦ ਹਨ। ਕਾਲਜ 'ਚ ਵਿਦਿਆਰਥੀਆਂ ਨੂੰ ਅਧਿਆਪਕਾਂ ਦੁਆਰਾ ਆਧੁਨਿਕ ਤਕਨੀਕਾਂ ਰਾਹੀਂ ਸਿੱਖਿਆ ਦੇਣ ਦੇ ਨਾਲ-ਨਾਲ ਜੀਵਨ ਜਾਂਚ ਦਾ ਢੰਗ ਵੀ ਸਿਖਾਇਆ ਜਾਂਦਾ ਹੈ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ, ਵਾਈਸ ਪ੍ਰਿੰਸੀਪਲ ਪ੍ਰੋ. ਰਾਜਬੀਰ ਕੌਰ, ਕੋਆਰਡੀਨੇਟਰ ਧਿਆਨ ਸਿੰਘ, ਪ੍ਰੋ. ਸੁਖਜੀਤ ਕੌਰ, ਪ੍ਰੋ. ਗੁਰਪਿੰਦਰ ਕੌਰ, ਪ੍ਰੋ. ਪਰਦੀਪ ਕੌਰ, ਪ੍ਰੋ. ਗੁਰਵਿੰਦਰ ਕੌਰ, ਪ੍ਰੋ. ਗੁਰਪ੍ਰੀਤ ਕੌਰ, ਪ੍ਰੋ. ਮੀਨੂੰ ਚਾਵਲਾ, ਪ੍ਰੋ. ਪ੍ਰਭਜੀਤ ਕੌਰ, ਪਰਮਜੀਤ ਕੌਰ, ਅਮਨ ਸ਼ਰਮਾ ਤੇ ਹਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

# ਬਿਜਲੀ ਸਪਾਰਕਿੰਗ ਨਾਲ 20 ਏਕੜ ਕਣਕ ਦਾ ਟਾਂਗਰ ਸੜ ਕੇ ਸਵਾਹ



ਤਪਾ ਮੰਡੀ, 25 ਅਪ੍ਰੈਲ (ਭੂਸ਼ਨ ਘੜੈਲਾ/ਰਾਜੂ ਮਹਿਰਾ):ਬਰਨਾਲਾ ਬਠਿੰਡਾ ਨੈਸ਼ਨਲ ਹਾਈਵੇ ਤੇ ਘੁੰਨਸ ਬੱਸ ਸਟੈਂਡ ਕੋਲ ਪਿੰਡ ਧੌਲਾ ਖੇਤਾਂ ਵਿੱਚ ਬਿਜਲੀ ਸਪਾਰਕਿੰਗ ਕਾਰਨ 20 ਏਕੜ ਕਣਕ ਦੇ ਕਰੀਬ ਟਾਂਗਰ ਨੂੰ ਭਿਆਨਕ ਅੱਗ ਲੱਗ ਗਈ। ਅੱਗ ਲੱਗਣ ਦਾ ਕਾਰਨ ਨੇੜਲੀ ਫੈਕਟਰੀ ਨੂੰ ਜਾਣ ਵਾਲੀ 24 ਘੰਟੇ ਬਿਜਲੀ ਦੀ ਸਪਾਰਕਿੰਗ ਦੱਸਿਆ ਜਾ ਰਿਹਾ ਹੈ। ਜਿੰਨਾ ਵਿੱਚ ਪਿੰਡ ਨਾਨਕਪੁਰਾ ਪਿੰਡੀ ਧੌਲਾ ਦੇ ਪੀੜਿਤ ਕਿਸਾਨ ਸੂਬਾ ਸਿੰਘ ਪੁੱਤਰ ਸੁਖਦੇਵ ਸਿੰਘ ਦੇ ਪੰਜ ਏਕੜ ਟਾਂਗਰ,ਕਿਸਾਨ ਸੁਖਦੀਪ ਸਿੰਘ ਪੁੱਤਰ ਜਗਰੂਪ ਸਿੰਘ ਦੇ ਪੰਜ ਏਕੜ ਟਾਂਗਰ,ਕਿਸਾਨ ਲੱਖਾ ਸਿੰਘ ਪੁੱਤਰ ਗੁਰਤੇਜ ਸਿੰਘ ਦੇ 2 ਏਕੜ ਕਣਕ ਦਾ ਟਾਂਗਰ,ਤਰਸੇਮ ਸਿੰਘ ਪੁੱਤਰ ਜਸਪਾਲ ਸਿੰਘ ਦੇ ਚਾਰ ਏਕੜ ਕਣਕ ਦਾ ਟਾਂਗਰ,ਕਿਸਾਨ ਹਰਪਾਲ ਸਿੰਘ ਪੁੱਤਰ ਦਰਸ਼ਨ ਸਿੰਘ ਦੇ ਚਾਰ ਏਕੜ ਕਣਕ ਦਾ ਟਾਂਗਰ ਮੱਚ ਕੇ ਸਵਾਹ ਹੋਇਆ ਹੈ। ਇਸ ਮੌਕੇ ਕਿਸਾਨਾਂ ਨੇ ਬਿਜਲੀ ਵਿਭਾਗ ਖਿਲਾਫ ਰੋਸ ਵੀ ਪ੍ਰਗਟ ਕਰਦੇ ਕਿਹਾ ਕਿ ਜੇਕਰ ਬਿਜਲੀ ਵਿਭਾਗ ਵੱਲੋਂ ਫੈਕਟਰੀ ਨੂੰ ਜਾਣ ਵਾਲੀ 24 ਘੰਟੇ ਜਾਣ ਵਾਲੀ ਲਾਈਟ ਕੁਝ ਦਿਨ ਹੋਰ ਬੰਦ ਕੀਤੀ ਜਾਂਦੀ ਤਾਂ ਇਹ ਘਟਨਾ ਨਾ ਹੋ ਹੁੰਦੀ।ਉਹਨਾਂ ਕਿਹਾ ਕਿ ਇਸ ਅੱਗ ਦੀ ਘਟਨਾ ਨਾਲ ਜਿੱਥੇ ਸਿਰਫ ਟਾਂਗਰ ਸੜਕੇ ਸਵਾਹ ਹੋਇਆ ਉੱਥੇ ਕਿਸਾਨਾਂ ਦਾ 20 ਏਕੜ ਦੇ ਕਰੀਬ ਭਾਰੀ ਨੁਕਸਾਨ ਹੋਇਆ ਹੈ। ਕਿਸਾਨਾਂ ਨੇ ਪੰਜਾਬ ਸਰਕਾਰ ਦੇ ਹੁਕਮਾਂ ਤਹਿਤ ਬਿਨਾਂ ਅੱਗ ਲਾਏ ਇਸ ਟਾਂਗਰ ਤੋਂ ਤੂੜੀ ਬਣਾਉਣੀ ਸੀ। ਇਸ ਮੌਕੇ ਕਿਸਾਨਾਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਬਿਜਲੀ ਸਪਾਰਕਿੰਗ ਕਾਰਨ ਉਹਨਾਂ ਨੂੰ ਹੁਣ ਸਵਾ ਲੱਖ ਰੁਪਏ ਦੇ ਕਰੀਬ ਮੁੱਲ ਦੀ ਤੂੜੀ ਲੈ ਕੇ ਗੁਜ਼ਾਰਾ ਕਰਨਾ ਪਵੇਗਾ। ਇਸ ਮੌਕੇ ਕਿਸਾਨਾਂ ਨੇ ਪੰਜਾਬ ਸਰਕਾਰ ਤੋਂ ਮੁਆਵਜ਼ੇ ਦੀ ਮੰਗ ਕੀਤੀ ਹੈ ਤੇ ਇੱਕ ਹਫਤਾ ਹੋਰ ਬਿਜਲੀ ਸਪਲਾਈ ਬੰਦ ਕਰਨ ਦੀ ਵੀ ਬਿਜਲੀ ਵਿਭਾਗ ਤੋਂ ਮੰਗ ਕੀਤੀ ਹੈ, ਤਾਂ ਜੋ ਕੋਈ ਹੋਰ ਵੱਡਾ ਨੁਕਸਾਨ ਨਾ ਹੋ ਸਕੇ। ਅੱਗ ਲੱਗਣ ਦੀ ਘਟਨਾ ਨੂੰ ਲੈ ਕੇ ਜਿੱਥੇ ਪਿੰਡਾਂ ਦੀਆਂ ਪੰਚਾਇਤਾਂ ਨੇੜਲੇ ਕਿਸਾਨਾਂ ਤੋਂ ਇਲਾਵਾ ਸਮਾਜ ਸੇਵੀ ਸੰਸਥਾਵਾਂ ਅਤੇ 2 ਫਾਇਰ ਬ੍ਰਿਗੇਡ ਤਪਾ ਦੀਆਂ ਗੱਡੀਆਂ ਨੇ ਮੌਕੇ ਤੇ ਆ ਕੇ ਅੱਗ ਤੇ ਕਾਬੂ ਪਾਇਆ। ਪਰ ਬਿਜਲੀ ਵਿਭਾਗ ਦਾ ਕੋਈ ਵੀ ਅਧਿਕਾਰੀ ਮੌਕੇ 'ਤੇ ਨਹੀਂ ਪਹੁੰਚਿਆ। ਇਸ ਮੌਕੇ ਸਰਪੰਚ ਡਾਕਟਰ ਅਵਤਾਰ ਸਿੰਘ, ਪੰਚ ਮੈਂਬਰ ਰਣਜੀਤ ਸਿੰਘ, ਪੰਚ ਲਖਬੀਰ ਸਿੰਘ,ਪੰਚ ਹਰਪਾਲ ਸਿੰਘ, ਨੰਬਰਦਾਰ ਜਗਰੂਪ ਸਿੰਘ ਤੋਂ ਇਲਾਵਾ ਕਿਸਾਨ ਗੁਰਵਿੰਦਰ ਸਿੰਘ, ਸੁਖਵਿੰਦਰ ਸਿੰਘ, ਗੁਰਦੀਪ ਸਿੰਘ, ਗੁਰਮੀਤ ਸਿੰਘ, ਸਤਿਗੁਰ ਸਿੰਘ, ਨਾਈਬ ਸਿੰਘ, ਮਨਜੋਬਨ ਸਿੰਘ, ਜਗਤਾਰ ਸਿੰਘ, ਸੁਲਿੰਦਰ ਸਿੰਘ,ਬਹਾਦਰ ਸਿੰਘ,ਅਵਤਾਰ ਸਿੰਘ, ਕੇਵਲ ਸਿੰਘ, ਸੁਰਿੰਦਰ ਸਿੰਘ ਹਾਜ਼ਰ ਸਨ।

# ਸੈਂਟ ਜੀ.ਐਸ. ਕਾਨਵੈਂਟ ਸਕੂਲ ਵਿੱਚ ਵਾਤਾਵਰਨ ਸਬੰਧੀ ਖੇਡੇ ਨਾਟਕ



ਤਪਾ ਮੰਡੀ, 25 ਅਪ੍ਰੈਲ (ਭੂਸ਼ਨ ਘੜੈਲਾ):ਪਿੰਡ ਤਾਜੋਕੇ ਦੇ ਸੈਂਟ ਜੀ ਐਸ ਕਾਨਵੈਂਟ ਸਕੂਲ ਵਿੱਖੇ ਵਾਤਾਵਰਨ ਨੂੰ ਸਾਫ ਸੁਥਰਾ ਰੱਖਣ ਲਈ ਨਾਟਕ ਕਰਵਾਏ ਗਏ, ਜਿਸ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਕਲਾਕਾਰਾਂ ਦੀ ਟੀਮ ਨੇ ਵਿਸ਼ੇਸ਼ ਤੌਰ 'ਤੇ ਪਹੁੰਚਕੇ ਨੁਕੜ ਨਾਟਕ ਖੇਡਕੇ ਵਾਤਾਵਰਨ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਸਕੂਲ ਦੇ ਚੇਅਰਮੈਨ ਬਾਬਾ ਬੂਟਾ ਸਿੰਘ ਵੱਲੋਂ ਟੀਮ ਦਾ ਅਤੇ ਸਕੂਲ ਸਟਾਫ ਦਾ ਧੰਨਵਾਦ ਕਰਦਿਆਂ ਹੋਇਆਂ ਵਾਤਾਵਰਨ ਸਾਫ ਸੁਥਰਾ ਰੱਖਣ ਦੀ ਅਪੀਲ ਕਰਦਿਆਂ ਪੂਰੀ ਟੀਮ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ। ਪਟਿਆਲਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੀ ਟੀਮ ਨੇ ਮੁੱਖ ਸੇਵਾਦਾਰ ਅਤੇ ਸਕੂਲ ਸਟਾਫ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਿੰਸੀਪਲ ਪਰਮਿੰਦਰ ਕੌਰ,ਮਨਜੀਤ ਸਿੰਘ, ਬੂਟਾ ਸਿੰਘ ਮਾਨ ਅਤੇ ਵਿਦਿਆਰਥੀ ਹਾਜ਼ਰ ਸਨ।

# ਵਿਸ਼ਵ ਮਲੇਰੀਆ ਦਿਵਸ ਮੌਕੇ ਜਾਗਰੂਕਤਾ ਸੈਮੀਨਾਰ ਕਰਵਾਇਆ

ਬਰਨਾਲਾ, 25 ਅਪ੍ਰੈਲ (ਸੁਖਵਿੰਦਰ ਸਿੰਘ ਭੰਡਾਰੀ):ਸਰਕਾਰੀ ਸੀਨੀਅਰ ਸੈਕੰਡਰੀ ਸਕੂਲ



ਹੰਡਿਆਇਆ ਵਿਖੇ ਵਿਸ਼ਵ ਮਲੇਰੀਆ ਦਿਵਸ ਮੌਕੇ ਕੌਮੀ ਸੇਵਾ ਯੋਜਨਾ ਇਕਾਈ ਵਲੋਂ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਸਿਵਲ ਸਰਜਨ ਬਰਨਾਲਾ ਡਾਕਟਰ ਗੁਰਮਿੰਦਰ ਕੌਰ ਔਜਲਾ ਅਤੇ ਐਸਐਮਓ ਧਨੌਲਾ ਡਾਕਟਰ ਸਤਵੰਤ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਬਰਨਾਲਾ ਅਰੁਣ ਕੁਮਾਰ ਦੀ ਅਗਵਾਈ ਹੇਠ ਕਰਵਾਏ ਇਸ ਸੈਮੀਨਾਰ ਨੂੰ ਸੰਬੋਧਨ ਕਰਦੇ ਹੋਏ ਹਰਮੀਤ ਸਿੰਘ ਸਿਹਤ ਸੁਪਰਵਾਈਜ਼ਰ ਨੇ ਵਲੰਟੀਅਰਜ਼ ਨੂੰ ਦੱਸਿਆ ਕਿ ਮਲੇਰੀਆ ਬੁਖਾਰ ਐਨਾਫੈਲੀਜ ਮਾਦਾ ਮੱਛਰ ਦੇ ਕੱਟਣ ਨਾਲ ਫੈਲਦਾ ਹੈ। ਇਹ ਮੱਛਰ ਖੜ੍ਹੇ ਸਾਫ ਪਾਣੀ ਉਪਰ ਪੈਦਾ ਹੁੰਦਾ ਹੈ। ਉਨ੍ਹਾਂ ਕਿਹਾ ਕਿ ਫਰਿੱਜਾਂ ਦੀਆਂ ਟ੍ਰੇਆਂ, ਕੂਲਰ ਅਤੇ ਪਾਣੀ ਦੀਆਂ ਟੈਂਕੀਆਂ ਆਦਿ ਨੂੰ ਹਫਤੇ ਵਿੱਚ ਇੱਕ ਵਾਰ ਜਰੂਰ ਸਾਫ ਕਰਨਾ ਚਾਹੀਦਾ ਹੈ। ਇਸ ਮੌਕੇ ਸਿਹਤ ਕਰਮਚਾਰੀ ਅਮਰਿੰਦਰ ਸਹਿਜ, ਲੈਕਚਰਾਰ ਗੁਰਲਾਲ ਸਿੰਘ ਬੋਪਾਰਾਏ, ਮਾਸਟਰ ਰੁਪਿੰਦਰ ਸਿੰਘ, ਮਾਸਟਰ ਪ੍ਰਿਤਪਾਲ ਸਿੰਘ, ਮੈਡਮ ਹਿਤਾਕਸ਼ੀ ਅਤੇ ਸਕੂਲ ਸਟਾਫ ਹਾਜ਼ਰ ਸੀ।

# ਬੀਵੀਐਮ ਸਕੂਲ 'ਚ ਪ੍ਰਭਾਵਸ਼ਾਲੀ ਪੇਸ਼ਕਾਰੀ ਸੈਸ਼ਨ ਕਰਵਾਇਆ



ਬਰਨਾਲਾ, 25 ਅਪ੍ਰੈਲ (ਅਮਨਦੀਪ ਸਿੰਘ):ਬੀਵੀਐਮ ਇੰਟਰਨੈਸ਼ਨਲ ਸਕੂਲ ਨੇ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੁਆਰਾ ਬਿਹਤਰ ਕੱਲ੍ਹ ਲਈ ਟਿਕਾਊ ਹੱਲ ਵਿਸ਼ੇ 'ਤੇ ਇੱਕ ਪ੍ਰਭਾਵਸ਼ਾਲੀ ਪੇਸ਼ਕਾਰੀ ਸੈਸ਼ਨ ਦਾ ਆਯੋਜਨ ਕੀਤਾ। ਇਸ ਗਤੀਵਿਧੀ ਦਾ ਉਦੇਸ਼ ਵਿਦਿਆਰਥੀਆਂ ਵਿੱਚ ਵਾਤਾਵਰਣ ਸੰਭਾਲ ਦੀ ਭਾਵਨਾ ਪੈਦਾ ਕਰਨਾ ਅਤੇ ਟਿਕਾਊ ਵਿਕਾਸ ਪ੍ਰਤੀ ਆਪਣੇ ਵਿਚਾਰ ਪ੍ਰਗਟ ਕਰਨ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਨਾ ਸੀ।ਇਸ ਮੌਕੇ ਵਿਦਿਆਰਥੀਆਂ ਨੇ ਪਾਣੀ ਦੀ ਸੰਭਾਲ, ਰਹਿੰਦ-ਖੂੰਹਦ ਪ੍ਰਬੰਧਨ, ਹਰੀ ਊਰਜਾ, ਵਾਤਾਵਰਣ ਅਨੁਕੂਲ ਉਤਪਾਦਾਂ ਅਤੇ ਪਲਾਸਟਿਕ ਦੇ ਵਿਕਲਪਾਂ ਵਰਗੇ ਵਿਸ਼ਿਆਂ 'ਤੇ ਸੋਚ-ਵਿਚਾਰ ਅਤੇ ਰਚਨਾਤਮਕ ਪੇਸ਼ਕਾਰੀਆਂ ਦਿੱਤੀਆਂ। ਪ੍ਰੋਗਰਾਮ ਵਿੱਚ ਵਿਦਿਆਰਥੀਆਂ ਦੇ ਪ੍ਰਦਰਸ਼ਨ ਨੇ ਸਾਬਤ ਕਰ ਦਿੱਤਾ ਕਿ ਨਵੀਂ ਪੀੜ੍ਹੀ ਨਾ ਸਿਰਫ਼ ਵਾਤਾਵਰਣ ਸੰਬੰਧੀ ਮੁੱਦਿਆਂ ਨੂੰ ਸਮਝਦੀ ਹੈ ਬਲਕਿ ਉਨ੍ਹਾਂ ਦੇ ਹੱਲ ਲਈ ਵੀ ਵਚਨਬੱਧ ਹੈ। ਇਨ੍ਹਾਂ ਵਿਚਾਰਾਂ ਨੂੰ ਸੁਣਕੇ, ਅਧਿਆਪਕਾਂ ਅਤੇ ਦਰਸ਼ਕਾਂ ਨੇ ਵਿਦਿਆਰਥੀਆਂ ਦੀ ਸੋਚ ਅਤੇ ਜਾਗਰੂਕਤਾ ਦੀ ਸ਼ਲਾਘਾ ਕੀਤੀ।ਇਸ ਮੌਕੇ ਸਕੂਲ ਦੇ ਚੇਅਰਮੈਨ ਪ੍ਰਮੋਦ ਅਰੋੜਾ, ਡਾਇਰੈਕਟਰ ਸ੍ਰੀਮਤੀ ਗੀਤਾ ਅਰੋੜਾ, ਨਿਖਿਲ ਅਰੋੜਾ ਅਤੇ ਸ੍ਰੀਮਤੀ ਨੇਹੁਲ ਅਰੋੜਾ ਨੇ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਹੋਰ ਨਵੀਨਤਾ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਕਿਹਾ ਕਿ ਅੱਜ ਦੀ ਨੌਜਵਾਨ ਪੀੜ੍ਹੀ ਕੱਲ੍ਹ ਦਾ ਭਵਿੱਖ ਤੈਅ ਕਰੇਗੀ ਅਤੇ ਅਜਿਹੀਆਂ ਗਤੀਵਿਧੀਆਂ ਉਨ੍ਹਾਂ ਨੂੰ ਜ਼ਿੰਮੇਵਾਰ ਨਾਗਰਿਕ ਬਣਨ ਵੱਲ ਸੇਧਿਤ ਕਰਦੀਆਂ ਹਨ।

# ਟ੍ਰਾਈਡੈਂਟ ਗਰੁੱਪ ਨੇ 10-ਦਿਨਾਂ ਮੈਗਾ ਕੈਂਸਰ ਸਕ੍ਰੀਨਿੰਗ ਕੈਂਪ ਨਾਲ ਸਮਾਜ ਭਲਾਈ ਪ੍ਰਤੀ ਆਪਣੀ ਵਚਨਬੱਧਤਾ ਨੂੰ ਦੁਹਰਾਇਆ



ਬਰਨਾਲਾ, 25 ਅਪ੍ਰੈਲ (ਬਘੇਲ ਸਿੰਘ ਧਾਲੀਵਾਲ):ਟੈਕਸਟਾਈਲ ਨਿਰਮਾਣ ਵਿੱਚ ਵਿਸ਼ਵ ਪੱਧਰ 'ਤੇ ਮੋਹਰੀ ਟ੍ਰਾਈਡੈਂਟ ਗਰੁੱਪ ਦੁਆਰਾ 10 ਦਿਨਾਂ ਦਾ ਕੈਂਸਰ ਸਕ੍ਰੀਨਿੰਗ ਅਤੇ ਜਾਗਰੂਕਤਾ ਕੈਂਪ ਲਗਾਇਆ ਗਿਆ ਹੈ। ਇਹ ਕੈਂਪ ਜੋ ਸ਼ੁੱਕਰਵਾਰ ਨੂੰ ਆਪਣੇ ਪੰਜਵੇਂ ਦਿਨ ਵਿੱਚ ਦਾਖਲ ਹੋਇਆ, ਦਾ ਉਦੇਸ਼ ਕੈਂਸਰ ਬਾਰੇ ਜਲਦੀ ਨਿਦਾਨ ਅਤੇ ਜਾਗਰੂਕਤਾ ਨੂੰ ਉਤਸ਼ਾਹਿਤ ਕਰਨਾ ਹੈ, ਇਸਦੇ ਲਾਭਪਾਤਰੀਆਂ ਨੂੰ ਲੱਛਣਾਂ ਦੀ ਪਛਾਣ ਕਰਨ ਵਿੱਚ ਮਦਦ ਕਰਨਾ ਅਤੇ ਬਿਮਾਰੀ ਨੂੰ ਵਧਣ ਤੋਂ ਰੋਕਣਾ ਹੈ। ਟ੍ਰਾਈਡੈਂਟ ਗਰੁੱਪ ਦੇ ਚੇਅਰਮੈਨ ਐਮਰੀਟਸ ਰਜਿੰਦਰ ਗੁਪਤਾ ਦੀ ਅਗਵਾਈ ਹੇਠ, ਇਹ ਸੀਐਸਆਰ ਪਹਿਲਕਦਮੀ ਟ੍ਰਾਈਡੈਂਟ ਹਿਊਮੈਨਿਟੀ ਫਾਊਂਡੇਸ਼ਨ ਦੁਆਰਾ ਵਰਲਡ ਕੈਂਸਰ ਕੇਅਰ ਚੈਰੀਟੇਬਲ ਸੋਸਾਇਟੀ ਦੇ ਚੇਅਰਮੈਨ ਕੁਲਵੰਤ ਸਿੰਘ ਧਾਲੀਵਾਲ ਦੇ ਸਹਿਯੋਗ ਨਾਲ ਆਯੋਜਿਤ ਕੀਤੀ ਜਾ ਰਹੀ ਹੈ। ਇਸ ਕੈਂਸਰ ਸਕ੍ਰੀਨਿੰਗ ਅਤੇ ਜਾਗਰੂਕਤਾ ਕੈਂਪ ਦਾ ਉਦਘਾਟਨ ਸੋਮਵਾਰ ਨੂੰ ਡੀਆਈਜੀ ਸੁਖਵੰਤ ਸਿੰਘ ਗਿੱਲ ਨੇ ਕੀਤਾ। ਇਸ ਮੌਕੇ ਬਰਨਾਲਾ ਦੇ ਐਸਐਸਪੀ ਸਰਫਰਾਜ਼ ਆਲਮ, ਐਸਪੀ ਰਾਜੇਸ਼ ਕੁਮਾਰ ਛਿੱਬਰ ਅਤੇ ਕੁਲਵੰਤ ਸਿੰਘ ਧਾਲੀਵਾਲ ਵੀ ਹਾਜ਼ਰ ਸਨ। ਟ੍ਰਾਈਡੈਂਟ ਦੇ ਅਧਿਕਾਰੀ ਅਤੇ ਬਰਨਾਲਾ ਕ੍ਰਿਕਟ ਐਸੋਸੀਏਸ਼ਨ ਦੇ ਸਕੱਤਰ ਰੁਪਿੰਦਰ ਗੁਪਤਾ ਨੇ ਸਮਾਗਮ ਵਿੱਚ ਸ਼ਾਮਲ ਹੋਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਕੈਂਪ ਇੱਕ ਅਜਿਹੀ ਬਿਮਾਰੀ ਵਿਰੁੱਧ ਇੱਕਜੁੱਟ ਹੋਣ ਦਾ ਮੌਕਾ ਹੈ ਜਿਸਨੇ ਅਣਗਿਣਤ ਲੋਕਾਂ ਅਤੇ ਪਰਿਵਾਰਾਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਕੈਂਸਰ ਸ਼ਬਦ ਡਰ ਅਤੇ ਚਿੰਤਾ ਪੈਦਾ ਕਰਦਾ ਹੈ, ਪਰ ਇੱਥੇ ਇਕੱਠੇ ਹੋਏ ਲੋਕ ਡਰ ਨੂੰ ਉਮੀਦ, ਚਿੰਤਾ ਨੂੰ ਜਾਗਰੂਕਤਾ ਅਤੇ ਨਿਰਾਸ਼ਾ ਨੂੰ ਸਾਂਝੇ ਯਤਨਾਂ ਵਿੱਚ ਬਦਲਣ ਦੇ ਸਮੂਹਿਕ ਵਾਅਦੇ ਦਾ ਪ੍ਰਤੀਕ ਹਨ ਸ਼ੁੱਕਰਵਾਰ ਸ਼ਾਮ ਤੱਕ ਕੈਂਸਰ ਸਕ੍ਰੀਨਿੰਗ ਅਤੇ ਜਾਗਰੂਕਤਾ ਕੈਂਪ ਦੇ ਪਹਿਲੇ ਪੰਜ ਦਿਨਾਂ ਵਿੱਚ ਕੁੱਲ 2,376 ਲੋਕਾਂ ਨੇ ਰਜਿਸਟ੍ਰੇਸ਼ਨ ਕਰਵਾਈ, ਜਿਨ੍ਹਾਂ ਵਿੱਚੋਂ ਜ਼ਿਆਦਾਤਰ ਔਰਤਾਂ ਸਨ, ਜਿਨ੍ਹਾਂ ਦੀ ਗਿਣਤੀ 1,283 (54%) ਸੀ। ਮਾਹਰ ਡਾਕਟਰਾਂ ਦੀ ਇੱਕ ਟੀਮ ਇੱਥੇ ਕੈਂਸਰ ਬਾਰੇ ਮੁਫ਼ਤ ਸਲਾਹ ਅਤੇ ਜਾਣਕਾਰੀ ਪ੍ਰਦਾਨ ਕਰ ਰਹੀ ਹੈ। ਕੈਂਪ ਵਿੱਚ ਬਲੱਡ ਸ਼ੂਗਰ ਅਤੇ ਬਲੱਡ ਪ੍ਰੈਸ਼ਰ ਦੀ ਜਾਂਚ ਦੇ ਨਾਲ; ਔਰਤਾਂ ਵਿਚ ਛਾਤੀ ਦੇ ਕੈਂਸਰ ਦੀ ਜਾਂਚ ਲਈ ਮੈਮੋਗ੍ਰਾਫੀ; ਔਰਤਾਂ ਵਿੱਚ ਸਰਵਾਈਕਲ ਕੈਂਸਰ ਲਈ ਪੈਪ ਸਮੀਅਰ ਟੈਸਟ; ਮਰਦਾਂ ਲਈ ਪੀ ਐਸ ਏ ਟੈਸਟ ਅਤੇ ਪ੍ਰੋਸਟੇਟ ਕੈਂਸਰ ਸਕ੍ਰੀਨਿੰਗ, ਨਾਲ ਹੀ ਖੂਨ ਦੇ ਕੈਂਸਰ, ਮੂੰਹ ਅਤੇ ਗਲੇ ਦੇ ਕੈਂਸਰ ਦੀ ਸਕ੍ਰੀਨਿੰਗ ਅਤੇ ਬੋਨ ਡੇਨਸਿਟੀ ਟੈਸਟ ਕੀਤੇ ਜਾ ਰਹੇ ਹਨ। ਕੈਂਪ ਵਿੱਚ ਅੱਖਾਂ ਦੀ ਜਾਂਚ ਦਾ ਵੀ ਪ੍ਰਬੰਧ ਹੈ ਅਤੇ ਇਸ ਜਾਂਚ ਤੋਂ ਬਾਅਦ ਲੋਕਾਂ ਨੂੰ ਮੁਫ਼ਤ ਐਨਕਾਂ ਵੀ ਦਿੱਤੀਆਂ ਜਾ ਰਹੀਆਂ ਹਨ।ਟ੍ਰਾਈਡੈਂਟ ਗਰੁੱਪ ਨੇ ਇਲਾਕੇ ਦੇ ਸਾਰੇ ਗ੍ਰਾਮ ਪ੍ਰਧਾਨਾਂ, ਪੰਚਾਇਤਾਂ, ਨਗਰ ਕੌਂਸਲਰਾਂ, ਪੱਤਰਕਾਰਾਂ ਅਤੇ ਪਤਵੰਤਿਆਂ ਦਾ ਧੰਨਵਾਦ ਕੀਤਾ ਅਤੇ ਲੋੜਵੰਦ ਲੋਕਾਂ ਨੂੰ ਲਾਭ ਪਹੁੰਚਾਉਣ ਲਈ ਵਿਆਪਕ ਭਾਗੀਦਾਰੀ ਦੀ ਅਪੀਲ ਕੀਤੀ। ਕੈਂਸਰ ਸਕ੍ਰੀਨਿੰਗ ਅਤੇ ਜਾਗਰੂਕਤਾ ਕੈਂਪ 30 ਅਪ੍ਰੈਲ ਤੱਕ ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਲਗਾਇਆ ਜਾਵੇਗਾ।

# ਏਅਰਪੋਰਟ 'ਤੇ ਗਿਆਨੀ ਰਘਬੀਰ ਸਿੰਘ ਨਾਲ ਦੁਰਵਿਵਹਾਰ ਅਤਿ ਨਿੰਦਣਯੋਗ : ਨਰਿੰਦਰ ਸਿੰਘ ਕਾਲਾਬੂਲਾ



ਸ਼ੇਰਪੁਰ, 25 ਅਪ੍ਰੈਲ (ਰਣਜੀਤ ਸਿੰਘ ਪੇਧਨੀ):ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਹੈੱਡ ਗ੍ਰੰਥੀ ਤੇ ਸਾਬਕਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨਾਲ ਏਅਰਪੋਰਟ ਤੇ ਉਸਦੇ ਸਟਾਫ ਵੱਲੋਂ ਕੀਤੇ ਗਏ ਦੁਰਵਿਵਹਾਰ ਦੀ ਕਰੜੇ ਸ਼ਬਦਾਂ ਵਿੱਚ ਨਿੰਦਾ ਕਰਦੇ ਹਾਂ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮੀਤ ਪ੍ਰਧਾਨ ਨਰਿੰਦਰ ਸਿੰਘ ਕਾਲਾਬੂਲਾ ਨੇ ਕੀਤਾ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਗ੍ਰੰਥੀ ਦੀ ਪਦਵੀ ਬਹੁਤ ਹੀ ਸਤਿਕਾਰਯੋਗ ਹੈ ਕਿਉਂਕਿ ਇਹ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਵੱਲੋਂ ਥਾਪੇ ਗਏ ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਤੋਂ ਲੈ ਕੇ ਚੱਲਦੀ ਆ ਰਹੀ ਸਿੱਖਾਂ ਦੀ ਵਿਲੱਖਣ ਵਿਰਾਸਤ ਦਾ ਹਿੱਸਾ ਹੈ, ਇਸ ਲਈ ਕੇਂਦਰੀ ਏਜੰਸੀਆਂ ਅਤੇ ਹਵਾਈ ਅੱਡੇ ਉੱਤੇ ਤਾਇਨਾਤ ਅਧਿਕਾਰੀਆਂ ਨੂੰ ਇਨ੍ਹਾਂ ਦੇ ਸਤਿਕਾਰ ਤੇ ਸਨਮਾਨ ਦਾ ਹਮੇਸ਼ਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਹਵਾਈਬਾਜ਼ੀ ਮੰਤਰੀ ਨੂੰ ਇਸ ਘਟਨਾ ਦਾ ਤੁਰੰਤ ਨੋਟਿਸ ਲੈ ਕੇ ਕਾਰਵਾਈ ਕਰਨੀ ਚਾਹੀਦੀ ਹੈ।

# ਜੈ ਵਾਟਿਕਾ ਸਕੂਲ ਵੱਲੋਂ ਵਿਸ਼ੇਸ਼ ਵਿਦਿਅਕ ਅਤੇ ਵਾਤਾਵਰਨ ਗਤੀਵਿਧੀ ਕਰਵਾਈ



ਬਰਨਾਲਾ, 25 ਅਪ੍ਰੈਲ (ਹਿਮਾਂਸ਼ੂ ਗਰਗ):ਜੈ ਵਾਟਿਕਾ ਪਬਲਿਕ ਸਕੂਲ ਨੇ ਇੱਕ ਵਿਸ਼ੇਸ਼ ਵਿੱਦਿਅਕ ਅਤੇ ਵਾਤਾਵਰਣ ਗਤੀਵਿਧੀ ਦਾ ਆਯੋਜਨ ਕੀਤਾ।,ਜਿਸ ਵਿੱਚ 11ਵੀਂ ਅਤੇ 12ਵੀਂ ਜਮਾਤ ਦੇ ਵਿਗਿਆਨ ਦੇ ਵਿਦਿਆਰਥੀਆਂ ਨੇ ਸਕੂਲ ਦੇ ਬਗੀਚੇ ਦਾ ਦੌਰਾ ਕੀਤਾ ਅਤੇ ਵੱਖ-ਵੱਖ ਪੌਦਿਆਂ 'ਤੇ ਬਾਰਕੋਡ ਲਗਾਕੇ ਉਨ੍ਹਾਂ ਬਾਰੇ ਜਾਣਕਾਰੀ ਇਕੱਠੀ ਕੀਤੀ। ਇਸ ਗਤੀਵਿਧੀ ਰਾਹੀਂ,ਵਿਦਿਆਰਥੀਆਂ ਨੇ ਪੌਦਿਆਂ ਦੀਆਂ ਕਿਸਮਾਂ, ਉਨ੍ਹਾਂ ਦੇ ਉਪਯੋਗ, ਦੇਖਭਾਲ ਅਤੇ ਵਾਤਾਵਰਣ ਵਿੱਚ ਮਹੱਤਵ ਬਾਰੇ ਗਿਆਨ ਪ੍ਰਾਪਤ ਕੀਤਾ ਅਤੇ ਇਸਨੂੰ ਦੂਜੇ ਵਿਦਿਆਰਥੀਆਂ ਨਾਲ ਸਾਂਝਾ ਕੀਤਾ। ਵਿਦਿਆਰਥੀਆਂ ਨੇ ਵਿਗਿਆਨਕ ਦ੍ਰਿਸ਼ਟੀਕੋਣ ਨਾਲ ਤਕਨਾਲੋਜੀ ਦੀ ਵਰਤੋਂ ਕਰਕੇ ਵਾਤਾਵਰਣ ਜਾਗਰੂਕਤਾ ਨੂੰ ਉਤਸ਼ਾਹਿਤ ਕੀਤਾ। ਉਨ੍ਹਾਂ ਨੇ ਪੌਦਿਆਂ ਦੀ ਪਛਾਣ ਕਰਨ ਲਈ ਕਿਊਆਰ ਕੋਡ ਅਤੇ ਬਾਰਕੋਡ ਦੀ ਵਰਤੋਂ ਕੀਤੀ, ਜਿਸ ਨਾਲ ਡਿਜੀਟਲ ਰੂਪ ਵਿੱਚ ਜਾਣਕਾਰੀ ਨੂੰ ਸੁਰੱਖਿਅਤ ਕਰਨਾ ਅਤੇ ਸਾਂਝਾ ਕਰਨਾ ਸੰਭਵ ਹੋ ਗਿਆ। ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਨੇ ਵਿਦਿਆਰਥੀਆਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਵਿਦਿਆਰਥੀਆਂ ਵਿੱਚ ਖੋਜ ਦੀ ਭਾਵਨਾ, ਤਕਨੀਕੀ ਮੁਹਾਰਤ, ਕੁਦਰਤ ਪ੍ਰਤੀ ਸੰਵੇਦਨਸ਼ੀਲਤਾ ਅਤੇ ਟੀਮ ਭਾਵਨਾ ਦਾ ਵਿਕਾਸ ਕਰਦੀਆਂ ਹਨ।

# ਸਾਨੂੰ ਮੋਬਾਇਲ ਦਾ ਖਹਿੜਾ ਛੱਡਕੇ ਕਿਤਾਬਾਂ ਵੱਲ ਧਿਆਨ ਦੇਣਾ ਚਾਹੀਦੈ : ਪ੍ਰਿੰਸੀਪਲ



ਭਦੌੜ, 25 ਅਪ੍ਰੈਲ (ਸੁਖਵਿੰਦਰ ਪਲਾਹਾ):ਮੀਰੀ ਪੀਰੀ ਖਾਲਸਾ ਕਾਲਜ ਭਦੌੜ ਵਿਖੇ ਵਿਸ਼ਵ ਪੁਸਤਕ ਦਿਵਸ ਮਨਾਇਆ। ਇਸ ਸੰਬੰਧ ਵਿੱਚ ਕਾਲਜ ਲਾਇਬ੍ਰੇਰੀਅਨ ਸ਼੍ਰੀਮਤੀ ਕੁਲਜੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਸ਼ਵ ਪੁਸਤਕ ਦਿਵਸ ਦੇ ਸੰਬੰਧ ਵਿੱਚ ਇਹ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਵਿੱਚ ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਮੌਕੇ ਵਿਦਿਆਰਥੀਆਂ ਵਿੱਚ ਕਹਾਣੀ ਲਿਖਣ ਦੀ ਗਤੀਵਿਧੀ ਵੀ ਕਾਰਵਾਈ ਗਈ। ਪੰਜਾਬੀ ਵਿਭਾਗ ਦੇ ਮੁਖੀ ਡਾ. ਮਨਦੀਪ ਕੌਰ ਨੇ ਸੰਬੋਧਨ ਕਰਦੇ ਹੋਏ ਕਿਹਾ ਕਿ ਸਾਨੂੰ ਰੋਜ਼ਾਨਾ ਜੀਵਨ ਵਿੱਚ ਵੱਧ ਤੋਂ ਵੱਧ ਕਿਤਾਬਾਂ ਨਾਲ ਜੁੜਨਾ ਚਾਹੀਦਾ ਹੈ, ਜੋ ਮਨੁੱਖ ਨੂੰ ਪਸ਼ੂ ਜੀਵਨ ਵਿੱਚੋਂ ਕੱਢ ਕੇ ਜੀਵਨ ਦੀ ਸਹੀ ਜਾਂਚ ਸਿਖਾਉਂਦੀਆਂ ਹਨ। ਇਸ ਤੋਂ ਬਾਅਦ ਕਾਲਜ ਪ੍ਰਿੰਸੀਪਲ ਪ੍ਰੋ. ਮਲਵਿੰਦਰ ਸਿੰਘ ਨੇ ਸਮੁੱਚੇ ਪ੍ਰੋਗਰਾਮ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਾਨੂੰ ਵੱਧ ਤੋਂ ਵੱਧ ਕਿਤਾਬਾਂ ਨਾਲ ਜੁੜਨਾ ਚਾਹੀਦਾ ਹੈ, ਜੋ ਕਿ ਸਾਨੂੰ ਜੀਵਨ ਦੇ ਅਹਿਮ ਪੱਖਾਂ ਬਾਰੇ ਜਾਣਕਾਰੀ ਦਿੰਦੀਆਂ ਹਨ। ਸਾਨੂੰ ਮੋਬਾਈਲ ਦਾ ਖਹਿੜਾ ਛੱਡਕੇ ਕਿਤਾਬਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਆਪਣਾ ਕੀਮਤੀ ਸਮਾਂ ਜਾਇਆ ਕਰਨ ਦੀ ਬਜਾਏ ਵੱਧ ਤੋਂ ਵੱਧ ਲਾਇਬ੍ਰੇਰੀ ਵਿੱਚ ਬਤੀਤ ਕਰਨਾ ਚਾਹੀਦਾ ਹੈ। ਇਸ ਉਪਰੰਤ ਉਨ੍ਹਾਂ ਸਮੁੱਚੇ ਪ੍ਰੋਗਰਾਮ ਲਈ ਸਮੂਹ ਸਟਾਫ ਦਾ ਧੰਨਵਾਦ ਕੀਤਾ ਅਤੇ ਅੱਗੇ ਤੋਂ ਅਜਿਹੇ ਪ੍ਰੋਗਰਾਮ ਕਰਵਾਉਣ ਲਈ ਪ੍ਰੇਰਿਤ ਵੀ ਕੀਤਾ। ਸਟੇਜ ਦੀ ਭੂਮਿਕਾ ਸ੍ਰੀਮਤੀ ਕੁਲਜੀਤ ਕੌਰ ਵੱਲੋਂ ਬਾਖੂਬੀ ਨਿਭਾਈ ਗਈ। ਇਸ ਮੌਕੇ ਕਾਲਜ ਦਾ ਸਮੂਹ ਸਟਾਫ ਤੇ ਵਿਦਿਆਰਥੀ ਸ਼ਾਮਿਲ ਸਨ।

# ਵਾਈਐਸ ਸਕੂਲ ਬਰਨਾਲਾ ਦੀ ਅਦਭੁਤ ਪਹਿਲ : ਜਮਾਤ ਦੇ ਕਮਰੇ ਤੋਂ ਬਾਹਰ ਯਥਾਰਥ ਸਿੱਖਣ ਦਾ ਪ੍ਰਤੱਖ ਅਨੁਭਵ



ਬਰਨਾਲਾ, 25 ਅਪ੍ਰੈਲ (ਤੁਸ਼ਾਰ ਗੋਇਲ)-ਵਾਈਐਸ ਸਕੂਲ ਬਰਨਾਲਾ ਆਪਣੇ ਯਥਾਰਥ ਅਤੇ ਪ੍ਰਤੱਖ ਅਧਿਆਪਨ ਵਿਧੀਆਂ ਲਈ ਪੂਰੇ ਇਲਾਕੇ ਵਿੱਚ ਪ੍ਰਸਿੱਧ ਹੈ। ਬੀਤੇ ਦਿਨੀਂ ਵਿਸ਼ਵ ਧਰਤੀ ਦਿਵਸ ਦੇ ਮੌਕੇ 'ਤੇ ਇੱਕ ਵਾਰ ਫਿਰ ਵਾਈਐੱਸ ਸਕੂਲ ਦੇ ਵਿਦਿਆਰਥੀਆਂ ਨੂੰ ਸਕੂਲ ਅਤੇ ਜਮਾਤ ਤੇ ਕਮਰੇ ਤੋਂ ਬਾਹਰ ਕੁਦਰਤ ਦੀ ਗੋਦ ਵਿੱਚ ਪ੍ਰਤੱਖ ਰੂਪ ਵਿੱਚ ਆਪਣੀ ਸਿੱਖਿਆ ਨੂੰ ਅਮਲੀ ਰੂਪ ਦੇਣ ਦਾ ਮੌਕਾ ਮਿਲਿਆ। ਬੱਚਿਆਂ ਨੇ ਸ਼ਹਿਰ ਦੇ ਪਾਰਕ ਵਿੱਚ ਪੰਛੀਆਂ ਲਈ ਘਰ ਬਣਾ ਬਣਾ ਕੇ ਟੰਗੇ, ਪੁਰਾਣੀਆਂ ਬੋਤਲਾਂ ਅਤੇ ਹੋਰ ਪੁਰਾਣੇ ਜਮਾਨ ਦਾ ਇਸਤੇਮਾਲ ਕਰਦੇ ਹੋਏ ਪੰਛੀਆਂ ਲਈ ਚੋਗਾ ਅਤੇ ਪਾਣੀ ਰੱਖਣ ਦੇ ਬਰਤਨ ਬਣਾਏ। ਇਸ ਤੋਂ ਇਲਾਵਾ ਬੱਚਿਆਂ ਨੇ ਪਾਰਕ ਵਿੱਚ ਸਟੋਨ ਪੇਂਟਿੰਗ, ਲੀਫ ਪੇਂਟਿੰਗ ਅਤੇ ਉੱਥੇ ਮੌਜੂਦ ਬੱਚਿਆਂ ਦੇ ਚਿਹਰਿਆਂ ਤੇ ਫੇਸ ਪੇਂਟਿੰਗ ਕਰਕੇ ਆਪਣੀ ਕਲਾ ਦਾ ਪ੍ਰਦਰਸ਼ਨ ਵੀ ਕੀਤਾ। ਸਕੂਲ ਦੁਆਰਾ ਬੱਚਿਆਂ ਨੂੰ ਆਪਣੇ ਗਿਆਨ ਦਾ ਯਥਾਰਥ ਇਸਤੇਮਾਲ ਕਰਨ ਲਈ ਅਵਸਰ ਦੇ ਕੇ ਕੁਦਰਤ ਅਤੇ ਸਮਾਜ ਨਾਲ ਜੁੜਨ ਦਾ ਇਹ ਬਹੁਤ ਵਧੀਆ ਉਪਰਾਲਾ ਸੀ।

# ਸ਼ੈਮਰੋਕ ਸਕੂਲ 'ਚ ਸੁੰਦਰ ਲਿਖਾਈ ਮੁਕਾਬਲੇ ਕਰਵਾਏ




ਤਪਾ ਮੰਡੀ, 25 ਅਪ੍ਰੈਲ (ਭੂਸ਼ਣ ਘੜੈਲਾ)ਸ਼ੈਮਰੋਕ ਇੰਟਰਨੈਸ਼ਨਲ ਪਬਲਿਕ ਸਕੂਲ ਵਿੱਚ ਪਹਿਲੀ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਦੇ ਸੁੰਦਰ ਲਿਖਾਈ ਮੁਕਾਬਲੇ ਕਰਵਾਏ ਗਏ,ਜਿਨ੍ਹਾਂ ਵਿੱਚ ਪਹਿਲਾ,ਦੂਸਰਾ ਅਤੇ ਤੀਸਰਾ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰਿੰਸੀਪਲ ਮੈਡਮ ਟੈਰੇਸਾ ਓਸਫ ਦੁਆਰਾ ਸਨਮਾਨਿਤ ਕੀਤਾ ਗਿਆ। ਚੇਅਰਮੈਨ ਸੁਖਮੀਤ ਸਿੰਘ ਧਾਲੀਵਾਲ ਅਤੇ ਪ੍ਰਿੰਸੀਪਲ ਮੈਡਮ ਦੁਆਰਾ ਦੂਸਰੇ ਬੱਚਿਆਂ ਨੂੰ ਵੀ ਇਸ ਤਰ੍ਹਾਂ ਦੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਗਿਆ।

# ਪਹਿਲਗਾਮ ਵਿਖੇ ਮਾਰੇ ਗਏ ਲੋਕਾਂ ਨੂੰ ਦਿੱਤੀ ਸ਼ਰਧਾਂਜਲੀ ਅਤੇ ਕੱਢਿਆ ਰੋਸ ਮਾਰਚ

ਬਰਨਾਲਾ, 25 ਅਪ੍ਰੈਲ (ਸੁਖਵਿੰਦਰ ਸਿੰਘ ਭੰਡਾਰੀ):ਕਾਂਗਰਸ ਪਾਰਟੀ ਦੀ ਹਾਈਕਮਾਂਡ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਹਿਲਾ ਕਾਂਗਰਸ ਜ਼ਿਲ੍ਹਾ ਬਰਨਾਲਾ ਵੱਲੋਂ ਪਹਿਲਗਾਮ ਵਿਖੇ ਅੱਤਵਾਦੀ ਹਮਲੇ 'ਚ ਮਾਰੇ ਗਏ ਨਿਹੱਥੇ ਅਤੇ ਬੇਕਸੂਰ ਸੈਲਾਨੀਆਂ ਨੂੰ ਬਰਨਾਲਾ ਦੇ ਨਹਿਰੂ ਚੌਂਕ ਵਿਖੇ ਕੈਂਡਲ ਮਾਰਚ ਦੌਰਾਨ ਸ਼ਰਧਾਂਜਲੀ ਭੇਂਟ ਕੀਤੀ ਗਈ ਅਤੇ ਰੋਸ ਮਾਰਚ ਕੱਢਿਆ ਗਿਆ।




ਇਸ ਮੌਕੇ ਦੋ ਮਿੰਟ ਦਾ ਮੌਨ ਰੱਖਿਆ ਗਿਆ। ਇਸ ਦੌਰਾਨ ਮਹਿਲਾ ਕਾਂਗਰਸ ਪੰਜਾਬ ਦੀ ਸੂਬਾ ਮੀਤ ਪ੍ਰਧਾਨ ਸੁਖਜੀਤ ਕੌਰ ਸੁੱਖੀ ਅਤੇ ਹਰਵਿੰਦਰ ਕੌਰ ਪੰਮੀ ਸੂਬਾ ਸਕੱਤਰ ਕਿਸਾਨ ਕਾਂਗਰਸ ਪੰਜਾਬ ਨੇ ਕਿਹਾ ਕਿ ਪਹਿਲਗਾਮ ਦੀ ਇਸ ਘਟਨਾ ਨੇ ਦੇਸ਼ ਨੂੰ ਝੰਜੋੜ ਕੇ ਰੱਖ ਦਿੱਤਾ ਹੈ।

ਉਨ੍ਹਾਂ ਕੇਂਦਰ ਸਰਕਾਰ ਤੋਂ ਜ਼ੋਰਦਾਰ ਮੰਗ ਕੀਤੀ ਕਿ ਨਿਰਦੋਸ਼ਾਂ ਦਾ ਖੂਨ ਵਹਾਉਣ ਵਾਲੇ ਅੱਤਵਾਦੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਕਸ਼ਮੀਰ ਵਿਚ ਸੈਲਾਨੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਏ । ਉਨ੍ਹਾਂ ਸਰਬ ਪਾਰਟੀ ਮੀਟਿੰਗ ਬੁਲਾਉਣ ਦੀ ਮੰਗ ਵੀ ਕੀਤੀ। ਉਨ੍ਹਾਂ ਇਸ ਹਮਲੇ ਵਿਚ ਮਾਰੇ ਗਏ 28 ਸੈਲਾਨੀਆਂ ਦੇ ਪੀੜ੍ਹਤ ਪਰਿਵਾਰਾਂ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਉਨਾਂ ਕਿਹਾ ਕਿ ਇਹ ਅੱਤਵਾਦੀ ਹਮਲਾ ਸੋਚੀ ਸਮਝੀ ਸਾਜ਼ਿਸ਼ ਦਾ ਹਿੱਸਾ ਅਤੇ ਇਨਸਾਨੀਅਤ ਦੇ ਮੱਥੇ ਤੇ ਕਾਲਾ ਧੱਬਾ ਹੈ, ਜਿਸ ਵਿਚ ਬੇਗੁਨਾਹ ਤੇ ਬੇਕਸੂਰ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ। ਅਜਿਹੀ ਹਿੰਸਕ ਘਟਨਾ ਦੇਸ਼ ਦੇ ਭਾਈਚਾਰੇ, ਪਿਆਰ ਅਤੇ ਸਾਂਝੀ ਸਭਿਆਚਾਰ ਨੂੰ ਖੰਡਿਤ ਕਰਨ ਦੀ ਕੋਸ਼ਿਸ਼ ਹੈ,ਜਿਸ ਨੂੰ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਦੇਸ਼ ਦੇ ਲੋਕਾਂ ਨੂੰ ਦੇਸ਼ ਦੀ ਏਕਤਾ, ਅਖੰਡਤਾ, ਆਪਸੀ ਭਾਈਚਾਰਕ ਸਾਂਝ ਬਣਾਈ ਰੱਖਣ ਦੀ ਅਪੀਲ ਕੀਤੀ। ਇਸ ਮੌਕੇ ਮਹਿਲਾ ਕਾਂਗਰਸ ਦੀ ਜ਼ਿਲ੍ਹਾ ਪ੍ਰਧਾਨ ਮਨਵਿੰਦਰ ਕੌਰ, ਰਾਜਿੰਦਰ ਕੌਰ ਘਾਰੂ, ਮਲਕੀਤ ਕੌਰ ਸਹੋਤਾ, ਰਾਣੀ ਕੌਰ ਸੇਖਾ ਐਮ ਸੀ, ਗਿਆਨ ਕੌਰ, ਪਰਮਜੀਤ ਕੌਰ ਧੌਲਾ ਆਦਿ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਇਨ੍ਹਾਂ ਤੋਂ ਇਸ ਮੌਕੇ ਭਾਰੀ ਗਿਣਤੀ ਚ ਮਹਿਲਾ ਕਾਂਗਰਸ ਦੀਆਂ ਕਾਰਕੁੰਨਾਂ ਨੇ ਵੀ ਭਾਗ ਲਿਆ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਮੈਡੀਕਲ ਸਟੋਰਾਂ ਦੀ ਚੈਕਿੰਗ

ਬਰਨਾਲਾ, 25 ਅਪ੍ਰੈਲ (ਚਮਕੌਰ ਸਿੰਘ ਗੱਗੀ):ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸ਼੍ਰੀਮਤੀ ਪਰਨੀਤ ਕੌਰ ਡਰੱਗਜ਼ ਕੰਟਰੋਲ ਅਫ਼ਸਰ, ਬਰਨਾਲਾ ਵੱਲੋਂ ਦਰਾਜ, ਤਾਜੋਕੇ ਦੇ ਮੈਡੀਕਲ ਸਟੋਰਾਂ ਦੀ ਚੈਕਿੰਗ ਕੀਤੀ ਗਈ। ਇਸ ਦੌਰਾਨ ਜੋਬਨ ਮੈਡੀਕਲ ਅਤੇ ਦਸ਼ਮੇਸ਼ ਮੈਡੀਕਲ ਪਿੰਡ ਦਰਾਜ ਵਿੱਚ ਡਰੱਗਜ਼ ਅਤੇ ਕਾਸਮੈਟਿਕ ਐਕਟ,1940 ਅਤੇ ਰੂਲ 1945 ਦੀਆਂ ਧਾਰਾਵਾਂ ਦੀ ਉਲੰਘਣਾ ਪਾਈ ਗਈ। ਚੈਕਿੰਗ ਦੌਰਾਨ ਕੋਈ ਨਸ਼ੀਲੀ ਦਵਾਈ ਨਹੀ ਮਿਲੀ। ਇਸ ਦੌਰਾਨ ਮੈਸ ਸ੍ਰੀਬਾਲਾ ਜੀ ਮੈਡੀਕੋਜ਼ ਸਦਰ ਬਾਜ਼ਾਰ,



ਬਰਨਾਲਾ ਦੀ ਚੈਕਿੰਗ ਕੀਤੀ ਗਈ ਅਤੇ 3 ਦਵਾਈਆਂ ਦੇ ਸੈਂਪਲ ਲਏ ਗਏ। ਇਸ ਸੰਬੰਧੀ ਉਚ ਅਧਿਕਾਰੀਆਂ ਨੂੰ ਅਗਲੀ ਕਾਰਵਾਈ ਲਈ ਸੂਚਿਤ ਕੀਤਾ ਗਿਆ ਹੈ।

# ਪੰਜਾਬ ਸਿੱਖਿਆ ਕ੍ਰਾਂਤੀ' ਰਾਹੀਂ ਪੰਜਾਬ 'ਚ ਸਿੱਖਿਆ ਢਾਂਚੇ ਨੂੰ ਮਿਲੀ ਮਜ਼ਬੂਤੀ :ਚੇਅਰਮੈਨ ਘੁੱਲੀ, ਢਿੱਲੋਂ

ਧੂਰੀ, 25 ਅਪ੍ਰੈਲ ( ਰਣਜੀਤ ਸਿੰਘ ਪੇਧਨੀ) : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਸਿੱਖਿਆ ਕ੍ਰਾਂਤੀ ਦੇ ਨਾਲ ਬਦਲਦਾ ਪੰਜਾਬ ਮੁਹਿੰਮ ਅਧੀਨ ਬੇਨੜਾ ਦੇ ਸਰਕਾਰੀ ਹਾਈ ਸਮਾਰਟ ਸਕੂਲ ਵਿੱਚ ਪੂਰੇ ਹੋਏ ਵਿਕਾਸ ਕਾਰਜਾਂ ਦਾ ਉਦਘਾਟਨ ਮੁੱਖ ਮੰਤਰੀ ਕੈਂਪਸ ਇੰਚਾਰਜ ਰਾਜਵੰਤ ਸਿੰਘ ਘੁੱਲੀ ਚੇਅਰਮੈਨ ਮਾਰਕੀਟ ਕਮੇਟੀ ਧੂਰੀ ਅਤੇ ਮੁੱਖ ਮੰਤਰੀ ਕੈਂਪਸ ਇੰਚਾਰਜ ਸ,ਦਲਵੀਰ ਸਿੰਘ ਢਿੱਲੋ ਚੇਅਰਮੈਨ ਲਘੂ ਉਦਯੋਗ ਨਿਗਮ ਪੰਜਾਬ ਨੇ ਸਾਂਝੇ ਤੌਰ 'ਤੇ ਕੀਤਾ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦਾ ਮੁੱਖ ਟੀਚਾ ਹੈ ਕਿ ਹਰ ਬੱਚੇ ਨੂੰ ਸੁਰੱਖਿਅਤ ਅਤੇ ਵਧੀਆ ਸਿੱਖਿਆ ਵਾਲਾ ਵਾਤਾਵਰਣ ਮਿਲੇ ਪਿੰਡਾਂ ਦੇ ਸਕੂਲਾਂ ਨੂੰ ਸਮਾਰਟ ਸਕੂਲ ਬਣਾਉਣ ਵੱਲ ਇਹ ਇੱਕ ਵੱਡਾ ਕਦਮ ਹੈ। ਇਸ ਮੌਕੇ ਚੇਅਰਮੈਨ ਸ੍ਰੀ ਅਸ਼ੋਕ ਕੁਮਾਰ ਲੱਖਾ,ਸਿੱਖਿਆ ਕੋਆਰਡੀਨੇਟਰ ਦਰਸਨ ਸਿੰਘ ਪਾਠਕ, ਸਰਪੰਚ ਗੋਪਾਲ ਕ੍ਰਿਸਨ ਬੇਨੜਾ, ਗੁਰਚਰਨ ਸਿੰਘ ਕਾਲਾ, ਗਗਨ ਜਵੰਧਾ, ਗੁਰਤੇਜ ਸਿੰਘ ਤੇਜੀ,ਜਸਵਿੰਦਰ ਸਿੰਘ, ਭਿੰਦਾ ਵਿਰਕ, ਮਾਣਾ ਗਰੇਵਾਲ, ਜਗਸੀਰ ਸਿੰਘ ਲੱਡਾ, ਨੰਬਰਦਾਰ ਰਜਿੰਦਰ ਸਿੰਘ ਪੇਧਨੀ, ਨੀਲਮਜੀਤ ਕੌਰ ਹੈਡ ਮਾਸਟਰ, ਲੈਕਚਰਾਰ ਰਾਜ,ਜੀਵਨ,ਸਿੰਘ ਸਰੋਜ ਰਾਣੀ , ਦੇਵੀ ਦਿਆਲ,ਤਰਨਜੀਤ ਕੌਰ, ਬਲਵਿੰਦਰ ਸਿੰਘ ਜਸਵਿੰਦਰ ਕੁਮਾਰ, ਪ੍ਰਿੰਸ ਸਿੰਗਲਾ, ਮੋਨਿਕਾ ਰਾਣੀ,ਏਕਤਾ ਸਿੰਗਲਾ, ਪਰਵਿੰਦਰ ਕੌਰ, ਗੁਰਪ੍ਰੀਤ ਕੌਰ, ਹਰਪ੍ਰੀਤ ਕੌਰ, ਸੋਨੀ ਬੇਨੜਾ, ਕੁਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਸਬ ਸੈਂਟਰ ਅਨਦਾਨਾ ਵਿੱਚ ਮਲੇਰੀਆ ਬੁਖਾਰ ਆਦਿ ਤੋਂ ਬਚਾਅ ਲਈ ਲੋਕਾਂ ਨੂੰ ਕੀਤਾ ਜਾਗਰੂਕ

ਖਨੌਰੀ, 25 ਅਪ੍ਰੈਲ (ਓਮਪ੍ਰਕਾਸ਼ਮ ਮੁਆਲ): ਪੰਜਾਬ ਸਰਕਾਰ ਅਤੇ ਸਿਹਤ ਵਿਭਾਗ ਪੰਜਾਬ ਵੱਲੋਂ ਚਲਾਏ ਜਾ ਰਹੇ ਨੈਸ਼ਨਲ ਸੈਂਟਰ ਫਾਰ ਵੈਕਟਰ ਬੋਰਨ ਡਿਜੀਜ ਕੰਟਰੋਲ ਪ੍ਰੋਗਰਾਮ ਅਧੀਨ ਡਾ ਸੰਜੇ ਕਾਮਰਾ ਸਿਵਲ ਸਰਜਨ ਸੰਗਰੂਰ, ਡਾ ਉਪਾਸਨਾ ਬਿੰਦਰਾ ਜ਼ਿਲ੍ਹਾ ਐਪੀਡੀਮੋਲੋਜਿਸਟ ਸੰਗਰੂਰ ਦੇ ਦਿਸ਼ਾ-ਨਿਰਦੇਸਾਂ ਅਤੇ ਡਾ ਲਵਰਾਜ ਪਵਾਰ ਸੀਨੀਅਰ ਮੈਡੀਕਲ ਅਫ਼ਸਰ ਮੂਨਕ ਦੀ ਯੋਗ ਅਗਵਾਈ ਹੇਠਾਂ ਅਤੇ ਸ੍ਰੀ ਧਰਮਪਾਲ ਮਲਟੀਪਰਪਜ ਸਬ ਸੈਂਟਰ ਅਨਦਾਨਾ ਦੀ ਅਗਵਾਈ ਹੇਠਾਂ ਪਿੰਡ ਅਨਦਾਨਾ ਦੇ ਲੋਕਾਂ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਅਨਦਾਨਾ ਵਿੱਚ ਸਟਾਫ ਮੈਂਬਰਾਂ ਨਾਲ ਬੱਚਿਆਂ ਨੂੰ ਵੀ ਮਲੇਰੀਆ ਬੁਖਾਰ ਤੋਂ ਬਚਾਅ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ ਸ੍ਰੀ ਧਰਮਪਾਲ ਮਲਟੀਪਰਪਜ ਨੇ ਲੋਕਾਂ ਨੂੰ ਦੱਸਿਆ ਕਿ ਗਰਮੀ ਦੇ ਮੌਸਮ ਨੂੰ ਮੁੱਖ ਰੱਖਦਿਆਂ ਮਲੇਰੀਆਂ ਆਦਿ ਬਿਮਾਰੀਆਂ ਤੋਂ ਬਚਣ ਲਈ ਆਪਣੇ ਘਰਾਂ ਦੇ ਆਸ-ਪਾਸ ਪਾਣੀ ਖੜ੍ਹਾ ਨਾ ਹੋਣ ਦੇਣ, ਬੇਕਾਰ ਪਏ ਟਾਇਰਾਂ, ਕੂਲਰਾਂ, ਪਾਣੀ ਵਾਲੀਆਂ ਟੈਂਕੀਆਂ, ਗਮਲਿਆਂ, ਫਰਿਜ਼ ਦੇ ਪਿਛਲੇ ਪਾਸੇ ਹੇਠਾਂ ਟਰੇਅ, ਕਬਾੜ ਆਦਿ ਦੇ ਭਾਂਡਿਆਂ ਵਿੱਚ ਪਾਣੀ ਖੜ੍ਹਾ ਨਾ ਹੋਣ ਦੇਣ। ਕਿਉਂਕਿ ਮਲੇਰੀਆ ਫੈਲਾਉਣ



ਵਾਲਾ ਮੱਛਰ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਘਰਾਂ ਵਿੱਚ ਵਰਤਣਯੋਗ ਸਾਰੇ ਪਾਣੀ ਵਾਲੇ ਕੰਟਨੇਰਾਂ ਦੀ ਹਰ ਹਫ਼ਤੇ ਸਫ਼ਾਈ ਕਰਨੀ ਚਾਹੀਦੀ ਹੈ।

ਉਨ੍ਹਾਂ ਦੱਸਿਆ ਕਿ ਬੁਖਾਰ ਹੋਣ ਤੇ ਨਜ਼ਦੀਕੀ ਸਿਹਤ ਸੰਸਥਾ ਜਾਂ ਸਰਕਾਰੀ ਹਸਪਤਾਲ ਨਾਲ ਸੰਪਰਕ ਕਰਨਾ ਚਾਹੀਦਾ ਹੈ । ਇਸ ਮੋਕੇ ਇਨ੍ਹਾਂ ਬਿਮਾਰੀਆਂ ਤੋਂ ਬਚਾਅ ਲਈ ਵੱਖ ਵੱਖ ਸਾਂਝੀਆਂ ਥਾਵਾਂ ਤੇ ਮਲੇਰੀਆ ਤੋਂ ਬਚਾਅ ਲਈ ਪੋਸਟਰ ਡਿਸਪਲੇਅ ਵੀ ਕੀਤੇ ਗਏ।

ਇਸ ਮੋਕੇ ਸਰੋਜ ਰਾਣੀ ਮਲਟੀਪਰਪਜ, ਅਮਨਦੀਪ ਕੌਰ, ਸਤੋਸ਼ ਦੇਵੀ ਆਸ਼ਾ ਵਰਕਰ ਨਾਲ ਪ੍ਰਾਇਮਰੀ ਸਕੂਲ ਮੁੱਖੀ ਸ੍ਰੀ ਧਰਮਵੀਰ ਸਿੰਘ, ਸਟਾਫ ਮੈਂਬਰ ਸ੍ਰੀ ਪ੍ਰਦੀਪ ਕੁਮਾਰ, ਸ੍ਰੀ ਰਾਜਵੀਰ ਸਿੰਘ, ਸ੍ਰੀ ਸਤਬੀਰ ਸਿੰਘ, ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨਾਲ ਪਿੰਡ ਵਾਸੀ ਭਾਰੀ ਗਿਣਤੀ ਵਿੱਚ ਹਾਜ਼ਰ ਸਨ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡਾਂ 'ਚ ਮੀਟਿੰਗਾਂ

ਮਹਿਲਕਲਾਂ, 25 ਅਪ੍ਰੈਲ (ਜੱਸਾ ਸਿੰਘ ਮਾਣਕੀ):ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੀ ਰੋਕਥਾਮ ਲਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂੰ ਕਰਵਾਉਣ ਲਈ ਡੀਸੀ ਬਰਨਾਲਾ ਟੀ ਬੈਨਿਥ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐਸ.ਡੀ.ਐਮ ਮਹਿਲ ਕਲਾਂ ਹਰਕੰਵਲਜੀਤ ਸਿੰਘ ਦੀ ਅਗਵਾਈ ਹੇਠ ਪਿੰਡ ਕੁਤਾਬਾ ਅਤੇ ਮਹਿਲ ਖੁਰਦ ਵਿਖੇ ਜਾਗਰੂਕਤਾ ਮੀਟਿੰਗਾਂ ਕਰਵਾਈਆਂ ਜਾ ਰਹੀਆਂ ਹਨ।

# .ਫਸਲ ਦੇ ਨੁਕਸਾਨ ਦੀ ਭਰਪਾਈ ਲਈ ਸਰਕਾਰ ਉਚਿਤ ਮੁਆਵਜ਼ਾ ਦੇਵੇ : ਮਲੂਕਾ



ਭਗਤਾ ਭਾਈ ਕਾ, 25 ਅਪ੍ਰੈਲ (ਸਵਰਨ ਸਿੰਘ ਭਗਤਾ):ਪਿਛਲੇ ਦਿਨੀਂ ਬੇਮੌਸਮੀ ਬਰਸਾਤ ਅਤੇ ਝੱਖੜ ਤੋਂ ਇਲਾਵਾ ਕਈ ਪਿੰਡਾਂ ਚ ਅੱਗ ਲੱਗਣ ਨਾਲ ਹੋਏ ਕਣਕ ਦੀ ਫ਼ਸਲ ਦੇ ਨੁਕਸਾਨ ਦੀ ਭਰਪਾਈ ਲਈ ਸਰਕਾਰ ਉਚਿੱਤ ਮੁਆਵਜ਼ੇ ਦੀ ਸੂਬਾ ਸਰਕਾਰ ਤੋਂ ਮੰਗ ਕਰਦਿਆਂ ਸਾਬਕਾ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕਿਹਾ ਕੇ ਸੂਬੇ ਦਾ ਕਿਸਾਨ ਪਹਿਲਾਂ ਹੀ ਆਰਥਿਕ ਮੰਦੀ ਦਾ ਸ਼ਿਕਾਰ ਹੈ ਫ਼ਸਲਾਂ ਲਈ ਬੀਜ ਅਤੇ ਜਰੂਰੀ ਰੇਹ ਸਪਰੇਹ ਦੀਆਂ ਕੀਮਤਾਂ ਲਗਾਤਾਰ ਵਧ ਰਹੀਆਂ ਹਨ ਤੇ ਉਸਦੇ ਬਰਾਬਰ ਕਣਕ ਅਤੇ ਝੋਨੇ ਦੇ ਐਮ ਏਸ ਪੀ ਚ ਉਚਿੱਤ ਵਾਅਦਾ ਨਾਂ ਹੋਣ ਕਾਰਨ ਕਿਸਾਨੀ ਘਾਟੇ ਦਾ ਸੌਦਾ ਬਣ ਕੇ ਰਹਿ ਗਈ ਹੈ, ਕਿਸਾਨ ਦੇ ਸਿਰ ਲਗਤਾਰ ਕਰਜੇ ਦੀ ਪੰਡ ਭਾਰੀ ਹੁੰਦੀ ਜਾ ਰਹੀ ਆਰਥਿਕ ਮੰਦੀ ਦੇ ਸ਼ਿਕਾਰ ਕਈ ਕਿਸਾਨ ਖੁਦਕੁਸ਼ੀ ਕਰ ਗਏ ਜਿੰਨਾ ਦਾ ਰਿਕਾਰਡ ਰੱਖਣਾ ਵੀ ਸਰਕਾਰਾਂ ਨੇ ਬੰਦ ਕਰ ਦਿੱਤਾ ਪਹਿਲਾਂ ਇਨ੍ਹਾਂ ਨੂੰ ਸਰਕਾਰੀ ਰਿਕਾਰਡ ਤੇ ਦਰਜ ਕਰ ਆਰਥਿਕ ਮੱਦਦ ਕੀਤੀ ਜਾਂਦੀ ਸੀ,ਫਿਰ ਵੀ ਪੰਜਾਬ ਦਾ ਕਿਸਾਨ ਦੇਸ਼ ਦੇ ਅਨਾਜ ਭੰਡਾਰਨ ਚ ਸਭ ਤੋਂ ਵੱਡੀ ਭੂਮਿਕਾ ਨਿਭਾ ਰਿਹਾ ਹੈ ਖੇਤਾਂ ਚ ਕਟਾਈ ਲਈ ਬਿਲਕੁੱਲ ਤਿਆਰ ਫ਼ਸਲ ਦੇ ਨੁਕਸ਼ਾਨੇ ਜਾਨ ਨਾਲ ਕਿਸਾਨਾਂ ਨੂੰ ਵੱਡੀ ਆਰਥਿਕ ਮਾਰ ਪਈ ਹੈ ਸੂਬੇ ਦੇ ਮੁੱਖ ਮੰਤਰੀ ਅਤੇ ਖੇਤੀਬਾੜੀ ਮੰਤਰੀ ਨੂੰ ਤਰੁੰਤ ਪ੍ਰਭਾਵ ਨਾਲ ਕਣਕ ਦੀ ਫ਼ਸਲ ਦੇ ਨੁਕਸਾਨ ਦਾ ਮੁਆਵਜ਼ਾ ਦੇਣ ਲਈ ਜਿਲ੍ਹਾ ਪੱਧਰ ਦੇ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕਰਨੇ ਚਾਹੀਦੇ ਹਨ ਸਰਕਾਰ ਕਿਸਾਨਾਂ ਦੇ ਨੁਕਸਾਨ ਦੀ ਭਰਪਾਈ ਲਈ ਉਚਿੱਤ ਮੁਆਵਜਾ ਯਕੀਨੀ ਬਣਾਇਆ ਜਾਵੇ। ਇਸ ਮੌਕੇ ਸਾਬਕਾ ਵਜ਼ੀਰ ਨੇ ਦੋਸ਼ ਲਾਉਂਦਿਆਂ ਕਿਹਾ ਕਿ ਝੋਨੇ ਦੇ ਸੀਜਨ ਚ ਕਿਸਾਨਾਂ ਦੀ ਹੋਈ ਖੱਜਲ ਖੁਆਰੀ ਤੋਂ ਵੀ ਵੀ ਸਰਕਾਰ ਨੇ ਕੋਈ ਸਬਕ ਨਹੀਂ ਸਿੱਖਿਆ ਤੇ ਹੁਣ ਵੀ ਮੰਡੀਆ ਚ ਲਿਫਟਿੰਗ ਦੇ ਪੁਖਤਾ ਪ੍ਰਬੰਧ ਨਹੀਂ ਕੀਤੇ ਗਏ ਲਿਫਟਿੰਗ ਚ ਹੋ ਰਹੀ ਦੇਰੀ ਕਾਰਨ ਕਣਕ ਦੀ ਖਰੀਦ ਚ ਦੇਰੀ ਹੋ ਰਹੀ ਹੈ ਇੱਕ ਪਾਸੇ ਕਿਸਾਨ ਕੁਦਰਤੀ ਮਾਰਾਂ ਝੱਲ ਰਿਹਾ ਹੈ ਤੇ ਦੂੱਜੇ ਪਾਸੇ ਮੰਡੀਆ ਚ ਪੁਖਤਾ ਪ੍ਰਬੰਧ ਨਾਂ ਹੋਣ ਕਾਰਨ ਰੁਲ ਰਿਹਾ ਹੈ ਮਲੂਕਾ ਨੇ ਕਿਹਾ ਮੁੱਖ ਮੰਤਰੀ ਤਰੁੰਤ ਕਿਸਾਨਾਂ ਨੂੰ ਰਾਹਤ ਦੇਣ ਲਈ ਮੁਆਵਜੇ ਦੇ ਐਲਾਨ ਦੇ ਨਾਲ ਖਰੀਦ ਪ੍ਰਬੰਧ ਦਰੁਸਤ ਕਰਨ ਲਈ ਜਰੂਰੀ ਦਿਸ਼ਾ ਨਿਰਦੇਸ਼ ਜਾਰੀ ਕਰਨ।ਇਸ ਸਬੰਧੀ ਪ੍ਰੈਸ ਨੂੰ ਇਹ ਜਾਣਕਾਰੀ ਮੀਡੀਆ ਇੰਚਾਰਜ ਰਤਨ ਸ਼ਰਮਾ ਮਲੂਕਾ ਵੱਲੋਂ ਦਿੱਤੀ ਗਈ।

# ਰਮੇਸ਼ ਜਲਾਲ ਬਣੇ ਡੀਪੂ ਹੋਲਡਰ ਯੂਨੀਅਨ ਬਲਾਕ ਭਗਤਾ ਦੇ ਪ੍ਰਧਾਨ



ਭਗਤਾ ਭਾਈ ਕਾ, 25 ਅਪ੍ਰੈਲ (ਸਵਰਨ ਸਿੰਘ ਭਗਤਾ):ਡੀਪੂ ਹੋਲਡਰਾ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਮੈ ਆਖਰੀ ਸਾਹਾਂ ਤੱਕ ਡੀਪੂ ਚਾਲਕਾਂ ਲਈ ਸੰਘਰਸ਼ ਕਰਦਾ ਰਹਾਂਗਾ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਡੀਪੂ ਹੋਲਡਰ ਯੂਨੀਅਨ ਐਨ ਐਫ ਐਸ ਏ 355 ਦੇ ਸੂਬਾ ਪ੍ਰਧਾਨ ਰੌਸ਼ਨ ਲਾਲ ਮਿੱਠੂ ਘੋਂਟ ਨੇ ਭਗਤਾ ਭਾਈਕਾ ਵਿਖੇ ਯੂਨੀਅਨ ਦੀ ਮੀਟਿੰਗ ਦੌਰਾਨ ਕੀਤਾ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਜਥੇਬੰਦੀ ਵੱਲੋਂ ਡੀਪੂ ਹੋਲਡਰਾ ਦੇ ਵੱਖ ਵੱਖ ਮਸਲਿਆਂ ਸਬੰਧੀ ਮਾਨਯੋਗ ਅਦਾਲਤ ਵਿੱਚ ਪੰਜ ਦੇ ਕਰੀਬ ਰਿੱਟ ਪਟੀਸ਼ਨ ਦਾਇਰ ਕੀਤੀਆਂ ਹੋਈਆ ਹਨ ਜਿਨ੍ਹਾਂ ਦੇ ਫੈਸਲੇ ਤੋ ਬਾਅਦ ਡੀਪੂ ਚਾਲਕਾਂ ਨੂੰ ਵੱਡੀ ਰਾਹਤ ਮਿਲੇਗੀ। ਇਸ ਮੌਕੇ ਹਾਜਰ ਭਗਤਾ ਭਾਈਕਾ ਬਲਾਕ ਦੇ ਰਾਸ਼ਨ ਡੀਪੂ ਚਾਲਕਾਂ ਨੇ ਪੰਜਾਬ ਪ੍ਰਧਾਨ ਦੀ ਹਾਜ਼ਰੀ ਵਿੱਚ ਬਲਾਕ ਦੀ ਸਾਲਾਨਾ ਚੋਣ ਕੀਤੀ,ਜਿਸ ਵਿੱਚ ਰਮੇਸ਼ ਜਲਾਲ ਨੂੰ ਪ੍ਰਧਾਨ,ਸਤਪਾਲ ਮਲੂਕਾ ਨੂੰ ਸਰਪ੍ਰਸਤ,ਗੁਰਲਾਭ ਸਿੰਘ ਮੀਤ ਪ੍ਰਧਾਨ, ਰਾਜਿੰਦਰ ਸ਼ਰਮਾ ਜਰਨਲ ਸਕੱਤਰ,ਅਮਨ ਅਰੋੜਾ ਨੂੰ ਖਜਾਨਚੀ,ਬਲਬੀਰ ਸਿੰਘ ਹਮੀਰਗੜ੍ਹ ਨੂੰ ਸਹਾਇਕ ਖਜ਼ਾਨਚੀ,ਅਸ਼ੋਕ ਕੁਮਾਰ ਨੂੰ ਸਕੱਤਰ,ਸੁਖਦੇਵ ਕੁਮਾਰ ਨੂੰ ਸਰਵਸੰਮਤੀ ਨਾਲ ਨਿਗਰਾਨ ਚੁਣਿਆ ਗਿਆ । ਇਸ ਮੌਕੇ ਯਾਦਵਿੰਦਰ ਸਿੰਘ,ਕੇਵਲ ਸਿੰਘ,ਕੁਲਵੀਰ ਕੌਰ,ਮੈਂਗਲ ਸਿੰਘ,ਦਰਸ਼ਨ ਲਾਲ,ਸੁਖਮੰਦਰ ਸਿੰਘ ਹਾਕਮ ਵਾਲਾ,ਜੋਗਿੰਦਰ ਸਿੰਘ,ਕ੍ਰਿਪਾਲ ਸਿੰਘ, ਕੁਲਵਿੰਦਰ ਸਿੰਘ,ਮਹਾਂਵੀਰ ਜਲਾਲ ਸਮੇਤ ਵੱਡੀ ਗਿਣਤੀ ਵਿੱਚ ਡੀਪੂ ਹੋਲਡਰ ਹਾਜ਼ਰ ਸਨ ।

# ਆਦਰਸ਼ ਸਕੂਲ ਮੈਨੇਜਮੈਂਟ ਕਮੇਟੀ ਦੇ ਖਿਲਾਫ ਮਾਨਸਾ ਵਿੱਚ ਕਿਸਾਨਾਂ ਵੱਲੋਂ ਵੱਡੇ ਪਰਚੇ ਕੀਤਾ ਵਿਰੋਧ ਪ੍ਰਦਰਸ਼ਨ




ਮਾਨਸਾ 25 ਅਪ੍ਰੈਲ (ਜੀਵਨ ਸਿੰਘ ਕ੍ਰਾਂਤੀ /ਰਮੇਸ਼ ਸਿੰਗਲਾ) ਆਦਰਸ਼ ਸਕੂਲ ਚਾਉਂਕੇ ਦੇ ਜਬਰੀ ਨੌਕਰੀਓ ਹਟਾਏ ਅਧਿਆਪਕਾਂ, ਸਕੂਲ ਵਿੱਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਵੱਲੋਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਮੈਨੇਜਮੈਂਟ ਅਤੇ ਸਰਕਾਰ ਦੇ ਖਿਲਾਫ ਚਲਾਏ ਜਾ ਰਹੇ ਸੰਘਰਸ਼ ਦੀਆਂ ਗੂੰਜਾਂ ਮਾਨਸਾ ਸ਼ਹਿਰ ਦੀਆਂ ਸੜਕਾਂ ਤੇ ਪਈਆਂ। ਸੰਘਰਸ਼ੀ ਅਧਿਆਪਕਾਂ ਵੱਲੋਂ ਅੱਜ ਮਾਨਸਾ ਵਿੱਚ ਰੇਲਵੇ ਪਲੇਟਫਾਰਮ ਤੇ ਵੱਡੀ ਰੈਲੀ ਕਰਨ ਉਪਰੰਤ ਸ਼ਹਿਰ ਵਿੱਚ ਮੁਜਾਹਰਾ ਕੀਤਾ ਜਿਸ ਵਿੱਚ ਬੀਕੇਯੂ ਉਗਰਾਹਾਂ ਸਮੇਤ ਵੱਖਵੱਖ ਜਥੇਬੰਦੀਆਂ ਦੇ ਹਜ਼ਾਰਾਂ ਦੀ ਗਿਣਤੀ ਵਿੱਚ ਵਰਕਰਾਂ ਅਤੇ ਆਮ ਲੋਕਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਮਨਪ੍ਰੀਤ ਕੌਰ, ਪਵਨਦੀਪ ਕੌਰ, ਨਵਦੀਪ ਕੌਰ, ਜਸਵੀਰ ਕੌਰ, ਕਮਲਦੀਪ ਕੌਰ ਮਾਨ ਨੇ ਦੋਸ਼ ਲਾਇਆ ਕਿ ਚਾਉਂਕੇ ਸਕੂਲ ਦੀ ਭ੍ਰਿਸ਼ਟ ਮੈਨੇਜਮੈਂਟ ਜੋ ਮਾਨਸਾ ਨਾਲ ਸਬੰਧ ਰੱਖਦੀ ਹੈ, ਵੱਲੋਂ ਉਹਨਾਂ ਨੂੰ ਜਬਰਦਸਤੀ ਸਕੂਲ ਵਿੱਚੋਂ ਹਟਾਇਆ ਗਿਆ ਕਿਉਂਕਿ ਅਧਿਆਪਕ ਭ੍ਰਿਸ਼ਟ ਮੈਨੇਜਮੈਂਟ ਦੇ ਖਿਲਾਫ ਬੋਲ ਰਹੇ ਸਨ ਕਿ ਕਿਵੇਂ ਮੈਨੇਜਮੈਂਟ ਸਕੂਲ ਵਿੱਚ ਪੜਾਉਂਦੇ ਟੀਚਰਾਂ ਦੇ ਖਾਤਿਆਂ ਵਿੱਚ ਤਨਖਾਹਾਂ 40000 ਰੁਪਏ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਪਾਉਂਦੇ ਸਨ ਅਤੇ ਏਟੀਐਮ ਰਾਹੀਂ 30000 ਰੁਪਏ ਵਾਪਸ ਲੈ ਲੈਂਦੇ ਸਨ ਸਿਰਫ 10000 ਰੁਪਏ ਹੀ ਇੱਕ ਟੀਚਰ ਨੂੰ ਦਿੰਦੇ ਸਨ।ਸਕੂਲ ਪੜ੍ਹਦੇ ਬੱਚਿਆਂ ਨੂੰ ਨਾ ਵਰਦੀਆਂ ਅਤੇ ਨਾ ਹੀ ਪੜ੍ਹਨ ਲਈ ਕਿਤਾਬਾਂ ਦਿੱਤੀਆਂ ਜਾ ਰਹੀਆਂ ਸਨ, ਜਿਸ ਦੀ ਪੜਤਾਲ ਡੀਸੀ ਬਠਿੰਡਾ ਵੱਲੋਂ ਖੁਦ ਕਰਵਾਈ ਗਈ ਸੀ ਜਿਸ ਵਿੱਚ ਮੈਨੇਜਮੈਂਟ ਨੂੰ ਇਹਨਾਂ ਦੋਸ਼ਾਂ ਵਿੱਚ ਦੋਸ਼ੀ ਮੰਨਿਆ ਗਿਆ ਹੈ ਜਿਸ ਦੀ ਲਿਖਤੀ ਰਿਪੋਰਟ ਵੀ ਉੱਚ ਅਧਿਕਾਰੀਆਂ ਨੂੰ ਭੇਜੀ ਗਈ ਹੈ, ਪਰ ਅਜੇ ਤੱਕ ਮੈਨੇਜਮੈਂਟ ਤੇ ਕੋਈ ਕਾਨੂੰਨੀ ਕਾਰਵਾਈ ਨਹੀਂ ਹੋਈ। ਜਦੋਂ ਅਧਿਆਪਕਾਂ ਨੇ ਇਸ ਧੱਕੇ ਦੇ ਖਿਲਾਫ ਅੰਦੋਲਨ ਸ਼ੁਰੂ ਕੀਤਾ ਤਾਂ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਦੀ ਮਿਲੀਭੁਗਤ ਨਾਲ ਉਨਾਂ ਅਤੇ ਉਨਾਂ ਦੇ ਹਮਾਇਤੀਆਂ ਤੇ ਪੁਲਿਸ ਜਬਰ ਢਾਹਿਆ ਗਿਆ ਅਤੇ ਫੜ ਕੇ ਜੇਲਾਂ ਵਿੱਚ ਬੰਦ ਕੀਤੇ। ਕੁੱਝ ਨੂੰ ਸੰਘਰਸ਼ ਦੇ ਦਬਾਅ ਸਦਕਾ ਰਿਹਾਅ ਕਰ ਦਿੱਤਾ ਪਰ ਅਜੇ ਵੀ ਅਧਿਆਪਕ ਤੇ ਕਿਸਾਨ ਜੇਲ ਵਿੱਚ ਬੰਦ ਹਨ। ਬੁਲਾਰਿਆਂ ਨੇ ਮਾਨਸਾ ਸ਼ਹਿਰ ਨਾਲ ਸਬੰਧਤ ਮੈਨੇਜਮੈਂਟ ਦੇ ਮੁਖੀ ਗੁਰਮੇਲ ਸਿੰਘ ਅਤੇ ਪਵਨ ਕੁਮਾਰ ਉੱਤੇ ਭ੍ਰਿਸ਼ਟਾਚਾਰ ਦਾ ਪਰਚਾ ਦਰਜ ਕਰਕੇ ਉਨਾਂ ਨੂੰ ਜੇਲ ਵਿੱਚ ਬੰਦ ਕੀਤਾ ਜਾਵੇ, ਗ੍ਰਿਫਤਾਰ ਕੀਤੇ ਸਾਰੇ ਆਗੂ, ਵਰਕਰ ਰਿਹਾਅ ਕੀਤੇ ਜਾਣ, ਟਰਮੀਨੇਟ ਕੀਤੇ ਅਧਿਆਪਕਾਂ ਨੂੰ ਨੌਕਰੀ ਤੇ ਬਹਾਲ ਕੀਤਾ ਜਾਵੇ ਅਤੇ ਹੋਰ ਬਹੁਤ ਸਾਰੀਆਂ ਮੰਗਾਂ ਤੁਰੰਤ ਲਾਗੂ ਕੀਤੀਆ ਜਾਣ। ਇਸ ਮੌਕੇ ਐਲਾਨ ਕਰਦਿਆਂ ਕਿਹਾ ਐਮ8ਐਲ8ਏ8, ਮੰਤਰੀਆਂ ਨੂੰ ਪਿੰਡਾਂ ਵਿੱਚ ਘੇਰ ਕੇ ਚਾਉਂਕੇ ਸਕੂਲ ਸਬੰਧੀ ਸਵਾਲ ਪੁੱਛੇ ਜਾਣਗੇ।

# ਵਿਨਰਜੀਤ ਸਿੰਘ ਗੋਲਡੀ ਨੇ ਮ੍ਰਿਤਕ ਗੁਰਚਰਨ ਸਿੰਘ ਦੇ ਪਰਿਵਾਰ ਨਾਲ ਕੀਤਾ ਦੁੱਖ ਸਾਂਝਾ



ਭਵਾਨੀਗੜ੍ਹ 25 ਅਪ੍ਰੈਲ(ਅਮਨਦੀਪ ਸਿੰਘ ਮਾਝਾ )ਸ਼੍ਰੋਮਣੀ ਅਕਾਲੀ ਦਲ ਦੇ ਜਰਨਲ ਸਕੱਤਰ ਅਤੇ ਹਲਕਾ ਸੰਗਰੂਰ ਦੇ ਇੰਚਾਰਜ ਵਿਨਰਜੀਤ ਸਿੰਘ ਗੋਲਡੀ ਨੇ ਅੱਜ ਬੀਤੇ ਦਿਨ ਨੇੜਲੇ ਪਿੰਡ ਮਾਝਾ ਵਿਖੇ ਆਪਣੀ ਪੂਰੀ ਟੀਮ ਨਾਲ ਸਵਰਗੀ ਗੁਰਚਰਨ ਸਿੰਘ ਦੇ ਗ੍ਰਹਿ ਵਿਖੇ ਪਹੁੰਚ ਕੇ ਉਹਨਾਂ ਦੇ ਪਰਿਵਾਰ ਨਾਲ ਦੁੱਖ ਦਾ ਪ੍ਰਗਟਾਵਾ ਸਾਂਝਾ ਕੀਤਾ। ਵਿਨਰਜੀਤ ਸਿੰਘ ਗੋਲਡੀ ਨੇ ਕਿਹਾ ਕਿ ਪਿਛਲੇ ਦਿਨੀ ਝੱਖੜ ਹਨੇਰੀ ਕਾਰਨ ਗੁਰਚਰਨ ਸਿੰਘ ਜੀ ਮੌਤ ਹੋ ਗਈ ਸੀ, ਉਹ ਉਸ ਜਗ$ਹਾ ਤੇ ਵੀ ਗਏ ਜਿੱਥੇ ਗੁਰਚਰਨ ਸਿੰਘ ਦੀ ਮੌਤ ਹੋਈ ਉਹਨਾਂ ਨੇ ਦੱਸਿਆ ਕਿ ਪੋਲਟਰੀ ਫਾਰਮ ਦੀ ਕੰਧ ਡਿੱਗਣ ਕਾਰਨ ਗੁਰਚਰਨ ਸਿੰਘ ਦੀ ਮੌਤ ਹੋ ਗਈ , ਝੱਖੜ ਹਨੇਰੀ ਕਾਰਨ ਪੋਲਟਰੀ ਫਾਰਮ ਦਾ ਸਭ ਕੁਝ ਤਬਾਹ ਹੋ ਚੁੱਕਿਆ ਸੀ। ਵਿਨਰਜੀਤ ਸਿੰਘ ਨੇ ਕਿਹਾ ਕਿ ਉਹ ਸਰਕਾਰ ਨੂੰ ਅਪੀਲ ਕਰਦਾ ਹੈ ,ਕਿ ਸੰਗਰੂਰ ਹਲਕੇ ਵਿੱਚ ਝੱਖੜ ਹਨੇਰੀ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਪਰਿਵਾਰਾਂ ਨੂੰ ਜਲਦੀ ਤੋਂ ਜਲਦੀ ਦਿੱਤਾ ਜਾਵੇ।ਉਨਾਂ ਵਿਸ਼ੇਸ਼ ਤੌਰ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਉਹ ਆਪਣੀ ਜਬਾਨ ਪੂਰੀ ਕਰਨ ਮੁਰਗੀਆਂ ਮਰਨ ਦਾ ਮੁਆਵਜ਼ਾ ਦੇਣ ਦਾ ਜੋ ਵਾਅਦਾ ਕੀਤਾ ਸੀ। ਉਹਨਾਂ ਨੂੰ ਪੂਰਾ ਕੀਤਾ ਜਾਵੇ। ਹੁਣ ਇੱਥੇ ਇੱਕ ਘਰ ਦਾ ਮੋਢੀ ਗਿਆ ਹੈ ,ਤੇ ਤਕਰੀਬਨ 2200 ਦੇ ਵੱਧ ਮੁਰਗੀਆਂ ਮਰੀਆਂ ਹਨ।ਉਨਾਂ ਦੱਸਿਆ ਕਿ ਪੋਲਟਰੀ ਫਾਰਮ ਵਿੱਚ ਇੱਕ ਨਿੱਜੀ ਤੋਂ 4500 ਤੋਂ ਕਰੀਬ ਮੁਰਗੇ ਮੁਰਗੀਆਂ ਪਾਈਆਂ ਹੋਈਆਂ ਸਨ। ਜਿੰਨਾ ਵਿੱਚੋਂ ਜਿਆਦਾਤਰ ਮਲਬੇ ਹੇਠ ਦੱਬ ਜਾਣ ਕਾਰਨ ਮੌਤ ਦਾ ਸ਼ਿਕਾਰ ਹੋ ਗਈਆਂ।ਉਹਨਾਂ ਇਸ ਪਰਿਵਾਰ ਦੀ ਵਿੱਤੀ ਮੱਦਦ ਵੱਧ ਤੋਂ ਵੱਧ ਕੀਤੀ ਜਾਵੇ ।ਕਿਉਂਕਿ ਪਰਿਵਾਰ ਦਾ ਸਾਰਾ ਗੁਜ਼ਾਰਾ ਇਸ ਪੋਲਟਰੀ ਫਾਰਮ ਤੋਂ ਹੀ ਚੱਲਦਾ ਸੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਸਿੰਘ ਸੰਘਰੇੜੀ,ਰੁਪਿੰਦਰ ਸਿੰਘ ਰੰਧਾਵਾ, ਗੁਰਪ੍ਰੀਤ ਸਿੰਘ ਨੰਬਰਦਾਰ, ਹਰਜਿੰਦਰ ਸਿੰਘ,ਹਰਪਾਲ ਸਿੰਘ, ਗੁਰਮੁਖ ਸਿੰਘ, ਰਸਪਾਲ ਸਿੰਘ ਹਰਪ੍ਰੀਤ ਸਿੰਘ, ਗੁਰਮੀਤ ਸਿੰਘ ਆਦਿ ਹਾਜ਼ਰ ਸਨ।

# ਟਰੱਕ ਯੂਨੀਅਨ ਰਾਮਪੁਰਾ ਫੂਲ ਦੇ ਪ੍ਰਧਾਨ ਬਣੇ ਸ਼ੇਰ ਬਹਾਦਰ ਧਾਲੀਵਾਲ



ਰਾਮਪੁਰਾ ਫੂਲ,25 ਅਪ੍ਰੈਲ (ਮਨਪ੍ਰੀਤ ਮਿੰਟੂ): ਸੱਤਾ ਧਿਰ ਨਾਲ ਸਬੰਧਤ ਸ਼ਹਿਰ ਦੇ ਨੌਜਵਾਨ ਆਗੂ ਸ਼ੇਰ ਬਹਾਦਰ ਸਿੰਘ ਧਾਲੀਵਾਲ ਨੂੰ ਸਥਾਨਕ ਟਰੱਕ ਯੂਨੀਅਨ ਦਾ ਪ੍ਰਧਾਨ ਬਣਾ ਦਿੱਤਾ ਗਿਆ ਹੈ,ਜੋ ਕਿ ਟਰੱਕ ਯੂਨੀਅਨ ਦੇ ਇਤਿਹਾਸ ਵਿਚ ਸ਼ਾਇਦ ਸਭਤੋਂ ਛੋਟੀ ਉਮਰ ਦੇ ਆਗੂ ਹਨ। ਉਹਨਾਂ ਨੂੰ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਦਾ ਥਾਪੜਾ ਹੈ।ਅੱਜ ਸਵੇਰੇ ਇੱਥੇ ਸਥਿਤ ਆਪਣੀ ਕੋਠੀ ਵਿਚ ਵਿਧਾਇਕ ਨੇ ਸ਼ੇਰ ਬਹਾਦਰ ਸਿੰਘ ਧਾਲੀਵਾਲ ਨੂੰ ਬੁਲਾਕੇ ਆਪਣਾ ਆਸ਼ੀਰਵਾਦ ਦਿੱਤਾ। ਇਸਤੋਂ ਪਹਿਲੇ ਪ੍ਰਧਾਨ ਸਤਵਿੰਦਰ ਸਿੰਘ ਪੰਮਾ ਨੂੰ ਗੱਦੀਓਂ ਉਤਾਰ ਦਿੱਤਾ ਗਿਆ ਹੈ, ਜਿੰਨ੍ਹਾਂ ਨੂੰ ਤਿੰਨ ਸਾਲ ਪਹਿਲਾਂ ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਪ੍ਰਧਾਨ ਬਣਾਉਣ ਲਈ ਹਰੀ ਝੰਡੀ ਦਿੱਤੀ ਸੀ। ਸੂਤਰਾਂ ਅਨੁਸਾਰ ਪਹਿਲੇ ਪ੍ਰਧਾਨ ਦੀ ਬੋਲਬਾਣੀ ਸਮੇਤ ਹੋਰ ਕਈ ਕਿਸਮ ਦੀਆਂ ਦਿੱਕਤਾਂ ਸਾਹਮਣੇ ਆ ਰਹੀਆਂ ਸਨ,ਜਿਸ ਕਾਰਨ ਅਗਾਮੀ ਵਿਧਾਨ ਸਭਾ ਚੋਣਾਂ ਨੂੰ ਦੇਖਦਿਆਂ ਇੱਕ ਸਾਫ ਸੁਥਰੀ ਅਤੇ ਪਾਰਟੀ ਨੂੰ ਸਮਰਪਤ ਸ਼ਖ਼ਸੀਅਤ ਨੂੰ ਨਵਾਂ ਪ੍ਰਧਾਨ ਲਗਾਇਆ ਗਿਆ ਹੈ, ਜਿਸਤੋਂ ਵਿਧਾਇਕ ਬਲਕਾਰ ਸਿੰਘ ਚੰਗੀ ਕਾਰਗੁਜ਼ਾਰੀ ਦੀ ਤਵੱਕੋ ਰਖਦੇ ਹਨ। ਇਸੇ ਤਰ੍ਹਾਂ ਸ਼ਹਿਰ ਦੇ ਹੀ ਭੋਲ‹ਾ ਸ਼ਰਮਾ ਨੂੰ ਯੂਨੀਅਨ ਦਾ ਚੇਅਰਮੈਨ ਲਾਇਆ ਗਿਆ ਹੈ, ਜਿੰਨ੍ਹਾਂ ਨੂੰ ਪਿਛਲੀ ਕਾਂਗਰਸ ਸਰਕਾਰ ਵੇਲੇ ਤੋਂ ਟਰੱਕ ਯੂਨੀਅਨ ਦਾ ਚੰਗਾ ਤਜਰਬਾ ਮੰਨਿਆ ਜਾਂਦਾ ਹੈ। ਵਿਧਾਇਕ ਤੋਂ ਆਸ਼ੀਰਵਾਦ ਲੈਣ ਉਪਰੰਤ ਨਵੇਂ ਪ੍ਰਧਾਨ ਸਮੇਤ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਟਰੱਕ ਯੂਨੀਅਨ ਦਫ਼ਤਰ ਪੁੱਜ ਗਈ; ਜਿੱਥੇ ਟਰੱਕ ਅਪਰੇਟਰਾਂ ਨੇ ਪ੍ਰਧਾਨ ਅਤੇ ਚੇਅਰਮੈਨ ਨੂੰ ਹਾਰਾਂ ਨਾਲ ਲੱਦ ਦਿੱਤਾ, ਉਪਰੰਤ ਉਹਨਾਂ ਆਪਣਾ ਚਾਰਜ ਵੀ ਸੰਭਾਲ ਲਿਆ।ਉਹ ਗੁਰਚਰਨ ਸਿੰਘ ਧਾਲੀਵਾਲ ਦੇ ਸਪੁੱਤਰ ਹਨ, ਜ਼ੋ ਸ਼ਹਿਰ ਦੀ ਸਤਿਕਾਰਯੋਗ ਸ਼ਖ਼ਸੀਅਤ ਹਨ। ਸ਼ੇਰ ਬਹਾਦਰ ਸਿੰਘ ਧਾਲੀਵਾਲ ਨੇ ਚਾਰਜ ਸੰਭਾਲਣ ਉਪਰੰਤ ਵਿਧਾਇਕ ਸਿੱਧੂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਮੁੱਚੇ ਟਰੱਕ ਅਪਰੇਟਰਾਂ ਦੀ ਭਲਾਈ ਲਈ ਤਨੋਂ ਮਨੋਂ ਕੰਮ ਕਰਨਗੇ।ਆਮ ਟਰੱਕ ਅਪਰੇਟਰ ਦੀ ਖੁਸ਼ਹਾਲੀ ਉਹਨਾਂ ਦਾ ਮੁੱਖ ਮੁੱਦਾ ਹੋਵੇਗੀ।ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂਆਂ ਕਾਲਾ ਭੁੱਚੋ,ਰੌਬੀ ਬਰਾੜ, ਸੁੱਖੀ ਮੱਲ੍ਹੂਆਣਾ,ਜਸਪ੍ਰੀਤ ਜੱਸੀ,ਲੱਖਾ ਸਰਪੰਚ ਪਿਪਲੀ,ਲੱਖਾ ਮਹਿਰਾਜ, ਐਡਵੋਕੇਟ ਹਨੀ ਦੁੱਗਲ, ਗੁਰਭਜਨ ਢਿੱਲੋਂ, ਕਰਨੈਲ ਸਿੰਘ ਮਾਨ ਫੂਲ, ਸੁਖਬੀਰ ਸਿੰਘ ਕਾਲਾ ਭਾਰਤ ਟਰਾਂਸਪੋਰਟ, ਜੱਸਾ ਭਾਈਰੂਪਾ ਅਤੇ ਅਮਨਦੀਪ ਖਾਲਸਾ ਸਮੇਤ ਹੋਰ ਪਾਰਟੀ ਆਗੂਆਂ ਨੇ ਵੀ ਸ਼ੇਰੂ ਨੂੰ ਆਸ਼ੀਰਵਾਦ ਦਿੱਤਾ।

# ਮਾਰਕੀਟ ਕਮੇਟੀ ਦੇ ਚੇਅਰਮੈਨ ਦਰਸ਼ਨ ਸੋਹੀ ਦੀ ਤਾਜਪੋਸ਼ੀ ਅੱਜ



ਰਾਮਪੁਰਾ ਫੂਲ,25 ਅਪ੍ਰੈਲ (ਮਨਪ੍ਰੀਤ ਮਿੰਟੂ): ਮਾਰਕਿਟ ਕਮੇਟੀ ਰਾਮਪੁਰਾ ਫੂਲ ਦੇ ਨਵ ਨਿਯੁਕਤ ਚੇਅਰਮੈਨ ਦਰਸ਼ਨ ਸਿੰਘ ਸੋਹੀ ਦਾ ਤਾਜਪੋਸ਼ੀ ਸਮਾਰੋਹ ਅੱਜ ਸਥਾਨਕ ਮਾਰਕਿਟ ਕਮੇਟੀ ਵਿਖੇ ਹੋਣ ਜਾ ਰਿਹਾ ਹੈ। ਇਸ ਮੌਕੇ ਪੰਜਾਬ ਸਰਕਾਰ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਤਾਜਪੋਸ਼ੀ ਦੀ ਰਸਮ ਇੱਥੋਂ ਦੇ ਮਾਰਕਿਟ ਕਮੇਟੀ ਦਫ਼ਤਰ ਵਿਖੇ ਹੋਣੀ ਹੈ, ਇਸਤੋਂ ਪਹਿਲਾਂ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ। ਦਰਸ਼ਨ ਸੋਹੀ ਦੇ ਪਿਤਾ ਜਰਨੈਲ ਸਿੰਘ ਖੇਤੀਬਾੜੀ ਅਤੇ ਆੜ੍ਹਤ ਦਾ ਕਾਰੋਬਾਰ ਕਰਦੇ ਹਨ। ਆਮ ਆਦਮੀ ਪਾਰਟੀ ਦੇ ਹਲਕਿਆਂ ਚ ਉਹਨਾਂ ਦਾ ਚੰਗਾ ਨਾਂ ਹੈ। ਉਹ ਪਾਰਟੀ ਨਾਲ 2017 ਵੇਲੇ ਤੋਂ ਹੀ ਜੁੜੇ ਹੋਏ ਹਨ।2020 ਦੌਰਾਨ ਤਾਂ ਉਹ ਰਾਜਨੀਤੀ ਵਿੱਚ ਪੂਰੀ ਤਰ੍ਹਾਂ ਸਰਗਰਮ ਹੋ ਗਏ। ਬਲਕਾਰ ਸਿੰਘ ਸਿੱਧੂ ਵਿਧਾਨ ਸਭਾ ਹਲਕਾ ਰਾਮਪੁਰਾ ਫੂਲ ਤੋਂ ਆਮ ਆਦਮੀ ਪਾਰਟੀ ਦੀ ਟਿਕਟ ਤੇ ਚੋਣ ਲੜੇ ਤਾਂ ਦਰਸ਼ਨ ਸੋਹੀ ਨੇ ਪਾਰਟੀ ਦਾ ਭਮੱਕੜ ਬਣਕੇ ਚੋਣ ਮੁਹਿੰਮ ਨੂੰ ਜਿੱਤ ਤੱਕ ਪਹੁੰਚਾਉਣ ਲਈ ਪ੍ਰਸ਼ੰਸਾ ਯੋਗ ਕੰਮ ਕੀਤਾ। ਉਹ ਗਰੈਜੂਏਟ ਹਨ ਤੇ ਫੂਲ ਟਾਊਨ ਦੇ ਵਸਨੀਕ ਹਨ। ਫੂਲ ਟਾਊਨ ਚ ਚੰਗੀ ਖਾਸੀ ਵੋਟ ਹੈ,ਆੜ੍ਹਤ ਦਾ ਕਾਰੋਬਾਰ ਹੋਣ ਕਾਰਨ ਕਿਸਾਨਾਂ ਵਰਗ 'ਚ ਉਹਨਾਂ ਦਾ ਪਹਿਲਾਂ ਹੀ ਚੰਗਾ ਆਧਾਰ ਮੰਨਿਆ ਜਾਂਦਾ ਹੈ। ਵਿਰਾਸਤੀ ਚੀਜ਼ਾਂ ਦੇਖਣ ਦੇ ਸ਼ੌਕੀਨ ਸੋਹੀ ਕਬੱਡੀ ਦੇ ਵੀ ਚੰਗੇ ਖਿਡਾਰੀ ਹਨ। ਦਰਸ਼ਨ ਸਿੰਘ ਸੋਹੀ ਦਾ ਕਹਿਣਾ ਹੈ ਕਿ ਕਿਸਾਨੀ ਭਾਈਚਾਰੇ ਅਤੇ ਮਾਰਕਿਟ ਕਮੇਟੀ ਨਾਲ ਜੁੜੇ ਹਰ ਕਾਰੋਬਾਰੀ ਦੀ ਖੁਸ਼ਹਾਲੀ ਲਈ ਉਹ ਸਿਰਤੋੜ ਯਤਨ ਕਰਨਗੇ। ਆਪਣੀ ਨਿਯੁਕਤੀ ਲਈ ਉਹਨਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਅਤੇ ਵਿਧਾਇਕ ਬਲਕਾਰ ਸਿੰਘ ਸਿੱਧੂ ਦਾ ਖਾਸ ਤੌਰ 'ਤੇ ਧੰਨਵਾਦ ਕੀਤਾ।

# ਤਾਜ ਸਿਟੀ ਦੇ ਵਸਨੀਕਾਂ ਨੇ ਕੀਤੀ ਮੀਟਿੰਗ

ਸੁਨਾਮ 25 ਅਪ੍ਰੈਲ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ)ਸਥਾਨਕ ਪਟਿਆਲਾ ਰੋਡ ਤਾਜ ਸਿਟੀ ਕਲੋਨੀ ਵਾਸੀਆਂ ਦੀ ਇੱਕ ਮੀਟਿੰਗ ਰਜਿੰਦਰ ਸਿੰਘ ਰਾਜਾ ਵੀਰ ਕਲਾਂ ਸਾਬਕਾ ਚੇਅਰਮੈਨ ਪਲਾਨਿੰਗ ਬੋਰਡ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਕਲੋਨੀ ਨਿਵਾਸੀਆਂ ਵੱਲੋਂ ਨਵ ਨਿਯੁਕਤ ਪ੍ਰਧਾਨ ਸਰਦਾਰ ਸੁਖਦੇਵ ਸਿੰਘ ਚੱਠਾ ਦੀ ਦੁਆਰਾ ਕਲੋਨੀ ਦੀ ਬਿਹਤਰੀ ਲਈ ਕਰਵਾਏ ਜਾ ਰਹੇ ਕੰਮਿਆਂ ਦੀ ਸਮੀਖਿਆ ਕੀਤੀ ਗਈ ਇਸ ਮੌਕੇ ਤੇ ਰਜਿੰਦਰ ਰਾਜਾ ਨੇ ਕਿਹਾ ਕਿ ਡਾਕਟਰ ਚੱਠਾ ਤਨ ਮਨ ਨਾਲ ਕਲੋਨੀ ਦੇ ਕੰਮਾਂ ਪ੍ਰਤੀ ਸਮਰਪਿਤ ਹਨ ਉਹਨਾਂ ਨੇ ਇੱਕ ਹਫਤੇ ਵਿੱਚ ਹੀ ਕਲੋਨੀ ਦੀ ਕਾਇਆ ਕਲਪ ਕਰ ਦਿੱਤੀ ਇਸ ਮੌਕੇ ਤੇ ਅੰਮ੍ਰਿਤਪਾਲ ਪੈਟਰੋਲ ਪੰਪ ,ਕਮਲ ਜੈਨ ,ਸੰਜੀਵ ਗੋਇਲ ਨੇ ਕਿਹਾ ਕਿ ਡਾਕਟਰ ਚੱਠਾ ਨੇ ਦੋਨੋਂ ਪਾਰਕਾਂ ਦੀ ਸਾਫ ਸਫਾਈ, ਨਵੇਂ ਬੂਟੇ ,ਸਟਰੀਟ ਲਾਈਟਾਂ ,ਕਲੋਨੀ ਦੀ ਸਫਾਈ ਲਈ ਬਹੁਤ ਹੀ ਮਿਹਨਤ ਕੀਤੀ ਹੈ ਜੋ ਕਿ ਇੱਕ ਸ਼ਲਾਘਾਯੋਗ ਕਦਮ ਹੈ ਇਸ ਮੌਕੇ ਤੇ ਉਹਨਾਂ ਨੇ ਕਲੋਨੀ ਵਾਸੀਆਂ ਵੱਲੋਂ ਇੱਕ ਮੰਗ ਪੱਤਰ ਕੈਬਨਟ ਮੰਤਰੀ ਸ੍ਰੀ ਅਮਨ ਅਰੋੜਾ ਨੂੰ ਦਿੱਤਾ।

# 3 ਮਹੀਨੇ 24 ਦਿਨਾਂ ਵਿੱਚ 400 ਤਸਕਰ ਕੀਤੇ ਗ੍ਰਿਫ਼ਤਾਰ



ਬਠਿੰਡਾ, 25 ਅਪ੍ਰੈਲ (ਦੀਪਕ ਸ਼ਰਮਾ) : ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਚਲਾਈ ਜਾ ਰਹੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਤਹਿਤ ਬਠਿੰਡਾ ਜ਼ਿਲ੍ਹੇ ਅੰਦਰ 3 ਮਹੀਨੇ 24 ਦਿਨਾਂ ਵਿੱਚ ਕੁੱਲ 242 ਕੇਸ ਦਰਜ ਕਰਕੇ 400 ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਦੌਰਾਨ ਪੁਲਿਸ ਨੇ ਜ਼ਿਲ੍ਹੇ ਵਿੱਚ 25 ਥਾਵਾਂ 'ਤੇ ਕਾਸੋ ਆਪਰੇਸ਼ਨ ਵੀ ਚਲਾਏ ਜਿਸ ਵਿੱਚ 32 ਮੁਕੱਦਮੇ ਦਰਜ ਕਰਕੇ 48 ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਐਸਐਸਪੀ ਬਠਿੰਡਾ ਅਮਨੀਤ ਕੌਂਡਲ ਨੇ ਦੱਸਿਆ ਕਿ ਜ਼ਿਲ੍ਹੇ ਅੰਦਰ ਨਸ਼ਿਆਂ ਖਿਲਾਫ ਪੁਲਿਸ ਵੱਲੋਂ ਪਹਿਲਾਂ ਦੀ ਤਰ੍ਹਾਂ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਜਿੱਥੇ ਪੁਲਿਸ ਲਗਾਤਾਰ ਛਾਪੇਮਾਰੀ ਕਰਕੇ ਨਸ਼ਾ ਤਸਕਰਾਂ ਨੂੰ ਫੜ ਰਹੀ ਹੈ, ਉੱਥੇ ਹੀ ਕਾਸੋ ਆਪਰੇਸ਼ਨ ਵੀ ਜ਼ਿਲ੍ਹੇ ਅੰਦਰ ਚਲਾਏ ਜਾ ਰਹੇ ਹਨ। ਐਸਐਸਪੀ ਨੇ ਦੱਸਿਆ ਕਿ ਪੁਲਿਸ ਨੇ ਨਸ਼ਿਆਂ ਤਸਕਰਾਂ ਖਿਲਾਫ ਸਖਤ ਕਾਰਵਾਈ ਕਰਦਿਆਂ 1 ਮਾਰਚ ਤੋਂ 24 ਅਪ੍ਰੈਲ 2025 ਤਕ 210 ਮੁਕੱਦਮੇ ਦਰਜ ਕਰਕੇ 352 ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ। ਫੜੇ ਗਏ ਨਸ਼ਾ ਤਸਕਰਾਂ ਕੋਲੋਂ ਪੁਲਿਸ ਨੇ 50 ਹਜਾਰ 473 ਕੈਪਸੂਲ, 701 ਕਿੱਲੋ ਭੁੱਕੀ, 1.578 ਕਿਲੋ ਹੈਰੋਇਨ, .006 ਸਮੈਕ, 80 ਨਸ਼ੀਲੀ ਦਵਾਈ ਦੀਆਂ ਸ਼ੀਸ਼ੀਆਂ ਤੋਂ ਇਲਾਵਾ 11.97 ਅਫੀਮ ਅਤੇ 1 ਲੱਖ 52 ਹਜ਼ਾਰ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਲਗਾਤਾਰ ਨਾਕੇ ਬੰਦੀ ਕਰਕੇ ਸ਼ੱਕੀ ਪੁਰਸ਼ਾਂ ਦੀ ਤਲਾਸ਼ੀ ਲਈ ਜਾ ਰਹੀ ਹੈ। ਇਸ ਤੋਂ ਇਲਾਵਾ ਪੁਲਿਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਛਾਪੇਮਾਰੀ ਕਰਦਿਆਂ ਨਸ਼ੀਲੇ ਪਦਾਰਥਾਂ ਸਮੇਤ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ। ਐਸਐਸਪੀ ਨੇ ਦੱਸਿਆ ਕਿ ਇਸ ਤੋਂ ਇਲਾਵਾ ਪੰਜਾਬ ਪੁਲਿਸ ਵੱਲੋਂ ਜ਼ਿਲ੍ਹੇ ਅੰਦਰ 25 ਥਾਵਾਂ 'ਤੇ ਕਾਸੋ ਆਪਰੇਸ਼ਨ ਚਲਾਏ ਗਏ, ਜਿਸ ਵਿੱਚ ਪੁਲਿਸ ਨੇ 32 ਕੇਸ ਦਰਜ ਕਰਕੇ 48 ਤਸਕਰਾਂ ਨੂੰ ਗ੍ਰਿਫਤਾਰ ਕੀਤਾ ਹੈ।ਉਨ੍ਹਾਂ ਦੱਸਿਆ ਕਿ ਬਠਿੰਡਾ ਜ਼ਿਲ੍ਹੇ ਅੰਦਰ ਨਸ਼ੇ ਦੇ ਹੋਟ ਸਪੌਟ ਖੇਤਰਾਂ ਦੀ ਪਛਾਣ ਵੀ ਕੀਤੀ ਗਈ ਹੈ, ਜਿੱਥੇ ਲਗਾਤਾਰ ਪੁਲਿਸ ਨਿਗ੍ਹਾ ਰੱਖ ਰਹੀ ਹੈ।ਉਨ੍ਹਾਂ ਦੱਸਿਆ ਕਿ ਕਾਸ਼ੋ ਆਪਰੇਸ਼ਨ ਤਹਿਤ ਪੁਲਿਸ ਨੇ 311.03 ਗ੍ਰਾਮ ਹੈਰੋਇਨ, 65 ਗ੍ਰਾਮ ਅਫੀਮ, 45 ਕਿੱਲੋ ਭੁੱਕੀ, 200 ਗ੍ਰਾਮ ਗਾਂਜਾ, 540 ਨਸ਼ੀਲੀਆਂ ਗੋਲੀਆਂ, 180 ਪਾਬੰਦੀਸ਼ੁਦਾ ਕੈਪਸੂਲ, 285 ਲੀਟਰ ਲਾਹਨ, 20 ਲੀਟਰ ਨਜਾਇਜ਼ ਸ਼ਰਾਬ, 1 ਲੱਖ 22 ਹਜ਼ਾਰ ਰੁਪਏ ਦੀ ਡਰੱਗ ਮਨੀ ਅਤੇ ਇੱਕ ਮੋਟਰਸਾਈਕਲ ਬਰਾਮਦ ਕੀਤਾ ਹੈ। ਐਸਐਸਪੀ ਨੇ ਦੱਸਿਆ ਕਿ ਇਸ ਤੋਂ ਇਲਾਵਾ ਜ਼ਿਲ੍ਹੇ ਦੀ ਬੀੜ ਤਲਾਬ ਬਸਤੀ ਨੰਬਰ ਦੋ ਵਿੱਚ ਨਸ਼ਾ ਤਸਕਰੀ ਕਰਕੇ ਬਣਾਈ ਇਮਾਰਤ ਨੂੰ ਪੁਲਿਸ ਨੇ ਢਾਹ ਦਿੱਤਾ ਸੀ। ਉਨ੍ਹਾਂ ਦੱਸਿਆ ਕਿ ਸੂਰਜ ਨਾਮ ਦਾ ਉਕਤ ਤਸਕਰ ਨੇ 10 ਮਰਲਿਆਂ ਵਿੱਚ ਨਜਾਇਜ਼ ਤੌਰ 'ਤੇ ਘਰ ਦੀ ਉਸਾਰੀ ਕੀਤੀ ਸੀ।

# ਮੀਤ ਹੇਅਰ ਵੱਲੋਂ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵਿਕਾਸ ਪ੍ਰੋਜੈਕਟ ਪਾਰਦਾਰਸ਼ੀ ਢੰਗ ਨਾਲ ਨੇਪਰੇ ਚੜ੍ਹਾਉਣ ਦੀ ਹਦਾਇਤ



ਸੰਗਰੂਰ, 25 ਅਪ੍ਰੈਲ:(ਹਰਕੰਵਲ ਸਿੰਘ ਹੈਪੀ): ਹਲਕਾ ਸੰਗਰੂਰ ਤੋਂ ਮੈਂਬਰ ਪਾਰਲੀਮੈਂਟ ਸ. ਗੁਰਮੀਤ ਸਿੰਘ ਮੀਤ ਹੇਅਰ ਵੱਲੋਂ ਸਰਕਾਰ ਦੇ ਵਿਕਾਸ ਕਾਰਜਾਂ ਅਤੇ ਭਲਾਈ ਸਕੀਮਾਂ ਤਹਿਤ ਵੱਖ-ਵੱਖ ਮਹਿਕਮਿਆਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਲਈ ਅੱਜ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਵਿੱਚ ਜ਼ਿਲ੍ਹਾ ਵਿਕਾਸ ਤਾਲਮੇਲ ਅਤੇ ਮੌਨੀਟਰਿੰਗ (ਦਿਸ਼ਾ) ਕਮੇਟੀ ਦੀ ਪ੍ਰਧਾਨਗੀ ਕੀਤੀ। ਮੀਟਿੰਗ ਦੌਰਾਨ ਐਮ.ਪੀ. ਗੁਰਮੀਤ ਸਿੰਘ ਮੀਤ ਹੇਅਰ ਨੇ ਮੀਟਿੰਗ ਦੌਰਾਨ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਵਿਕਾਸ ਪ੍ਰੋਜੈਕਟ ਪਾਰਦਾਰਸ਼ੀ ਢੰਗ ਨਾਲ ਸਮੇਂ ਸਿਰ ਨੇਪਰੇ ਚੜ੍ਹਾਉਣ ਦੀ ਹਦਾਇਤ ਕੀਤੀ। ਮੀਟਿੰਗ ਦੌਰਾਨ ਐਮ.ਪੀ. ਨੇ ਲੋਕ ਨਿਰਮਾਣ ਵਿਭਾਗ, ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ, ਨੈਸ਼ਨਲ ਹਾਈਵੇਜ਼, ਸਿਹਤ ਵਿਭਾਗ, ਸਿੱਖਿਆ ਵਿਭਾਗ, ਖੇਤੀਬਾੜੀ, ਪਸ਼ੂ ਪਾਲਣ, ਸਮਾਜਿਕ ਸੁਰੱਖਿਆ ਅਤੇ ਇੰਡਸਟਰੀ ਵਿਭਾਗ ਸਮੇਤ ਹੋਰਨਾਂ ਵੱਖ-ਵੱਖ ਵਿਭਾਗਾਂ ਦੇ ਕੰਮਾਂ। ਦੀ ਸਮੀਖਿਆ ਕੀਤੀ ਐਮ.ਪੀ. ਮੀਤ ਹੇਅਰ ਨੇ ਕਿਹਾ ਕਿ ਇਸਦੇ ਨਾਲ ਹੀ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਦਾ ਲਾਭ ਵੀ ਸਹੀ ਢੰਗ ਨਾਲ ਅਸਲ ਲੋੜਵੰਦਾਂ ਤੱਕ ਪਹੁੰਚਾਉਣਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਲੋਕਾਂ ਦੀ ਭਲਾਈ ਲਈ ਜਾ ਰਹੇ ਵਿਕਾਸ ਪ੍ਰੋਜੈਕਟਾਂ ਅਤੇ ਸਕੀਮਾਂ ਲਈ ਫੰਡਾਂ ਦੀ ਕੋਈ ਕਮੀਂ ਨਹੀਂ ਹੈ ਅਤੇ ਕਿਸੇ ਵੀ ਕੰਮ ਲਈ ਕੀਤੀ ਗਈ ਬੇਲੋੜੀ ਦੇਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕਿਲੇ ਵੀ ਅਧਿਕਾਰੀ ਜਾਂ ਕਰਮਚਾਰੀ ਵੱਲੋਂ ਸਮਾਜ ਭਲਾਈ ਦੇ ਕੰਮਾਂ ਵਿੱਚ ਕੋਈ ਢਿੱਲ ਮੱਠ ਵਰਤੀ ਗਈ ਤਾਂ ਉਸ ਵਿਰੁੱਧ ਅਨੁਸ਼ਾਸਨੀ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇਗੀ।ਇਸ ਮੌਕੇ ਐਮ.ਪੀ. ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਮੁੜ ਰੰਗਲਾ ਪੰਜਾਬ ਬਣਾਉਣ ਲਈ ਅਣਥੱਕ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਸ਼ਾ ਤਸਕਰਾਂ ਖ਼?ਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨੀ ਯਕੀਨੀ ਬਣਾਈ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਸਿਰਫ ਤਿੰਨ ਸਾਲਾਂ ਦੌਰਾਨ ਹੀ ਸੂਬੇ ਵਿੱਚ 52,000 ਦੇ ਕਰੀਬ ਸਰਕਾਰੀ ਨੌਕਰੀਆਂ, ਪ੍ਰਾਇਵੇਟ ਥਰਮਲ ਨੂੰ ਖਰੀਦ ਕੇ ਸਰਕਾਰੀ ਬਣਾਉਣਾ, 17 ਟੋਲ‹ ਪਲਾਜ਼ੇ ਬੰਦ ਕਰਨਾ, 300 ਯੂਨਿਟ ਬਿਜਲੀ ਮੁਫ਼ਤ ਦੇਣਾ, ਖੇਤਾਂ ਨੂੰ ਦਹਾਕਿਆਂ ਬਾਅਦ ਨਹਿਰੀ ਪਾਣੀ ਦੀ ਵਿਵਸਥਾ ਕਰਵਾਉਣੀ ਆਦਿ ਅਜਿਹੇ ਮਿਸਾਲੀ ਫੈਸਲੇ ਹਨ ਜੋ ਪਹਿਲਾਂ ਕਿਸੇ ਸਰਕਾਰ ਨੇ ਆਪਣੇ ਪੰਜ ਸਾਲ ਦੇ ਕਾਰਜਕਾਲ ਦੌਰਾਨ ਵੀ ਨਹੀਂ ਕੀਤੇ।

# ਸੰਤ ਸ਼੍ਰੋਮਣੀ ਇੱਛਾਪੂਰਤੀ ਸ੍ਰੀ ਬਾਲਾ ਜੀ ਚੈਰੀਟੇਬਲ ਟਰੱਸਟ ਨੇ ਲਗਾਇਆ ਮੈਡੀਕਲ ਚੈੱਕਅਪ ਕੈਂਪ



ਸੁਨਾਮ ਊਧਮ ਸਿੰਘ ਵਾਲਾ, 25 ਅਪ੍ਰੈਲ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ):ਸੰਤ ਸ਼ਿਰੋਮਣੀ ਇੱਛਾਪੂਰਤੀ ਸ੍ਰੀ ਬਾਲਾ ਜੀ ਚੈਰੀਟੇਬਲ ਟਰੱਸਟ ਸੁਨਾਮ ਵੱਲੋਂ ਨੈਸ਼ਨਲ ਹਾਈਡਰੋ ਪਾਵਰ ਕਾਰਪੋਰੇਸ਼ਨ, ਬਿਜਲੀ ਮੰਤਰਾਲਿਆ ਦੁਆਰਾ ਪ੍ਰਦਾਨ ਕੀਤੀ ਗਈ ਮੋਬਾਈਲ ਹਸਪਤਾਲ ਵੈਨ ਦੇ ਮਾਧਿਅਮ ਰਾਹੀਂ ਵੱਖ-ਵੱਖ ਥਾਵਾਂ 'ਤੇ ਮੈਡੀਕਲ ਕੈਂਪ ਲਗਾਏ ਜਾ ਰਹੇ ਹਨ, ਤਾਂ ਜੋ ਲੋੜਵੰਦਾਂ ਦੀ ਸੇਵਾ ਕੀਤੀ ਜਾ ਸਕੇ।ਜਾਣਕਾਰੀ ਦਿੰਦੇ ਹੋਏ ਸ੍ਰੀ ਬਾਲਾ ਜੀ ਟਰੱਸਟ ਦੇ ਮੈਂਬਰ ਗੌਰਵ ਜਨਾਲੀਆ ਨੇ ਦੱਸਿਆ ਕਿ ਮੋਬਾਈਲ ਹਸਪਤਾਲ ਵੈਨ ਦੇ ਮਾਧਿਅਮ ਰਾਹੀਂ ਵੱਖ-ਵੱਖ ਥਾਵਾਂ 'ਤੇ ਪਹੁੰਚ ਕੇ ਮੁਫਤ ਮੈਡੀਕਲ ਚੈੱਕਅਪ ਲਗਾਏ ਜਾ ਰਹੇ ਹਨ। ਇਸ ਲੜੀ ਨੂੰ ਜਾਰੀ ਰੱਖਦੇ ਹੋਏ ਅੱਜ 65ਵਾਂ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਸ੍ਰੀ ਸ਼ਿਵ ਧਾਮ ਆਸ਼ਰਮ ਬਿਗੜਵਾਲ ਰੋਡ 'ਤੇ ਲਗਾਇਆ ਗਿਆ। ਇਹ ਕੈਂਪ ਡਾਕਟਰ ਪ੍ਰਭਜੋਤ ਸਿੰਘ ਢਿੱਲੋਂ ਦੀ ਦੇਖ-ਰੇਖ ਵਿੱਚ ਲਗਾਇਆ ਗਿਆ। ਜਨਾਲੀਆ ਨੇ ਦੱਸਿਆ ਕਿ ਇਸ ਕੈਂਪ ਵਿੱਚ ਸਾਧੂ ਸੰਤਾਂ ਦਾ ਆਸ਼ੀਰਵਾਦ ਤਾਂ ਮਿਲਿਆ ਹੀ, ਨਾਲ ਹੀ ਸਾਧੂ ਸੰਤਾਂ ਦਾ ਚੈੱਕਅਪ ਕਰਕੇ ਮਨ ਨੂੰ ਆਤਮਿਕ ਸ਼ਾਂਤੀ ਮਿਲੀ। ਉਨ੍ਹਾਂ ਦੱਸਿਆ ਕਿ ਕੈਂਪ ਦੌਰਾਨ ਸ੍ਰੀ ਬਾਲਾ ਜੀ ਟਰੱਸਟ ਦੁਆਰਾ ਦਵਾਈਆਂ ਮੁਫਤ ਦਿੱਤੀਆਂ ਗਈਆਂ। ਉਨ੍ਹਾਂ ਨੇ ਭਰੋਸਾ ਦੁਆਇਆ ਕਿ ਮਨੁੱਖਤਾ ਦੀ ਸੇਵਾ ਪੂਰੀ ਲਗਨ ਨਾਲ ਕਰਦੇ ਰਹਿਣਗੇ। ਖੇਤਰਾਂ ਦੀਆਂ ਝੁੱਗੀ ਝੌਂਪੜੀਆਂ ਅਤੇ ਪਿੰਡਾਂ ਵਿੱਚ ਇਸ ਮੋਬਾਈਲ ਹਸਪਤਾਲ ਵੈਨ ਦੇ ਮਾਧਿਅਮ ਰਾਹੀਂ ਪਹੁੰਚ ਕੇ ਮੁਫਤ ਮੈਡੀਕਲ ਸਹੂਲਤਾਂ ਮੁਹੱਈਆ ਕਰਦੇ ਰਹਿਣਗੇ। ਇਸ ਮੌਕੇ 'ਤੇ, ਕੇਸ਼ਵ ਗੁਪਤਾ, ਸੋਨੂੰ ਨਗਰਾ, ਅਨਿਲ ਲੀਲਾ, ਨਾਰਾਇਣ ਸ਼ਰਮਾ, ਅਜੈ ਗੁਪਤਾ, ਸਚਿਨ ਗੋਇਲ, ਸੰਜੇ ਆਦਿ ਮੌਜੂਦ ਸਨ।

# ਜੇਵੀਅਰਜ ਸਕੂਲ ਰਾਮਪਰਾ ਫੂਲ ਵਿਖੇ ਵਿਰਾਸਤੀ ਖੇਡਾਂ ਦੀ ਸ਼ੁਰੂਆਤ

ਬਠਿੰਡਾ, 25 ਅਪ੍ਰੈਲ ( ਇੰਦਰਪਾਲ ਬਾਂਸਲ):ਜ਼ੇਵੀਅਰਜ਼ ਸਕੂਲ ਰਾਮਪੁਰਾ ਫੂਲ ਦੇ ਖੇਡ ਦੇ ਮੈਦਾਨ ਵਿੱਚ ਅੱਜ ਵਿਰਾਸਤੀ ਖੇਡਾਂ ਦੀ ਸ਼ੁਰੂਆਤ ਬੜੇ ਹੀ ਰਸਮੀ ਤਰੀਕੇ ਨਾਲ ਕੀਤੀ ਗਈ।ਸਕੂਲ ਦੇ ਮਨੈਜ਼ਰ ਫਾਦਰ ਐਂਡਰਿਊ ਫਰਨਾਂਡਿਜ , ਪ੍ਰਿੰਸੀਪਲ ਫਾਦਰ ਯੂਲਾਲੀਓ ਫਰਨਾਂਡਿਜ ਤੇ ਕੋਆਰਡੀਨੇਟਰ ਪ੍ਰੇਮ ਲਤਾ ਨੇ ਰੰਗ-ਬਿਰੰਗੇ ਗੁਬਾਰੇ ਛੱਡ ਕੇ ਵਿਰਾਸਤੀ ਖੇਡਾਂ ਦਾ ਬਿਗਲ ਵਜਾਇਆ। ਜਮਾਤ ਛੇਵੀਂ ਤੋਂ ਬਾਰਵੀਂ ਤੱਕ ਦੇ ਵਿਦਿਆਰਥੀਆਂ ਨੇ ਵਿਰਾਸਤੀ ਖੇਡਾਂ ਵਿੱਚ ਬਹੁਤ ਹੀ ਉਤਸ਼ਾਹ ਨਾਲ ਹਿੱਸਾ ਲਿਆ। ਸਕੂਲ ਦੇ ਵਿਦਿਆਰਥੀਆਂ ਨੇ ਵਿਰਾਸਤੀ ਖੇਡਾਂ ਪਿੱਠੂ, ਰੱਸਾਕਸ਼ੀ, ਖੋ-ਖੋ, ਲੰਗੜੀ ਵਿੱਚ ਭਾਗ ਲਿਆ। ਪ੍ਰਿੰਸੀਪਲ ਫਾਦਰ ਯੂਲਾਲੀਓ ਫਰਨਾਂਡਿਜ ਨੇ ਵਿਦਿਆਰਥੀਆਂ ਨੂੰ ਵਿਰਾਸਤੀ ਖੇਡਾਂ ਰਾਹੀਂ ਮਿਲ - ਜੁਲ ਕੇ ਰਹਿਣ ਤੇ ਇੱਕ ਦੂਜੇ ਦੀ ਮਦਦ ਕਰਨ ਦਾ ਸੱਦਾ ਦਿੱਤਾ। ਵਿਰਾਸਤੀ ਖੇਡਾਂ ਕਰਵਾਉਣ ਲਈ ਸਕੂਲ ਦੇ ਖੇਡਾਂ ਦੇ ਮਾਹਰ ਲੈਕਚਰਾਰ ਰ ਗੁਰਪਿੰਦਰ ਸਿੰਘ ਭੁੱਲਰ, ਪਰਮਿੰਦਰ ਸਿੰਘ, ਅਮਨਦੀਪ ਕੌਰ ਤੇ ਜੋਤੀ ਨੇ ਆਪਣੀ ਅਹਿਮ ਭੂਮਿਕਾ ਨਿਭਾਈ। ਇਹਨਾਂ ਖੇਡਾਂ ਵਿੱਚ ਵਿਦਿਆਰਥੀਆਂ ਨੇ ਟੀਮ ਵਰਕ ਕਰਨਾ ਤੇ ਵਿਰਾਸਤ ਦਾ ਮਾਣ ਵਧਾਉਣਾ ਸਿੱਖਿਆ।

# ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ ਚੌਥੀ ਵਿਚਾਰ ਗੋਸ਼ਟੀ



ਸੰਗਰੂਰ, 25 ਅਪ੍ਰੈਲ, (ਹਰਕੰਵਲ ਸਿੰਘ ਹੈਪੀ): ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵੱਲੋਂ "ਭਾਰਤ ਅੰਦਰ ਸਿੱਖਾਂ ਲਈ ਚੁਣੌਤੀਆ, ਸਿੱਖਾਂ ਦੀ ਦਸ਼ਾ ਅਤੇ ਦਿਸ਼ਾ"ਵਿਸ਼ੇ 'ਤੇ ਚੌਥੀ ਵਿਚਾਰ ਗੋਸ਼ਟੀ ਦਾ ਆਯੋਜਨ ਅਕਾਲ ਕਾਲਜ ਕੌਂਸਲ ਸੰਤ ਤੇਜਾ ਸਿੰਘ ਹਾਲ ਵਿੱਚ ਕੀਤਾ ਗਿਆ। ਇਸ ਵਿਚਾਰ ਚਰਚਾ ਵਿੱਚ ਭਾਰੀ ਗਿਣਤੀ ਚ ਨੌਜਵਾਨਾਂ, ਵਿਦਿਆਰਥੀਆਂ, ਵਿਦਵਾਨਾਂ ਅਤੇ ਸਿੱਖ ਚਿੰਤਕਾਂ ਨੇ ਸਮੂਲੀਅਤ ਕੀਤੀ। ਸ਼ੁਰੂਆਤੀ ਭਾਸ਼ਣ ਫ਼ੈਡਰੇਸ਼ਨ ਦੇ ਪ੍ਰਧਾਨ ਭਾਈ ਮੇਜਰ ਸਿੰਘ ਖ਼ਾਲਸਾ ਨੇ ਕਿਹਾ ਕਿ ਫੈਡਰੇਸ਼ਨ ਦਾ ਮੁੱਖ ਉਦੇਸ਼ ਗੁਰੂ ਸਾਹਿਬਾਨ ਦੇ ਨਿਰਗੁਣ ਸਰੂਪ ਬਾਣੀ, ਗੁਰ-ਇਤਿਹਾਸ, ਗੁਰਮਤਿ ਫ਼ਲਸਫ਼ੇ ਅਤੇ ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਅਤੇ ਨਾਸਤਿਕਤਾ ਤੇ ਮਨਮਤ ਦਾ ਪ੍ਰਹਾਰ ਕਰਨਾ ਹੈ। ਉਹਨਾਂ ਕਿਹਾ ਕਿ ਪੰਜਾਬ ਸਾਡਾ ਕੌਮੀ ਘਰ ਹੈ ਜਿਸਨੂੰ ਅਜ਼ਾਦ ਕਰਵਾਉਣਾ ਸਾਡਾ ਪਹਿਲਾ ਤੇ ਆਖ਼ਰੀ ਨਿਸ਼ਾਨਾ ਹੈ। ਭਾਈ ਜਸਵੰਤ ਸਿੰਘ ਖਹਿਰਾ ਸਕੱਤਰ ਅਕਾਲ ਕਾਲਜ ਕੌਂਸਲ ਨੇ ਫੈਡਰੇਸ਼ਨ ਦੀਆਂ ਪੁਰਾਣੀਆ ਯਾਦਾਂ ਸਾਂਝੀਆਂ ਕਰਦਿਆਂ ਫੈਡਰੇਸ਼ਨ ਦੇ ਲਹੂ ਭਿੱਜੇ ਸ਼ਾਨਾ-ਮੱਤੇ ਇਤਿਹਾਸ ਬਾਰੇ ਜਾਣੂ ਕਰਵਾਇਆ ਅਤੇ ਕਿਹਾ ਕਿ ਨੌਜਵਾਨ ਦੀ ਸੋਚ, ਭਾਵਨਾਵਾਂ ਦਾ ਸਮੁੱਚਤਾ ਵਿੱਚ ਪ੍ਰਗਟਾਓ ਕਰਦੀ ਇੱਕੋ ਇੱਕ ਜੱਥੇਬੰਦੀ ਹੈ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਜੋ ਅੱਜ ਵੀ ਨੌਜਵਾਨਾਂ ਨੂੰ ਅਗਵਾਈ ਦੇ ਰਹੀ ਹੈ ਜਿਸ 'ਤੇ ਸਾਨੂੰ ਮਾਣ ਹੈ। ਭਾਈ ਹਰਜਿੰਦਰ ਸਿੰਘ ਮਾਝੀ ਨੇ ਅਧਿਆਤਮਕ ਤੌਰ 'ਤੇ ਆਪਣੇ ਜੀਵਨ ਨੂੰ ਉੱਚਾ ਤੇ ਸੁੱਚਾ ਬਨਾਉਣ ਲਈ ਗੱਲ ਕਰਦਿਆਂ ਕਿਹਾ ਕਿ ਅਸੀ ਧਰਮ ਨਹੀ ਕਮਾ ਰਹੇ ਇਸ ਤੇਜ਼ੀ ਨਾਲ ਬਦਲ ਰਹੇ ਸਾਇੰਟੀਫਿਕ ਯੁੱਗ ਦੀ ਚਮਕ ਦਮਕ ਦਾ ਸ਼ਿਕਾਰ ਹੋ ਕੇ ਆਪਣੇ ਜੀਵਨ ਨੂੰ ਕੁਰਾਹੇ ਪਾ ਰਹੇ ਹਾਂ। ਉਹਨਾਂ ਨੇ ਨੌਜਵਾਨਾਂ ਨੂੰ ਗੁਰਬਾਣੀ ਅਤੇ ਬਾਣੇ ਦੇ ਧਾਰਨੀ ਹੋਣ ਲਈ ਕਿਹਾ। ਡਾ:ਗੁਰਬੀਰ ਸਿੰਘ ਸੋਹੀ ਨੇ ਸਿੱਖ ਪ੍ਰੰਪਰਾਵਾਂ ਤੇ ਇਤਿਹਾਸ ਵਿੱਚ ਸਿਰੀ ਅਕਾਲ ਤਖਤ ਸਾਹਿਬ ਦੇ ਮਹੱਤਵਪੂਰਨ ਸਥਾਨ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਹਰ ਔਖੇ ਤੋਂ ਔਖੇ ਪੜਾਅ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਵਿਹਾਰਕ ਤੇ ਪ੍ਰਭਾਵਸ਼ਾਲੀ ਉਸਾਰੂ ਭੂਮਿਕਾ ਨਿਭਾਈ ਹੈ ਪਰ ਪਿਛਲੇ ਕੁਝ ਸਾਲਾਂ ਵਿੱਚ ਅਜਿਹੀਆਂ ਘਟਨਾਵਾਂ ਵਾਪਰੀਆਂ ਹਨ ਜਿਨ੍ਹਾਂ ਕਰਕੇ ਸਮੁੱਚੇ ਪੰਥ ਨੂੰ ਸੋਚਣ,ਚਿੰਤਨ ਕਰਨ ਲਈ ਮਜਬੂਰ ਕੀਤਾ ਹੈ ਇਸ ਮਹਾਨ ਸੰਸਥਾ ਦੀ ਨਵੇ ਸਿਰਿਓ ਪੁਨਰ ਸਥਾਪਨਾ ਤੇ ਵਿਆਖਿਆ ਦੀ ਲੋੜ ਹੈ। ਡਾ.ਅਨੁਰਾਗ ਸਿੰਘ ਜੀ ਨੇ ਇਸ ਵਿਚਾਰ ਗੋਸ਼ਟੀ ਵਿੱਚ ਸੰਬੋਧਨ ਸਿੱਖ ਇਤਿਹਾਸ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਸਿਖਾ ਉਪਰ ਅਨੇਕਾਂ ਵਾਰ ਗਿਣੇ-ਮਿੱਥੇ ਨਾਲ ਹਿੰਦੂ ਫਿਰਕਾਦਾਰੀ ਸਾਡੀ ਸਿੱਖਾਂ ਦੀ ਧਾਰਮਿਕ ਹੋਂਦ,ਅੱਡਰੀ ਪਹਿਚਾਣ ਉਪਰ ਮਾਰੂ ਹਮਲੇ ਕਰ ਚੁੱਕੀ ਹੈ, ਜਿਸਦਾ ਕਈ ਵਾਰ ਭੋਲੇ ਭਾਲੇ ਸਿੱਖ ਸ਼ਿਕਾਰ ਵੀ ਹੋ ਚੁੱਕੇ ਹਨ। ਇਤਿਹਾਸ ਗਵਾਹ ਹੈ ਕਿ ਸਿੱਖ ਕੌਮ ਹਥਿਆਰਬੰਦ ਹਮਲੇ ਦਾ ਵਾਰ ਸਹਾਰ ਸਕਦੀ ਹੈ ਆਪਾ ਕੁਰਬਾਨ ਕਰਨ ਤੋਂ ਵੀ ਪਿੱਛੇ ਨਹੀਂ ਹਟਦੇ ਹਰ ਤਰ੍ਹਾਂ ਨਾਲ ਢੁਕਵਾਂ ਜਵਾਬ ਦੇ ਸਕਦੀ ਹੈ।

# ਨਾਬਾਲਗ ਕੁੜੀ ਦਾ ਵਿਆਹ ਕਰਨ ਦੇ ਦੋਸ਼ ਹੇਠ 6 ਖ਼ਿਲਾਫ਼ ਕੇਸ ਦਰਜ

ਬਠਿੰਡਾ,25 ਅਪ੍ਰੈਲ (ਦੀਪਕ ਸ਼ਰਮਾ) :ਜ਼ਿਲ੍ਹੇ ਦੇ ਪਿੰਡ ਪਥਰਾਲਾ ਵਿਚ ਇਕ ਨਾਬਾਲਗ ਕੁੜੀ ਦਾ ਵਿਆਹ ਕਰਨ ਦੇ ਦੋਸ਼ ਹੇਠ ਪੁਲਿਸ ਨੇ ਦੋਵਾਂ ਪਰਿਵਾਰਾਂ ਦੇ 6 ਵਿਅਕਤੀਆਂ ਖ਼?ਲਾਫ਼ ਕੇਸ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਚੇਅਰਮੈਨ ਬਾਲ ਭਲਾਈ ਕਮੇਟੀ ਬਠਿੰਡਾ ਬਿਕਰਮਜੀਤ ਸਿੰਘ ਨੂੰ ਸ਼ਿਕਾਇਤ ਮਿਲੀ ਸੀ ਕਿ ਪਿੰਡ ਪਥਰਾਲਾ ਵਿਚ 15 ਮਾਰਚ ਨੂੰ ਲਾਭ ਸਿੰਘ ਵਾਸੀ ਪਥਰਾਲਾ ਨੇ ਆਪਣੀ ਨਾਬਾਲਗ ਲੜਕੀ ਦਾ ਵਿਆਹ ਗੁਰਪ੍ਰੀਤ ਸਿੰਘ ਵਾਸੀ ਪਿੰਡ ਔਢਾ ਜ਼ਿਲ੍ਹਾ ਸਿਰਸਾ ਨਾਲ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ 15 ਅਪ੍ਰੈਲ ਨੂੰ ਐਸਐਸਪੀ ਬਠਿੰਡਾ ਨੂੰ ਇਕ ਪੱਤਰ ਲਿਖਿਆ, ਜਿਸ ਵਿਚ ਦੱਸਿਆ ਕਿ ਵਿਆਹ ਸਮੇਂ ਉਕਤ ਕੁੜੀ ਦੀ ਉਮਰ 18 ਸਾਲ ਤੋਂ ਘੱਟ ਹੈ। ਮਾਮਲੇ ਦੀ ਪੜਤਾਲ ਤੋਂ ਬਾਅਦ ਥਾਣਾ ਸੰਗਤ ਮੰਡੀ ਦੀ ਪੁਲਿਸ ਨੇ ਨਾਬਾਲਗ ਕੁੜੀ ਦੇ ਪਿਤਾ ਲਾਭ ਸਿੰਘ, ਉਸ ਦੀ ਮਾਤਾ ਗੁਰਵਿੰਦਰ ਕੌਰ, ਉਸਦੇ ਪਤੀ ਗੁਰਪ੍ਰੀਤ ਸਿੰਘ ਵਾਸੀ ਔਢਾ ਜ਼ਿਲ੍ਹਾ ਸਿਰਸਾ, ਸਹੁਰੇ ਅਜੈਬ ਸਿੰਘ, ਕਿਰਨਾ ਕੌਰ ਅਤੇ ਗੁਰਪ੍ਰੀਤ ਸਿੰਘ ਦੀ ਮਾਤਾ ਖ਼ਿਲਾਫ਼ ਕੇਸ ਦਰਜ ਕਰ ਲਿਆ। ਸਹਾਇਕ ਥਾਣੇਦਾਰ ਗੁਰਚਰਨ ਸਿੰਘ ਨੇ ਦੱਸਿਆ ਕਿ ਬਾਲ ਭਲਾਈ ਕਮੇਟੀ ਦੀ ਸ਼ਿਕਾਇਤ ਤੋਂ ਬਾਅਦ ਨਾਬਾਲਗ ਦਾ ਵਿਆਹ ਕਰਨ ਵਾਲੇ ਦੋਵਾਂ ਪਰਿਵਾਰਾਂ ਖਿਲਾਫ ਕੇਸ ਦਰਜ ਕੀਤਾ ਗਿਆ ਹੈ ਪਰ ਅਜੇ ਤੱਕ ਕਿਸੇ ਦੀ ਗ੍ਰਿਫ਼ਤਾਰੀ ਨਹੀਂ।

# ਸਰਕਾਰੀ ਹਸਪਤਾਲ ਵਿੱਚੋਂ ਲੱਖਾਂ ਦਾ ਸਮਾਨ ਚੋਰੀ , ਚਾਰ ਵਿਅਕਤੀਆਂ ਖ਼ਿਲਾਫ਼ ਕੇਸ ਦਰਜ

, ਬਠਿੰਡਾ, 25 ਅਪ੍ਰੈਲ (ਦੀਪਕ ਸ਼ਰਮਾ):ਅਰਬਨ ਹੈਲਥ ਸੈਂਟਰ ਧੋਬੀਆਣਾ ਬਸਤੀ ਵਿੱਚੋਂ ਚੋਰਾਂ ਨੇ ਲੱਖਾਂ ਰੁਪਏ ਦਾ ਸਮਾਨ ਚੋਰੀ ਕਰ ਲਿਆ। ਥਾਣਾ ਸਿਵਲ ਲਾਈਨ ਦੀ ਪੁਲਿਸ ਨੇ ਅਰਬਨ ਹੈਲਥ ਕੇਅਰ ਸੈਂਟਰ ਦੇ ਮੈਡੀਕਲ ਅਫਸਰ ਦੀ ਸ਼ਿਕਾਇਤ ਦੇ ਆਧਾਰ 'ਤੇ ਚੋਰੀ ਕਰਨ ਵਾਲੇ ਲਾਲ ਸਿੰਘ ਵਾਸੀ ਧੋਬੀਆਣਾ ਬਸਤੀ, ਮਨਦੀਪ ਸ਼ਰਮਾ, ਕਰਨਵੀਰ ਸਿੰਘ ਅਤੇ ਸੰਜੂ ਵਾਸੀਆਨ ਮਾਡਲ ਟਾਊਨ ਬਠਿੰਡਾ ਖ਼?ਲਾਫ਼ ਕੇਸ ਦਰਜ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਸਿਵਲ ਲਾਈਨ ਪੁਲਿਸ ਨੂੰ ਦਰਜ ਕਰਵਾਏ ਬਿਆਨਾਂ ਵਿਚ ਡਾ. ਨਵੇਦਿੱਤਾ ਰਾਓ ਮੈਡੀਕਲ ਅਫਸਰ ਨੇ ਦੱਸਿਆ ਕਿ 30 ਮਾਰਚ 2025 ਤੋਂ ਲੈ ਕੇ 14 ਅਪ੍ਰੈਲ 2025 ਤਕ ਉਕਤ ਵਿਅਕਤੀ ਹੈਲਥ ਸੈਂਟਰ ਵਿੱਚੋਂ 20 ਪੱਖੇ, ਆਟੋ ਕਲੇਵ, ਬਿਜਲੀ ਦੀਆਂ ਤਾਰਾਂ, ਬਲਬ, ਸਵਿੱਚਾਂ, ਬਿਜਲੀ ਵਾਲੇ ਬੋਰਡ, ਐਮਸੀਬੀ, ਆਕਸੀਜਨ ਸਿਲੰਡਰ, ਟੂਟੀਆਂ, ਪਾਈਪਾਂ, ਵਾਸਵੇਸ਼ਨ, ਪਾਣੀ ਵਾਲੀ ਟੈਂਕੀ, ਤਿੰਨ ਅਗਸਟ ਫੈਨ, ਦੋ ਗੱਦੇ, ਦੋ ਕੂਲਰਾਂ ਦੀਆਂ ਮੋਟਰਾਂ, ਰਜਿਸਟਰ ਅਤੇ ਦਫਤਰੀ ਫਾਈਲਾਂ, ਨਵੂਲਾਈਜ਼ਰ ਮਸ਼ੀਨ 5, ਫੀਟਲ ਡੋਫਲਰ 2, ਸਫੈਤੋ ਸਕੋਪ 5, ਏਸੀ ਦੇ ਸਟੈਪਲਾਈਜ਼ਰ ਅਤੇ ਤਾਬੇ ਦੀਆਂ ਤਾਰਾਂ, ਆਰਟਰੀ ਫੋਰ ਸਿੱਪ 4, ਸਟੱਿਪ 1, ਸਟੂਲ 2, ਇਸਟਰੂਮੈਂਟ ਟਰਾਲੀ 4, ਬੈਡ ਸਕਰੀਨ 2, ਮਲੇਰੀਆ ਕਿੱਟ 1, ਟਰੇਅ ਸਟੇਨਲੈਸ ਸਟੀਲ 2, ਡਰੈਸਿੰਗ ਡਰੰਗ 6, ਕਰੀਮਰ ਵਾਈਰ 3, ਮਾਈਕਰੋ ਸਕੋਪ ਵੱਡਾ 1, ਸਰਜੀਕਲ ਟਰੇਅ 2, ਡੀਐਡਸੀ ਸੈੱਟ 1, ਹਾਟ ਪਲੇਟ 3, ਵੇਟ ਸਮਸ਼ੀਨ 1, ਆਰੋ ਪਿਊਰੀ ਫਾਇਰ 1, ਹੱਥ ਕਟਰ 5, ਆਕਸੀਜਨ ਕਨਸਨ ਟਰੇਟਰ 1 ਅਤੇ ਇਨਵੈਟਰ ਦੀਆਂ ਤਾਰਾਂ ਚੋਰੀ ਕਰਕੇ ਲੈ ਗਏ। ਥਾਣਾ ਸਿਵਲ ਲਾਈਨ ਪੁਲਿਸ ਦੇ ਸਹਾਇਕ ਥਾਣੇਦਾਰ ਪ੍ਰੀਤਮ ਸਿੰਘ ਨੇ ਦੱਸਿਆ ਕਿ ਸ਼ਿਕਾਇਤ ਤੋਂ ਬਾਅਦ ਲਾਲ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ, ਜਦੋਂਕਿ ਦੂਜਿਆਂ ਦੀ ਭਾਲ ਕੀਤੀ ਜਾ ਰਹੀ ਹੈ।



# ਪਟਿਆਲਾ-ਆਸ/ਪਾਸ



## ਗੁਰਦੁਆਰਾ ਸ੍ਰੀ ਦੂਖ-ਨਿਵਾਰਨ ਸਾਹਿਬ ਦੇ ਮੈਨੇਜਰ ਵਜੋਂ ਭਾਗ ਸਿੰਘ ਚੌਹਾਨ ਨੇ ਸੰਭਾਲਿਆ ਅਹੁਦੇ ਦਾ ਕਾਰਜਭਾਰ



ਪਟਿਆਲਾ, 25 ਅਪ੍ਰੈਲ (ਰੁਪਾਣਾ/ਅਮਰਜੀਤ) : ਗੁਰਦੁਆਰਾ ਸ੍ਰੀ ਦੂਖ-ਨਿਵਾਰਨ ਸਾਹਿਬ ਦੇ ਨਵ ਨਿਯੁਕਤ ਮੈਨੇਜਰ ਭਾਗ ਸਿੰਘ ਚੌਹਾਨ ਨੇ ਆਪਣੇ ਅਹੁਦੇ ਦਾ ਕਾਰਜਭਾਰ ਸੰਭਾਲਿਆ ਹੈ। ਜ਼ਿਕਰਯੋਗ ਹੈ ਕਿ ਮੈਨੇਜਰ ਨਿਸ਼ਾਨ ਸਿੰਘ ਜ਼ਫਰਵਾਲ ਮੁੜ ਤੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਬਤੌਰ ਐਡੀਸ਼ਨਲ ਮੈਨੇਜਰ ਆਪਣੀਆਂ ਸੇਵਾਵਾਂ ਦੇਣਗੇ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਜਾਰੀ ਆਦੇਸ਼ਾਂ ਤੋਂ ਬਾਅਦ ਨਵ ਨਿਯੁਕਤ ਮੈਨੇਜਰ ਵਜੋਂ ਭਾਗ ਸਿੰਘ ਚੌਹਾਨ ਨੇ ਗੁਰਦੁਆਰਾ ਸ੍ਰੀ ਦੂਖ-ਨਿਵਾਰਨ ਸਾਹਿਬ ਦੇ ਪ੍ਰਬੰਧ ਦੀ ਜ਼ਿੰਮੇਵਾਰੀ ਸੰਭਾਲੀ ਹੈ ਅਤੇ ਅਹੁਦੇ ਦਾ ਕਾਰਜਭਾਰ ਸੰਭਾਲਣ ਮੌਕੇ ਸਾਬਕਾ ਪ੍ਰਧਾਨ ਪ੍ਰੋ.ਕਿਰਪਾਲ ਸਿੰਘ ਬਡੂੰਗਰ, ਹੈੱਡ ਗ੍ਰੰਥੀ ਭਾਈ ਪ੍ਰਨਾਮ ਸਿੰਘ, ਕਥਾਵਾਚਕ ਗਿਆਨੀ ਪ੍ਰਿਤਪਾਲ ਸਿੰਘ, ਹੈੱਡ ਗ੍ਰੰਥੀ ਭਾਈ ਅਵਤਾਰ ਸਿੰਘ ਬਹਾਦਰਗੜ੍ਹ ਉਚੇਚੇ ਤੌਰ 'ਤੇ ਪੁੱਜੇ ਹੋਏ ਸਨ। ਇਸ ਦੌਰਾਨ ਉਚੇਚੇ ਤੌਰ 'ਤੇ ਪੁੱਜੀਆਂ ਸ਼ਖ਼ਸੀਅਤਾਂ ਨੇ ਨਵ ਨਿਯੁਕਤ ਮੈਨੇਜਰ ਭਾਗ ਸਿੰਘ ਚੌਹਾਨ ਨੂੰ ਸਿਰੋਪਾਉ ਭੇਟ ਕਰਕੇ ਅਹੁਦੇ 'ਤੇ ਬਿਠਾਇਆ। ਇਸ ਮੌਕੇ ਗੱਲਬਾਤ ਕਰਦਿਆਂ ਮੈਨੇਜਰ ਭਾਗ ਸਿੰਘ ਚੌਹਾਨ ਨੇ ਕਿਹਾ ਕਿ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪਾਵਨ ਅਸਥਾਨ ਦੀ ਜ਼ਿੰਮੇਵਾਰੀ ਨੂੰ ਤਨਦੇਹੀ ਤੇ ਇਮਾਨਦਾਰੀ ਨਾਲ ਆਪਣੀਆਂ ਸੇਵਾਵਾਂ ਦੇਣਗੇ ਅਤੇ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਨੂੰ ਸੁਚਾਰੂ ਬਣਾ ਕੇ ਰੱਖਣ ਲਈ ਉਹ ਹਮੇਸ਼ਾ ਵਚਨਬੱਧ ਹਨ। ਇਸ ਦੌਰਾਨ ਹੋਰਨਾਂ ਤੋਂ ਇਲਾਵਾ ਮੀਤ ਮੈਨੇਜਰ ਮਨਦੀਪ ਸਿੰਘ ਭਲਵਾਨ, ਆਤਮ ਪ੍ਰਕਾਸ਼ ਸਿੰਘ ਬੇਦੀ, ਮੈਨੇਜਰ ਮਨਜੀਤ ਸਿੰਘ ਕੌਲੀ, ਸੁਰਜੀਤ ਸਿੰਘ ਕੌਲੀ, ਪ੍ਰਚਾਰਕ ਪਰਵਿੰਦਰ ਸਿੰਘ ਬਰਾੜਾ, ਗੁਰਪਿਆਰ ਸਿੰਘ ਜੌਹਰ, ਪਰਵਿੰਦਰ ਸਿੰਘ ਰਿਓਂਦ, ਅਕਾਊਂਟੈਂਟ ਗੁਰਮੀਤ ਸਿੰਘ, ਭਾਈ ਸਰਬਜੀਤ ਸਿੰਘ, ਭਾਈ ਮਨਜੀਤ ਸਿੰਘ, ਭਾਈ ਹਜ਼ੂਰ ਸਿੰਘ ਆਦਿ ਵੀ ਉਚੇਚੇ ਤੌਰ 'ਤੇ ਸ਼ਾਮਲ ਸਨ।

## ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਮਾਣਾ ਦੇ 4 ਹੋਰ ਸਕੂਲ ਆਧੁਨਿਕ ਸਹੂਲਤਾਂ ਨਾਲ ਲੈਸ ਹੋਏ

### ਸਿੱਖਿਆ ਤੇ ਸਿਹਤ ਮਾਨ ਸਰਕਾਰ ਦੀ ਮੁੱਢਲੀ ਤਰਜੀਹ : ਜੌੜਾਮਾਜਰਾ



ਸਮਾਣਾ, 25 ਅਪ੍ਰੈਲ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ/ਅਮਿਤ): ਸਮਾਣਾ ਵਿਧਾਨ ਸਭਾ ਹਲਕੇ ਦੇ 4 ਹੋਰ ਸਕੂਲ ਅੱਜ ਆਧੁਨਿਕ ਸਹੂਲਤਾਂ ਨਾਲ ਲੈਸ ਕੀਤੇ ਗਏ। ਇਨ੍ਹਾਂ ਸਕੂਲਾਂ ਵਿਖੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਕੀਤੇ ਗਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਦੱਸਿਆ ਕਿ ਸਿਹਤ ਅਤੇ ਸਿੱਖਿਆ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਦੀ ਮੁਢਲੀ ਤਰਜੀਹਾਂ 'ਚ ਸ਼ਾਮਲ ਹਨ। ਵਿਧਾਇਕ ਜੌੜਾਮਾਜਰਾ ਨੇ ਸਰਕਾਰੀ ਪ੍ਰਾਇਮਰੀ ਸਕੂਲ ਰਾਜਲਾ, ਅਮਾਮਗੜ੍ਹ, ਵੜੈਚਾਂ ਪੱਤੀ, ਖੁਦਾਦਪੁਰਾ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਕੁਤਬਨਪੁਰ ਵਿਖੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਡਿਜੀਟਲ ਇੰਟ੍ਰੈਕਟਿਵ ਸਕਰੀਨਾਂ, ਨਵੇਂ ਬੈਂਚ ਤੇ ਕਮਰਿਆਂ ਸਮੇਤ ਹੋਰ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਿਤ ਕੀਤੇ। ਚੇਤਨ ਸਿੰਘ ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੇ ਸਰਕਾਰੀ ਸਕੂਲਾਂ ਤੇ ਹਸਪਤਾਲਾਂ ਦੀ ਕਾਇਆ-ਕਲਪ ਕਰਨ ਦਾ ਜੋ ਬੀੜਾ ਉਠਾਇਆ ਗਿਆ ਸੀ, ਉਸ ਦੇ ਨਤੀਜੇ ਸਭ ਦੇ ਸਾਹਮਣੇ ਹਨ। ਜੌੜਾਮਾਜਰਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਸਕੂਲਾਂ ਨੂੰ ਵਿਸ਼ਵ ਪੱਧਰੀ ਸਹੂਲਤਾਂ ਨਾਲ ਲੈਸ ਕਰਕੇ ਸਰਕਾਰੀ ਸਕੂਲਾਂ ਵਿਚ ਨਵੇਂ ਕਲਾਸ ਰੂਮ, ਪੁਰਾਣੇ ਬਲੈਕ ਬੋਰਡਾਂ ਦੀ ਥਾਂ ਹੁਣ ਸਮਾਰਟ ਇੰਟਰੈਕਟਿਵ ਬੋਰਡ, ਲਾਇਬ੍ਰੇਰੀਆਂ, ਲੈਬਾਰਟਰੀਆਂ, ਚਾਰਦੀਵਾਰੀਆਂ, ਨਵਾਂ ਫਰਨੀਚਰ, ਪੀਣ ਵਾਲਾ ਪਾਣੀ, ਟੁਆਇਲਟ ਬਲਾਕ ਸਮੇਤ ਖੇਡਾਂ ਨਾਲ ਸਬੰਧਤ ਬੁਨਿਆਦੀ ਢਾਂਚਾ ਪ੍ਰਦਾਨ ਕੀਤਾ ਹੈ। ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਸਕੂਲਾਂ ਦੇ ਪ੍ਰਿੰਸੀਪਲ ਵੱਡੀ ਗਿਣਤੀ ਅਧਿਆਪਕ, ਵਿਦਿਆਰਥੀ, ਮਾਪੇ ਤੇ ਹੋਰ ਪਤਵੰਤੇ ਮੌਜੂਦ ਸਨ।

## ਸੀਨੀਅਰ ਆਈ.ਏ.ਐਸ. ਅਧਿਕਾਰੀ ਵਿਨੈ ਬੁਬਲਾਨੀ ਨੇ ਪਟਿਆਲਾ ਦੇ ਡਵੀਜ਼ਨਲ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ



ਪਟਿਆਲਾ, 25 ਅਪ੍ਰੈਲ (ਗੁਰਮੁੱਖ ਰੁਪਾਣਾ/ਵਿਨੋਦ ਸ਼ਰਮਾ) : 2008 ਬੈਚ ਦੇ ਸੀਨੀਅਰ ਆਈ.ਏ.ਐਸ. ਅਧਿਕਾਰੀ ਵਿਨੈ ਬੁਬਲਾਨੀ ਨੇ ਅੱਜ ਪਟਿਆਲਾ ਡਵੀਜ਼ਨ ਦੇ ਡਵੀਜ਼ਨਲ ਕਮਿਸ਼ਨਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ। ਵਿਨੈ ਬੁਬਲਾਨੀ, ਇਸ ਤੋਂ ਪਹਿਲਾਂ ਸਕੱਤਰ ਸਕੂਲ ਸਿੱਖਿਆ ਵਿਭਾਗ ਅਤੇ ਵਾਧੂ ਚਾਰਜ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਪਟਿਆਲਾ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਉਨ੍ਹਾਂ ਦੀ ਆਮਦ ਮੌਕੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਅਤੇ ਐਸ.ਐਸ.ਪੀ. ਡਾ. ਨਾਨਕ ਸਿੰਘ ਨੇ ਸਵਾਗਤ ਕੀਤਾ। ਇਸ ਮੌਕੇ ਪੁਲਿਸ ਦੀ ਟੁਕੜੀ ਨੇ ਗਾਰਡ ਆਫ਼ ਆਨਰ ਵਜੋਂ ਵਿਨੈ ਬੁਬਲਾਨੀ ਨੂੰ ਸਲਾਮੀ ਦਿੱਤੀ। ਅਹੁਦਾ ਸੰਭਾਲਣ ਮਗਰੋਂ ਵਿਨੈ ਬੁਬਲਾਨੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਮੁਤਾਬਕ ਪਟਿਆਲਾ ਮੰਡਲ ਦੇ ਜ਼ਿਲ੍ਹਿਆਂ ਅੰਦਰ ਲੋਕਾਂ ਨੂੰ ਬਿਹਤਰ, ਸਮਾਂਬੱਧ ਤੇ ਪਾਰਦਰਸ਼ੀ ਪ੍ਰਸ਼ਾਸਨਿਕ ਸੇਵਾਵਾਂ ਪ੍ਰਦਾਨ ਕਰਵਾਉਣਾ ਉਨ੍ਹਾਂ ਦੀ ਮੁੱਢਲੀ ਤਰਜੀਹ ਹੋਵੇਗੀ। ਉਨ੍ਹਾਂ ਨੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਐਸ.ਐਸ.ਪੀ ਡਾ. ਨਾਨਕ ਸਿੰਘ ਤੇ ਹੋਰ ਅਧਿਕਾਰੀਆਂ ਨਾਲ ਸੰਖੇਪ ਮੀਟਿੰਗ ਕਰਕੇ ਜ਼ਿਲ੍ਹੇ ਬਾਰੇ ਜਾਣਕਾਰੀ ਲੈਂਦਿਆਂ ਸਮੂਹ ਅਧਿਕਾਰੀਆਂ ਨੂੰ ਆਪਸੀ ਤਾਲਮੇਲ ਨਾਲ ਸਰਕਾਰ ਦੀਆਂ ਨੀਤੀਆਂ ਤੇ ਪ੍ਰੋਗਰਾਮ ਬਿਹਤਰ ਢੰਗ ਨਾਲ ਲਾਗੂ ਕਰਨ ਦੇ ਆਦੇਸ਼ ਦਿੱਤੇ। ਸ੍ਰੀ ਵਿਨੈ ਬੁਬਲਾਨੀ ਨੇ ਇਸ ਦੌਰਾਨ ਚੱਲ ਰਹੀ ਕਣਕ ਦੀ ਖਰੀਦ ਪ੍ਰਕ੍ਰਿਆ ਦਾ ਵੀ ਜਾਇਜ਼ਾ ਲਿਆ ਅਤੇ ਆਦੇਸ਼ ਦਿੱਤੇ ਕਿ ਕਿਸਾਨਾਂ ਦੀ ਮੰਡੀਆਂ 'ਚ ਵਿਕਣ ਲਈ ਆਈ ਫ਼ਸਲ ਦੀ ਤੁਰੰਤ ਖਰੀਦ ਤੇ ਅਦਾਇਗੀ ਕਰਕੇ ਲਿਫਟਿੰਗ ਵੀ ਨਾਲੋ-ਨਾਲ ਯਕੀਨੀ ਬਣਾਈ ਜਾਵੇ। ਇਸ ਤੋਂ ਪਹਿਲਾਂ ਸ੍ਰੀ ਬੁਬਲਾਨੀ ਨੇ ਆਪਣੀ ਧਰਮ ਪਤਨੀ ਸ੍ਰੀਮਤੀ ਮ੍ਰਿਦੁਲਾ ਬੁਬਲਾਨੀ ਸਮੇਤ ਸ੍ਰੀ ਕਾਲੀ ਦੇਵੀ ਮੰਦਰ ਵਿਖੇ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਪ੍ਰਾਰਥਨਾ ਕੀਤੀ। ਇਸ ਮੌਕੇ ਐਸ.ਪੀ. (ਐਚ) ਵੈਭਵ ਚੌਧਰੀ, ਏ.ਡੀ.ਸੀ. ਨਵਰੀਤ ਕੌਰ ਸੇਖੋਂ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਦੀਪਜੋਤ ਕੌਰ, ਐਸ.ਡੀ.ਐਮ ਕ੍ਰਿਪਾਲਵੀਰ ਸਿੰਘ, ਮੁੱਖ ਮੰਤਰੀ ਫੀਲਡ ਅਫ਼ਸਰ ਨਵਜੋਤ ਸ਼ਰਮਾ, ਡਿਵੀਜਨਲ ਕਮਿਸ਼ਨਰ ਦੇ ਪੀ.ਏ. ਆਸ਼ੂ ਗਰਗ ਸਮੇਤ ਹੋਰ ਅਧਿਕਾਰੀ ਵੀ ਮੌਜੂਦ ਸਨ।

## ਜ਼ਿਲ੍ਹੇ ਦੇ ਵਿਧਾਇਕਾਂ ਤੇ 'ਆਪ' ਆਗੂਆਂ ਨੇ ਪਹਿਲਗਾਮ ਅੱਤਵਾਦੀ ਹਮਲੇ ਦੀ ਨਿੰਦਾ ਕਰਦਿਆਂ ਕੈਂਡਲ ਮਾਰਚ ਕੀਤਾ




ਪਟਿਆਲਾ, 25 ਅਪ੍ਰੈਲ (ਰੁਪਾਣਾ): ਪਹਿਲਗਾਮ ਅੱਤਵਾਦੀ ਹਮਲੇ ਦੇ ਪੀੜਤਾਂ ਨਾਲ ਇਕਮੁੱਠਤਾ ਪ੍ਰਗਟ ਕਰਨ ਅਤੇ ਇਸ ਦੀ ਸਖ਼ਤ ਨਿੰਦਾ ਕਰਨ ਲਈ ਪਟਿਆਲਾ ਜ਼ਿਲ੍ਹੇ ਦੇ ਵਿਧਾਇਕਾਂ ਅਤੇ ਆਮ ਆਦਮੀ ਪਾਰਟੀ (ਆਪ) ਦੇ ਪ੍ਰਮੁੱਖ ਆਗੂਆਂ ਨੇ ਅੱਜ ਸ਼ਾਮ ਇੱਥੇ ਕੈਂਡਲ ਮਾਰਚ ਕੀਤਾ। 22 ਅਪ੍ਰੈਲ 2025 ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀਆਂ ਵੱਲੋਂ ਕੀਤੇ ਗਏ ਇਸ ਭਿਆਨਕ ਹਮਲੇ ਵਿੱਚ 26 ਨਿਰਦੋਸ਼ ਲੋਕਾਂ, ਜਿਨ੍ਹਾਂ ਵਿੱਚ ਜ਼ਿਆਦਾਤਰ ਸੈਲਾਨੀ ਸਨ, ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ ਸਨ। ਅੱਤਵਾਦ ਵਿਰੁੱਧ ਸਾਂਝੇ ਸੰਘਰਸ਼ ਦੇ ਪ੍ਰਤੀਕ ਵਜੋਂ ਇਹ ਕੈਂਡਲ ਮਾਰਚ ਇੱਥੇ ਮਾਲ ਰੋਡ ਵਿਖੇ ਸਥਿਤ ਮਹਾਤਮਾ ਗਾਂਧੀ ਸਮਾਰਕ ਤੋਂ ਸ਼ੁਰੂ ਹੋਇਆ ਅਤੇ ਸ਼ਰਧਾ ਨਾਲ ਸ੍ਰੀ ਕਾਲੀ ਦੇਵੀ ਮੰਦਰ ਤੱਕ ਪਹੁੰਚਿਆ। ਇਹ ਮੋਮਬੱਤੀ ਮਾਰਚ ਦੀ ਅਗਵਾਈ ਕਰਦਿਆਂ ਰਾਜਪੁਰਾ ਦੇ ਵਿਧਾਇਕ ਨੀਨਾ ਮਿੱਤਲ ਸਮੇਤ ਪਟਿਆਲਾ ਦੇ ਵਿਧਾਇਕ ਅਜੀਤ ਪਾਲ ਸਿੰਘ ਕੋਹਲੀ, ਚੇਤਨ ਸਿੰਘ ਜੌੜਾਮਾਜਰਾ ਸਮੇਤ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ, ਪੀ.ਆਰ.ਟੀ.ਸੀ. ਦੇ ਚੇਅਰਮੈਨ ਰਣਜੋਧ ਸਿੰਘ ਹਡਾਣਾ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਆਪ ਦੇ ਸ਼ਹਿਰੀ ਜ਼ਿਲ੍ਹਾ ਪ੍ਰਧਾਨ ਤੇਜਿੰਦਰ ਮਹਿਤਾ, ਆਪ ਦੇ ਦਿਹਾਤੀ ਜ਼ਿਲ੍ਹਾ ਪ੍ਰਧਾਨ ਤੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਮੇਘ ਚੰਦ ਸ਼ੇਰਮਾਜਰਾ, ਇੰਦਰਜੀਤ ਸਿੰਘ ਸੰਧੂ, ਜ਼ਿਲ੍ਹਾ ਯੋਜਨਾ ਕਮੇਟੀ ਚੇਅਰਮੈਨ ਜੱਸੀ ਸੋਹੀਆਂ ਵਾਲਾ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਅਤੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ, ਚੇਅਰਮੈਨ ਜਰਨੈਲ ਮੰਨੂ, ਪ੍ਰਦੀਪ ਜੋਸ਼ਨ, ਸੁਰਜੀਤ ਸਿੰਘ ਅਬਲੋਵਾਲ ਸਮੇਤ ਆਪ ਕੌਂਸਲਰਾਂ ਤੇ ਹੋਰ ਆਗੂਆਂ ਨੇ ਅੱਤਵਾਦੀ ਹਮਲੇ ਦੇ ਪੀੜਤਾਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ। ਕੈਂਡਲ ਮਾਰਚ ਵਿੱਚ ਆਮ ਆਦਮੀ ਪਾਰਟੀ ਦੇ ਕਈ ਹੋਰ ਆਗੂਆਂ ਸਮੇਤ ਸਥਾਨਕ ਵਸਨੀਕਾਂ, ਸਮਾਜ ਜਥੇਬੰਦੀਆਂ ਦੇ ਮੈਂਬਰਾਂ ਨੇ ਵੀ ਭਰਵੀਂ ਸ਼ਮੂਲੀਅਤ ਕੀਤੀ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਪਟਿਆਲਾ ਜ਼ਿਲ੍ਹੇ ਦੀ ਲੀਡਰਸ਼ਿਪ ਪੀੜਤ ਪਰਿਵਾਰਾਂ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦੀ ਹੈ।

## ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ 'ਤੇ ਮਾਮਲਾ ਦਰਜ

ਪਟਿਆਲਾ, 25 ਅਪ੍ਰੈਲ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਜਤਿੰਦਰ ਸਿੰਘ ਪੁੱਤਰ ਪ੍ਰਕਾਸ਼ ਸਿੰਘ ਵਾਸੀ ਰਣਜੀਤ ਨਗਰ ਬਲਾਕ-ਐਫ ਬੈਕਸਾਇਡ ਅਮਨ ਕੰਪਿਊਟਰ ਸੈਂਟਰ ਯੂ.ਸੀ.ਐਨ.ਆਈ. ਚਰਚ ਸਿਊਣਾ ਰੋਡ ਪਟਿਆਲਾ ਨੇ ਕਥਿਤ ਦੋਸ਼ੀ ਪ੍ਰੀਤ ਮਾਲਕ ਜੀ.ਐਸ ਉਬਰਾਏ ਮੋਬਾਇਲ ਸਟੋਰ ਪਟਿਆਲਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਹ ਯੂ.ਸੀ.ਐਨ.ਆਈ. ਚਰਚ ਵਿੱਚ ਬਤੌਰ ਪਾਸਟਰ ਸੇਵਾ ਨਿਭਾਅ ਰਿਹਾ ਹੈ, ਜੋ ਸ਼ੋਸਲ ਮੀਡੀਆ ਪਰ ਇੱਕ ਵੀਡਿਓ ਦੇਖੀ, ਜੋ ਕਿਸੇ ਪ੍ਰੀਤ ਸਾਮਰਥ ਨਾਮ ਦੀ ਫੇਸਬੁੱਕ ਆਈ.ਡੀ. ਤੋਂ ਪੋਸਟ ਕੀਤੀ ਗਈ ਸੀ ਕਿ ਇੱਕ ਪਾਰਟੀ ਵਿੱਚ ਕਾਫੀ ਸਾਰੇ ਵਿਅਕਤੀ ਪ੍ਰਭੂ ਯਿਸ਼ੂ ਮਸੀਹ ਅਤੇ ਪਵਿੱਤਰ ਸਬ ਹਾਲੇਲੂਈਆ ਦਾ ਮਜਾਕ ਬਣਾਉਂਦੇ ਹੋਏ ਡਾਂਸ ਕਰਦੇ ਹੋਏ ਨਜਰ ਆ ਰਹੇ ਸਨ, ਜੋ ਪਤਾ ਲੱਗਿਆ ਕਿ ਉਕਤ ਕਥਿਤ ਦੋਸ਼ੀ ਵੱਲੋ ਬਣਾਈ ਗਈ ਅਤੇ ਇਸ ਵੀਡਿਓ ਵਿੱਚ ਜੋ ਵਿਅਕਤੀ ਦਿਖ ਰਹੇ ਹਨ, ਉਹ ਕਥਿਤ ਦੋਸ਼ੀ ਦੀ ਦੁਕਾਨ 'ਤੇ ਕੰਮ ਕਰਦੇ ਹਨ। ਇਸ ਤਰ੍ਹਾ ਕਰਕੇ ਧਾਰਮਿਕ ਭਾਵਨਾਵਾਂ ਨੂੰ ਠੇਸ ਪੁਹੰਚਾਈ ਹੈ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ।

## ਸਿਵਲ ਹਸਪਤਾਲ ਸਮਾਣਾ ਵਿਖੇ ਮਨਾਇਆ ਵਿਸ਼ਵ ਮਲੇਰੀਆ ਦਿਵਸ




ਸਮਾਣਾ, 25 ਅਪ੍ਰੈਲ (ਅਮਿਤ ਸ਼ਰਮਾ/ਵਿਜੇ ਕੁਮਾਰ) : ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਅਤੇ ਸੀਨੀਅਰ ਮੈਡੀਕਲ ਅਫਸਰ ਦੇ ਨਿਰਦੇਸ਼ਾਂ ਅਨੁਸਾਰ ਸਿਵਲ ਹਸਪਤਾਲ ਵਿਖੇ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ। ਜਿਸ ਤਹਿਤ ਡਾ. ਅਨਮੋਲ ਨਾਗਪਾਲ, ਧਰਮਪਾਲ ਐਸ.ਆਈ ਅਤੇ ਸਿਹਤ ਕਰਮਚਾਰੀ ਹਰਵਿੰਦਰ ਸਿੰਘ ਮਲੇਰੀਆ ਦਿਵਸ ਦੇ ਸਬੰਧ ਵਿੱਚ ਜਾਣਕਾਰੀ ਦਿੱਤੀ ਗਈ। ਮਲੇਰੀਆ ਬੁਖਾਰ ਮਾਦਾ ਐਨੋਫਲੀਜ ਮੱਛਰ ਦੇ ਕੱਟਣ ਨਾਲ ਹੁੰਦਾ ਹੈ। ਉਹਨਾਂ ਵੱਲੋਂ ਜਾਣਕਾਰੀ ਦਿੱਤੀ ਗਈ ਤੇਜ਼ ਬੁਖਾਰ ਕਾਂਬਾ ਲੱਗਣਾ, ਪਸੀਨਾ ਆਉਣਾ ਤੇ ਫਿਰ ਬੁਖਾਰ ਦਾ ਉਤਰ ਜਾਣਾ ਹੁੰਦਾ ਹੈ ਅਤੇ ਬਚਾਓ ਲਈ ਗੰਦੇ ਪਾਣੀ ਦਾ ਇੱਕਠਾ ਨਾ ਹੋਣ ਦੇਣਾ, ਛੱਪੜਾਂ ਦੇ ਪਾਣੀ ਵਿੱਚ ਕਾਲੇ ਤੇਲ ਦਾ ਛਿੜਕਾਓ ਕਰਨਾ, ਕੱਪੜੇ ਅਜਿਹੇ ਪਹਿਨੋ ਤਾਂ ਜੋ ਮੱਛਰ ਕੱਟ ਨਾ ਸਕੇ। ਬੁਖਾਰ ਹੋਣ 'ਤੇ ਹਸਪਤਾਲ ਵਿਚ ਜਾ ਕੇ ਖੂਨ ਦੀ ਸਲਾਈਡ ਬਣਵਾਓ ਤਾਂ ਜੋ ਸਹੀ ਇਲਾਜ ਹੋ ਸਕੇ। ਇਸ ਮੌਕੇ ਸਿਹਤ ਕਰਮਚਾਰੀਆਂ ਵੱਲੋਂ ਸ਼ਹਿਰ ਦੇ ਵੱਖ ਵੱਖ ਸਕੂਲਾਂ ਵਿੱਚ ਮਲੇਰੀਆ ਬੁਖਾਰ ਸਬੰਧੀ ਜਾਗਰੂਕ ਕੀਤਾ ਗਿਆ। ਇਸ ਮੌਕੇ ਆਦਰਸ਼ ਕਾਲਜ ਆਫ ਨਰਸਿੰਗ ਦੇ ਵਿਦਿਆਰਥੀ ਵੀ ਸ਼ਾਮਲ ਸਨ।

## ਦੂਧਨਸਾਧਾਂ ਵਿਖੇ 'ਵਿਸ਼ਵ ਮਲੇਰੀਆ ਦਿਵਸ' ਮੌਕੇ ਜਾਗਰੂਕਤਾ ਸਮਾਗਮ



ਦੇਵੀਗੜ੍ਹ, 25 ਅਪ੍ਰੈਲ (ਗੁਰਜੀਤ ਸਿੰਘ ਢੋਟ) : ਡਾ. ਜਗਪਾਲਇੰਦਰ ਸਿੰਘ ਸਿਵਲ ਸਰਜਨ ਪਟਿਆਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਡਾ.ਜੈਦੀਪ ਭਾਟੀਆ ਸੀਨੀਅਰ ਮੈਡੀਕਲ ਅਫਸਰ ਦੀ ਯੋਗ ਅਗਵਾਈ ਵਿੱਚ ਸਰਕਾਰੀ ਹਸਪਤਾਲ ਦੂਧਨ ਸਾਧਾਂ ਵਿੱਖੇ ਮਲੇਰੀਆ ਬੁਖ਼ਾਰ ਤੋਂ ਬਚਾਅ ਲਈ 'ਵਿਸ਼ਵ ਮਲੇਰੀਆ ਦਿਵਸ' ਮੌਕੇ ਜਾਗਰੂਕਤਾ ਸਮਾਗਮ ਆਯੋਜਿਤ ਕੀਤਾ ਗਿਆ। ਜਾਗਰੂਕਤਾ ਸਮਾਗਮ ਨੂੰ ਸੰਬੋਧਨ ਕਰਦਿਆਂ ਡਾ. ਜੈਦੀਪ ਭਾਟੀਆ ਐਸ ਐਮ ਓ ਨੇ ਦੱਸਿਆ ਕਿ ਪੂਰੇ ਸੰਸਾਰ ਵਿੱਚ ਹਰ ਸਾਲ 25 ਅਪ੍ਰੈਲ ਨੂੰ ਵਿਸ਼ਵ ਮਲੇਰੀਆ ਦਿਵਸ ਮਨਾਇਆ ਜਾਂਦਾ ਹੈ। ਜਿਸਦਾ ਮਕਸਦ ਲੋਕਾਂ ਨੂੰ ਮਲੇਰੀਆ ਬੁਖਾਰ ਤੋਂ ਬਚਾਅ ਲਈ ਜਾਗਰੂਕ ਕਰਨਾ ਹੈ। ਅੱਜ ਬਲਾਕ ਅਧੀਨ ਆਉਂਦੀਆਂ ਸਾਰੀਆਂ ਸਿਹਤ ਸੰਸਥਾਵਾਂ ਅਤੇ ਸਕੂਲਾਂ ਵਿੱਚ ਗਤੀਵਿਧੀਆਂ ਰਾਹੀਂ ਲੋਕਾਂ ਅਤੇ ਬੱਚਿਆਂ ਨੂੰ ਮਲੇਰੀਆ ਬੁਖ਼ਾਰ ਤੋਂ ਬਚਾਅ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਗੁਰਵਿੰਦਰ ਸਿੰਘ ਬਲਾਕ ਪ੍ਰਸਾਰ ਸਿੱਖਿਆਕਾਰ ਨੇ ਦੱਸਿਆ ਕਿ ਐਨਾਫਲੀਜ ਨਾਮਕ ਮਾਦਾ ਮੱਛਰ ਦੇ ਕੱਟਣ ਨਾਲ ਮਲੇਰੀਆ ਬੁਖਾਰ ਹੁੰਦਾ ਹੈ। ਇਹ ਮੱਛਰ ਪਾਣੀ ਵਿਚ ਪੈਦਾ ਹੁੰਦਾ ਹੈ ਅਤੇ ਦਿਨ ਵੇਲੇ ਕੱਟਦਾ ਹੈ। ਉਨ੍ਹਾਂ ਹੋਰ ਦੱਸਿਆ ਕਿ ਬੁਖਾਰ, ਸਿਰ ਦਰਦ, ਠੰਡ ਲੱਗਣਾ, ਥਕਾਵਟ ਇਸ ਬੁਖਾਰ ਦੇ ਲੱਛਣ ਹਨ। ਉਨ੍ਹਾਂ ਕਿਹਾ ਕਿ ਸਮੂਹਿਕ ਯਤਨਾਂ ਨਾਲ ਮਲੇਰੀਆ ਬੁਖਾਰ ਤੋਂ ਬਚਾਅ ਕੀਤਾ ਜਾ ਸਕਦਾ ਹੈ। ਘਰਾਂ ਦੇ ਆਲੇ-ਦੁਆਲੇ ਸਫਾਈ ਰਖੀ ਜਾਵੇ। ਪਾਣੀ ਕਿਤੇ ਵੀ ਇਕੱਠਾ ਨਾ ਹੋਣ ਦਿੱਤਾ ਜਾਵੇ। ਇਸ ਮੌਕੇ ਡਾ. ਅਨੁਜ ਬਾਂਸਲ ਮੈਡੀਕਲ ਅਫਸਰ, ਡਾ.ਮਨਜੀਤ ਕਮਲ ਮੈਡੀਕਲ ਅਫਸਰ, ਇਕਬਾਲ ਸਿੰਘ ਬਹੁ ਮੰਤਵੀ ਸਿਹਤ ਨਿਰੀਖਕ, ਅਮਰਜੀਤ ਸਿੰਘ ਮ ਪ ਹ ਵ (ਮੇਲ), ਵਡੀ ਗਿਣਤੀ ਵਿਚ ਮਰੀਜ਼ ਅਤੇ ਸਟਾਫ ਹਾਜ਼ਰ ਸੀ।

## ਪੰਜਾਬੀ ਯੂਨੀਵਰਸਿਟੀ ਵਿਖੇ ਚਿੱਤਰ ਪ੍ਰਦਰਸ਼ਨੀ ਸ਼ੁਰੂ

ਪਟਿਆਲਾ, 25 ਅਪ੍ਰੈਲ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਦੇ ਸ੍ਰ. ਸੋਭਾ ਸਿੰਘ ਫ਼ਾਈਨ ਆਰਟਸ ਵਿਭਾਗ ਅਤੇ ਅਜਾਇਬ ਘਰ ਅਤੇ ਕਲਾ ਗੈਲਰੀ ਵੱਲੋਂ ਆਪਣੇ ਵਿਦਿਆਰਥੀਆਂ ਵੱਲੋਂ ਬਣਾਏ ਚਿੱਤਰਾਂ ਦੀ 30ਵੀਂ ਸਲਾਨਾ ਕਲਾ ਪ੍ਰਦਰਸ਼ਨੀ ਲਗਾਈ ਗਈ। ਕਲਾ ਪ੍ਰਦਰਸ਼ਨੀ ਦਾ ਉਦਘਾਟਨ ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਵੱਲੋਂ ਕੀਤਾ ਗਿਆ। ਪ੍ਰੋ. ਸੰਜੀਵ ਪੁਰੀ ਨੇ ਆਪਣੇ ਉਦਘਾਟਨੀ ਭਾਸ਼ਣ ਦੌਰਾਨ ਵਿਦਿਆਰਥੀਆਂ ਨੂੰ ਕੋਮਲ ਕਲਾਵਾਂ ਨਾਲ਼ ਜੁੜੇ ਰਹਿਣ ਅਤੇ ਇਸ ਕਲਾ ਦੀ ਸਮਰਥਾ ਦਾ ਲਾਭ ਉਠਾਉਣ ਹਿਤ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਵਿਗਿਆਨ ਦੇ ਵਿਦਿਆਰਥੀ ਹੋਣ ਨਾਤੇ ਪਹਿਲਾਂ ਉਨ੍ਹਾਂ ਨੂੰ ਲਗਦਾ ਸੀ ਕਿ ਹਰੇਕ ਚਿੱਤਰ ਦਾ ਸਿਰਲੇਖ ਹੋਣਾ ਜ਼ਰੂਰੀ ਹੈ; ਪਰ ਕਲਾ ਪ੍ਰਦਰਸ਼ਨੀ ਵਿੱਚ ਵੱਖ-ਵੱਖ ਵੰਨਗੀ ਦੇ ਮਹੱਤਵਪੂਰਨ ਚਿੱਤਰਾਂ ਨੂੰ ਸ਼ਿੱਦਤ ਨਾਲ਼ ਵੇਖ ਕੇ ਉਨ੍ਹਾਂ ਨੂੰ ਅਹਿਸਾਸ ਹੋਇਆ ਹੈ ਕਿ ਕਲਪਨਾ ਦਾ ਕੋਈ ਸਿਰਲੇਖ ਨਹੀਂ ਹੁੰਦਾ। ਉਨ੍ਹਾਂ ਵਿਦਿਆਰਥੀਆਂ ਵੱਲੋਂ ਬਣਾਏ ਗਏ ਅਹਿਮ ਚਿੱਤਰਾਂ ਦੀ ਸ਼ਲਾਘਾ ਕੀਤੀ।। ਰਜਿਸਟਰਾਰ ਪ੍ਰੋ. ਪੁਰੀ ਵੱਲੋਂ ਸ੍ਰ. ਸੋਭਾ ਸਿੰਘ ਫ਼ਾਈਨ ਆਰਟਸ ਵਿਭਾਗ ਵਿਖੇ ਵਿਸ਼ੇਸ਼ ਦੌਰਾ ਕਰਦਿਆਂ ਵਿਦਿਆਰਥੀਆਂ ਵੱਲੋਂ ਬਣਾਏ ਗਏ ਕੰਧ ਚਿੱਤਰਾਂ ਦੀ ਵਿਸ਼ੇਸ਼ ਪ੍ਰਸ਼ੰਸ਼ਾ ਕੀਤੀ ਗਈ। ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ ਡਾ. ਮੋਹਨ ਤਿਆਗੀ ਵੱਲੋਂ ਕੋਮਲ ਕਲਾਵਾਂ ਦੀ ਅਹਿਮੀਅਤ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਦੌਰ ਵਿੱਚ ਬਦਲਦੇ ਇਸ ਦੇ ਸਰੂਪ ਬਾਰੇ ਅਹਿਮ ਨੁਕਤੇ ਸਾਂਝੇ ਕੀਤੇ ਗਏ। ਉਨ੍ਹਾਂ ਕਿਹਾ ਕਿ ਕਲਾ ਨੂੰ ਹਮੇਸ਼ਾ ਲੋਕਾਈ ਦੇ ਪੱਖ ਵਿੱਚ ਭੁਗਤਣਾ ਚਾਹੀਦਾ ਹੈ। ਵਿਭਾਗ ਮੁਖੀ ਪ੍ਰੋ. ਅੰਬਾਲਿਕਾ ਸੂਦ ਜੈਕਬ ਨੇ ਸਵਾਗਤੀ ਭਾਸ਼ਣ ਦੌਰਾਨ ਦੱਸਿਆ ਕਿ ਇਹ ਕਲਾ ਪ੍ਰਦਰਸ਼ਨੀ ਪਿਛਲੇ ਸਾਲ ਚਲਾਣਾ ਕਰ ਗਏ ਵਿਭਾਗ ਦੇ ਸਾਬਕਾ ਤਕਨੀਕੀ ਸੁਪਰਵਾਈਜ਼ਰ ਡਾ. ਸੁਖਰੰਜਨ ਕੌਰ ਚੀਮਾ ਅਤੇ ਉੱਘੇ ਕਲਾ ਇਤਿਹਾਸਕਾਰ ਪ੍ਰੋ. ਬੀ. ਐੱਨ. ਗੋਸਵਾਮੀ ਨੂੰ ਸਮਰਪਿਤ ਸੀ। ਉਨ੍ਹਾਂ ਦੱਸਿਆ ਕਿ ਪੰਜਾਬੀ ਯੂਨੀਵਰਸਿਟੀ ਵਿਖੇ ਪ੍ਰੋ. ਬੀ. ਐੱਨ. ਗੋਸਵਾਮੀ ਵੱਲੋਂ ਆਪਣੇ ਵਿਜ਼ਟਿੰਗ ਪ੍ਰੋਫ਼ੈਸਰ ਦੇ ਕਾਰਜਕਾਲ ਦੌਰਾਨ ਮਿਨੀਏਚਰ ਵਿਸ਼ੇ ਦੀ ਸ਼ੁਰੂਆਤ ਕੀਤੀ ਗਈ ਸੀ। ਪ੍ਰਦਰਸ਼ਨੀ ਦੌਰਾਨ ਡਾ. ਕਵਿਤਾ ਸਿੰਘ, ਡਾ. ਸਰਬਜੀਤ ਸਿੰਘ, ਡਾ. ਅਤਿੰਦਰਪਾਲ ਸਿੰਘ, ਮਿਸ ਪ੍ਰਭਦੀਪ ਕੌਰ, ਮਿਸ ਅਰਚਨਾ ਸ਼ਰਮਾ, ਮਿਸ ਮਨਪ੍ਰੀਤ ਕੌਰ ਤੋਂ ਇਲਾਵਾ ਅਜਾਇਬ ਘਰ ਦੇ ਕਰਮਚਾਰੀ ਹਰਦੀਪ ਕੌਰ ਆਦਿ ਹਾਜ਼ਰ ਰਹੇ।

## ਸਰਵ ਦਮਨ ਭਾਰਤ ਦਾ ਪਟਿਆਲਾ ਪਹੁੰਚਣ 'ਤੇ ਸਵਾਗਤ



ਪਟਿਆਲਾ, 25 ਅਪ੍ਰੈਲ (ਚ.ਨ.ਸ.) : ਅੱਜ ਸਰਵ ਦਮਨ ਭਾਰਤ ਨੂੰ ਡੈਡੀਕੇਟਿਡ ਫਰੰਟ ਕੋਰੀਡੋਰ ਕਾਰਪੋਰੇਸ਼ਨ ਆਫ ਇੰਡੀਆ ਦੇ ਭਾਰਤ ਸਰਕਾਰ ਰੇਲ ਮੰਤਰਾਲੇ ਵੱਲੋਂ ਡਾਇਰੈਕਟਰ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਅੰਗਰੇਜ਼ ਸਿੰਘ ਵਿਰਕ ਪ੍ਰਧਾਨ ਹਿਊਮਨ ਰਾਈਟਸ ਮਿਸ਼ਨ ਪ੍ਰੋਟੈਕਸ਼ਨ ਪੰਜਾਬ ਵੱਲੋਂ ਵਿਸ਼ਵਾਸ ਜ਼ਾਹਿਰ ਕੀਤਾ ਹੈ ਕਿ ਸਰਵ ਦਮਨ ਭਾਰਤ ਇਸ ਮੰਤਰਾਲੇ ਨੂੰ ਬੁਲੰਦੀਆਂ ਤੱਕ ਲੈ ਕੇ ਜਾਣਗੇ ਅਤੇ ਪਟਿਆਲੇ ਸ਼ਹਿਰ ਦਾ ਨਾਮ ਉੱਚਾ ਕਰਨਗੇ। ਇਸ ਖੁਸ਼ੀ ਦੇ ਮੌਕੇ ਉਹਨਾਂ ਦੇ ਸਮੂਹ ਸਟਾਫ ਅਤੇ ਬਿੰਦਰ, ਇੰਦਰਪੁਰਾ ਨੇ ਰਲ ਕੇ ਸਰਬ ਦਮਨ ਭਾਰਤ ਨੂੰ ਪਟਿਆਲਾ ਪਹੁੰਚਣ 'ਤੇ ਉਹਨਾਂ ਨੂੰ ਬੁਕੇ ਦੇ ਕੇ ਉਨ੍ਹਾਂ ਦਾ ਸੁਆਗਤ ਕੀਤਾ।

## ਪੁਲਿਸ ਵੱਲੋਂ 18 ਕਿੱਲੋ ਭੁੱਕੀ ਬ੍ਰਾਮਦ

ਘਨੌਰ, 25 ਅਪ੍ਰੈਲ (ਮਦਨ ਲਾਲ): ਥਾਣਾ ਸਿਟੀ ਰਾਜਪੁਰਾ ਪੁਲਿਸ ਨੇ ਕਥਿਤ ਦੋਸ਼ੀਆਂ ਜ਼ੋਰਾ ਸਿੰਘ ਪੁੱਤਰ ਦਰਸ਼ਨ ਸਿੰਘ ਵਾਸੀ ਪਿੰਡ ਢੋਲਣ ਥਾਣਾ ਜਗਰਾਓ ਜ਼ਿਲ੍ਹਾ ਲੁਧਿਆਣਾ, ਕੁਲਵਿੰਦਰ ਕੌਰ ਵਾਸੀ ਪਿੰਡ ਅਕਬਰਵਾਲਾ ਵਿਰੁੱਧ ਧਾਰਾ 15, 61, 85 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਏ. ਐਸ. ਆਈ. ਪ੍ਰਮਜੀਤ ਸਿੰਘ ਸਮੇਤ ਪੁਲਿਸ ਪਾਰਟੀ ਗਸ਼ਤ ਵਾ ਤਲਾਸ਼ ਸ਼ੱਕੀ ਤੇ ਭੈੜੇ ਪੁਰਸ਼ਾਂ ਦੇ ਸਬੰਧ ਵਿੱਚ ਮਿਡ-ਵੇ ਢਾਬਾ ਰਾਜਪੁਰਾ ਮੌਜੂਦ ਸੀ, ਜੋ ਬੱਸ ਵਿੱਚੋਂ ਉਤਰੇ ਕਥਿਤ ਦੋਸ਼ੀਆਂ ਨੂੰ ਸ਼ੱਕ ਦੇ ਅਧਾਰ 'ਤੇ ਰੋਕ ਕੇ ਚੈੱਕ ਕਰਨ 'ਤੇ 18 ਕਿਲੋ ਭੁੱਕੀ ਚੂਰਾ ਪੋਸਤ ਬ੍ਰਾਮਦ ਹੋਈ।

## ਨਸ਼ਿਆਂ ਵਿਰੁੱਧ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਵੱਲੋਂ ਛੇੜੀ ਜਾਗਰੂਕਤਾ ਮੁਹਿੰਮ ਸ਼ਲਾਘਾਯੋਗ : ਏ.ਐਸ.ਰਾਏ



ਪਟਿਆਲਾ, 25 ਅਪ੍ਰੈਲ (ਚ.ਨ.ਸ.) : ਨਾਮਵਰ ਸਮਾਜ ਸੇਵੀ ਸੰਸਥਾਵਾਂ ਪਾਵਰ ਹਾਊਸ ਯੂਥ ਕਲੱਬ, ਯੂਥ ਫੈਡਰੇਸ਼ਨ ਆਫ ਇੰਡੀਆ, ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ, ਯੂਵਕ ਸੇਵਾਵਾਂ ਕਲੱਬ ਦੀਪ ਨਗਰ ਜੋ ਕਿ ਪਿਛਲੇ ਬਾਰਾਂ ਸਾਲਾਂ ਤੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਵੱਖ-ਵੱਖ ਪਿੰਡਾਂ, ਸ਼ਹਿਰਾਂ, ਕਸਬਿਆਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀਆ ਵਿੱਚ ਚਲਾ ਰਹੀ ਹੈ, ਦੀ ਟੀਮ ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਜੇਤਾ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਏ ਡੀ ਜੀ ਪੀ ਟ੍ਰੈਫਿਕ ਅਤੇ ਸੜਕ ਸੁਰੱਖਿਆ ਫੋਰਸ ਏ ਐਸ ਰਾਏ ਜੀ ਨਾਲ ਮੁਲਾਕਾਤ ਕੀਤੀ। ਇਸ ਮੌਕੇ ਏ ਡੀ ਜੀ ਪੀ ਟ੍ਰੈਫਿਕ ਅਤੇ ਸੜਕ ਸੁਰੱਖਿਆ ਫੋਰਸ ਪੰਜਾਬ ਏ ਐਸ ਰਾਏ ਨੂੰ ਡਰੱਗ ਫਰੀ ਵਰਲਡ ਕੈਲੀਫੋਰਨੀਆ ਅਮਰੀਕਾ ਦੀ ਪੰਜਾਬ ਟੀਮ ਅਤੇ ਯੂਨਾਇਟੇਡ ਨੇਸ਼ਨਜ਼ ਸਸਟੈਨਾਬਲ ਡਿਵੈਲਪਮੈਂਟ ਗੋਲਸ 2030 ਨਾਲ ਕੰਮ ਕਰ ਰਹੇ ਪਾਵਰ ਹਾਊਸ ਯੂਥ ਕਲੱਬ ਅਤੇ ਯੂਥ ਫੈਡਰੇਸ਼ਨ ਆਫ ਇੰਡੀਆ ਵੱਲੋਂ ਨਸ਼ਿਆਂ ਵਿਰੁੱਧ ਪਬਲਿਕ ਨੂੰ ਜਾਗਰੂਕ ਕਰਨ ਲਈ ਵੰਡੀਆਂ ਜਾ ਰਹੀਆਂ ਕਿਤਾਬਾਂ ਦਿੱਤੀਆਂ ਗਈਆਂ ਅਤੇ ਉਹਨਾਂ ਦੀ ਟੀਮ ਵੱਲੋਂ ਪੰਜਾਬ ਦੇ ਵੱਖ ਸ਼ਹਿਰਾਂ ਵਿੱਚ ਨਸ਼ਿਆਂ ਵਿਰੁੱਧ ਕੀਤੇ ਜਾ ਰਹੇ ਕੰਮਾਂ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਏ.ਐਸ. ਰਾਏ ਨੇ ਕਿਹਾ ਕਿ ਨਸ਼ੇ ਸਾਡੇ ਸਮਾਜ ਨੂੰ ਘੁਣ ਵਾਂਗ ਖੋਖਲਾ ਕਰਦੇ ਜਾ ਰਹੇ ਹਨ, ਨਸ਼ਿਆਂ ਕਾਰਨ ਕਈ ਨੌਜਵਾਨਾਂ ਆਪਣੀ ਅਤੇ ਪਰਿਵਾਰ ਦੀ ਜ਼ਿੰਦਗੀ ਬਰਬਾਦ ਕਰ ਰਹੇ ਹਨ। ਉਹਨਾਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਸੰਸਥਾਵਾਂ ਦੇ ਟੀਮ ਮੈਂਬਰਾਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਅਤੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਦੀ ਟੀਮ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਜੋ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕਰਨ ਦਾ ਕਾਰਜ ਕੀਤਾ ਜਾ ਰਿਹਾ ਹੈ, ਉਹ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਇਸ ਨਸ਼ਿਆਂ ਵਿਰੁੱਧ ਜਾਗਰੂਕਤਾ ਮਿਸ਼ਨ ਬਾਰੇ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੇ ਦੱਸਿਆ ਕਿ ਡਰੱਗ ਫਰੀ ਵਰਲਡ ਸੰਸਥਾ ਵੱਲੋਂ ਦੁਨੀਆਂ ਦੇ ਕਈ ਦੇਸ਼ਾਂ ਵਿੱਚ ਕਿਸ਼ੋਰ ਅਵਸਥਾ ਦੇ ਬੱਚਿਆਂ ਤੋਂ ਲੈ ਕੇ ਜਵਾਨਾਂ ਤੱਕ ਨਸ਼ਿਆਂ ਦੀ ਮਾਰੂ ਸਚਾਈ ਬਾਰੇ ਜਾਗਰੂਕ ਕੀਤਾ ਜਾ ਰਿਹਾ ਹੈ। ਲੱਖਾਂ ਦੀ ਗਿਣਤੀ ਵਿੱਚ ਇਹ ਜਾਗਰੂਕਤਾ ਕਿਤਾਬਚੇ ਹੁਣ ਤਕ ਵੰਡੇ ਜਾ ਚੁੱਕੇ ਹਨ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਨਾਭਾ ਸ਼ਹਿਰ ਅੰਦਰ ਕੱਢੀ ਜਾਗਰੂਕਤਾ ਰੈਲੀ



ਨਾਭਾ, 25 ਅਪ੍ਰੈਲ (ਗੁਰਚਰਨ ਸਿੰਘ ਚੌਧਰੀਮਾਜਰਾ): ਪੰਜਾਬ ਸਰਕਾਰ ਵਲੋਂ ਯੁੱਧ ਨਸ਼ਾ ਵਿਰੁੱਧ ਜੋ ਮੁਹਿੰਮ ਚਲਾਈ ਗਈ ਹੈ, ਇਹ ਸ਼ਲਾਘਾਯੋਗ ਕਦਮ ਹੈ ਨਗਰ ਕੌਂਸਲ ਨਾਭਾ ਦੇ ਮੁਲਾਜ਼ਮਾਂ ਵੱਲੋਂ ਅਤੇ ਸਕੂਲੀ ਬੱਚਿਆਂ ਦੀ ਸਹਾਇਤਾ ਨਾਲ ਨਸ਼ਾ ਵਿਰੁੱਧ ਜਾਗਰੂਕਤਾ ਰੈਲੀ ਨਾਭਾ ਸ਼ਹਿਰ ਵਿੱਚੋਂ ਕੱਢਦੇ ਹੋਏ ਨਾਅਰੇ ਲਗਾਏ ਜਾਗੋ ਨਸ਼ਾ ਤਿਆਗੋ ਪੰਜਾਬ ਨੂੰ ਨਸ਼ਾ ਮੁਕਤ ਕਰੋ ਦੇ ਨਾਅਰੇ ਲਗਾਏ ਗਏ। ਇਸ ਰੈਲੀ ਰਾਹੀਂ ਜਨਤਾ ਨੂੰ ਇਹ ਸੰਦੇਸ਼ ਦਿੱਤਾ ਗਿਆ ਕਿ ਜੇ ਆਪਣੇ ਬੱਚਿਆ ਨੂੰ ਨਸ਼ਿਆਂ ਤੋਂ ਬਚਾਉਣਾ ਹੈ ਤਾਂ ਸਾਨੂੰ ਸਾਰਿਆਂ ਨੂੰ ਇੱਕਜੁਟ ਹੋ ਕੇ ਸਾਨੂੰ ਨਸ਼ਿਆਂ ਦਾ ਵਿਰੋਧ ਕਰਨਾ ਚਾਹੀਦਾ ਹੈ। ਇਸ ਸਮੇਂ ਇਹਨਾਂ ਤੋਂ ਇਲਾਵਾ ਨਗਰ ਕੌਂਸਲ ਦੇ ਈ ਓ ਸ. ਗੁਰਚਰਨ ਸਿੰਘ ਅਤੇ ਆਰੀਆ ਸਕੂਲ ਦੇ ਪ੍ਰਿੰਸੀਪਲ ਅਸ਼ਵਨੀ ਮਦਾਨ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਡੇ ਬੱਚਿਆਂ ਅਤੇ ਨੌਜਵਾਨਾਂ ਨੂੰ ਨਸ਼ੇ ਤਿਆਗ ਕੇ ਪੜ੍ਹਾਈ ਵੱਲ, ਖੇਡਾਂ ਵੱਲ ਵੱਧ ਤੋਂ ਵੱਧ ਧਿਆਨ ਦੇਣਾ ਚਾਹੀਦਾ ਹੈ। ਇਹਨਾਂ ਤੋਂ ਇਲਾਵਾ ਸ਼੍ਰੀ ਚਰਨਜੀਵ ਮਿੱਤਲ (ਸੁਪਰਡੈਂਟ), ਸ਼੍ਰੀਮਤੀ ਜਸਪਾਲ ਕੌਰ (ਸੁਪਰਡੈਂਟ), ਸ਼੍ਰੀਮਤੀ ਅਨੂੰ ਸ਼ਰਮਾ (ਇੰਸਪੈਕਟਰ) ਸੰਜੀਵ ਕੁਮਾਰ (ਕਲਰਕ), ਦੀਪ ਚੰਦ ਹੰਸ ( ਜ਼ਿਲ੍ਹਾ ਚੇਅਰਮੈਨ ਦਰਜਾ ਚਾਰ ਯੂਨੀਅਨ), ਸੁਨੀਲ ਕੁਮਾਰ (ਚਿੰਨੂ ਪ੍ਰਧਾਨ ਦਰਜਾ ਚਾਰ ਨਾਭਾ), ਮੁਹੰਮਦ ਸਾਜ਼ਿਦ, ਕਰਨ ਧਾਲੀਵਾਲ, ਦੀਪਕ ਕੁਮਾਰ, ਪ੍ਰਿੰਸ, ਚਮਕੌਰ, ਰਾਹੁਲ, ਦਿਵਿਆਂਸ਼ੀ, ਸੰਦੀਪ ਕੌਰ, ਮੋਨੀਕਾ, ਕਰਨਵੀਰ, ਸੁਰੇਸ਼ ਕੁਮਾਰ, ਸਰਬਜੀਤ ਕੌਰ, ਜਗਜੀਤ ਕੌਰ ਅਤੇ ਸਤਨਾਮ ਕੌਰ ਸ਼ਾਮਲ ਸਨ।

## ਕਿਸਾਨਾਂ ਦੀ ਕਣਕ ਦੀ ਫ਼ਸਲ ਖਰਾਬ ਹੋਣ ਦੀ ਵਿਸ਼ੇਸ਼ ਗਿਰਦਾਵਰੀ ਕਰਵਾਈ ਜਾਵੇ : ਜਥੇ: ਸੁਖਜੀਤ ਸਿੰਘ ਬਘੌਰਾ

### ਡੀ.ਸੀ. ਨੂੰ ਪੰਜਾਬ ਸਰਕਾਰ ਦੇ ਨਾਮ 'ਤੇ ਦਿੱਤਾ ਮੰਗ ਪੱਤਰ



ਘਨੌਰ, 25 ਅਪ੍ਰੈਲ (ਮਦਨ ਲਾਲ): ਕਿਸਾਨਾਂ ਦੇ ਖੇਤੀਬਾੜੀ ਫਸਲਾਂ ਦੀ ਬੀਮਾ ਸਕੀਮ ਲਾਗੂ ਕੀਤੀ ਜਾਵੇ ਜਿਵੇਂ ਕਿ ਕਣਕ ਝੋਨਾ ਤੇ ਹੋਰ ਫਸਲਾਂ ਦੇ ਲਈ ਬੀਮਾ ਯੋਜਨਾ ਲਾਗੂ ਕੀਤਾ ਜਾਵੇ ਅਤੇ ਜੋ ਮੁਆਵਜ਼ਾ ਰਾਸ਼ੀ ਹੈ, ਉਸ ਨੂੰ ਵਧਾ ਕੇ 60 ਹਜ਼ਾਰ ਰੁਪਏ ਏਕੜ ਕੀਤਾ ਜਾਵੇ। ਇਹ ਵਿਚਾਰ ਜਥੇਦਾਰ ਸੁਖਜੀਤ ਸਿੰਘ ਬਘੌਰਾ ਪ੍ਰਚਾਰ ਸਕੱਤਰ ਭਾਰਤੀ ਕਿਸਾਨ ਓਥਾਨ ਮਜ਼ਦੂਰ ਯੂਨੀਅਨ ਪੰਜਾਬ ਨੇ ਕਹੇ। ਇਸ ਮੌਕੇ ਉਹਨਾਂ ਦੇ ਨਾਲ ਸੁਖਵੰਤ ਸਿੰਘ ਭੁੱਲਰ ਹਰਬੰਸ ਸਿੰਘ ਦਦਹੇੜਾ ਲੱਖਾ ਸਿੰਘ ਸੰਧੂ ਬਲਵਿੰਦਰ ਸਿੰਘ ਚੀਮਾ ਹਰਭਜਨ ਸਿੰਘ ਖਾਨਪੁਰ ਦਰਸ਼ਨ ਸਿੰਘ ਅਤੇ ਹੋਰ ਬਹੁਤ ਸਾਰੇ ਆਗੂ ਹਾਜ਼ਰ ਸਨ। ਉਪਰੋਕਤ ਆਗੂਆਂ ਨੇ ਕਿਹਾ ਕਿ ਸ਼ੁਰੂ ਤੋਂ ਵੇਖਿਆ ਜਾਵੇ ਜੋ ਖਰਾਬਾ ਮੁਆਵਜ਼ਾ ਰਾਸ਼ੀ ਫਸਲ ਹੈ ਉਹ ਕੇਵਲ ਤੇ ਕੇਵਲ ਪੰਜ ਤੋਂ 10 ਹਜ਼ਾਰ ਰੁਪਏ ਹੈ ਜਦੋਂ ਕਿ ਇਸ ਫਸਲ ਨੂੰ ਪੈਦਾ ਕਰਨ ਵਿੱਚ ਕਿਸਾਨ ਦਾ 35 ਤੋਂ 40 ਹਜ਼ਾਰ ਖਰਚਾ ਆਉਂਦਾ ਹੈ ਤੇ ਹਰ ਕੋਈ ਵਿਅਕਤੀ ਇਹ ਭਾਵੇਂ ਕੋਈ ਵਪਾਰੀ ਹੈ ਭਾਵੇਂ ਕੋਈ ਵੀ ਜ਼ਿੰਮੀਦਾਰ ਹੈ। ਜਥੇਦਾਰ ਸੁਖਜੀਤ ਸਿੰਘ ਬਘੌਰਾ ਨੇ ਕਿਹਾ ਕਣਕਾਂ ਦੀ ਫਸਲ ਬਹੁਤ ਸਾਰੇ ਪਿੰਡਾਂ ਵਿੱਚ ਅੱਗ ਨਾਲ ਸੜ੍ਹ ਗਈ ਹੈ ਅਤੇ ਬਹੁਤ ਸਾਰੇ ਪਿੰਡਾਂ ਵਿੱਚ ਪੱਕੀ ਫ਼ਸਲ ਦਾ ਨੁਕਸਾਨ ਹੋਇਆ ਹੈ, ਇਸ ਦੀ ਵੀ ਸਪੈਸ਼ਲ ਗਿਰਦਾਵਰੀ ਕਰਾ ਕੇ ਘੱਟੋ-ਘੱਟ 60 ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ। ਇਸ ਦੇ ਸਬੰਧ ਵਿੱਚ ਜ਼ਿਲ੍ਹਾ ਪਟਿਆਲਾ ਦੇ ਡਿਪਟੀ ਕਮਿਸ਼ਨਰ ਸਾਹਿਬ ਨੂੰ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਦੇ ਨਾਮ 'ਤੇ ਮੰਗ ਪੱਤਰ ਸੌਂਪਿਆ ਗਿਆ।

## ਪੀ.ਐਸ.ਟੀ.ਐਸ.ਈ. ਪ੍ਰੀਖਿਆ 'ਚ ਮਾਡਲ ਟਾਊਨ ਸਕੂਲ ਦੇ ਤਿੰਨ ਵਿਦਿਆਰਥੀਆਂ ਨੇ ਮਾਰੀ ਬਾਜ਼ੀ



ਪਟਿਆਲਾ, 25 ਅਪ੍ਰੈਲ (ਚ.ਨ.ਸ.): ਕੇਂਦਰੀ ਸਿੱਖਿਆ ਮੰਤਰਾਲਾ ਭਾਰਤ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਐਸ. ਸੀ. ਈ. ਆਰ. ਟੀ. ਪੰਜਾਬ ਵੱਲੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਹਾਣੀ ਬਣਾਉਣ ਲਈ ਹਰੇਕ ਸਾਲ ਵਿਵਸਥਿਤ ਕੀਤੀ ਜਾਂਦੀ ਪੀ.ਐਸ.ਟੀ. ਐਸ.ਈ. ਪ੍ਰੀਖਿਆ ਦਾ ਨਤੀਜਾ ਐਲਾਨ ਦਿੱਤਾ ਗਿਆ ਹੈ। ਇਸ ਪ੍ਰੀਖਿਆ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮਾਡਲ ਟਾਊਨ ਦੇ ਤਿੰਨ ਵਿਦਿਆਰਥੀਆਂ ਰਮਨਪ੍ਰੀਤ ਕੌਰ, ਪਿਯੂਸ਼ ਚੰਦ ਅਤੇ ਜਸ਼ਨ ਕੁਮਾਰ ਨੇ ਪ੍ਰੀਖਿਆ ਵਿੱਚ ਸਫਲਤਾ ਪ੍ਰਾਪਤ ਕਰਦਿਆਂ ਅਗਲੇ ਚਾਰ ਸਾਲਾਂ ਲਈ 12 ਹਜ਼ਾਰ ਰੁਪਏ ਪ੍ਰਤੀ ਸਾਲ ਵਜ਼ੀਫਾ ਪ੍ਰਾਪਤ ਕੀਤਾ ਹੈ। ਸਕੂਲ ਪ੍ਰਿੰਸੀਪਲ ਨਰੇਸ਼ ਜੈਨ ਨੇ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਗਾਈਡ ਅਧਿਆਪਕਾਂ ਨੂੰ ਵਧਾਈ ਦਿੱਤੀ ਤੇ ਬੱਚਿਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ 'ਤੇ ਐਨ. ਐਮ. ਐਮ ਐਸ. ਦੇ ਨੋਡਲ ਅਫਸਰ ਨਿਰਮਲ ਕਾਂਤਾ, ਜਮਾਤ ਇੰਚਾਰਜ ਜਸਪ੍ਰੀਤ ਕੌਰ ਬੈਂਸ, ਗਾਈਡ ਅਧਿਆਪਕਾਵਾਂ ਪ੍ਰਦੀਪ ਕੌਰ, ਅਮਨਦੀਪ ਕੌਰ ਅਤੇ ਸੀਮਾ ਜੋਸ਼ਨ, ਮਨਜਿੰਦਰ ਕੌਰ ਟਿਵਾਣਾ ਵੀ ਹਾਜ਼ਰ ਸਨ।

## 'ਨਟਾਸ' ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ 8ਵਾਂ ਸ.ਫਲ ਨਾਟਕ ਮੇਲਾ ਕਰਵਾਇਆ



ਪਟਿਆਲਾ, 25 ਅਪ੍ਰੈਲ (ਚ.ਨ.ਸ.) : ਨੈਸ਼ਨਲ ਥੀਏਟਰ ਆਰਟਸ ਸੋਸਾਇਟੀ (ਨਟਾਸ) ਦਮਪਤੀ ਪਦਮਸ਼੍ਰੀ ਪ੍ਰਾਨ ਸੱਭਰਵਾਲ-ਸ਼੍ਰੀਮਤੀ ਸੁਨੀਤਾ ਸੱਭਰਵਾਲ ਵਲੋਂ ਡੀ.ਸੀ. ਪਟਿਆਲਾ ਡਾ: ਪ੍ਰੀਤੀ ਯਾਦਵ ਆਈ.ਏ.ਐਸ. ਦੀ ਪ੍ਰੇਰਨਾ ਸਦਕਾ, ਕਰਤਵ ਭਾਵਨਾ ਤਹਿਤ ਆਰੰਭੀ ਯੁੱਧ ਨਸ਼ਿਆਂ ਵਿਰੁੱਧ ਜਾਗਰੂਕਤਾ ਥੀਏਟਰ ਮੁਹਿੰਮ ਤਹਿਤ ਆਪਣਾ 8ਵਾਂ ਨਾਟਕ ਮੇਲਾ ਸਰਕਾਰੀ ਹਾਈ ਸਕੂਲ ਗਾਂਧੀ ਨਗਰ ਵਿਖੇ ਰਾਜ ਦੀਆਂ ਪ੍ਰਸਿੱਧ ਸਮਾਜਿਕ ਸ਼ਖਸੀਅਤਾਂ ਸਕੂਲ ਪ੍ਰਿੰਸੀਪਲ ਮੈਡਮ ਨੀਲਮ ਜੀ, ਸੇਠ ਅਕਸ਼ੇ ਗੋਪਾਲ ਹੋਟਲ ਫਲਾਈ ਓਵਰ ਕਲਾਸਿਕ, ਡਾ: ਵਿਸ਼ਾਲ ਗੌੜ ਸ਼ਾਹੀ ਦਵਾ ਖਾਨਾ, ਸ਼੍ਰੀ ਬੌਬੀ ਸਚਦੇਵਾ ਮੋਬਾਇਲ ਵਰਲਡ ਦੇ ਸਹਿਯੋਗ ਨਾਲ ਸਫਲਤਾ ਪੂਰਵਕ ਆਯੋਜਿਤ ਕੀਤਾ। ਭਗਵਾਨ ਨਟਰਾਜ ਨੂੰ ਸਲੋਕਾਂ ਦੌਰਾਨ ਸ਼ਰਧਾਂਜਲੀ ਭੇਂਟ ਕਰਕੇ ਸਮਾਗਮ ਦਾ ਉਦਘਾਟਨ ਕੀਤਾ ਗਿਆ। ਮੈਡਮ ਨੀਰੂਪਮ ਬਾਤਿਸ਼, ਜਾਇਦਾ ਕੁਰੈਸ਼ੀ ਨੇ ਮਹਿਮਾਨਾਂ ਅਤੇ ਕਲਾਕਾਰਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਸੁਨੀਤਾ-ਪ੍ਰਾਨ ਸੱਭਰਵਾਲ ਨਾਲ ਸਕੂਲ ਦਾ ਪੁਰਾਣਾ ਸਬੰਧ ਹੈ। ਇਹਨਾਂ ਵੱਲੋਂ ਹਰ ਸਾਲ ਲਗਾਈ ਜਾਣ ਵਾਲੀ ਥੀਏਟਰ ਵਰਕਸ਼ਾਪ ਵਿੱਚ ਸਾਡੇ ਵਿਦਿਆਰਥੀ ਟਰੇਨਿੰਗ ਲੈਂਦੇ ਰਹੇ ਹਨ। ਉਹਨਾਂ ਅਤੇ ਉਪਰੋਕਤ ਹਸਤੀਆਂ ਨੇ ਪੇਸ਼ ਨਾਟਕਾਂ ਵਿਸ਼ੇਸ਼ ਤੌਰ 'ਤੇ ਸੁਨੀਤਾ ਸੱਭਰਵਾਲ ਲਿਖਿਤ ਨਾਟਕ 'ਯੁੱਧ ਨਸ਼ਿਆਂ ਵਿਰੁੱਧ' ਅਤੇ ਕਲਾਕਾਰਾਂ ਪ੍ਰਾਨ ਸੱਭਰਵਾਲ, ਗਾਇਕ, ਅਦਾਕਾਰ - ਕੰਪੋਜ਼ਰ ਗਿੱਲ ਦੀਪ ਟਿੰਮੀ, ਸੁਭਾਸ਼ ਭਗਤ, ਪਰਮਜੀਤ ਕੌਰ, ਸਿਮਰਨਜੀਤ ਕੌਰ ਸਰਨਾ, ਬਲਜੀਤ ਚੰਦ, ਬਲਵਿੰਦਰ ਸਿੰਘ, ਟੈਕਨੀਕਲ ਅਤੇ ਪ੍ਰਬੰਧਕੀ ਟੀਮ ਦੀ ਭਰਪੂਰ ਸ਼ਲਾਘਾ ਕੀਤੀ। ਪ੍ਰਧਾਨ ਸ੍ਰ: ਜੀ.ਐਸ. ਕੱਕੜ, ਡਾਇਰੈਕਟਰ ਪ੍ਰਾਨ ਸੱਭਰਵਾਲ ਨੇ ਪ੍ਰਿੰਸੀਪਲ ਮੈਡਮ ਨੀਲਮ ਜੀ, ਵਾਈਸ ਪ੍ਰਿੰਸੀਪਲ ਮੈਡਮ ਸੁਖਚੈਨ ਕੌਰ ਵੱਲੋਂ ਮਿਲੇ ਸਹਿਯੋਗ ਅਤੇ ਮਹਿਮਾਨ ਸ਼ਖਸੀਅਤਾਂ ਵੱਲੋਂ ਪ੍ਰਾਪਤ ਕੈਸ਼ ਐਵਾਰਡਾਂ ਲਈ ਅਤੇ ਕਲਾਕਾਰਾਂ ਵਲੋਂ ਸ਼ਾਨਦਾਰ ਅਦਾਕਾਰੀ ਲਈ ਪ੍ਰਸ਼ੰਸ਼ਾ ਅਤੇ ਧੰਨਵਾਦ ਕੀਤਾ।



# ਪਟਿਆਲਾ-ਆਸ/ਪਾਸ



## ਅੰਤਰਰਾਸ਼ਟਰੀ ਵਪਾਰ ਯੁੱਧ : ਭਾਰਤੀ ਅਰਥ ਵਿਵਸਥਾ ਲਈ ਹੋ ਸਕਦੈ ਚੁਣੌਤੀਪੂਰਨ : ਪ੍ਰੋ. ਲਖਵਿੰਦਰ ਸਿੰਘ



ਪਟਿਆਲਾ, 25 ਅਪ੍ਰੈਲ (ਰੁਪਾਣਾ) : ਸਰਕਾਰੀ ਮਹਿੰਦਰਾ ਕਾਲਜ, ਪਟਿਆਲਾ ਦੇ ਲੋਕ ਪ੍ਰਸ਼ਾਸਨ ਅਤੇ ਅਰਥ ਸ਼ਾਸਤਰ ਵਿਭਾਗ ਵੱਲੋਂ ਆਈ.ਕਿਉ.ਏ.ਸੀ ਦੇ ਸਹਿਯੋਗ ਨਾਲ 150 ਸਾਲਾ ਸਫ਼ਰ-ਏ-ਫ਼ਖ਼ਰ ਜਸ਼ਨਾਂ ਦੀ ਲੜੀ ਤਹਿਤ 'ਟ੍ਰੰਪ, ਟੈਰਿਫ ਅਤੇ ਭਾਰਤੀ ਆਰਥਿਕਤਾ: ਵਪਾਰਕ ਜੰਗਾਂ ਦੇ ਵਿਸ਼ਵ ਆਰਥਿਕਤਾ ਉੱਤੇ ਪ੍ਰਭਾਵ ਨੂੰ ਸਮਝਦਿਆਂ' ਵਿਸ਼ੇ ਉੱਤੇ ਪਬਲਿਕ ਲੈਕਚਰ ਕਰਵਾਇਆ ਗਿਆ। ਇਸ ਲੈਕਚਰ ਵਿਚ ਮੁੱਖ ਵਕਤਾ ਵਜੋਂ ਮਨੁੱਖੀ ਵਿਕਾਸ ਸੰਸਥਾ, ਦਿੱਲੀ ਦੇ ਵਿਜ਼ਟਿੰਗ ਪ੍ਰੋਫ਼ੈਸਰ ਲਖਵਿੰਦਰ ਸਿੰਘ ਸ਼ਾਮਿਲ ਹੋਏ। ਕਾਲਜ ਪ੍ਰਿੰਸੀਪਲ ਪ੍ਰੋ.(ਡਾ.) ਮਨਿੰਦਰ ਸਿੱਧੂ ਦੀ ਅਗਵਾਈ ਵਿਚ ਕਰਵਾਏ ਗਏ ਇਸ ਲੈਕਚਰ ਦਾ ਮੁੱਖ ਮੰਤਵ ਅਮਰੀਕਾ ਦੁਆਰਾ ਟੈਰਿਫ ਵਧਾਏ ਜਾਣ ਨਾਲ ਸੰਸਾਰ ਪੱਧਰ ਉੱਤੇ ਹੋਈ ਵੱਡੀ ਆਰਥਿਕ ਹਿਲਜੁੱਲ ਕਾਰਨਸਮੁੱਚੀ ਵਿਸ਼ਵ ਆਰਥਿਕਤਾ ਉਤੇ ਪਏ ਪ੍ਰਭਾਵਾਂ ਸੰਬੰਧੀ ਚਰਚਾ ਕਰਨਾ ਸੀ। ਕਾਲਜ ਪ੍ਰਿੰਸੀਪਲ ਪ੍ਰੋ.(ਡਾ.) ਮਨਿੰਦਰ ਸਿੱਧੂ ਨੇ ਮੁੱਖ ਬੁਲਾਰੇ ਦਾ ਰਸਮੀ ਤੌਰ ਉੱਤੇ ਸਵਾਗਤ ਕਰਦਿਆਂ ਕਿਹਾ ਕਿ ਵਿਸ਼ਵਆਰਥਿਕਤਾ ਅਜੋਕੇ ਸਮਿਆਂ ਵਿਚ ਗੁੰਝਲਦਾਰ ਸਥਿਤੀ ਵਿਚੋਂ ਗੁਜ਼ਰ ਰਹੀ ਹੈ; ਇਸ ਵਰਤਾਰੇ ਉੱਪਰ ਚਿੰਤਨ ਕਰਨਾ ਅੱਜ ਦੀ ਜ਼ਰੂਰਤ ਹੈ ਅਤੇ ਮਹਿੰਦਰਾ ਕਾਲਜ ਲਈ ਇਹ ਮਾਣ ਦੀ ਗੱਲ ਹੈ ਕਿ ਅੱਜ ਉੱਘੇ ਅਰਥਸ਼ਾਸਤਰੀ ਵਿਸ਼ੇਸ਼ੱਗ ਇਸ ਵਿਸ਼ੇ ਉੱਤੇ ਵਿਚਾਰ-ਚਰਚਾ ਕਰਨ ਲਈ ਸਾਡੇ ਕੋਲ ਪਹੁੰਚੇ ਹਨ। ਪ੍ਰੋਫੈਸਰ ਲਖਵਿੰਦਰ ਸਿੰਘ ਨੇ ਇਹ ਵੀ ਦੱਸਿਆ ਕਿ ਵਿਸ਼ਵ ਆਰਥਿਕਤਾ ਦੀ ਵਿਕਾਸ ਦਰ ਅਤੇ ਡਾਲਰ ਦੀ ਕੀਮਤ ਦਿਨ-ਬ-ਦਿਨ ਘਟ ਰਹੀ ਹੈ ਅਤੇ ਵਿਸ਼ਵ ਮੰਦਹਾਲੀ ਦੇ ਦੌਰ ਵਿਚ ਦਾਖ਼ਲ ਹੋ ਰਿਹਾ ਹੈ। ਸਮਾਗਮ ਦੀ ਸ਼ੁਰੂਆਤ ਵਿਚ ਪਹਿਲਗਾਮ ਵਿਚ ਹੋਏ ਆਤੰਕੀ ਹਮਲੇ ਦੇ ਪੀੜਤਾਂ ਲਈ ਸ਼ੋਕ ਸਭਾ ਕੀਤੀ ਗਈ। ਡਾ. ਮੁਹੰਮਦ ਸੁਹੇਲ, ਮੁਖੀ, ਲੋਕ ਪ੍ਰਸ਼ਾਸਨ ਵਿਭਾਗ ਨੇ ਵਿਦਵਾਨ ਵਕਤਾ ਅਤੇ ਲੈਕਚਰ ਦੇ ਵਿਸ਼ੇ ਨਾਲ ਜਾਣ-ਪਛਾਣ ਕਰਵਾਈ। ਸਮਾਗਮ ਦੇ ਆਖੀਰ ਵਿਚ ਅਰਥਸ਼ਾਸਤਰ ਵਿਭਾਗ ਦੇ ਮੁਖੀ ਸ.ਪ੍ਰੋ. ਹਰਜਿੰਦਰ ਸਿੰਘ ਨੇ ਧੰਨਵਾਦ ਦਾ ਮਤਾ ਪੇਸ਼ ਕੀਤਾ। ਇਸ ਸਮਾਗਮ ਵਿੱਚ ਕਾਲਜ ਕੌਂਸਲ ਮੈਂਬਰਐਸੋ.ਪ੍ਰੋ. ਸ਼ਵਿੰਦਰਸਿੰਘ ਰੇਖੀ, ਸ.ਪ੍ਰੋ. ਲਵਲੀਨ ਪਰਮਾਰ ਤੋਂ ਇਲਾਵਾ ਕਾਲਜ ਦੇ ਵਿਭਿੰਨ ਵਿਭਾਗਾਂ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਸ਼ਮੂਲੀਅਤ ਕੀਤੀ। ਇਸ ਸਮਾਗਮ ਵਿਚ ਸਰਕਾਰੀ ਕਾਲਜ (ਲੜਕੀਆਂ), ਪਟਿਆਲਾਦੇ ਅਰਥਸ਼ਾਸਤਰ ਵਿਭਾਗ ਦੇ ਮੁਖੀ ਅਤੇ ਵਿਦਿਆਰਥੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

## ਧਰਮ ਨਾਲ਼ ਮਨੁੱਖ ਜ਼ਿੰਦਗੀ ਵਿੱਚ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦਾ ਹੈ : ਡਾ. ਬਲਜੀਤ ਕੌਰ

### ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬ ਹਿਸਟਰੀ ਕਾਨਫ਼ਰੰਸ ਦਾ 55ਵਾਂ ਸੈਸ਼ਨ ਆਰੰਭ



ਪਟਿਆਲਾ, 25 ਅਪ੍ਰੈਲ (ਗੁਰਮੁੱਖ ਰੁਪਾਣਾ/ਦੀਪਕ ਜੈਦਕਾ) : ਪੰਜਾਬੀ ਯੂਨੀਵਰਸਿਟੀ ਵਿਖੇ ਅੱਜ ਪੰਜਾਬ ਹਿਸਟਰੀ ਕਾਨਫ਼ਰੰਸ ਦਾ 55ਵਾਂ ਸੈਸ਼ਨ ਆਰੰਭ ਹੋ ਗਿਆ ਹੈ। 'ਪੰਜਾਬ ਵਿਚਲੇ ਧਰਮ: ਪਾਸਾਰ ਅਤੇ ਪ੍ਰਭਾਵ' ਵਿਸ਼ੇ ਉੱਤੇ ਯੂਨੀਵਰਸਿਟੀ ਦੇ ਇਤਿਹਾਸ ਅਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਵੱਲੋਂ ਕਰਵਾਈ ਜਾ ਰਹੀ ਇਸ ਕਾਨਫ਼ਰੰਸ ਦੇ ਉਦਘਾਟਨੀ ਸੈਸ਼ਨ ਵਿੱਚ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਡਾ. ਬਲਜੀਤ ਕੌਰ ਨੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਆਮ ਬੰਦੇ ਦੀ ਜ਼ਿੰਦਗੀ ਵਿੱਚ ਧਰਮ ਅਹਿਮ ਮਹੱਤਵ ਹੁੰਦਾ ਹੈ। ਉਨ੍ਹਾਂ ਕਿਹਾ ਕਿ ਧਰਮ ਨਾਲ਼ ਮਨੁੱਖ ਆਪਣੀ ਜ਼ਿੰਦਗੀ ਵਿੱਚ ਭਾਵਨਾਤਮਕ ਅਤੇ ਸਮਾਜਿਕ ਪੱਖੋਂ ਆਪਣੇ ਆਪ ਨੂੰ ਸੁਰੱਖਿਅਤ ਮਹਿਸੂਸ ਕਰਦਾ ਹੈ। ਧਰਮ ਨਾਲ਼ ਮਨੁੱਖ ਆਪਸ ਵਿੱਚ ਇੱਕਜੁੱਟਤਾ ਵਾਲ਼ਾ ਰਿਸ਼ਤਾ ਮਹਿਸੂਸ ਕਰਦੇ ਹਨ। ਉਨ੍ਹਾਂ ਪੰਜਾਬ ਵਿਚਲੇ ਵੱਖ-ਧਰਮਾਂ ਦੇ ਹਵਾਲੇ ਨਾਲ਼ ਹਰੇਕ ਧਰਮ ਵੱਲੋਂ ਮਨੁੱਖੀ ਜ਼ਿੰਦਗੀ ਦੀ ਬਿਹਤਰੀ ਵਿੱਚ ਪਾਏ ਯੋਗਦਾਨ ਬਾਰੇ ਆਪਣੇ ਵਿਚਾਰ ਪ੍ਰਗਟਾਏ। ਸਿੱਖ ਧਰਮ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਗੁਰੂ ਨਾਨਕ ਸਾਹਿਬ ਨੇ ਸਮਾਜ ਵਿੱਚ ਫੈਲੇ ਅੰਧਵਿਸ਼ਵਾਸ਼ ਅਤੇ ਅਗਿਆਨਤਾ ਦੇ ਅੰਧਕਾਰ ਨੂੰ ਹਟਾਇਆ ਸੀ ਅਤੇ ਲੋਕਾਈ ਦੇ ਹੱਕ ਵਿੱਚ ਬਾਬਰ ਜਿਹੇ ਧਾੜਵੀਆਂ ਨੂੰ ਵੰਗਾਰਿਆ ਸੀ। ਉਨ੍ਹਾਂ ਦਾ ਇਹ ਫ਼ਲਸਫ਼ਾ ਪੰਜਾਬ ਦੇ ਚੌਗਿਰਦੇ ਵਿੱਚੋਂ ਮਹਿਸੂਸਿਆ ਜਾ ਸਕਦਾ ਹੈ। ਵਾਈਸ ਚਾਂਸਲਰ ਪ੍ਰੋ. ਕਰਮਜੀਤ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਕਿਹਾ ਕਿ ਅਜਿਹੇ ਵਿਸ਼ਿਆਂ ਉੱਤੇ ਗੱਲਬਾਤ ਜਾਰੀ ਰਹਿਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਾਨਫ਼ਰੰਸ ਦੌਰਾਨ ਉੱਭਰਨ ਵਾਲ਼ੇ ਨੁਕਤਿਆਂ ਅਤੇ ਸੁਝਾਵਾਂ ਨੂੰ ਸੂਤਰਬੱਧ ਕਰ ਕੇ ਬਕਾਇਦਗੀ ਸਹਿਤ ਸੰਭਾਲਣਾ ਵੀ ਚਾਹੀਦਾ ਹੈ। ਉਨ੍ਹਾਂ ਸੁਝਾਇਆ ਕਿ ਪੰਜਾਬੀ ਯੂਨੀਵਰਸਿਟੀ ਨੂੰ ਆਪਣੇ ਅਨਮੋਲ ਖਜ਼ਾਨਿਆਂ ਨੂੰ ਅੱਜ ਦੇ ਯੁੱਗ ਦੇ ਹਿਸਾਬ ਨਾਲ਼ ਡਿਜੀਟਲ ਰੂਪ ਵਿੱਚ ਤਬਦੀਲ ਕਰ ਕੇ ਅੱਗੇ ਲਿਆਉਣ ਦੀ ਲੋੜ ਹੈ। ਬਿਹਾਰ ਦੀ ਨਾਲੰਦਾ ਯੂਨੀਵਰਸਿਟੀ ਤੋਂ ਪੁੱਜੇ ਪ੍ਰੋ. ਕੇ. ਟੀ. ਐੱਸ. ਸਰਾਓ, ਨੇ ਸੈਸ਼ਨ ਦੇ ਜਨਰਲ ਪ੍ਰੈਜ਼ੀਡੈਂਟ ਵਜੋਂ ਭਾਸ਼ਣ ਦੌਰਾਨ ਵੱਖ-ਵੱਖ ਧਰਮਾਂ ਦੇ ਪੰਜਾਬ ਨਾਲ਼ ਸਬੰਧਾਂ ਬਾਰੇ ਵਿਸਥਾਰ ਵਿੱਚ ਗੱਲ ਕੀਤੀ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਪੰਜਾਬ ਦੀ ਧਰਤੀ ਨੇ ਬਹੁਤ ਸਾਰੀਆਂ ਧਾਰਮਿਕ ਰਵਾਇਤਾਂ ਨੂੰ ਜਨਮ ਦਿੱਤਾ ਹੈ। ਉਨ੍ਹਾਂ ਰਿਗਵੇਦ ਤੋਂ ਲੈ ਕੇ ਬੁੱਧ ਧਰਮ ਅਤੇ ਜੈਨ ਧਰਮ ਦੀ ਪੰਜਾਬ ਨਾਲ਼ ਸੰਬੰਧਤਾ ਬਾਰੇ ਆਪਣੇ ਤਰਕ ਦਿੱਤੇ। ਉਨ੍ਹਾਂ ਪੰਜਾਬ ਦੀ ਧਰਤੀ ਉੱਤੇ ਸੰਘੋਲ ਵਿਚੋਂ ਮਿਲੇ ਸਬੂਤਾਂ ਅਤੇ ਹੋਰਨਾਂ ਇਤਿਹਾਸਿਕ ਦਸਤਾਵੇਜ਼ਾਂ ਦੇ ਹਵਾਲੇ ਨਾਲ਼ ਗੱਲ ਕਰਦਿਆਂ ਦੱਸਿਆ ਕਿ ਬੁੱਧ ਧਰਮ ਦਾ ਵੀ ਪੰਜਾਬ ਦੀ ਧਰਤੀ ਨਾਲ਼ ਬਹੁਤ ਗਹਿਰਾ ਸਬੰਧ ਰਿਹਾ ਹੈ। ਵਿਭਾਗ ਮੁਖੀ ਡਾ. ਸੰਦੀਪ ਕੌਰ ਵੱਲੋਂ ਆਪਣੇ ਸਵਾਗਤੀ ਭਾਸ਼ਣ ਦੌਰਾਨ ਕਾਨਫ਼ਰੰਸ ਦੇ ਵਿਸ਼ੇ ਅਤੇ ਵੱਖ-ਵੱਖ ਅਕਾਦਮਿਕ ਸੈਸ਼ਨਾਂ ਵਿੱਚ ਹੋਣ ਵਾਲ਼ੇ ਪ੍ਰੋਗਰਾਮਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਦੱਸਿਆ ਕਿ ਇਹ ਭਾਰਤ ਦੀ ਸਭ ਤੋਂ ਪੁਰਾਣੀ ਖੇਤਰੀ ਇਤਿਹਾਸ ਕਾਨਫਰੰਸ ਹੈ। ਕਾਨਫਰੰਸ ਵਿੱਚ ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ-ਕਸ਼ਮੀਰ, ਦਿੱਲੀ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਹੋਰਾਂ ਸਮੇਤ ਵੱਖ-ਵੱਖ ਰਾਜਾਂ ਤੋਂ ਸੈਂਕੜੇ ਡੈਲੀਗੇਟ ਭਾਗ ਲੈਂਦੇ ਹਨ। ਉਨ੍ਹਾਂ ਦੱਸਿਆ ਕਿ ਇਸ ਕਾਨਫਰੰਸ ਦੀ ਸ਼ੁਰੂਆਤ 1965 ਵਿੱਚ ਪ੍ਰਸਿੱਧ ਇਤਿਹਾਸਕਾਰ ਡਾ. ਗੰਡਾ ਸਿੰਘ ਨੇ ਕੀਤੀ ਸੀ। ਉਦੋਂ ਤੋਂ ਇਹ ਪੰਜਾਬੀ ਯੂਨੀਵਰਸਿਟੀ ਦੇ ਇਤਿਹਾਸ ਅਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਵੱਲੋਂ ਲਗਾਤਾਰ ਕਰਵਾਈ ਜਾ ਰਹੀ ਹੈ। ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਵੱਲੋਂ ਆਪਣੇ ਧੰਨਵਾਦੀ ਭਾਸ਼ਣ ਦੌਰਾਨ ਯੂਨਵਿਰਸਿਟੀ ਵੱਲੋਂ ਸੀ. ਐੱਸ. ਆਰ. ਗਰਾਂਟ ਨਾਲ਼ ਡਿਜੀਟਲਕਰਣ ਸਬੰਧੀ ਪ੍ਰਾਜੈਕਟ ਦਾ ਵਿਸ਼ੇਸ਼ ਜ਼ਿਕਰ ਕਰਦਿਆਂ ਇਤਿਹਾਸ ਅਤੇ ਪੰਜਾਬ ਇਤਿਹਾਸ ਅਧਿਐਨ ਵਿਭਾਗ ਨੂੰ ਇਸ ਪ੍ਰਾਜੈਕਟ ਨਾਲ ਜੁੜਨ ਦਾ ਸੱਦਾ ਦਿੱਤਾ। ਉਦਘਾਟਨੀ ਸੈਸ਼ਨ ਦਾ ਮੰਚ ਸੰਚਾਲਨ ਡਾ. ਪ੍ਰਨੀਤ ਕੌਰ ਵੱਲੋਂ ਕੀਤਾ ਗਿਆ। ਉਦਘਾਟਨੀ ਸੈਸ਼ਨ ਉਪਰੰਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਇਤਿਹਾਸ ਵਿਭਾਗ ਦੇ ਸਾਬਕਾ ਮੁਖੀ ਪ੍ਰੋਫੈਸਰ ਜੋਗਿੰਦਰ ਸਿੰਘ ਵੱਲੋਂ 'ਪ੍ਰੋਫੈਸਰ ਸੀਤਾ ਰਾਮ ਮੈਮੋਰੀਅਲ ਲੈਕਚਰ' ਦਿੱਤਾ ਗਿਆ। ਵੱਖ-ਵੱਖ ਸੈਕਸ਼ਨਾਂ ਦੀ ਪ੍ਰਧਾਨਗੀ ਲਈ ਪਹੁੰਚੀਆਂ ਸ਼ਖ਼ਸੀਅਤਾਂ ਪ੍ਰੋਫੈਸਰ ਸੀਮਾ ਬਾਵਾ, ਪ੍ਰੋਫੈਸਰ ਰਾਧਾ ਸ਼ਰਮਾ, ਪ੍ਰੋਫੈਸਰ ਧਰਮਜੀਤ ਸਿੰਘ ਅਤੇ ਪ੍ਰੋਫੈਸਰ ਅਮਰਜੀਤ ਸਿੰਘ ਨੂੰ ਉਦਘਾਟਨੀ ਸੈਸ਼ਨ ਦੌਰਾਨ ਸਨਮਾਨਿਤ ਕੀਤਾ ਗਿਆ।

## ਪੁੱਡਾ ਇਨਕਲੇਵ ਵੈਲਫ਼ੇਅਰ ਸੁਸਾਇਟੀ ਨੇ ਕੈਂਡਲ ਮਾਰਚ ਕੱਢ ਕੇ ਸ਼ਰਧਾਂਜਲੀ ਦਿੱਤੀ

ਪਟਿਆਲਾ, 25 ਅਪ੍ਰੈਲ (ਚ.ਨ.ਸ.) : ਜੰਮੂ ਕਸ਼ਮੀਰ ਦੇ ਪਹਿਲਗਾਮ ਵਿਖੇ ਅੱਤਵਾਦੀਆਂ ਵੱਲੋਂ ਮਾਸੂਮ ਸੈਲਾਨੀਆਂ ਦੇ ਕੀਤੇ ਗਏ ਕਤਲ ਦਾ ਗੁੱਸਾ ਦੇਸ਼ ਭਰ ਵਿੱਚ ਹੈ। ਇਸ ਦੌਰਾਨ ਜੇਲ ਰੋਡ ਸਥਿਤ ਪੁੱਡਾ ਇਨਕਲੇਵ-1 ਦੀ ਪੁੱਡਾ ਐਨਕਲੇਵ ਵੈੱਲਫੇਅਰ ਸੋਸਾਇਟੀ ਵੱਲੋਂ ਕੈਂਡਲ ਮਾਰਚ ਕੱਢ ਕੇ ਅੱਤਵਾਦੀਆਂ ਵੱਲੋਂ ਮਾਰੇ ਗਏ ਸੈਲਾਨੀਆਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਸੁਸਾਇਟੀ ਦੇ ਪ੍ਰਧਾਨ ਇੰਜ.ਇੰਦਰਜੀਤ ਸਿੰਘ ਗਿੱਲ,ਸਕੱਤਰ ਡਾ. ਸੰਦੀਪ ਸ਼ਰਮਾ,ਖਜਾਨਚੀ ਡਾ.ਮਨੀਸ਼ ਮਿੱਤਲ,ਮੀਤ ਪ੍ਰਧਾਨ ਦਿਆ ਨੰਦ ਰਾਣਾ ਨੇ ਕਿਹਾ ਕਿ ਇਹ ਇਕ ਧਰਮ ਵਿਸ਼ੇਸ਼ 'ਤੇ ਹਮਲਾ ਨਹੀਂ ਸਗੋਂ ਸਮੁੱਚੀ ਮਨੁੱਖਤਾ 'ਤੇ ਹਮਲਾ ਹੈ। ਲੋਕਾਂ ਨੇ ਮੰਗ ਕੀਤੀ ਕਿ ਦਹਿਸ਼ਤਗਰਦਾਂ ਦੇ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਪੀੜਤ ਪਰਿਵਾਰਾਂ ਨੂੰ ਹਰ ਸੰਭਵ ਸਹਾਇਤਾ ਦਿੱਤੀ ਜਾਵੇ।

## ਜਸਬੀਰ ਸਿੰਘ ਨਵੇਂ ਜੱਜ ਦੇ ਰੀਡਰ ਨਿਯੁਕਤ

ਪਟਿਆਲਾ, 25 ਅਪ੍ਰੈਲ (ਵਿਨੋਦ ਸ਼ਰਮਾ) : ਨਵੇਂ ਜੁਡੀਸ਼ੀਅਲ ਮੈਜਿਸਟ੍ਰੇਟ ਹਰਵਿੰਦਰ ਸਿੰਘ ਸਿਵਲ ਜੱਜ ਜੂਨੀਅਰ ਡਵੀਜ਼ਨ ਦੇ ਨਵੇਂ ਰੀਡਰ ਜਸਬੀਰ ਸਿੰਘ ਨਿਯੁਕਤ ਕੀਤੇ ਗਏ ਹਨ। ਇੱਥੇ ਜਿਕਰਯੋਗ ਹੈ ਕਿ ਜਸਬੀਰ ਸਿੰਘ ਪਹਿਲਾਂ ਜ਼ਿਲ੍ਹਾ ਸੈਸ਼ਨ ਜੱਜ ਪਟਿਆਲਾ ਦੇ ਬਤੌਰ ਅਲਮਦ ਦੇ ਤੌਰ 'ਤੇ ਕੰਮ ਕਰਦੇ ਸੀ। ਉਹ ਵੱਖ-ਵੱਖ ਅਦਾਲਤਾਂ ਵਿੱਚ ਵੀ ਕੰਮ ਕਰ ਚੁੱਕੇ ਹਨ।

## ਪ੍ਰਾਇਮਰੀ ਸਮਾਰਟ ਸਕੂਲ ਕਪੂਰੀ ਦੇ ਬੱਚਿਆਂ ਨੇ ਇੱਕ ਦਿਨ ਲਈ ਐਸ.ਡੀ.ਐਮ. ਬਣ ਕੇ ਰਚਿਆ ਇਤਿਹਾਸ



ਦੇਵੀਗੜ੍ਹ, 25 ਅਪ੍ਰੈਲ (ਗੁਰਜੀਤ ਸਿੰਘ ਢੋਟ) : ਪਿਛਲੇ ਦਿਨੀਂ ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਪੰਜਵੀਂ ਦੇ ਨਤੀਜੇ ਦਾ ਐਲਾਨ ਕੀਤਾ ਗਿਆ ਸੀ, ਜਿਸ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਕਪੂਰੀ ਦੇ 2 ਬੱਚਿਆਂ ਨੇ 500/500 ਨੰਬਰ ਪ੍ਰਾਪਤ ਕੀਤੇ ਸਨ। ਅੱਜ ਕਪੂਰੀ ਸਕੂਲ ਦੀਆਂ ਦੋ ਵਿਦਿਆਰਥਣਾਂ ਨੂੰ ਐਸ ਡੀ ਐਮ ਕਿਰਪਾਲਵੀਰ ਸਿੰਘ ਦੁੱਧਨ ਸਾਧਾਂ ਵੱਲੋਂ ਇੱਕ ਦਿਨ ਲਈ ਐਸ ਡੀ ਐਮ ਬਣਨ ਦਾ ਮੌਕਾ ਦਿੱਤਾ ਗਿਆ। ਸਕੂਲ ਮੁਖੀ ਜਗਜੀਤ ਸਿੰਘ ਵਾਲੀਆ ਨੇ ਦੱਸਿਆ ਕਿ ਅਵਨਪ੍ਰੀਤ ਕੌਰ,ਸਿਮਰਨ ਕੌਰ ਨੇ ਪੰਜਵੀਂ ਦੀ ਪ੍ਰੀਖਿਆ ਵਿੱਚੋਂ 500/500 ਨੰ ਲੈ ਕੇ ਜ਼ਿਲ੍ਹਾ ਸਥਾਨ ਹਾਸਲ ਕਰਕੇ ਸਕੂਲ,ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਸਕੂਲ ਅਧਿਆਪਕ ਹਰਪ੍ਰੀਤ ਸਿੰਘ ਉੱਪਲ, ਮੈਡਮ ਸਤਵਿੰਦਰ ਕੌਰ ਨੇ ਐਸ ਡੀ ਐਮ ਦੇ ਦਿਨ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਬੱਚਿਆਂ ਲਈ ਇੱਕ ਦਿਨ ਲਈ ਐਸ ਡੀ ਐਮ ਬਣਨਾ ਬਹੁਤ ਵੱਡੀ ਪ੍ਰਾਪਤੀ ਹੈ। ਹਰਮੀਤ ਸਿੰਘ ਪਠਾਨਮਾਜਰਾ ਵੱਲੋਂ ਵੀ ਇਸ ਪ੍ਰਾਪਤੀ ਤੇ ਅਧਿਆਪਕਾਂ ਤੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਉਹਨਾਂ ਅੱਗੇ ਤੋਂ ਹਰ ਤਰ੍ਹਾਂ ਦੇ ਸਹਿਯੋਗ ਦਾ ਭਰੋਸਾ ਵੀ ਦਿੱਤਾ। ਨਗਰ ਪੰਚਾਇਤ ਦੇਵੀਗੜ੍ਹ ਦੇ ਸੀਨੀਅਰ ਮੀਤ ਪ੍ਰਧਾਨ ਲਖਵੀਰ ਸਿੰਘ ਨੇ ਇਸ ਵੱਡੀ ਪ੍ਰਾਪਤੀ ਪਿੱਛੇ ਅਧਿਆਪਕਾਂ ਦੀ ਮਿਹਨਤ ਨੂੰ ਦੱਸਿਆ। ਇਸ ਮੌਕੇ ਗੁਰਪ੍ਰੀਤ ਸਿੰਘ ਗੁਰੀ ਪੀ ਏ ਟੂ ਹਰਮੀਤ ਸਿੰਘ ਪਠਾਨਮਾਜਰਾ,ਨਗਰ ਪੰਚਾਇਤ ਦੇ ਐਮ.ਸੀ ਸਹਿਬਾਨ ਬਲਰਾਜ ਸਿੰਘ ਜੁਲਕਾ,ਐਮ.ਸੀ ਪ੍ਰੀਤੀ ਜੁਲਕਾ,ਐਮ.ਸੀ ਗੁਰਮੀਤ ਸਿੰਘ ਭੁੰਨਰਹੇੜੀ,ਐਮ.ਸੀ ਸੁੱਚਾ ਸਿੰਘ ਲਾਡੀ ਛੰਨਾ, ਐਮ.ਸੀ ਕਰਮਜੀਤ ਸਿੰਘ ਰੁੜਕੀ, ਬਲਾਕ ਮਾਸਟਰ ਟ੍ਰੇਨਰ ਅਮਰੀਕ ਸਿੰਘ, ਬਲਜਿੰਦਰ ਸਿੰਘ , ਦਫਤਰੀ ਸਟਾਫ ਐਸ ਡੀ ਐਮ ਦੁਧਨ ਸਾਧਾਂ ਵੀ ਹਾਜ਼ਰ ਰਹੇ।

## ਮੁੱਖ ਮੰਤਰੀ ਫੀਲਡ ਅਫ਼ਸਰ ਡਾ. ਸ਼ਰਮਾ ਨੇ ਜ਼ਿਲ੍ਹਾ ਪੱਧਰੀ ਮੀਟਿੰਗਾਂ ਦੀ ਕੀਤੀ ਸਮੀਖਿਆ



ਪਟਿਆਲਾ, 25 ਅਪ੍ਰੈਲ (ਰੁਪਾਣਾ/ਦੀਪਕ ਜੈਦਕਾ) : ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ: ਪ੍ਰੀਤੀ ਯਾਦਵ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੁੱਖ ਮੰਤਰੀ ਫੀਲਡ ਅਫਸਰ ਡਾ: ਨਵਜੋਤ ਸ਼ਰਮਾ ਨੇ ਜ਼ਿਲ੍ਹਾ ਪਟਿਆਲਾ ਵਿੱਚ ਬਾਲ ਮਜ਼ਦੂਰੀ ਐਕਟ ਅਧੀਨ ਬਣੀ ਟਾਸਕ ਫੋਰਸ ਅਤੇ ਬਾਂਡਡ ਲੇਬਰ ਸਿਸਟਮ ਦੀ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਦੀ ਸਮੀਖਿਆ ਕੀਤੀ। ਉਹਨਾਂ ਅਧਿਕਾਰੀਆਂ ਤੋਂ ਜ਼ਿਲ੍ਹੇ ਵਿੱਚ ਬਾਲ ਮਜ਼ਦੂਰੀ, ਬਾਲ ਭਿਖਿਆ ਅਤੇ ਬਾਲ ਵਿਆਹ ਸੰਬੰਧੀ ਜਾਣਕਾਰੀ ਹਾਸਿਲ ਕੀਤੀ ਅਤੇ ਕਿਹਾ ਕਿ ਜੇਕਰ ਕੋਈ ਐਕਟ ਤਹਿਤ ਦਿੱਤੀ ਗਈ ਹਦਾਇਤਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਸ ਖਿਲਾਫ ਕਾਰਵਾਈ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਐਕਟ ਦੀਆਂ ਹਦਾਇਤਾਂ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ। ਡਾ: ਸ਼ਰਮਾ ਨੇ ਕਿਹਾ ਕਿ ਜਨਤਾ ਨਾਲ ਜਾਗਰੂਕਤਾ ਮੁਹਿੰਮ ਸ਼ੁਰੂ ਕੀਤੀ ਜਾਵੇਗੀ ਤਾਂ ਜੋ ਬੱਚਿਆਂ ਨੂੰ ਭੀਖ ਮੰਗਣ ਤੋਂ ਬਚਾਇਆ ਜਾ ਸਕੇ। ਉਹਨਾਂ ਕਿਹਾ ਕਿ ਜਿਹਨਾਂ ਬੱਚਿਆਂ ਨੂੰ ਭੀਖ ਮੰਗਣ ਲਈ ਵੇਚਿਆ ਜਾਂਦਾ ਹੈ ਉਹਨਾਂ ਨੂੰ ਚਿਲਡਰਨ ਹੋਮ ਭੇਜਿਆ ਜਾਵੇਗਾ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਸ਼ਾਇਨਾ ਕਪੂਰ ਨੇ ਦੱਸਿਆ ਕਿ ਪਿਛਲੇ ਦਿਨੀ 2 ਬੱਚਿਆਂ ਨੂੰ ਰੈਸਕਿਊ ਕੀਤਾ ਗਿਆ ਜਿਹਨਾਂ ਵਿੱਚੋਂ 7 ਸਾਲ ਦੇ ਬੱਚੇ ਨੂੰ ਚਾਇਲਡ ਹੋਮ ਵਿੱਚ ਰੱਖ ਕੇ ਪੜ੍ਹਾਇਆ ਜਾ ਰਿਹਾ ਹੈ ਅਤੇ ਦੂਜੇ ਵਾਲੀ ਸਾਲ ਦੇ ਬੱਚੇ ਨੂੰ ਉਸ ਦੇ ਮਾਪਿਆਂ ਨੂੰ ਚੇਤਾਵਨੀ ਦੇ ਕੇ ਉਹਨਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ। ਅਸਿਸਟੈਂਟ ਲੇਬਰ ਕਮਿਸ਼ਨਰ ਜਸਵੀਰ ਸਿੰਘ ਖਰੌੜ ਨੇ ਦੱਸਿਆ ਕਿ ਬਾਂਡਡ ਲੇਬਰ ਸਿਸਟਮ ਅਧੀਨ ਪਿਛਲੇ ਦਿਨੀਂ ਅਜਿਹਾ ਕੋਈ ਵੀ ਕੇਸ ਸਾਹਮਣੇ ਨਹੀਂ ਆਇਆ , ਜੇਕਰ ਕੋਈ ਅਜਿਹਾ ਕੇਸ ਸਾਹਮਣੇ ਆਉਂਦਾ ਹੈ ਤਾਂ ਤੁਰੰਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

## ਟੀ.ਬੀ. ਦੇ ਮਰੀਜ਼ਾਂ ਨੂੰ ਕੀਤੀ ਨਿਊਟ੍ਰੀਸ਼ਨਲ ਫੂਡ ਕਿਟਸ ਦੀ ਵੰਡ



ਪਟਿਆਲਾ, 25 ਅਪ੍ਰੈਲ (ਰੁਪਾਣਾ/ਦੀਪਕ ਜੈਦਕਾ) : ਟੀ.ਬੀ. ਮੁਕਤ ਭਾਰਤ ਅਭਿਆਨ ਤਹਿਤ ਦਫਤਰ ਸਿਵਲ ਸਰਜਨ ਪਟਿਆਲਾ ਵਿਖੇ ਰੀਚ ਆਰਗਨਾਈਜੇਸ਼ਨ ਅਤੇ ਹਿੰਦੁਸਤਾਨ ਯੂਨੀਲੀਵਰ ਦੇ ਸਹਿਯੋਗ ਨਾਲ 101 ਟੀ.ਬੀ. ਦੀ ਦਵਾਈ ਲੈ ਰਹੇ ਰੋਗੀਆਂ ਨੂੰ ਨਿਊਟ੍ਰਿਸ਼ਨਲ ਫੂਡ ਕਿਟਸ ਦੀ ਵੰਡ ਕੀਤੀ ਗਈ। ਸਿਵਲ ਸਰਜਨ ਡਾ. ਜਗਪਾਲਇੰਦਰ ਸਿੰਘ ਨੇ ਦੱਸਿਆ ਕਿ ਟੀਬੀ ਦੇ ਹਰੇਕ ਮਰੀਜ਼ ਨੂੰ ਸਿਹਤ ਵਿਭਾਗ ਵੱਲੋਂ 1000 ਰੁਪਏ ਦੀ ਸਹਾਇਤਾ ਵਧੀਆ ਖਾਧ ਖੁਰਾਕ ਲਈ ਦਿੱਤੀ ਜਾਂਦੀ ਹੈ। ਹਰੇਕ ਮਰੀਜ਼ ਦੇ ਸਾਰੇ ਟੇਸਟ ਅਤੇ ਸਕਰੀਨਿੰਗ ਮੁਫਤ ਕੀਤੀ ਜਾਂਦੀ ਹੈ ਅਤੇ ਸਾਰੀਆਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਟੀ.ਬੀ ਦੀ ਦਵਾਈ ਮੁਫਤ ਦਿੱਤੀ ਜਾਂਦੀ ਹੈ। ਇਸ ਮੌਕੇ ਉਹਨਾਂ ਕਿਹਾ ਕਿ ਨਿਕਸਾ ਮਿੱਤਰ ਸਕੀਮ ਤਹਿਤ ਹਰ ਬੰਦੇ ਨੂੰ ਟੀ.ਬੀ. ਦੇ ਮਰੀਜ਼ਾਂ ਨੂੰ ਗੋਦ ਲੈਣ ਲਈ ਪਹਿਲ ਕਰਨੀ ਚਾਹੀਦੀ ਹੈ। ਰੀਚ ਐਨਜੀਓ ਸੰਸਥਾ ਦੇ ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ ਸ੍ਰੀ ਗਾਲਿਬ ਹੁਸੈਨ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਿਊਟ੍ਰੀਸ਼ਨਲ ਫੂਡ ਕਿਟਸ ਉਹਨਾਂ ਟੀ.ਬੀ. ਦੇ ਮਰੀਜ਼ਾਂ ਨੂੰ ਦਿੱਤੀਆਂ ਜਾਂਦੀਆਂ ਹਨ, ਜਿਨ੍ਹਾਂ ਦਾ ਬੀ.ਐਮ.ਆਈ ਘੱਟ ਹੋਵੇ, ਐਚ.ਆਈ.ਵੀ ਨਾਲ ਪੀੜਤ ਹੋਣ ਅਤੇ ਐਮ.ਡੀ.ਆਰ ਨਾਲ ਜੂਝ ਰਹੇ ਹੋਣ। ਉਹਨਾਂ ਨੇ ਦੱਸਿਆ ਕਿ ਨਿਊਟ੍ਰੀਸ਼ਨ ਕਿਟ ਵਿੱਚ ਸੋਇਆਬੀਨ, ਸਰਸੋਂ ਦਾ ਤੇਲ, ਗੁੜ, ਸਾਬਤ ਮੂੰਗੀ, ਚਨੇ ਦੀ ਦਾਲ, ਰੋਸਟਡ ਚਨਾ, ਦਲੀਆ ਆਦਿ ਸ਼ਾਮਿਲ ਹੈ। ਉਹਨਾਂ ਨੇ ਇਹ ਕਿਹਾ ਕਿ ਜਿੰਨੀ ਦੇਰ ਤੱਕ ਮਰੀਜ਼ ਦੀ ਦਵਾਈ ਚਲੇਗੀ ,ਉਨੀ ਦੇਰ ਇਹਨਾਂ ਮਰੀਜ਼ਾਂ ਨੂੰ ਫੂਡ ਬਾਸਕਿਟ ਪੋਸ਼ਨ ਸਹਾਇਤਾ ਵਜੋਂ ਦਿੱਤੀਆਂ ਜਾਣਗੀਆਂ। ਇਸ ਮੌਕੇ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ ਡਾ.ਬਲਕਾਰ ਸਿੰਘ, ਸੀਨੀਅਰ ਮੈਡੀਕਲ ਅਫਸਰ ਐਮ.ਕੇ.ਐਚ ਡਾ.ਵਿਕਾਸ ਗੋਇਲ, ਪਰਮਜੀਤ ਕੌਰ ਟੀ.ਬੀ. ਸੁਪਰਵਾਈਜ਼ਰ, ਜ਼ਿਲ੍ਹਾ ਮਾਸ ਮੀਡੀਆ ਅਫਸਰ ਕੁਲਬੀਰ ਕੌਰ ਅਤੇ ਟੀ.ਬੀ. ਚੈਂਪੀਅਨ ਹਾਜ਼ਰ ਸਨ ।

## ਪੁਕਟਾ ਅਧਿਆਪਕਾਂ ਨੇ ਘੇਰੀ ਵੀ.ਸੀ. ਦੀ ਗੱਡੀ, ਧਰਨੇ ਦੌਰਾਨ ਭਖਿਆ ਮਾਮਲਾ

ਦੇਵੀਗੜ੍ਹ, 25 ਅਪ੍ਰੈਲ (ਗੁਰਜੀਤ ਸਿੰਘ ਢੋਟ) : ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕੰਟਰੈਕਟ ਅਸਿਸਟੈਂਟ ਪ੍ਰੋਫੈਸਰਾਂ ਦਾ ਚਲਦਾ ਧਰਨਾ ਅੱਜ ਉਸ ਵੇਲੇ ਆਕਰਾਮਕ ਰੂਪ ਧਾਰਨ ਕਰ ਗਿਆ ਜਦੋਂ ਕੰਟਰੈਕਟ ਅਸਿਸਟੈਂਟ ਪ੍ਰੋਫੈਸਰਾਂ ਵੱਲੋਂ ਯੂਨੀਵਰਸਿਟੀ ਵਿਖੇ ਵਾਈਸ ਚਾਂਸਲਰ ਦਫ਼ਤਰ ਵਿਖੇ ਨਾਅਰੇਬਾਜ਼ੀ ਕਰਦੇ ਹੋਏ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ ਕੀਤਾ ਗਿਆ। ਅੱਜ ਪੰਜਾਬੀ ਯੂਨੀਵਰਸਿਟੀ ਵਿਖੇ ਪੰਜਾਬ ਦੇ ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀ ਮੰਤਰੀ ਪੰਜਾਬ ਡਾ. ਬਲਜੀਤ ਕੌਰ ਇੱਕ ਸਮਾਗਮ ਵਿੱਚ ਸ਼ਿਰਕਤ ਕਰਨ ਲਈ ਪਹੁੰਚੇ ਸਨ। ਕੰਟਰੈਕਟ ਅਧਿਆਪਕਾਂ ਦੇ ਇੱਕ ਵਫ਼ਦ ਵੱਲੋਂ ਡਾ. ਬਲਜੀਤ ਕੌਰ ਨਾਲ ਯੂਨੀਵਰਸਿਟੀ ਅਥਾਰਟੀ ਦੀ ਹਾਜ਼ਰੀ ਵਿੱਚ ਲੰਮੀ ਮੀਟਿੰਗ ਕੀਤੀ ਗਈ। ਡਾ. ਬਲਜੀਤ ਕੌਰ ਵੱਲੋਂ ਕੰਟਰੈਕਟ ਅਧਿਆਪਕਾਂ ਵੱਲੋਂ ਕੀਤੀ ਜਾ ਰਹੀ ਸੱਤਵੇਂ ਪੇ ਕਮਿਸ਼ਨ ਦੀ ਮੰਗ ਨੂੰ ਪੂਰੀ ਤਰਾਂ ਜਾਇਜ਼ ਕਰਾਰ ਦਿੰਦੇ ਹੋਏ ਪੂਰਾ ਕਰਨ ਦਾ ਭਰੋਸਾ ਦਿੱਤਾ ਗਿਆ ਅਤੇ ਨਾਲ ਹੀ ਮੌਕੇ 'ਤੇ ਮੌਜੂਦ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੂੰ ਸਬੰਧਤ ਅਧਿਆਪਕਾਂ ਦੀ ਮੰਗ ਨੂੰ ਪੂਰਾ ਕਰਨ ਦੇ ਨਿਰਦੇਸ਼ ਵੀ ਦਿੱਤੇ ਗਏ। ਹਾਲਾਂਕਿ ਯੂਨੀਵਰਸਿਟੀ ਵਾਈਸ ਚਾਂਸਲਰ ਵੱਲੋਂ ਵੀ ਕੰਟਰੈਕਟ ਅਧਿਆਪਕਾਂ ਪ੍ਰਤੀ ਸੁਹਿਰਦ ਰਵੱਈਆ ਅਪਣਾਉਂਦੇ ਹੋਏ ਸਪੱਸ਼ਟ ਕੀਤਾ ਗਿਆ ਕਿ ਕੰਟਰੈਕਟ ਅਸਿਸਟੈਂਟ ਪ੍ਰੋਫੈਸਰਾਂ ਨੂੰ ਉਹਨਾਂ ਦਾ ਬਣਦਾ ਹੱਕ ਜ਼ਰੂਰ ਦਿੱਤਾ ਜਾਵੇਗਾ। ਪ੍ਰੰਤੂ ਸਥਿਤੀ ਉਸ ਵੇਲੇ ਬੜੀ ਹਾਸੋ ਹੀਣੀ ਹੋ ਗਈ ਜਦੋਂ ਮੌਕੇ 'ਤੇ ਮੌਜੂਦ ਯੂਨੀਵਰਸਿਟੀ ਰਜਿਸਟਰਾਰ ਨੇ ਬਿਨਾ ਕਿਸੇ ਠੋਸ ਤਰਕ ਦੇ ਕੰਟਰੈਕਟ ਅਧਿਆਪਕਾਂ ਦੀ ਮੰਗ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ । ਇਸ ਤਰ੍ਹਾਂ ਬਹੁਤ ਘੱਟ ਮੌਕੇ ਹੁੰਦੇ ਹਨ ਜਦੋਂ ਸਰਕਾਰ ਦੇ ਮੌਜੂਦਾ ਮੰਤਰੀ ਅਤੇ ਯੂਨੀਵਰਸਿਟੀ ਮੁਖੀ ਦੀ ਆਦੇਸ਼ਾਂ ਨੂੰ ਕੋਈ ਯੂਨੀਵਰਸਿਟੀ ਅਧਿਕਾਰੀ ਸਿੱਧੇ ਤੌਰ 'ਤੇ ਮੰਨਣ ਤੋਂ ਇਨਕਾਰ ਕਰ ਦੇਵੇ। ਕੰਟਰੈਕਟ ਅਸਿਸਟੈਂਟ ਪ੍ਰੋਫੈਸਰਾਂ ਵੱਲੋਂ ਬਹੁਤ ਹੀ ਤਰਕਪੂਰਨ ਢੰਗ ਦੇ ਨਾਲ ਪੂਰੇ ਸਬੂਤਾਂ ਸਮੇਤ ਬਹੁਤ ਹੀ ਮਜ਼ਬੂਤੀ ਨਾਲ ਆਪਣਾ ਪੱਖ ਪੇਸ਼ ਕੀਤਾ ਗਿਆ। ਪਰ ਇਸਦੇ ਬਾਵਜੂਦ ਪੰਜਾਬ ਦੇ ਮੰਤਰੀ ਡਾ. ਬਲਜੀਤ ਕੌਰ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਬੱਸ ਆਪਣੀ ਮਜਬੂਰੀ ਹੀ ਪ੍ਰਗਟ ਕਰਦੇ ਦਿਖਾਈ ਦਿੱਤੇ। ਇਸ ਗੱਲ ਤੋਂ ਇਹ ਪੂਰੀ ਤਰ੍ਹਾਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਦਾ ਦਾਅਵਾ ਕਰਨ ਵਾਲੀ ਭਗਵੰਤ ਮਾਨ ਸਰਕਾਰ ਸਿੱਖਿਆ ਪ੍ਰਤੀ ਬਣਾਈ ਗਈ ਨੀਤੀਆਂ ਸਿਰਫ ਅਤੇ ਸਿਰਫ ਫੋਕੀਆ ਗੱਲਾਂ ਹਨ। ਮੀਟਿੰਗ ਤੋਂ ਬਾਅਦ ਕੰਟਰੈਕਟ ਅਧਿਆਪਕਾਂ ਵੱਲੋਂ ਵਾਈਸ ਚਾਂਸਲਰ ਨਾਲ ਦੋਬਾਰਾ ਤੋਂ ਮੀਟਿੰਗ ਕਰਨ ਲਈ ਦਫ਼ਤਰ ਵਿਖੇ ਜਾਣ ਦੀ ਕੋਸ਼ਿਸ਼ ਨੂੰ ਉਹਨਾਂ ਦੇ ਸੁਰੱਖਿਆ ਮੁਲਾਜ਼ਮ ਵੱਲੋਂ ਨਾਕਾਮ ਕਰ ਦਿੱਤਾ ਗਿਆ ਤਾਂ ਕੰਟਰੈਕਟ ਅਧਿਆਪਕਾਂ ਵੱਲੋਂ ਵਾਈਸ ਚਾਂਸਲਰ ਦੇ ਮੁੱਖ ਗੇਟ 'ਤੇ ਹੀ ਧਰਨਾ ਅਤੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਗਈ। ਵਾਈਸ ਚਾਂਸਲਰ ਨੇ ਪੁਲਿਸ ਬੁਲਾ ਕੇ ਜਦੋਂ ਆਪਣੇ ਦਫਤਰ ਤੋਂ ਫ਼ਰਾਰ ਹੋਣ ਦੀ ਕੋਸ਼ਿਸ਼ ਕੀਤੀ ਤਾਂ ਕੰਟਰੈਕਟ ਅਧਿਆਪਕਾਂ ਵੱਲੋਂ ਯੂਨੀਵਰਸਿਟੀ ਮੁਖੀ ਦੀ ਗੱਡੀ ਨੂੰ ਘੇਰਾ ਪਾ ਕੇ ਨਾਅਰੇਬਾਜ਼ੀ ਕੀਤੀ ਗਈ ਤਾਂ ਵਾਈਸ ਚਾਂਸਲਰ ਵੱਲੋਂ ਦੋਬਾਰਾ ਤੋਂ ਕੰਟਰੈਕਟ ਅਧਿਆਪਕਾਂ ਨੂੰ ਮੀਟਿੰਗ ਲਈ ਸੱਦਾ ਦਿੱਤਾ ਗਿਆ । ਮੀਟਿੰਗ ਤੋਂ ਬਾਅਦ ਵਾਈਸ ਚਾਂਸਲਰ ਵੱਲੋਂ ਕੰਟਰੈਕਟ ਅਧਿਆਪਕਾਂ ਦੀ ਮੰਗ ਸਬੰਧੀ ਸਿੰਡੀਕੇਟ ਵਿਚ ਮਤਾ ਪਾਸ ਕਰਕੇ ਪੰਜਾਬ ਸਰਕਾਰ ਦੇ ਵਿੱਤ ਵਿਭਾਗ ਨੂੰ ਮਨਜ਼ੂਰੀ ਲਈ ਭੇਜ ਦਿੱਤਾ ਗਿਆ ਹੈ। ਵਾਈਸ ਚਾਂਸਲਰ ਨੇ ਵਾਅਦਾ ਕੀਤਾ ਕਿ ਅਗਲੇ 10 ਦਿਨ ਦੇ ਦਰਮਿਆਨ ਕੰਟਰੈਕਟ ਅਧਿਆਪਕਾਂ ਦੀ ਸੱਤਵੇਂ ਪੇ ਕਮਿਸ਼ਨ ਦੀ ਮੰਗ ਪ੍ਰਵਾਨ ਕਰ ਲਈ ਜਾਵੇਗੀ। ਪੁਕਟਾ ਪ੍ਰਧਾਨ ਡਾ. ਤਰਨਜੀਤ ਕੌਰ ਨੇ ਕਿਹਾ ਕਿ ਜਦੋਂ ਤੱਕ ਕੰਟਰੈਕਟ ਅਧਿਆਪਕਾਂ ਤੇ ਸੱਤਵਾਂ ਪੇ ਕਮਿਸ਼ਨ ਲਾਗੂ ਨਹੀਂ ਹੋ ਜਾਂਦਾ ਧਰਨਾ ਜਾਰੀ ਰਹੇਗਾ।

## 28 ਨੂੰ ਮੰਡੀ ਅਹਿਮਦਗੜ੍ਹ ਵਿਖੇ ਲੱਗੇਗਾ ਅਸੈਸਮੈਂਟ ਕੈਂਪ

ਮਲੇਰਕੋਟਲਾ, 25 ਅਪ੍ਰੈਲ (ਚ.ਨ.ਸ.): ਡਿਪਟੀ ਕਮਿਸ਼ਨਰ ਵਿਰਾਜ ਐਸ ਤਿੜਕੇ ਦੇ ਦਿਸ਼ਾ ਨਿਰਦੇਸ਼ਾਂ ਹੇਠ ਰੈਡ ਕਰਾਸ, ਜ਼ਿਲ੍ਹਾ ਵਿਕਲਾਂਗ ਪੁਨਰਵਾਸ ਕੇਂਦਰ, ਸੰਗਰੂਰ ਵੱਲੋਂ ਅਲਿਮਕੋ, ਮੋਹਾਲੀ ਦੇ ਸਹਿਯੋਗ ਨਾਲ ਦਿਵਿਆਂਗਜਨ ਵਿਅਕਤੀਆਂ ਨੂੰ ਸਹਾਇਕ ਉਪਕਰਨ ਮੁਹੱਈਆ ਕਰਵਾਉਣ ਲਈ ਜ਼ਿਲ੍ਹਾ ਮਾਲੇਰਕੋਟਲਾ ਵਿੱਚ 28 ਅਪ੍ਰੈਲ ਦਿਨ ਸੋਮਵਾਰ ਨੂੰ ਧਰਮਸ਼ਾਲਾ, ਛਪਾਰ ਰੋਡ, ਅਹਿਮਦਗੜ੍ਹ ਮੰਡੀ ਵਿਖੇ ਅਸੈਸਮੈਂਟ ਕੈਂਪ ਦਾ ਆਯੋਜਨ ਕੀਤਾ ਜਾਵੇਗਾ । ਉਨਾਂ ਦੱਸਿਆ ਕਿ ਇਸ ਕੈਂਪ ਦੌਰਾਨ ਦਿਵਿਆਂਗਜਨਾਂ ਦੀ ਜਾਂਚ ਕਰਵਾ ਕੇ ਮਾਹਿਰਾਂ ਦੀ ਸਲਾਹ ਨਾਲ ਦਿਵਿਆਂਗਜਨ ਸਹਾਇਕ ਉਪਕਰਣ ਦੇਣ ਲਈ ਪੂੰਜੀਗਤ ਕੀਤਾ ਜਾਵੇਗਾ । ਉਨਾਂ ਨੇ ਚਾਹਵਾਨਾਂ ਨੂੰ ਇਸ ਕੈਂਪ ਦਾ ਵੱਧ ਤੋਂ ਵੱਧ ਫਾਇਦਾ ਲੈਣ ਦੀ ਅਪੀਲ ਕੀਤੀ । ਇਸ ਕੈਂਪ ਵਿਚ ਮੋਟਰਾਇਜਡ ਟਰਾਈਸਾਇਕਲ, ਟਰਾਈ ਸਾਇਕਲ, ਵ੍ਹੀਲ ਚੇਅਰ, ਨਕਲੀ ਅੰਗ, ਪੋਲਿਓ ਕੈਲਿਪਰ, ਕੰਨਾਂ ਦੀਆਂ ਮਸ਼ੀਨਾਂ, ਸਮਾਰਟ ਫੋਨ, ਸੀ.ਪੀ. ਚੇਅਰ, ਐਮ.ਆਰ. ਕਿੱਟ, ਨੇਤਰਹੀਣਾਂ ਲਈ ਸਮਾਰਟ ਕੇਨ, ਐਲਬੋ ਕਰੰਚ, ਚੱਲਣ ਵਾਲੀ ਸੋਟੀ, ਬਰੇਲ ਕੇਨ, ਵਾਕਰ, ਏ.ਡੀ.ਐਲ ਕਿੱਟ (ਲੈਪਰੇਸੀ), ਬੀ ਟੀ ਈ (2 ਸਾਲ ਤੋਂ ਛੋਟੇ ਬੱਚੇ ਲਈ ਕੰਨ ਦੀ ਮਸ਼ੀਨ) ਅਤੇ ਹੋਰ ਸਹਾਇਕ ਉਪਕਰਣ ਲੋੜ ਅਨੁਸਾਰ ਲਾਭਪਾਤਰੀਆਂ ਨੂੰ ਦੇਣ ਲਈ ਅਸੈਸਮੈਂਟ ਕੀਤੀ ਜਾਵੇਗੀ ।ਉਹਨਾਂ ਦੱਸਿਆ ਕਿ ਇਸ ਕੈਂਪ ਦੌਰਾਨ ਸਰਕਾਰੀ ਸਕੀਮਾਂ ਦਾ ਲਾਭ ਲੈਣ ਲਈ ਦਿਵਿਆਂਗਜ਼ਨਾਂ ਕੋਲ ਯੂ.ਡੀ.ਆਈ.ਡੀ. ਕਾਰਡ ਦਾ ਹੋਣਾ ਲਾਜਮੀ ਹੋਵੇਗਾ।

## ਭਾਰਤ ਵਿਕਾਸ ਪ੍ਰੀਸ਼ਦ ਵੱਲੋਂ ਜ਼ਰੂਰਤਮੰਦ ਬੱਚਿਆਂ ਨੂੰ ਕਾਪੀਆਂ ਤਕਸੀਮ




ਸਮਾਣਾ, 25 ਅਪ੍ਰੈਲ (ਵਿਜੇ ਕੁਮਾਰ) : ਭਾਰਤ ਵਿਕਾਸ ਪ੍ਰੀਸ਼ਦ ਸਮਾਣਾ ਵੱਲੋਂ ਪ੍ਰਧਾਨ ਰਾਜਿੰਦਰ ਪ੍ਰਸ਼ਾਦ, ਸੈਕਟਰੀ ਹਰੀਸ਼ ਸਡਾਨਾ, ਕੈਸ਼ੀਅਰ ਗਗਨਦੀਪ ਗੋਇਲ , ਪ੍ਰਾਜੈਕਟ ਚੇਅਰਮੈਨ ਬ੍ਰਿਸ਼ਭਾਨ ਕਾਂਸਲ ( ਰਿਟਾ: ਵੀ.ਡੀ.ਓ.) ਦੀ ਅਗਵਾਈ 'ਚ ਸਰਕਾਰੀ ਮਿਡਲ ਸਕੂਲ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਭੇਡਪੁਰੀ ਤੋਂ ਇਲਾਵਾ ਸਰਕਾਰੀ ਮਿਡਲ ਸਕੂਲ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਬੁਜਰਕ (ਕੁਲ ਚਾਰ ਸਕੂਲਾ) 'ਚ ਆਯੋਜਿਤ ਸਾਦੇ ਸਮਾਗਮ ਦੌਰਾਨ ਜ਼ਰੂਰਤਮੰਦ ਬੱਚਿਆਂ ਨੂੰ ਨਵੇਂ ਸੈਸ਼ਨ ਦੀ ਸ਼ੁਰੂਆਤ ਮੌਕੇ ਕਾਪੀਆਂ ਤਕਸੀਮ ਕੀਤੀਆਂ ਗਈਆ। ਇਹ ਕਾਪੀਆਂ ਪ੍ਰਿੰਸ ਕਾਂਸਲ ਵੱਲੋਂ ਸਪਾਂਸਰ ਕੀਤੀਆਂ ਗਈਆਂ ਸਨ। ਸੰਸਥਾ ਪ੍ਰਧਾਨ ਰਾਜਿੰਦਰ ਪ੍ਰਸ਼ਾਦ ਨੇ ਦੱਸਿਆ ਕਿ ਇਨ੍ਹਾਂ ਸਕੂਲਾਂ ਦੀ ਜ਼ਰੂਰਤ ਨੂੰ ਵੇਖਦੇ ਹੋਏ ਪ੍ਰੀਸ਼ਦ ਵੱਲੋਂ ਇਹ ਪ੍ਰਾਜੈਕਟ ਬਣਾ ਕੇ ਸਮਾਜ ਦੀ ਸੇਵਾ ਕੀਤੀ ਗਈ ਹੈ। ਇਸ ਸਮੇਂ ਜ਼ਿਲ੍ਹਾ ਕਨਵੀਨਰ ਵਿਜੇ ਡਾਵਰ, ਸੀਤਾ ਰਾਮ ਗੁਪਤਾ, ਸੁਨੀਸ਼ ਸਿੰਗਲਾ, ਸੀ.ਏ. ਨੈਨਸੀ ਗੋਇਲ, ਵੰਦਨਾ ਗੁਪਤਾ ਤੋਂ ਇਲਾਵਾ ਸਕੂਲਾਂ ਦੇ ਅਧਿਆਪਕ, ਪਿੰਡਾਂ ਦੇ ਸਰਪੰਚ, ਪੰਚ ਅਤੇ ਨੰਬਰਦਾਰ ਭਗਵਾਨ ਦਾਸ ਬੁਜਰਕ, ਦਰਸ਼ਨ ਸਿੰਘ ਕਾਦਰਾਬਾਦ ਵੀ ਮੌਜੂਦ ਰਹੇ।

## ਨਵੇਂ ਆਏ ਤਹਿਸੀਲਦਾਰ ਸਰਵੇਸ਼ ਰਾਜਨ ਅਤੇ ਨਾਇਬ ਤਹਿਸੀਲਦਾਰ ਗੁਰਬੰਸ ਸਿੰਘ ਦਾ ਸਵਾਗਤ



ਸਮਾਣਾ 25 ਅਪ੍ਰੈਲ (ਜਵੰਦਾ) : ਤਹਿਸੀਲ ਸਮਾਣਾ ਵਿਖੇ ਨਵੇਂ ਆਏ ਆਏ ਤਹਿਸੀਲਦਾਰ ਸਰਵੇਸ਼ ਰਾਜਨ ਅਤੇ ਨਾਇਬ ਤਹਿਸੀਲਦਾਰ ਗੁਰਬੰਸ ਸਿੰਘ ਨੇ ਅਹੁਦਾ ਸੰਭਾਲ ਲਿਆ ਹੈ। ਇੱਥੇ ਅਹੁਦਾ ਸੰਭਾਲਣ ਸਮੇਂ ਪੰਜਾਬ ਨੰਬਰਦਾਰ ਯੂਨੀਅਨ ਸਮਰਾ ਗਰੁੱਪ ਵੱਲੋਂ ਜ਼ਿਲ੍ਹਾ ਕਾਰਜਕਾਰੀ ਪ੍ਰਧਾਨ ਅਤੇ ਪੰਜਾਬ ਕਮੇਟੀ ਮੈਂਬਰ ਪ੍ਰਧਾਨ ਗੁਰਦੇਵ ਸਿੰਘ ਆਲਮਪੁਰ (ਗੁੱਜਰ) ਵਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਨੰਬਰਦਾਰ ਨਾਲ ਨੈਬ ਸਿੰਘ ਅਤੇ ਜਰਨੈਲ ਸਿੰਘ ਵੀ ਮੌਜੂਦ ਰਹੇ।

## ਦਰਗਾਹ ਬਾਬਾ ਸਯੀਅਦ ਹਜ਼ਰਤ ਅਲੀ ਬਾਦਸ਼ਾਹ ਵਿਖੇ ਕਰਵਾਇਆ 'ਉਰਸ ਮੇਲਾ' ਅਮਿੱਟ ਪੈੜ੍ਹਾਂ ਛੱਡਦਾ ਸੰਪੰਨ

### ☛ਗਾਇਕ ਕੰਵਰ ਗਰੇਵਾਲ ਅਤੇ ਦਰਸ਼ਨਜੀਤ ਨੇ ਆਪਣੀ ਸੱਭਿਅਕ, ਸੂਫ਼ੀਆਨਾ ਅਤੇ ਰੂਹਾਨੀਅਤ ਭਰੀ ਗਾਇਕੀ ਨਾਲ ਰੰਗ ਬੰਨ੍ਹਿਆ




ਸਮਾਣਾ, 25 ਅਪ੍ਰੈਲ (ਹਰਜਿੰਦਰ ਸਿੰਘ ਜਵੰਦਾ) : ਦਰਗਾਹ ਬਾਬਾ ਸਯੀਅਦ ਹਜ਼ਰਤ ਅਲੀ ਬਾਦਸ਼ਾਹ (ਬਸਤੀ ਗੋਬਿੰਦ ਨਗਰ ਸਮਾਣਾ) ਵਿਖੇ 10ਵਾਂ ਸਲਾਨਾ 'ਉਰਸ ਮੇਲਾ' ਦਰਗਾਹ ਦੇ ਸੇਵਾਦਾਰ ਗੁਰਜੰਟ ਸਿੰਘ ਸੇਖੋਂ ਅਤੇ ਗੌਂਸ ਸੇ ਆਜ਼ਮ ਪ੍ਰਬੰਧਕ ਕਮੇਟੀ ਵਲੋਂ ਹੈਪੀ ਬਾਬਾ ਜੀ ਛਪਾਰ ਵਾਲੇ ਅਤੇ ਬਾਬਾ ਗ਼ਫ਼ੂਰ ਮੀਰਾ ਜੀ ਠਸਕਾਂ ਵਾਲਿਆਂ ਦੇ ਆਸ਼ੀਰਵਾਦ ਸਦਕਾ ਬਹੁਤ ਹੀ ਧੂਮਧਾਮ ਅਤੇ ਸ਼ਰਧਾਪੂਰਵਕ ਕਰਵਾਇਆ ਗਿਆ। ਇਸ ਮੌਕੇ ਹੈਪੀ ਬਾਬਾ ਜੀ ਛਪਾਰ ਵਾਲੇ, ਬਾਬਾ ਗ਼ਫ਼ੂਰ ਮੀਰਾ ਜੀ,ਕੁਲਦੀਪ ਸਾਂਈ, ਜ਼ੀਰਾ ਬਾਬਾ, ਗੋਲਡੀ ਬਾਬਾ, ਸੁਖਬਲ ਕੌਰ ਮੋਹਾਲੀ, ਕੋਮਲ ਮਹੰਤ, ਇਮਰਾਨ ਸ਼ਾਹ ਚਿਸਤੀ, ਰਣਜੀਤ ਸਾਂਈ, ਕਰਮਜੀਤ ਪੁਰੀ ਭਗਤਾ ਭਾਈ, ਅੰਜਲੀ ਮਹੰਤ ਅਤੇ ਆਲੀਆ ਮਹੰਤ ਆਦਿ ਤੋਂ ਇਲਾਵਾ ਇਲਾਕੇ ਭਰ ਤੋਂ ਵੱਡੀ ਗਿਣਤੀ ਵਿੱਚ ਪਤਵੰਤਿਆਂ ਅਤੇ ਸੰਗਤਾਂ ਨੇ ਹਾਜ਼ਰੀ ਭਰੀ, ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਸੰਗਤਾਂ ਨੂੰ ਇਸ ਮੇਲੇ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਮਸ਼ਹੂਰ ਗਾਇਕ ਕੰਵਰ ਗਰੇਵਾਲ ਅਤੇ ਦਰਸ਼ਨਜੀਤ ਨੇ ਆਪਣੀ ਸੱਭਿਅਕ, ਸੂਫ਼ੀਆਨਾ ਅਤੇ ਰੂਹਾਨੀਅਤ ਭਰੀ ਗਾਇਕੀ ਨਾਲ ਚੰਗਾ ਰੰਗ ਬੰਨ੍ਹਿਆ ਅਤੇ ਸੰਗਤਾਂ ਨੂੰ ਪ੍ਰਮਾਤਮਾ ਨਾਲ ਜੁੜ ਕੇ ਭਜਨ ਬੰਦਗੀ ਕਰਨ ਲਈ ਪ੍ਰੇਰਿਤ ਕੀਤਾ।ਇਸ ਮੌਕੇ ਵਿਸ਼ੇਸ਼ ਤੌਰ ਤੇ ਪਹੁੰਚੇ ਪੰਚਾਇਤ ਸੈਕਟਰੀ ਹਰਜਿੰਦਰ ਸਿੰਘ ਬੇਦੀ ਅਤੇ ਪ੍ਰਦਮਨ ਸਿੰਘ ਵਿਰਕ ਨੇ ਕਿਹਾ ਕਿ ਧਾਰਮਿਕ ਅਤੇ ਸੱਭਿਆਚਾਰਕ ਮੇਲੇ ਸਾਡੀ ਜ਼ਿੰਦਗੀ ਦਾ ਇਕ ਅਨਿਖੜਵਾਂ ਅੰਗ ਹਨ। ਇਸ ਮੌਕੇ ਸੇਵਾਦਾਰ ਗੁਰਜੰਟ ਸਿੰਘ ਸੇਖੋਂ, ਅਮਰਿੰਦਰ ਸਿੰਘ ਸੋਨੂੰ ਢੋਟ, ਪ੍ਰਧਾਨ ਜੱਸ ਸ਼ਰਮਾ ਅਤੇ ਚੇਅਰਮੈਨ ਸੋਨੀ ਦਾਨੀਪੁਰ ਆਦਿ ਵਲੋਂ ਆਏ ਹੋਏ ਮਹਿਮਾਨਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਡਾ ਇੰਦਰਜੀਤ ਸਿੰਘ, ਗੁਰਜੰਟ ਸਿੰਘ ਦਾਨੀਪੁਰ, ਗੁਲਾਬ ਸਿੰਘ, ਕਰਮਜੀਤ ਸਿੰਘ ਅਤੇ ਅਜੇ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਬਿਕਰਮ ਕਾਲਜ 'ਚ ਸਾਲਾਨਾ ਇਨਾਮ ਵੰਡ ਸਮਾਰੋਹ



ਪਟਿਆਲਾ, 25 ਅਪ੍ਰੈਲ (ਚ.ਨ.ਸ.) : ਸਰਕਾਰੀ ਬਿਕਰਮ ਕਾਲਜ ਆਫ਼ ਕਾਮਰਸ ਦਾ ਸਾਲਾਨਾ ਇਨਾਮ ਵੰਡ ਸਮਾਰੋਹ ਬਹੁਤ ਉਤਸ਼ਾਹ ਨਾਲ ਆਯੋਜਿਤ ਕੀਤਾ ਗਿਆ। ਇਹ ਸਮਾਗਮ 80 ਸਾਲਾਂ ਦੀ ਅਕਾਦਮਿਕ ਉੱਤਮਤਾ ਦੇ ਜਸ਼ਨ ਨੂੰ ਸਮਰਪਿਤ ਸੀ। ਇਹ ਸਮਾਗਮ ਕਾਲਜ ਪ੍ਰਿੰਸੀਪਲ, ਪ੍ਰੋ. (ਡਾ.) ਕੁਸੁਮ ਲਤਾ ਦੀ ਅਗਵਾਈ ਹੇਠ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਸ਼੍ਰੀ ਪ੍ਰਵੀਨ ਚੰਦਰ ਪ੍ਰਸਾਦ, ਖੇਤਰੀ ਪ੍ਰਬੰਧਕ, ਐਸਬੀਆਈ, ਆਰ.ਬੀ.ਓ.3, ਪਟਿਆਲਾ ਦਾ ਮੁੱਖ ਮਹਿਮਾਨ ਅਤੇ ਸ਼੍ਰੀ ਚਮਨ ਕੁਮਾਰ ਸਰੋਆ, ਮੁੱਖ ਪ੍ਰਬੰਧਕ, ਐਸਬੀਆਈ, ਆਰ.ਬੀ.ਓ.3 ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਸ਼ੁਰੂਆਤ ਸ਼ੁਭ ਜੋਤ ਰੋਸ਼ਨ ਕਰਨ ਅਤੇ ਰਵਾਇਤੀ ਕਾਲਜ ਧੁਨੀ ਨਾਲ ਹੋਈ। ਇਹ ਰਸਮਾਂ ਸੰਸਥਾ ਦੀ ਅਧਿਆਤਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਦਰਸਾਉਂਦੀਆਂਹਨ। ਮੁੱਖ ਮਹਿਮਾਨ ਦਾ ਸਵਾਗਤ ਜੀਵੰਤ ਪੌਦਾ ਦੇ ਕੀਤਾ ਗਿਆ, ਇਹ ਪ੍ਰਤੀਕਾਤਮਕ ਸੰਕੇਤ ਕਾਲਜ ਦੀ ਵਾਤਾਵਰਣ-ਚੇਤਨਾ ਪ੍ਰਤੀ ਵਚਨਬੱਧਤਾ ਨੂੰ ਦਰਸਾਉਂਦਾਹੈ। ਇਸ ਮੌਕੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ ਸ਼ਹੀਦ ਹੋਏ ਟੂਰਿਸਟਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਕਾਲਜ ਦੀ ਸਾਲਾਨਾ ਰਿਪੋਰਟ ਪ੍ਰਿੰਸੀਪਲ ਪ੍ਰੋ. (ਡਾ.) ਕੁਸੁਮ ਲਤਾ ਦੁਆਰਾ ਪੇਸ਼ ਕੀਤੀ ਗਈ। ਸ਼ਤਰੰਜ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਖੇਡ ਸ਼੍ਰੇਣੀ ਵਿੱਚ ਇੱਕ ਵਿਦਿਆਰਥੀ ਨੂੰ ਰੋਲ ਆਫ਼ ਆਨਰ ਦਿੱਤਾ ਗਿਆ। 5 ਵਿਦਿਆਰਥੀਆਂ ਨੂੰ ਐਨ ਐਸ ਐਸ (ਰਾਸ਼ਟਰੀ ਸੇਵਾ ਯੋਜਨਾ), ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਵਿੱਚ ਮਹੱਤਵਪੂਰਨ ਯੋਗਦਾਨ ਲਈ ਕਾਲਜ ਕਲਰ ਪ੍ਰਦਾਨ ਕੀਤੇ ਗਏ। 107 ਵਿਦਿਆਰਥੀਆਂ ਨੂੰ ਮੈਰਿਟ ਸਰਟੀਫਿਕੇਟ ਵੰਡੇ ਗਏ ਜਿਨ੍ਹਾਂ ਨੇ ਆਪਣੇ-ਆਪਣੇ ਖੇਤਰਾਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਵੱਖ-ਵੱਖ ਸ਼੍ਰੇਣੀਆਂ ਵਿੱਚ ਸ਼ਾਨਦਾਰ ਯਤਨ ਅਤੇ ਪ੍ਰਗਤੀ ਦਾ ਪ੍ਰਦਰਸ਼ਨ ਕਰਨ ਵਾਲੇ 58 ਵਿਦਿਆਰਥੀਆਂ ਨੂੰ ਪ੍ਰਸ਼ੰਸਾ ਪੱਤਰ ਪ੍ਰਦਾਨ ਕੀਤੇ ਗਏ। ਇਸ ਦੇ ਨਾਲ ਹੀ ਪ੍ਰਧਾਨਗੀ ਮੰਡਲ ਦੁਆਰਾ ਸੈਸ਼ਨ 2025-26 ਦਾ ਪ੍ਰਾਸਪੈਕਟਸ ਜਾਰੀ ਕੀਤਾ ਗਿਆ। ਮੁੱਖ ਮਹਿਮਾਨ, ਖੇਤਰੀ ਪ੍ਰਬੰਧਕ ਪ੍ਰਵੀਨ ਚੰਦਰ ਪ੍ਰਸਾਦ ਨੇ ਆਪਣੇ ਸੰਬੋਧਨ ਵਿੱਚ, ਕਾਲਜ ਦੇ ਸਮੁੱਚੇ ਵਿਕਾਸ ਅਤੇ ਜੀਵੰਤ ਭਾਵਨਾ ਲਈ ਪ੍ਰਸ਼ੰਸਾ ਕੀਤੀ। ਇਸ ਪ੍ਰੋਗਰਾਮ ਦਾ ਸੰਚਾਲਨ ਡਾ. ਪਰਮਜੀਤ ਸਿੰਘ ਅਤੇ ਡਾ. ਰੀਤੂ ਕਪੂਰ ਦੁਆਰਾ ਸ਼ਾਨਦਾਰ ਢੰਗ ਨਾਲ ਕੀਤਾ ਗਿਆ। ਪ੍ਰੋਗਰਾਮ ਦੇ ਸਿਖਰ ਤੇ ਡਾ. ਜਸਪ੍ਰੀਤ ਕੌਰ (ਰਜਿਸਟਰਾਰ ਘਰੇਲੂ ਪ੍ਰੀਖਿਆਵਾਂ) ਦੁਆਰਾ ਆਏ ਮਹਿਮਾਨਾਂ ਅਤੇ ਪ੍ਰੋਗਰਾਮ ਨੂੰ ਸਪਾਂਸਰ ਕਰਨ ਵਾਲੀ ਸੰਸਥਾ ਐਸ ਬੀ ਆਈ. ਦਾ ਵੀ ਧੰਨਵਾਦ ਕੀਤਾ ਗਿਆ।